# ਸਫ਼ਲ ਭਈ ਜਾਤ੍ਰਾ

## ਜੀਵਨੀ ਸ੍ਰ: ਰਘਬੀਰ ਸਿੰਘ 'ਬੀਰ'



## ਮੇਰਾ ਤੇ ਇਸ ਅਲੌਕਿਕ ਕਹਾਣੀ ਦਾ ਸਬੰਧ

ਰੰਗਾਂ ਰੰਗਾਂ ਦੇ ਭਾਂਡੇ ਸਾਜਣ ਵਾਲੇ ਨੇ ਮੈਨੂੰ ਜਿਹੜਾ ਮਿਜਾਜ਼ ਬਖਸ਼ਿਆ ਹੈ, ਉਸ ਕਾਰਨ, ਸੁਚੱਜੇ ਸਾਹਿਤ ਨੇ ਸਾਰੀ ਉਮਰ, ਦਿਲ ਵਿਚ ਖੋਹ ਪਾਈ ਰਖੀ। ਵਕਤ ਵਕਤ ਤੇ ਜਦ ਕਦੇ ਬਾਣੀ ਦਾ ਰੰਗ ਲਗਣ ਲਗਾ ਤਾਂ ਉਹ ਅਣੀਆਂ ਵਾਲੇ ਤੀਰਾਂ ਵਾਂਗ ਚੁਭਿਆ।

ਚੁਭਦਾ ਰਿਹਾ . . . . ਕਦੇ ਕਦੇ, ਕਿਉਂਕਿ ਜਿਹੜੀ "ਕਾਰ", "ਓਸ" ਸੌਂਪੀ . . . . ਸਾਰੀ ਜ਼ਿੰਦਗੀ . . . . ਉਹ ਸੀ "ਉਦਯੋਗਿਕ ਵਿਕਾਸ" ਦਾ ਕੋਈ ਨਾਂ ਕੋਈ ਅੰਗ . . . .ਦੇਸ਼ ਵਿਚ ਤੇ ਬਿਦੇਸ਼ਾਂ . . . . ਗਲਾਸਗੋ, ਐਡੰਬਰਾ, ਲੰਡਨ, ਬੈਲਫ਼ਾਸਟ ਤੇ ਮਲੇਸ਼ਿਆ ਵਿਚ ਭੀ। ਸ਼ਾਇਦ ਚੁਭੇ ਹੋਏ ਤੀਰਾਂ ਦੇ ਜ਼ਖ਼ਮ ਜੰਗਾਲੇ ਗਏ . . . . ਕਿਸੇ ਫੁਵਾਰੇ ਦੇ ਛੇਕ ਜਹੇ ਬਣੇ ਰਹੇ।

ਜ਼ਿਆਦਾ ਕਰਕੇ ੧੯੮੪ ਦੇ ਜ਼ੁਲਮਾਂ ਨੇ ਛੇਕਾਂ ਨੂੰ ਖੋਹਲ ਦਿਤਾ ਤੇ ਸਚੀ ਮੁੱਚੀ ਫਵਾਰੇ ਦੇ ਰੂਪ ਵਿਚ ਮੇਰੇ ਅੰਦਰੋਂ ਗੁਰਮਤ ਦੇ ਕਈ ਪੱਖਾਂ ਤੇ, ਸਫਿਆਂ ਦੇ ਸਫੇ ਅੰਦਰੋਂ ਨਿਕਲਣ ਲਗ ਪਏ . . . . ਜੋ ਛਪੇ ਹੋਏ ਟਰੈਕਟਾਂ ਤੇ ਕਿਤਾਬਾਂ ਦੇ ਰੂਪ ਧਾਰਨ ਕਰ ਗਏ . . . . ਤੇ ਕਰੀ ਜਾ ਰਹੇ ਹਨ।

ਮਜੀਠੇ ਰੰਗ ਦੇ ਝੌਲੇ ਹਨ . . . . ਸਭ ਲੇਖ-ਗਿਆਨ ਵਾਲੇ, ਮਸਤੀ ਵਾਲੇ, ਸਿੱਖ ਤਵਾਰੀਖ ਤੇ ਮਾਨ ਵਾਲੇ, ਸਮਾਜਿਕ ਦ੍ਰਿਸ਼ਟੀ ਵਾਲੇ - ਆਲੋਚਨਾ ਵਾਲੇ।

ਇਕ ਮਹਾਨ ਸਿੱਖ ਦੇ ਦਰਸ਼ਨ ਕਦੇ ਪਹਿਲਾਂ ਹੋਏ ਸਨ। ਉਹ ਅੱਖਾਂ ਅਗੇ ਹੁਣ ਰੂਪ ਮਾਨ ਹੋ ਗਏ। ਉਹ ਚੰਗੇ ਦੁਨੀਆਦਾਰ ਭੀ ਸਨ ਤੇ ਨਾਲੋ ਨਾਲ ਦੇਵ ਲੋਕ ਦੇ ਵਾਸੀ ਭੀ। ਉਹ ਅਕਾਲ-ਮੂਰਤ ਦਾ ਰੂਪ ਹੋ ਗਏ ਸਨ।

ਜਿਸਮਾਂ ਦੇ ਰੂਪ ਰੰਗ ਸਭੇ "ਕਾਲ" ਮੇਟ ਦੇਂਦਾ ਹੈ। ਅਕਾਲ ਮੂਰਤਾਂ ਹਨ ਗੁਣਾਂ ਤੇ ਉਪਕਾਰਾਂ ਦੀਆਂ। ਦਇਆ, ਦਿਆਨਤ, ਦਾਨ, ਨਿਰਮਾਨਤਾ - ਨਿਵ-ਚਲਣ ਦੀ ਜਾਚ . . . . ਇਹ ਸਭ ਕੁਝ ਮੈਂ ਉਸੇ ਵਿਚ ਤਕਿਆ ਸੀ ਤੇ ਇਹਨਾਂ ਦਾ ਮੋਹਿਆ ਮੈਂ ਉਹਨਾਂ ਦੀ ਜੀਵਨ-ਕਹਾਣੀ ਖੋਜ ਕੇ ਲਿਖ ਦਿਤੀ ਜੋ ਪੇਸ਼ ਹੈ।

ਬਾਕੀ ਦੂਜੇ ਫਲੈਪ ਤੇ



ਉਹਨਾਂ ਆਪ ਬੜੀਆਂ ਕਿਤਾਬਾਂ ਲਿਖੀਆਂ ਹਨ . . . . ਮਾਨੋਂ, ਗੁਰੂ ਗਰੰਥ ਸਾਹਿਬ ਵਿਚੋਂ ਨੁਚੜਦੀਆਂ ਦੁੱਧ ਦੀਆਂ ਧਾਰਾਂ ਹਨ। ਉਸ ਮਿੱਠਤ ਨੂੰ ਚਖਕੇ ਮੈਂ ਇਸ "ਗੁੰਗੇ ਦੀ ਮਿਠਿਆਈ" ਨੂੰ ਵੰਡ ਖਾਣ ਦਾ ਯਤਨ ਕੀਤਾ ਹੈ। ਜਿਸ ਬਾਣੀ ਵਿਚੋਂ ਇਹ ਦੁੱਧ-ਧਾਰਾ ਵਗੀਆਂ ਹਨ ਉਸ ਵਿਚੋਂ ਖ਼ੂਬਸੂਰਤੀ ਦੀ ਹਰ ਸ਼ਕਲ ਨਾਲ ਪਿਆਰ ਦਿਸ ਰਿਹਾ ਹੈ। ਬਦਲਦੀਆਂ ਰੁੱਤਾਂ ਵਿਚ, ਅਸਮਾਨ ਦੇ ਬਦੱਲਾਂ ਵਿਚ, ਬਿਜਲੀ ਦੀ ਕੜਕ ਵਿਚ, "ਸੋਨੇ" *ਦੀ ਸੂਈ ਵਿਚ, "ਚਾਂਦੀ" ਦੇ ਧਾਗੇ ਵਿਚ — ਆਦਿ ਗਰੰਥ, ਪਿਆਰ ਦਾ ਸੋਮਾਂ ਹੈ। ਭਿੰਨੀ ਰੈਣ ਦਾ ਜ਼ਿਕਰ, ਤਾਰਿਆਂ ਦੇ ਚਮਕਨ ਦੇ ਬਿਆਨ, ਭਾਇ ਤੇ ਭਗਤੀ ਦੀ ਸੁੰਦਰਤਾ, ਮਿਠ-ਬੋਲੜੇ ਸੱਜਣ ਦੀ* ਮੁਸਕਾਨ - ਅਨੰਦ ਦੇ ਬਿਆਨ, ਕੁਦਰਤ-ਵਾਸਿਆਂ ਦੀ ਕਹਾਣੀ - ਕੀ ਨਹੀਂ ਇਸ ਵਿਚ ? ਸੋ ਇਹ ਕਿਤਾਬ ਉੱਪਰੋਂ ਉੱਪਰੋਂ ਪੜ੍ਹਨ ਵਾਲੀ ਨਹੀਂ ਜੇ, ਮਨ ਨੂੰ ਖੋਭੋ। ਭਰਪੂਰ ਜੀਵਨ ਹੰਢਾਣ ਵਿਚ ਸਹਾਇਤਾ ਪਾਉਗੇ। ਅਮਲੀ ਕਦਮ ਉਠਾਉਗੇ ਤਾਂ ਫੈਜ਼ ਪਾਉਗੇ।

**ਹਰਕਿਸ਼ਨ ਸਿੰਘ (ਪ੍ਰੋਫੈਸਰ)**

**Safhal Bhai Jatra**
By : Prof. Harkishan Singh
H-2, Jang Pura, Extn.
New Delhi-110 014
Price Rs. 80/-

ਮੁੱਲ ੮੦ ਰੁਪਏ

ਪਹਿਲੀ ਵਾਰ : 1994

ਪ੍ਰਕਾਸ਼ਕ :
**ਆਤਮ ਸਾਇੰਸ ਟ੍ਰਸਟ**
A-1, ਕਾਲਿੰਦੀ ਕਾਲੋਨੀ
ਨਵੀਂ ਦਿੱਲੀ-110 065

ਲੇਜ਼ਰ ਟਾਈਪ ਸੈਟਰ ਅਤੇ ਪ੍ਰਿੰਟਰ
**ਨੈਸ਼ਨਲ ਪ੍ਰੈਸ ਆਫ਼ ਇੰਡੀਆ**
32-ਬੀ, ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110 006

# ਆਤਮ ਸਾਇੰਸ ਟ੍ਰਸਟ

A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ -110 065

ਸ. ਰਘਬੀਰ ਸਿੰਘ ਜੀ 'ਬੀਰ' ਦੀਆਂ ਮਨ ਨੂੰ ਸ਼ਾਂਤੀ ਤੇ ਆਤਮਾ ਦਾ ਗਿਆਨ ਦੇਣ ਵਾਲੀਆਂ, ਮਹਾਨ ਰਚਨਾਵਾਂ ਨੇ ਅਨੇਕਾਂ ਜੀਵਨ ਬਦਲ ਦਿਤੇ ਹਨ। ਆਪ ਜੀ ਵੀ ਮੰਗਵਾ ਕੇ ਲਾਭ ਪ੍ਰਾਪਤ ਕਰੋ।


1. ਅਰਦਾਸ ਸ਼ਕਤੀ
2. ਬੰਦਗੀ ਨਾਮਾ
3. ਬੀਰ ਤੇ ਤੀਰ
4. ਚੜ੍ਹਦੀ ਕਲਾ
5. ਗੁਰਮਤ ਚਾਨਣ
6. ਖਾਲਸਈ ਸ਼ਾਨ
7. ਰਮਜ਼ੀ ਕਹਾਣੀਆਂ
8. ਰਮਜ਼ਾਂ
9. ਸਰਬ ਰੋਗ ਦਾ ਔਖਧ ਨਾਮ
10. ਸਾਡੇ ਵਿਚਾਰ
11. ਸਾਡੀ ਵਰਤਮਾਨ ਦਸ਼ਾ
12. ਸਫਲ ਜੀਵਨ
13. ਸਿਮਰਨ ਮਹਿਮਾ
14. ਅਨੁਭਵ ਪ੍ਰਕਾਸ਼
15. ਗੁਰਮੁਖ ਜੀਵਨ — ਸ੍ਰ. ਲਹਿਣਾ ਸਿੰਘ
16. ਵਿਸਮਾਦੀ ਦਸ਼ਾ — ਪ੍ਰੋ. ਬਲਵੰਤ ਸਿੰਘ
17. What we see in Bir - Jagtar & Madan
18. Bandgi Nama : English

# ਤਤਕਰਾ


| | |
|---|---|
| ਜਾਣ ਪਛਾਣ — ਰੰਜੀਤ ਸਿੰਘ ਨਰੂਲਾ | 7 |
| ਪਛੋਕੜ — ਇਸ ਕਿਤਾਬ ਦਾ | 9 |
| ਇਕ ਬੰਦਾ ਜੋ ਦੇਵਤਾ ਬਣ ਗਿਆ | 14 |
| ਸ. ਰਘਬੀਰ ਸਿੰਘ ਬੀਰ ਕਵੀ ਦੀ ਹੈਸੀਅਤ ਵਿਚ | 20 |
| ਬੀਰ ਜੀ ਦੀ ਵਾਰਤਕ ਰਚਨਾ | 32 |
| ਬੰਦਗੀ ਨਾਮਾ ਅਤੇ ਸਿਮਰਨ ਮਹਿਮਾ | 39 |
| ਅਰਦਾਸ ਸ਼ਕਤੀ | 50 |
| ਰਮਜ਼ੀ ਕਹਾਣੀਆਂ | 65 |
| ਮਾਸਿਕ 'ਆਤਮ ਸਾਇੰਸ' ਅਤੇ ਹੋਰ ਰਚਨਾਵਾਂ | 70 |
| ਜਿਹਦੇ ਸੁਪਨੇ ਵਿੱਚ ਹੋਂਦ ਪੈ ਗਈ | 89 |
| ਆਤਮ ਸਾਇੰਸ | 99 |
| ਨਿਜੀ ਜੀਵਨ ਦਾ ਨਿਚੋੜ | 103 |
| ਸ. ਰਘਬੀਰ ਸਿੰਘ ਬੀਰ (ਪਿਛੋਕੜ ਤੇ ਪਰਿਵਾਰ ਨਾਲੇ ਸਾਰੇ ਜੀਵਨ ਮਾਰਗ ਦਾ ਨੁਚੜਵਾਂ ਖਿਆਲ) | 119 |
| ਚੜ੍ਹਦੀ ਕਲਾ : ਅਨਦ ਵਿਨੋਦੀ ਖਸਮ ਹਮਾਰਾ | 144 |
| ਅਕਾਲ ਚਲਾਣਾ | 149 |
| ਘਰ ਪਰਿਵਾਰ ਤੇ ਜੀਵਨ ਦਾ ਮੁਢ - 2 | 160 |
| ਅਭੁੱਲ ਯਾਦਾਂ — ਅਮਰਜੀਤ ਸਿੰਘ | 166 |

# ਸਫ਼ਲ ਭਈ ਜਾਤ੍ਰਾ

## ਜੀਵਨੀ ਸ੍ਵ: ਰਘਬੀਰ ਸਿੰਘ 'ਬੀਰ'



# ਜਾਣ ਪਛਾਣ

ਮੇਰਾ ਪਹਿਲਾ ਮੇਲ ਸ੍ਰਦਾਰ ਰਘਬੀਰ ਸਿੰਘ ਜੀ ਬੀਰ ਨਾਲ "ਬੰਦਗੀ ਨਾਮਾ" ਰਾਹੀਂ ਹੋਇਆ। ਏਹ ਰੂਹਾਨੀ ਪੁਸਤਕ — ਪੜ੍ਹਨ ਤੇ ਅਧਿਅਨ ਕਰਨ ਦੇ ਯੋਗ, ਬਹੁਤਿਆਂ ਨੇ ਪੜ੍ਹੀ ਤਾਂ ਜ਼ਰੂਰ ਹੋਏਗੀ। ਗੁਰਸਿਖੀ ਦੇ ਅਸੂਲਾਂ ਤੇ ਉਸਾਰੀ ਗਈ ਰੂਹਾਨੀ ਰਸ ਤੇ ਚੱਲਣ ਦਾ ਇਕ ਚਾਨਣ ਮੁਨਾਰਾ ਹੈ ..... ਫੇਰ, ਮੌਕਾ ਲਗਦਾ ਰਿਹਾ ਕਦੀ ਕਦੀ ...... ਆਤਮ ਸਾਇੰਸ ਪੜ੍ਹਣ ਦਾ।

ਕੁਝ ਦੇਰ ਹੋਈ ਗੁਰਮਤ ਪ੍ਰਚਾਰ ਟਰਸਟ ਦਿੱਲੀ ਦਾ ਛਪਵਾਇਆ ਹੋਇਆ ਟਰੈਕਟ "ਜੀਵਨ ਸ੍ਰਦਾਰ ਰਘਬੀਰ ਸਿੰਘ ਬੀਰ" ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਜਿਸ ਵਿਚ ਉਹਨਾਂ ਦੀ ਛਪ ਰਹੀ ਜੀਵਨ-ਕਹਾਣੀ ਵਿਚੋਂ, ਕੁਝ ਨਮੂਨੇ ਮਾਤਰ, ਦੋ ਝਲਕੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਸਨ।

ਇਹ ਜਾਣ ਕੇ ਅਤਿਯੰਤ ਖੁਸ਼ੀ ਹੋਈ ਕਿ ਗੁਰ-ਸਿੱਖੀ ਦੇ ਪ੍ਰਵਾਨੇ ਪ੍ਰੋਫੈਸਰ ਹਰਿਕਿਸ਼ਨ ਸਿੰਘ ਜੀ ਨੇ "ਬੰਦਗੀ ਨਾਮਾ" ਦੇ ਲੇਖਕ ਦੀ ਜ਼ਿੰਦਗੀ ਤੇ ਬੜੀ ਖੋਜ ਤੇ ਸੂਝ ਬੂਝ ਨਾਲ ਇਸ ਪੁਸਤਕ ਵਿਚ ਅਦੁੱਤੀ ਰੋਸ਼ਨੀ ਪਾਈ ਹੈ। ਕਿਤਾਬ ਛਪਣ ਤੋਂ ਪਹਿਲਾਂ ਪ੍ਰੋਫੈਸਰ ਸਾਹਿਬ ਦੀ ਮੇਹਰਬਾਨੀ ਨਾਲ ਇਸ ਪੁਸਤਕ ਵਿਚ ਦਰਜ ਕੁਝ ਹੋਰ ਝਾਕੀਆਂ ਤੇ ਨਜ਼ਰ ਮਾਰਨ ਦੀ ਖੁਸ਼ੀ ਪ੍ਰਾਪਤ ਕਰਣ ਦਾ ਸੁਭਾਗ ਮਿਲਿਆ। ਜਿਉਂ ਜਿਉਂ ਖਰੜੇ ਦੇ ਵਰਕੇ ਪਰਤੇ — ਪ੍ਰੋਫੈਸਰ ਹਰਿਕਿਸ਼ਨ ਸਿੰਘ ਦਾ ਦਿਲ ਲੁਭਾਨ ਵਾਲਾ ਰੂਹਾਨੀ ਤੇ ਸ਼ਾਂਤਮਈ ਚੇਹਰਾ ਮੇਰੇ ਸਾਹਮਣੇ ਆਇਆ ਤੇ ਇਉਂ ਭਾਸਿਆ ਕਿ ਜਿਵੇਂ ਉਹਨਾਂ ਦੇ ਮੁਖਾਰਬਿੰਦ ਤੋਂ ਗਿਆਨ ਦਾ ਦਰਿਆ, ਠਾਠਾਂ ਮਾਰਕੇ ਵਹਾ ਰਿਹਾ ਹੈ। ਉਹਨਾਂ ਦੇ ਕਈ ਲੇਖ ਤੇ ਪੁਸਤਕਾਂ ਪੜ੍ਹਣ ਦਾ ਸਵਾਦ ਤੇ ਮੈਂ ਲੈ ਚੁਕਾ ਸਾਂ ਪਰ ਉਹਨਾਂ ਤੇ ਗੁਰੂ ਜੀ ਦੀ ਕਿੰਨੀ ਮੇਹਰ ਹੈ, ਦਾ ਅੰਦਾਜ਼ਾ ਓਦੋਂ ਹੀ ਲਗਾ ਸਕਿਆ, ਜਦੋਂ ਉਹਨਾਂ ਨੂੰ ਆਪਣੇ ਸਟੈਨੋ ਨੂੰ ਇਕ ਬੜੇ ਔਖੇ ਮਜ਼ਮੂਨ ਤੇ ਡਿਕਟੇਸ਼ਨ ਦੇਂਦਿਆਂ ਤਕਿਆ — "ਕਹਿਤੇ ਕੋ ਸੋਭਾ ਨਹੀਂ" ਆਪਣੀ ਅੱਖੀਂ ਦੇਖਨ ਬਿਨਾ ਕੋਈ ਅੰਦਾਜ਼ਾ ਹੀ ਨਹੀਂ ਲਗਾ ਸਕਦਾ। ਤੱਤਕਾਲ, ਬਿਨਾ ਤਿਆਰੀ ਤੋਂ, ਵਿਦਿਆ ਦਾ ਦਰਿਆ ਕਿਥੋਂ ਠਾਠਾਂ ਮਾਰਦਾ, ਅਨਥੱਕ ਤੇ ਅਨਮੁੱਕ, ਚਲਦਾ ਆ ਰਿਹਾ ਹੈ। ਉਹਨਾਂ ਦੀ ਪਿਆਰ ਭਰੀ ਜ਼ਬਾਨ ਤੇ ਇਸ ਜਾਨਕਾਰੀ ਦਾ ਮੰਬਾ ਤਾਂ ਵਾਹਿਗੁਰੂ ਦਾ ਬਖਸ਼ਿਆ, ਉਹਨਾਂ ਦੇ ਦਿਮਾਗ ਵਿਚ ਹੀ ਕਿਤੇ ਹੈ। ਧੰਨ ਗੁਰੂ ਨਾਨਕ ! ਜਿਸਨੇ ਉਹਨਾਂ ਤੇ ਇਹ ਬਖਸ਼ਿਸ਼ ਕੀਤੀ ਹੈ।

ਸਚ ਤਾਂ ਇਹ ਹੈ ਕਿ ਮੈਂ ਭਾਵੇਂ ਪ੍ਰੋਫੈਸਰ ਸਾਹਿਬ ਨੂੰ ਬਹੁਤ ਪਹਿਲਾਂ ਤੋਂ ਜਾਣਦਾ ਸਾਂ ਪਰ ਪੰਜਾਬੀ ਲਿਖਣ ਦੀ ਦਾਤ ਤੇ ਸ਼ੈਲੀ ਦਾ ਮੈਨੂੰ ਤਾਂ ਪਤਾ ਲਗਾ ... ਜਦੋਂ ਮੈਂ ਇਹਨਾਂ ਦੀ ਕਿਤਾਬ "ਝਲਕ ਮਜੀਠੇ ਰੰਗ ਦੀ" ਪੜ੍ਹੀ ਤੇ ਦੇਖਿਆ ਕਿ ਇਹ ਤਾਂ ਆਪ ਹੀ ਮਜੀਠੇ ਰੰਗ ਵਿਚ ਰੰਗੇ ਪਏ ਹਨ।

ਪ੍ਰੋਫੈਸਰ ਹਰਿਕਿਸ਼ਨ ਜੀ ਦੀ ਲਿਖਤ ਲੰਬੀ ਭਲੇ ਹੀ ਹੋ ਜਾਵੇ — ਇਕ ਫਿਕਰੇ ਵਿਚ ਮੁਕਣ ਵਾਲੀ ਗਲ ਭਾਵੇਂ ਅਧੇ ਸਫੇ ਵਿਚ ਮੁਕਾਣ ...... ਪਰ ਪੜ੍ਹਨ ਤੇ ਸੁਣਨ ਵਾਲੇ ਨੂੰ ਜੋ ਸਵਾਦ ਉਹਨਾਂ ਦੀਆਂ ਲਿਖਤਾਂ ਪੜ੍ਹ ਤੇ ਸੁਣਕੇ, ਆਉਂਦਾ ਹੈ ਉਹ ਵੀ ਗੁੰਗੇ ਦੀ ਮਠਿਆਈ ਵਾਲਾ ਹੈ — ਬਿਆਨ ਨਹੀਂ ਕੀਤਾ ਜਾ ਸਕਦਾ ..... ਆਪ ਹੀ ਸਵਾਦ ਲਿਆ ਜਾ ਸਕਦਾ ਹੈ ...... ਦੂਜੇ ਕੋਲੋਂ ਹਾਸਲ ਨਹੀਂ ਹੋ ਸਕਦਾ।

ਬੀਰ ਜੀ ਦੇ ਜੀਵਨ ਤੇ ਹਰ ਪਹਿਲੂ ਤੋਂ ਚਮਕਦੀ ਹੋਈ ਰੋਸ਼ਨੀ ਪਾ ਕੇ, ਪ੍ਰੋਫੈਸਰ ਸਾਹਿਬ ਨੇ, ਆਉਣ ਵਾਲੀਆਂ ਪੁਸ਼ਤਾਂ ਤੇ ਬੜਾ ਪੁੰਨ ਕੀਤਾ ਹੈ। ਉਸਨੂੰ ਪੜ੍ਹਕੇ ਆਪਣੀਆਂ ਜ਼ਿੰਦਗੀਆਂ ਸਵਾਰ ਸਕਣਗੇ। ਵਾਹਿਗੁਰੂ ਅਗੇ ਅਰਦਾਸ ਹੈ ਕਿ ਉਹਨਾਂ ਨੂੰ ਹੋਰ ਵਧੇਰੇ ਉਤਸ਼ਾਹ ਬਖਸ਼ੇ ਤੇ ਉਹਨਾਂ ਦੇ ਨਾਲ ਨਾਲ ਉਹਨਾਂ ਦੀ ਸੁਪਤਨੀ ਭੈਣ ਨਰਿੰਦਰ ਕੌਰ ਨੂੰ ਉਮਰ ਤੇ ਸੇਹਤ ਦੇਵੇ ਤਾਂ ਕਿ ਪੂਰੇ ਸਹਿਯੋਗ ਨਾਲ ਦੋਵੇਂ ਹੀ ਜੀਅ ਮਿਲ ਜੁਲ ਕੇ ਇਸੇ ਤਰ੍ਹਾਂ ਮੁਲਕ / ਕੌਮ ਤੇ ਪੰਜਾਬੀ-ਮਾਂ ਦੀ ਸੇਵਾ ਕਰਦੇ ਰਹਿਣ।

ਜੁਲਾਈ 28, 1994

**ਰੰਜੀਤ ਸਿੰਘ ਨਰੂਲਾ**

(ਜਸਟਿਸ)

# ਪਛੋਕੜ — ਇਸ ਕਿਤਾਬ ਦਾ

ਪੰਜਾਬੀ ਅਕੈਡਮੀ ਦਿੱਲੀ ਪ੍ਰਸ਼ਾਸਨ ਵੱਲੋਂ ਚਲਾਏ ਗਏ ਲਿਖਾਰੀ ਪਰਿਚਯ ("ਮੀਟ ਦਾ ਆਥਰ") ਪ੍ਰੋਗਰਾਮ ਦੀ ਲੜੀ ਵਿਚ ਮੇਰੀ ਵਾਰੀ ਆਈ ੨੯ ਅਗਸਤ ੧੯੯੦ ਇੰਡੀਆ ਇੰਟਰਨੈਸ਼ਨਲ ਸੈਂਟਰ, ਲੋਧੀ ਰੋਡ ਵਿਚ ਪ੍ਰੋਗਰਾਮ ਨਿਯੋਜਿਤ ਸੀ : "ਪ੍ਰੋ. ਹਰਿਕਿਸ਼ਨ ਸਿੰਘ ਨਾਲ ਮੁਲਾਕਾਤ!" ਪਾਠਕਾਂ ਤੇ ਪ੍ਰਸ਼ੰਸਕਾਂ ਨਾਲ ਖਚਾਖਚ ਭਰੇ ਇਸ ਹਾਲ ਵਿੱਚ ਮੇਰੀ ਪੇਸ਼ੀ ਸੀ. ਮੈਨੂੰ ਆਪਣੀਆਂ ਰੁਚੀਆਂ ਤੇ ਤਜਰਬਿਆਂ ਸਬੰਧੀ ਕਹਿਣ ਤੇ ਸੁਨਾਣ ਲਈ ਜਿੰਨਾ ਸਮਾਂ ਮਿਲਿਆ ਉਸ ਤੋਂ ਵੱਧ ਸਵਾਲ ਕਰਨ ਵਾਲਿਆਂ ਨੇ ਮਾਰ ਲਿਆ। ਉਨ੍ਹਾਂ ਵਿੱਚੋਂ ਇਕ ਸੱਜਣ ਜਿਹੜੇ ਹੈਦਰਾਬਾਦ ਦੇ ਇਕ ਉਰਦੂ ਰੋਜ਼ਾਨਾ ਅਖਬਾਰ ਦੇ ਖਾਸ ਨਾਮਾਨਿਗਾਰ ਲਗੇ ਹੋਏ ਹਨ — ਉਨ੍ਹਾਂ ਮੈਨੂੰ ਪੁੱਛਿਆ ਕਿ ਕੀ ਮੈਂ ਕੇਵਲ ਧਾਰਮਿਕ ਮਜ਼ਮੂਨਾਂ ਬਾਰੇ ਹੀ ਲਿਖਦਾ ਹਾਂ ਤਾਂ ਮੈਂ ਉੱਤਰ ਦਿੱਤਾ ਕਿ ਮੈਂ ਇੱਕ ਜੀਵਨ ਕਥਾ ਤੇ ਵੀ ਹੱਥ ਅਜ਼ਮਾਈ ਕੀਤੀ ਹੈ। ਉਨ੍ਹਾਂ ਮੈਨੂੰ ਪੁੱਛਿਆ ਕਿ ਮੇਰਾ ਪਾਤਰ ਕਿਸ ਕਿਸਮ ਦਾ ਹੈ ਤੇ ਮੈਂ ਕੁਝ ਪੈਰੇ ਇੱਕ ਪੁਸਤਕ, ਜੋ ਮੈਂ ਪਹਿਲਾਂ ਲਿਖੀ ਸੀ ਵਿਚੋਂ ਪੜ੍ਹ ਕੇ ਸੁਣਾਏ ਜੋ ਇਸ ਤਰ੍ਹਾਂ ਹਨ। ਅਸਲ ਵ੍ਹਿਚ ਇਹ ਉਸ ਪੁਸਤਕ ਦੀ ਭੂਮਿਕਾ ਹੈ :—

"ਮੈਨੂੰ ਜੀਵਨੀਆਂ ਪੜ੍ਹਨ ਦਾ ਸ਼ੌਕ ਨਵਾਂ ਨਵਾਂ ਲੱਗਾ ਸੀ। ਮਹਾਨ ਪੁਰਖਾਂ ਦੀਆਂ ਜੀਵਨੀਆਂ ਤਾਂ ਹਰ ਕੋਈ ਪੜ੍ਹਦਾ ਹੈ ਤੇ ਅੱਡ ਅੱਡ ਪਾਠਕਾਂ ਤੇ ਅੱਡ ਅੱਡ ਅਸਰ ਹੁੰਦਾ ਹੈ। ਦਿਲ ਵਿੱਚ ਫੁਰਨਾ ਫੁਰਿਆ ਕਿ ਸਾਧਾਰਣ ਜ਼ਿੰਦਗੀਆਂ, ਸਾਧਾਰਣ ਲੋਕਾਂ ਨੂੰ, ਮੈਨੂੰ, ਤੁਹਾਨੂੰ ਜ਼ਿਆਦਾ ਸੌਂਜਣਗੀਆਂ। ਸਾਧਾਰਣ ਜ਼ਿੰਦਗੀ ਨੂੰ ਵੇਖਦਿਆਂ ਹਰ ਇਕ ਦਰਸ਼ਕ ਨੂੰ, ਹਰ ਇਕ ਪਾਠਕ ਨੂੰ ਇੰਝ ਲਗਦਾ ਹੈ ਕਿ ਸੱਭ ਕੁਝ ਸੱਚ ਹੈ। ਮੇਰੇ ਅਨੁਭਵ ਵਿੱਚ ਆਇਆ ਹੈ। ਇਸੇ ਕਾਰਣ ਟੀ. ਵੀ. ਦੇ ਸੀਰੀਅਲ 'ਹਮ ਲੋਗ' ਤੇ 'ਨੁਕੜ' ਬਹੁਤ ਜ਼ਿਆਦਾ ਮਕਬੂਲ ਹੋਏ। ਪਰ ਹਰ ਸਾਧਾਰਣ ਜ਼ਿੰਦਗੀ ਜ਼ਰੂਰੀ ਨਹੀਂ ਕਿ ਕੁਝ ਸਿਖਾਏ, ਸਾਧਾਰਣ ਜ਼ਿੰਦਗੀਆਂ ਵਿਚੋਂ ਵੀ ਚੋਣ ਕਰਨੀ ਪੈਂਦੀ ਹੈ। ਐਸੇ ਪਾਤਰ ਨੂੰ ਆਮ ਫੈਹਮ ਹਾਲਾਤ ਵਿੱਚ ਵੀ ਕੁਝ ਕਰ ਦਿਖਾਉਣ ਦੀ ਅਭੀਲਾਸ਼ਾ ਹੋਣੀ ਚਾਹੀਦੀ ਹੈ। ਕੁਝ ਲਗਨ ਹੋਵੇ, ਕੁਝ ਧੁਨ ਹੋਵੇ, ਕੁਝ ਆਪਣੇ ਆਪ ਤੇ ਵਿਸ਼ਵਾਸ ਹੋਵੇ, ਕੁਝ ਅਸਾਧਾਰਣ ਸ਼ਕਤੀ, ਮਾਨਸਿਕ ਸ਼ਕਤੀ, ਭਰੋਸੇ ਦੀ ਸ਼ਕਤੀ, ਦਿਲ ਵਿੱਚੋਂ ਸ਼ਕਤੀ ਤੇ ਹੱਥਾਂ ਬਾਹਵਾਂ ਵਿੱਚ ਸਮਰਥਾ ਤੇ ਦ੍ਰਿੜ੍ਹ ਇਰਾਦਾ।

ਇਸ ਦੇ ਮੁਕਾਬਲੇ ਕਿਸੇ ਸ਼ਹਿਜ਼ਾਦੇ ਦਾ ਕੁਝ ਕਰ ਦਿਖਾਣਾ ਸ਼ਾਇਦ ਸਾਡੇ ਲਈ ਕੁਝ ਖਿੱਚ ਨਾ ਰੱਖਦਾ ਹੋਵੇ।

ਜਦੋਂ ਤੋਂ ਦੁਨੀਆਂ ਬਣੀ ਹੈ ਉਹ ਇੱਕ ਡੂੰਘੀ ਖਾਈ ਵਾਂਗਰ ਸੱਤਾ ਧਾਰੀਆਂ ਦੇ, ਪਾਤਸ਼ਾਹਾਂ ਦੇ, ਫੌਜੀਆਂ ਦੇ, ਜਰਨੈਲਾਂ ਦੇ ਕਿੱਸਿਆਂ ਨਾਲ, ਲੜਾਈਆਂ ਨਾਲ, ਜੰਗਾਂ ਨਾਲ ਤਬਾਹੀ ਤੇ ਬਰਬਾਦੀ ਦੇ ਸਿਰ ਤੇ ਉਸਰੇ ਮਹਿਲਾਂ ਤੇ ਮਾੜੀਆਂ ਦੀ ਦੁਨੀਆਂ, ਕਿਲ੍ਹਿਆਂ ਦੇ ਜ਼ੋਰ ਤੇ ਵਸਾਏ ਜਗਤ ਦੀ ਕਥਾ ਸਾਰੀ ਦੀ ਸਾਰੀ ਨਜ਼ਰੀਂ ਪੈਂਦੀ ਹੈ, ਕੇਵਲ ਸੱਤਾ ਦੀ ਲਾਲਸਾ। ਇਹ ਤਾਰੀਖ ਲਾਲ ਰੰਗ ਦੀ ਹੈ, ਬੇਕਸੂਰ ਲੋਕਾਂ ਦਾ ਲਹੂ ਵਹਾਨ ਦਾ ਪ੍ਰਤੀਕ। ਇਸ ਵਿੱਚ ਲਹੂ ਹੈ, ਚੀਖ ਪੁਕਾਰ ਦਾ ਰੌਲਾ ਹੈ — ਮਾਵਾਂ ਦੇ ਪੁੱਤਰਾਂ ਦੇ ਕਤਲ ਦੀ ਕਹਾਣੀ ਹੈ, ਵਿਧਵਾਵਾਂ ਦੀ ਕੁਰਲਾਹਟ ਤੇ ਕੀਰਨਿਆਂ ਦਾ ਰੁਦਨ ਹੈ। ਨਿੱਕੇ ਨਿੱਕੇ ਮਾਸੂਮਾਂ ਦੇ ਹਾਸੇ ਖੁਸਣ ਦਾ ਵਿਰਲਾਪ ਹੈ। ਇਹ ਸਭ ਖਾਈ ਦੇ ਲਾਲ ਲਹੂ ਦੀ ਕਹਾਣੀ ਹੈ ਜੋ ਤਵਾਰੀਖ ਅੰਕਿਤ ਕਰਦੀ ਹੈ ਤੇ ਸੁਣਾਂਦੀ ਹੈ।

ਪਰ ਪਰਮ-ਆਤਮਾ ਦੀ ਦੁਨੀਆਂ ਦੀ ਕਹਾਣੀ ਇਸ ਤਰ੍ਹਾਂ ਲਾਲ ਰੰਗ ਵਿੱਚ ਰੰਗੀ ਸਜਦੀ ਨਹੀਂ। ਲੰਬੀ ਖਾਈ, ਲੰਬੀ ਨਦੀ ਜੋ ਉਚਿਆਂ ਪਹਾੜਾਂ ਤੋਂ ਚਲਦੀ ਤੇ ਡੂੰਘੇ ਸਮੁੰਦਰਾਂ ਵਿੱਚ ਜਾ ਸਮਾਂਦੀ ਹੈ, ਉਸਦੇ ਆਸ ਪਾਸ ਕਿਨਾਰੇ ਵੀ ਹਨ। ਕਿਨਾਰਿਆਂ ਦੀ ਕਹਾਣੀ ਲਹੂ ਰੱਤੀ ਨਹੀਂ, ਉਥੇ ਪਿਆਰ ਦੀ ਬੋਲੀ ਬੋਲੀ ਜਾਂਦੀ ਹੈ, ਉਥੇ ਸ਼ਹਿਨਾਈਆਂ ਵਜਦੀਆਂ ਹਨ, ਨਿੱਕੀਆਂ ਨਿਕੀਆਂ ਜਿੰਦਾਂ ਪੈਦਾ ਹੁੰਦੀਆਂ ਹਨ। ਹਮਾ ਤੁਮਾਂ ਦੀਆਂ ਜ਼ਿੰਦਗੀਆਂ, ਹਮਾਤੜ ਸਾਥੀਆਂ ਦੀਆਂ, ਮੇਰੀਆਂ, ਤੁਹਾਡੀਆਂ, ਪਿਆਰ ਵਿੱਚ ਤੇ ਪਿਆਰ ਦੇ ਆਸਰੇ ਉਸਰਦੀਆਂ ਹਨ। ਆਮ ਜ਼ਿੰਦਗੀਆਂ, ਆਮ ਲੋਕਾਂ ਦੀਆਂ, ਮਜ਼ਦੂਰਾਂ ਦੀਆਂ, ਕਾਮਿਆਂ ਦੀਆਂ, ਮਿੱਟੀ ਨਾਲ ਮਿੱਟੀ ਹੋ ਜਾਣ ਵਾਲਿਆਂ ਦੀਆਂ, ਮਿਹਨਤ ਨਾਲ ਮੁੜ੍ਹਕਾ ਬਹਾਣ ਵਾਲਿਆਂ ਦੀਆਂ। ਮਾਨਸਿਕ ਤੇ ਆਤਮਿਕ ਸੁਹੱਪਣ ਦੀ ਬਖਸ਼ਿਸ਼, ਖੂਬਸੂਰਤ ਜ਼ਿੰਦਗੀਆਂ, ਪਿਆਰਾਂ ਵਿੱਚ ਪਲੀਆਂ, ਮਾਂ ਦੀ ਲੋਰੀ ਸੁਣਦੀਆਂ, ਮੁਸ਼ੱਕਤ ਤੋਂ ਬਾਅਦ ਵਿਸ਼ਰਾਮ ਕਰਦੀਆਂ, ਘਰੇਲੂ ਸੁਖ ਮਾਣਦੀਆਂ, ਪਾਲਣ ਪੋਸ਼ਣ ਵਿੱਚ ਲੱਗੀਆਂ ਤੇ ਪਲਣ-ਵਧਣ ਵਾਲੀਆਂ ਹਰੀਆਂ ਹੁੰਦੀਆਂ, ਬੱਚਿਆਂ ਦੀਆਂ ਜ਼ਿੰਦਗੀਆਂ।

ਇਥੇ ਗੀਤ ਹਨ, ਕਵਿਤਾਵਾਂ ਹਨ, ਝਾਂਜਰਾਂ ਦੀ ਛਣਕ ਹੈ, ਬੇਨਕਾਬ ਹੁਸਨ ਦਾ ਰਾਜ ਹੈ, ਨਦੀ ਦੇ ਕੰਢਿਆਂ ਤੇ। ਇਥੇ ਲੋਕ ਆਪਣਾ ਪੇਟ ਭਰਦੇ ਹਨ, ਸੁਚੱਜੇ ਕਿੱਤਿਆਂ ਰਾਹੀਂ, ਕਸਬਾਂ ਰਾਹੀਂ, ਵਿਦਿਆ ਲਿਖਣ ਤੇ ਸਿਖਾਣ ਰਾਹੀਂ, ਵਿਦਿਆ ਵਿਚਾਰਣ ਰਾਹੀਂ — ਆਕਾਸ਼ਾਂ ਵਰਗੀ ਉੱਚ ਜ਼ਿੰਦਗੀ ਰੰਗਰੇਜ਼ ਤੇ ਛੀਂਬੇ ਦੀ ਜ਼ਿੰਦਗੀ ਜੋ ਰੰਗ ਨਾਲ ਠੱਪੇ ਲਗਾ ਕੇ ਕਪੜੇ ਦੀ ਕਟਾਈ ਕਰਕੇ ਜਿਸਮ ਦੀਆਂ ਗੋਲਾਈਆਂ ਨੂੰ ਉਭਾਰਦੇ ਹਨ, ਹੁਸਨ ਦੋਬਾਲਾ ਕਰਦੇ ਹਨ। ਅਜਿਹੀ ਜ਼ਿੰਦਗੀ ਜਿਹਦੇ ਵਿੱਚ ਢੋਲੇ ਗਾਏ ਜਾਂਦੇ ਹਨ, ਬੋਲੀਆਂ ਪਾਈਆਂ ਜਾਂਦੀਆਂ ਹਨ, ਢੋਲ

ਢੋਮਕੇ ਵਜਦੇ ਹਨ, ਭੰਗੜਾ ਤੇ ਗਿੱਧਾ ਮਚੱਦਾ ਹੈ. ਇਹ ਸਾਰੀ ਜੀਵਨੀ ਹੈ ਕੰਢਿਆਂ ਤੇ ਰਹਿਣ ਵਾਲਿਆਂ ਦੀ।

ਤਵਾਰੀਖ ਕਿਨਾਰਿਆਂ ਵਾਲਿਆਂ ਦੀ ਜ਼ਿੰਦਗੀ ਨੂੰ ਉਘਾੜਦੀ ਨਹੀਂ. ਜ਼ਿਕਰ ਵੀ ਨਹੀਂ ਕਰਦੀ, ਉਸਨੂੰ ਛਾਪਦੀ ਨਹੀਂ, ਸੁਣਾਂਦੀ ਨਹੀਂ। ਆਮ ਜੋ ਸਮਝਿਆ ਜਾਂਦਾ ਹੈ, ਉਹ ਇਹ ਹੈ ਕਿ ਪਰੀਪੂਰਣ ਪ੍ਰਤਿਭਾ ਦੀ ਖੇਡ ਰਾਜਿਆਂ ਤੇ ਰਾਣਿਆਂ ਦੀ ਖੇਡ ਹੈ। ਹਮਲਾਵਰਾਂ ਤੇ ਉਨ੍ਹਾਂ ਦੇ ਸੰਗ ਜੂਝਣ ਵਾਲਿਆਂ ਦੀ ਲੰਬੀ ਦਾਸਤਾਨ ਇੱਕ ਨਾ ਖਤਮ ਹੋਣ ਵਾਲੀ ਮਹਾਂਭਾਰਤ ਤੇ ਹੋਰ ਬਹੁਤ ਸਾਰੀਆਂ ਲੜਾਈਆਂ ਦੀ ਬਹੁਤ ਲੰਬੀ ਕਹਾਣੀ ਹੈ। ਸਭ ਕੁਝ ਸਾਨੂੰ ਉਸ ਖਾਈ ਦਾ ਦ੍ਰਿਸ਼ ਨਜ਼ਰ ਆਉਂਦਾ ਹੈ, ਜਿਸਦਾ ਪਾਣੀ ਲਾਲ ਹੈ, ਲਹੂ ਨਾਲ ਭਰਿਆ ਪਿਆ ਹੈ। ਜਿੱਥੇ ਮਸ਼ੀਨ ਗੰਨਾਂ ਤੇ ਐਟਮ ਬੰਬਾਂ ਦਾ ਇਤਿਹਾਸ ਬਣਦਾ ਹੈ।

ਪਰ ਜਿਹੜੀਆਂ ਜੀਵਨੀਆਂ ਜ਼ਿੰਦਗੀ ਨੂੰ ਦਿਲਕਸ਼ ਬਣਾਂਦੀਆਂ ਹਨ ਉਹ ਉਹੀ ਹਨ ਜੋ ਕੰਢਿਆਂ ਤੇ ਰਹਿਣ ਵਾਲੇ ਗੁਜ਼ਾਰਦੇ ਹਨ। ਮੇਰੀ ਦਿਲਚਸਪੀ ਐਸੀਆਂ ਜੀਵਨੀਆਂ ਵਿੱਚ ਹੈ ਜੋ ਖਾਈ ਦੇ ਕਿਨਾਰਿਆਂ ਤੇ ਰਹਿੰਦੀਆਂ ਹਨ. ਉਥੇ ਫੁਲ ਪੈਂਦੇ ਹਨ, ਹਰੀ ਘਾਹ ਮਖਮਲੀ ਫਰਸ਼ ਵਿਛਾਉਂਦੀ ਹੈ, ਤ੍ਰੇਲ ਚਾਂਦੀ ਲੁਟਾਉਂਦੀ ਹੈ ਤੇ ਸਰ੍ਹੋਂ ਸੋਨਾ ਉਗਲਦੀ ਹੈ। ਪਾਣੀ ਦੇਣ ਵਾਲਾ ਹਰਟ ਮੈਨੂੰ ਲੋਰੀਆਂ ਦਿੰਦਾ ਲਗਦਾ ਹੈ। ਇਥੇ ਕਵੀ ਪੈਦਾ ਹੁੰਦੇ ਹਨ। ਇਥੇ ਸਾਧਾਰਣ ਘਰਾਂ ਵਿੱਚੋਂ, ਖੁਦਾ ਦੀ ਖਲਕਤ ਵਿੱਚੋਂ ਸੇਵਾ ਕਰਨ ਵਾਲੇ ਉਭਰ ਪੈਂਦੇ ਹਨ। ਇੱਥੇ ਨਿਸ਼ਕਾਮ ਲੋਕ ਭੀ ਰਹਿੰਦੇ ਹਨ। ਉਹ ਜਿਹੜੇ ਇਨ੍ਹਾਂ ਘਰਾਂ ਵਿੱਚ ਪੈਦਾ ਹੁੰਦੇ ਹਨ ਉਹ ਮਿਹਨਤੀਆਂ ਦੇ ਘਰ ਹੋਣਗੇ, ਸਕੂਲ ਮਾਸਟਰ ਹੋਣਗੇ, ਕਲਰਕ ਹੋਣਗੇ — ਉਹ ਸਭ ਜਿਨ੍ਹਾਂ ਦੀ ਤਵਾਰੀਖ ਦੁਨੀਆਂ ਨਹੀਂ ਲਿਖਦੀ ਪਰ ਜੋ ਸਹੀ ਅਰਥਾਂ ਵਿਚ ਤਵਾਰੀਖ ਰਚਦੇ ਹਨ — ਤਵਾਰੀਖ ਨੇਕੀ ਦੀਆਂ ਕਹਾਣੀਆਂ ਦੀ, ਕਿਸੇ ਦਾ ਦੁਖ ਵੰਡਾਣ ਦੀ, ਆਪਣੇ ਤੋਂ ਘਟ ਵਿੱਤ ਵਾਲੇ ਦੀ ਮਦਦ ਦੀ, ਬਗੈਰ ਵੱਡਾ ਨਾਮ ਕਿਰਾਏ ਸਮੁੱਚੇ ਸਮਾਜ ਦੀ ਸੇਵਾ ਦੀ, ਪੱਖਾ ਫੇਰਨ ਦੀ ਪਾਣੀ ਢੋਣ ਦੀ, ਨਦੀ ਵਾਲਿਆਂ ਨੂੰ ਇਨ੍ਹਾਂ ਦੀ ਸਾਰ ਨਹੀਂ ਪਰ ਇਨ੍ਹਾਂ ਦੀ ਜ਼ਿੰਦਗੀ ਹੈ ਜੋ ਰੰਗ ਬਖ਼ਸ਼ਦੀ ਹੈ ਤੇ ਉਹ ਰੰਗ ਹੈ — ਮਜੀਠ ਦਾ, ਲਹੂ ਵਾਲਾ ਲਾਲ ਰੰਗ ਨਹੀਂ, ਮਜੀਠ ਰੰਗ, ਜੋ ਪਿਆਰ ਦਾ ਰੰਗ ਹੈ. ਨੇਕ ਕਰਨੀ ਦਾ ਰੰਗ ਹੈ, ਜੋ ਮਨ ਦੇ ਅਰੋਗ ਹੋਣ ਦਾ ਰੰਗ ਹੈ, ਜੋ ਨਿਰਵੈਰ ਤੇ ਨਿਰਭੈ ਦਾ ਰੰਗ ਹੈ। ਜੋ ਉਤਸ਼ਾਹ ਦਾ ਰੰਗ ਹੈ, ਖੇੜੇ ਦਾ ਰੰਗ ਹੈ। ਖ਼ੁਦਾਈ ਦਾ ਰੰਗ ਹੈ।

ਕਿਨਾਰੇ ਵਾਲੇ ਲੋਕਾਂ ਦੀ ਜ਼ਿੰਦਗੀ ਵਿੱਚ ਝਾਤ ਪਾਉਣ ਲਈ ਮੇਰੇ ਮਨ ਵਿੱਚ ਸ਼ੌਕ ਜਾਗਿਆ ਤੇ ਮੈਂ ਆਸ ਪਾਸ ਢੂੰਡਣ ਲੱਗ ਪਿਆ। ਕੁਝ ਕੁ ਸ਼ਕਲਾਂ ਪਿਆਰੀਆਂ ਲਗੀਆਂ, ਕੁਝ ਮਨ ਠਰੇ ਹੋਏ ਨਜ਼ਰ ਆਏ, ਕੁਝ ਆਤਮਾਵਾਂ ਰੰਗੀਆਂ ਹੋਈਆਂ ਨਜ਼ਰ ਆਈਆਂ, ਇਨ੍ਹਾਂ ਜੀਵਨੀਆਂ ਨੂੰ ਦੇਖਦਿਆਂ ਉਨ੍ਹਾਂ ਦਾ ਅਕਸ ਮੇਰੇ ਤੇ ਪੈਣ ਲੱਗਾ ਤੇ ਮੈਨੂੰ ਸੁੱਝੀ, ਇਹ ਜੀਵਨੀ। ਉਹ ਜੋ ਸਾਡੇ ਵਾਂਗ ਵੀ ਹੋਵੇ ਪਰ ਕੁਝ

ਉਚੇਰੀ, ਆਮ ਹਾਲਾਤ ਵਿਚੋਂ ਲੰਘੇ, ਪਰ ਦਾਮਨ ਬਚਾ ਕੇ, ਚਕਮੇ ਤੇ ਭੁਲਾਵੇ ਭਰਮਾਉਣ ਉਸ ਨੂੰ ਵੀ ਪਰ ਉਹ ਬਚਾਕੇ ਨਿਕਲ ਜਾਵੇ। ਟੋਏ ਟਿਬੇ ਆਉਣ ਉਸਦੇ ਪੰਧ ਤੇ ਵੀ ਪਰ ਬਚਾ ਸਕੇ ਆਪਣੇ ਪੈਰਾਂ ਨੂੰ ਕੰਢਿਆਂ ਤੋਂ ਜੀਵਨ ਤੇ ਉਲਝਣਾਂ ਪੈਣ ਉਸ ਨੂੰ ਵੀ, ਪਰ ਉਹ ਸੁਲਝਾ ਸਕੇ ਵੈਸੇ ਹੀ ਆਸਾਨੀ ਨਾਲ, ਤਾਂ ਜੋ ਉਸਦੀ ਕਹਾਣੀ, ਤੁਹਾਡੀ ਸਾਡੀ ਕਹਾਣੀ ਹੋਵੇ। ਪਰ ਉਹ ਸਾਥੋਂ ਗਿੱਠ-ਗਿੱਠ ਉੱਚਾ ਚਲਦਾ ਹੋਵੇ ....... ਆਚਰਣ ਵਿੱਚ, ਸਭਿਆਚਾਰ ਵਿੱਚ, ਭਾਵ ਵਿੱਚ, ਹਿੰਮਤ ਵਿੱਚ ਤੇ ਆਪਣਾ ਆਪ ਤਿਆਗਣ ਵਿਚ।

ਅਗਲਾ ਕਦਮ ਜੋ ਮੈਂ ਚੁੱਕ ਰਿਹਾ ਹਾਂ ਉਹ ਹੈ ਇਹਨਾਂ ਕੁਝ ਕੁ ਸ਼ਖਸੀਅਤਾਂ ਦੇ ਜੀਵਨ ਸਫਰ ਦਾ ਮੁਤਾਲਿਆ ਕਰਕੇ ਤੁਹਾਨੂੰ ਸੁਨਾਉਣਾ। ਇਨ੍ਹਾਂ ਵਿੱਚੋਂ ਕਾਰਆਮਦ ਨੁਸਖੇ ਵੀ ਝਲਕਣਗੇ ਜਿਸ ਨਾਲ ਤੁਹਾਡੀ ਜ਼ਿੰਦਗੀ ਜ਼ਿਆਦਾ ਹਰੀ-ਭਰੀ ਹੋ ਜਾਵੇ ਸ਼ਾਇਦ ਤੁਹਾਡੇ ਬੱਚਿਆਂ ਦੀ ਚੜ੍ਹਦੀ ਜਵਾਨੀ ਵਿੱਚ ਮਿੱਠੇ ਫਲਾਂ ਦੀ ਪਿਉਂਦ ਲਗ ਸਕੇ।

ਇਹ ਮੈਨੂੰ ਤੇ ਤੁਹਾਨੂੰ ਜ਼ਿਆਦਾ ਉਤਸ਼ਾਹਿਤ ਕਰਨਗੀਆਂ, ਪ੍ਰੇਰਿਤ ਕਰਨਗੀਆਂ। ਇਹਨਾਂ ਦੇ ਪਦ ਚਿੰਨ੍ਹਾਂ ਤੇ ਚਲਣਾ ਜ਼ਰਾ ਸੌਖਾ ਲਗੇਗਾ ਤੇ ਸਾਡੀ ਹਿੰਮਤ ਨੂੰ ਵਧਾਏਗੀ। ਇਸ ਲੜੀ ਵਿੱਚ ਮੇਰਾ ਪਹਿਲਾ ਪ੍ਰੇਰਕ ਉਹ ਹੈ ਜਿਸ ਨੂੰ ਤੁਸਾਂ ਥਾਂ-ਥਾਂ ਵੇਖਿਆ ਹੋਵੇਗਾ। ਸਰੀਰ ਪਤਲਾ ਲੰਬਾ, ਉਮਰ ਵਡੇਰੀ ਤੇ, ਕੰਮ ਜਵਾਨਾਂ ਦੇ . . . .

ਇਹ ਜੀਵਨ ਕਥਾ ਮੈਂ ਉਤਸ਼ਾਹ ਨਾਲ ਲਿਖ, ਛਾਪ ਚੁਕਾ ਹਾਂ। ਬਹੁਤ ਕਾਪੀਆਂ ਵੰਡ ਭੀ ਚੱਕਾ ਹਾਂ ........ ਪਰ

ਇਸ ਤਰ੍ਹਾਂ ਮੇਰੀ ਇਕੋ ਜੁਸਤਜੂ ਬਣ ਗਈ ਹੈ, ਆਲੇ ਦੁਆਲੇ ਨੂੰ ਦੇਖਣਾ, ਵਾਚਣਾ, ਗਹੁ ਕਰਨੀ - ਅੱਖੀਆਂ ਖੋਲ੍ਹਕੇ, ਹਵਾ ਨੂੰ ਰੁਮਕਣ ਦੇਣਾ, ਅੰਦਰ ਆ ਜਾਵੇ, ਸਾਹ ਵਿੱਚ ਸੁਗੰਧ ਵਸਾ ਦੇਵੇ, ਐਸੇ ਵਿਅਕਤੀ ਦਾ ਜੀਵਨ ਮੈਂ ਹੁਣ ਚਿੱਤਰਾਂ। ਕਹਿੰਦੇ ਹਨ ਨਾ ਕਿ ਕੁਛੜ ਕੁੜੀ ਸ਼ਹਿਰ ਢਿੰਡੋਰਾ, ਇਹ ਹੀ ਸੀ ਕਮੀ ਮੇਰੀ ਢੂੰਡ ਵਿੱਚ। ਜਗ ਨੂੰ ਪਿਆ ਢੂੰਡਾਂ-ਸੰਸਾਰ ਦੇ ਜੀਵਨ ਯਾਤ੍ਰੀਆਂ ਦਾ ਪਿਆ ਮੁਕਾਬਲਾ ਕਰਾਂ, ਪਰ ਅਜੇ ਗੱਲ ਬਣੀ ਨਹੀਂ ਸੀ। ਤਾਹੀਓਂ ਜਿਵੇਂ ਪਰਮਾਤਮਾ ਨੇ ਇਕੋ ਝੌਲਾ ਜਿਹਾ ਸਾਹਮਣੇ ਖੜਾ ਕਰ ਦਿੱਤਾ ਤੇ ਉਹ ਵੇਂਹਦਿਆਂ ਵੇਂਹਦਿਆਂ ਆਕਾਰ ਬਣ ਗਿਆ। ਉਹਨੂੰ ਦੇਖਿਆ ਕੀ ਕਿ ਕਪਾਟ ਖੁਲ੍ਹ ਗਏ। ਮਨ ਵਿੱਚ ਸਵਾਲ ਉਠਿਆ ਕਿ ਇਹ ਪਹਿਲਾਂ ਕਿਉਂ ਨਹੀਂ ਸੁਝਿਆ, ਦਿਲ ਦਿਮਾਗ ਕਿਧਰ ਚਲੇ ਗਏ ਸਨ ਕਿਉਂਕਿ ਇਹਨਾਂ ਦਾ ਤਾਂ ਮੈਂ ਤਨੋਂ ਮਨੋਂ ਧੰਨਵਾਦੀ ਹੁੰਦਾ ਸਾਂ। ਇਹਨਾਂ ਦੇ ਦਰਸ਼ਨ ਤਾਂ ਮੈਨੂੰ ਠਾਰ ਦਿੰਦੇ ਸਨ। ਜਦੋਂ ਭੀ ਮੈਨੂੰ ਖੁਸ਼ਕਿਸਮਤੀ ਨਾਲ, ਨਸੀਬਾਂ ਨਾਲ ਨਜ਼ਰੀਂ ਪੈ ਜਾਂਦੇ। ਇਹ ਸਨ ਮੇਰੇ ਖਵਾਬ ਦੀ ਦੁਨੀਆਂ ਵਿੱਚ ਹੁਣ ਵੀ ਹਲਚਲ ਮਚਾ ਦੇਣ ਵਾਲੇ, ਮੈਨੂੰ ਟੋਹਣ ਟੁੰਬਣ ਵਾਲੇ, ਮੇਰੇ ਮਨ ਨੂੰ ਜਗਾ ਦੇਣ ਵਾਲੇ, ਨਵੀਆਂ ਸੋਚਾਂ-ਸੁਝਾ ਦੇਣ ਵਾਲੇ, ਸੋਚ ਸ਼ਕਤੀ ਨੂੰ ਜਗਾ ਦੇਣ ਵਾਲੇ, ਮਘਦੀ ਜੋਤ ਨੂੰ ਰੌਸ਼ਨ

ਕਰ ਦੇਣ ਵਾਲੇ, ਹਿੱਕ ਠੰਡਿਆ ਦੇਣ ਵਾਲੇ .......... ਸ. ਰਘਬੀਰ ਸਿੰਘ ਜੀ 'ਬੀਰ'। ਬਾਲਪਨ ਵਿੱਚ ਇਨ੍ਹਾਂ ਮੇਰਾ ਆਤਮਿਕ ਜੋਸ਼ ਨਾਲ ਹੱਥ ਮਿਲਵਾਇਆ। ਗੁਰਦਵਾਰਾ ਲਹਿਰ ਤੇ ਜੰਗੇ ਆਜ਼ਾਦੀ ਵਿਚ ਆਪਣੀਆਂ ਉਚੇ ਸੁਰ ਵਿੱਚ ਗਾਈਆਂ ਜਗਤ ਪ੍ਰਸਿਧ ਕਵਿਤਾਵਾਂ ਦੇ ਰੰਗ ਨਾਲ ਬੰਨ੍ਹਿਆ – ਵਕਤ ਪਾ ਕੇ ਜਦੋਂ ਮੇਰੇ ਤੇ ਉਹਨਾਂ ਦੇ ਦਰਮਿਆਨ ਸਮੇਂ ਤੇ ਹਾਲਾਤ ਨੇ, ਰੋਜ਼ੀ ਰੋਟੀ ਦੇ ਸਾਧਨਾਂ ਦੀ ਵਿਥ ਪਾ ਦਿੱਤੀ ਸੀ, ਮੈਂ ਲੰਬੀ ਤਾਣ ਸੁੱਤਾ ਰਿਹਾ ਤੇ ਜਦ ਜਾਗਿਆ ਉਸ ਵੇਲੇ ਦੇਖਿਆ ਉਹ ਖ਼ੁਦਾ ਦਾ ਰੂਪ ਬਣ ਚੁੱਕੇ ਸਨ।

ਸੋ ਮੇਰਾ ਪਾਤਰ ਮੇਰੇ ਸਾਹਮਣੇ ਆਪ ਖੜਾ ਹੋ ਗਿਆ। ਮੈਂ ਉਹ ਜੀਵਨੀ ਲਿਖਣ ਨੂੰ ਥੱਰਾ ਗਿਆ, ਜਿਹੜੀ ਕਿਸੇ ਵਿਰਲੇ ਦੀ ਹੀ ਹੁੰਦੀ ਹੈ। ਪਹਿਲੇ ਤਾਂ ਮੈਂ ਇਨ੍ਹਾਂ ਦੀਆਂ ਕਿਤਾਬਾਂ ਦੇ ਨਾਂ ਤੋਂ ਹੀ ਵਾਕਿਫ ਸਾਂ, ਓਪਰੇ ਓਪਰੇ ਕਦੇ ਨਜ਼ਰ ਭੀ ਮਾਰੀ ਹੋਵੇਗੀ ਪਰ ਹੁਣ ਡੂੰਘਾਈ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਪੜ੍ਹਨ ਨਾਲ ਇੰਜ ਲਗਦਾ ਹੈ ਕਿ ਮੈਂ ਆਪ ਭੀ ਰਚਿਆ ਜਾ ਰਿਹਾ ਹਾਂ। ਖਾਸ ਕਰ ਇਨ੍ਹਾਂ ਦੀ ਪੁਸਤਕ ਜੋ ਜੀਵਨ ਦਾਨ ਕਰਦੀ ਹੈ, ਐਡਾ ਉਚੇਰਾ ਜੀਵਨ ਜਿਹੜਾ ਅਜੇ ਤੱਕ ਡੂੰਘਾ ਕਦੀ ਨਹੀਂ ਸੀ ਸਮਝਿਆ, ਆਪਣੇ ਅਨੁਭਵ ਵਿੱਚ ਕਦੀ ਨਹੀਂ ਸੀ ਲਿਆਂਦਾ, ਨਾਂ ਹੈ "ਬੰਦਗੀ ਨਾਮਾ" ਤੇ ਇਸ ਦੀ ਪੂਰੀ ਵਿਆਖਿਆ ਮੈਂ "ਬੀਰ ਜੀ ਦੀਆਂ ਰਚਨਾਵਾਂ" ਦੇ ਅਨੁਵਾਨ ਹੇਠ ਕਿਸੇ ਅਗਲੇ ਕਾਂਡ ਵਿੱਚ ਕਰਾਂਗਾ। ਇਸ ਭੂਮਿਕਾ ਨੂੰ ਮੈਂ ਭੂਮਿਕਾ ਦੀ ਹੀ ਸ਼ਕਲ ਦੇ ਰਿਹਾ ਹਾਂ। ਜੋ ਇਨਸਾਫ ਇਨ੍ਹਾਂ ਦੀਆਂ ਰਚਨਾਵਾਂ ਨਾਲ ਮੇਰੇ ਪਾਸੋਂ ਹੋ ਸਕੇਗਾ ਉਹ ਮਿੱਥੇ ਸਾਧਨ ਤੇ ਵੇਰਵੇ ਸਹਿਤ ਕਰਾਂਗਾ। ਏਨਾ ਇਥੇ ਆਖਣਾ ਮੁਨਾਸਿਬ ਹੋਵੇਗਾ ਕਿ 'ਬੀਰ' ਜੀ ਨੇ ਆਪਣੇ ਜ਼ਮਾਨੇ ਵਿੱਚ ਤਵਾਰੀਖ਼ ਰਚੀ ਹੈ। ਆਪਣੇ ਤੇ ਆਪਣੇ ਵਰਗੇ ਹੋਰਾਂ ਨਾਲ ਹੱਥ ਵਿੱਚ ਹੱਥ ਪਾ ਕੇ। ਇਨ੍ਹਾਂ ਦੀ ਜ਼ਿੰਦਗੀ ਤਸਵੀਰ ਹੈ, ਉਨ੍ਹਾਂ ਜ਼ਮਾਨਿਆਂ ਦੀ ਜਦੋਂ ਉਹ ਹੋ ਗੁਜ਼ਰੇ। ਧਾਰਮਿਕ ਵਿਸ਼ੇ, ਆਤਮਿਕ ਉਸਾਰੀ ਦੀਆਂ ਮੰਜ਼ਿਲਾਂ, ਸਮਾਜਿਕ ਲੋੜਾਂ, ਜਾਤੀ ਬੰਧਨਾਂ ਦੀਆਂ ਸਾਰੀਆਂ ਕਹਾਣੀਆਂ ....... ਇਹਨਾਂ ਦੀਆਂ, ਉਸ ਜ਼ਮਾਨੇ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ ਜੋ ਥਾਂ ਸਿਰ, ਸਮੇਂ ਸਿਰ ਇਸ ਕਿਤਾਬ ਦੇ ਪੰਨਿਆਂ ਵਿੱਚ ਤੁਸੀਂ ਪਾਓਗੇ, ਸ਼ੀਸ਼ੇ ਵਿੱਚੋਂ ਦੁਨੀਆਂ ਦੇਖੋਗੇ ਤੇ ਇਨ੍ਹਾਂ ਦਾ ਜੀਵਨ ਵਾਚਦਿਆਂ ਤੁਸੀਂ ਇਸ ਸਦੀ ਤੇ ਕੁਝ ਕੁ ਪਿਛਲੀ ਸਦੀ ਦੇ ਢੋਲ ਢੱਮਕੇ, ਮੁਸ਼ਕਲਾਂ ਤੇ ਹਲ ਦੇਖੋਗੇ।

ਤੁਸੀਂ ਇਹ ਭੀ ਦੇਖੋਗੇ ਕਿ 'ਬੀਰ' ਜੀ ਜੋ ਸੁਪਨੇ ਲੈਣ ਵਾਲੇ ਓਹ ਸਾਡੇ ਵਰਗੇ, ਸੁਪਨਿਆਂ ਦੇ ਬਿਉਪਾਰੀਆਂ ਲਈ ਵੀ ਮੀਲ ਪਥੱਰ ਛੱਡ ਗਏ ਹਨ। ਕੀ ਕਾਮਯਾਬੀਆਂ ਦੀ ਕਹਾਣੀ ਛਡ ਗਏ ਹਨ, ਕੀ ਪ੍ਰੇਰਨਾਵਾਂ ਦੇ ਗਏ ਹਨ, ਖਾਕਿਆਂ ਵਿੱਚ ਕਿੰਨੇ ਕੁ ਰੰਗ ਭਰ ਗਏ ਹਨ ਤੇ ਕੀ ਕੁਝ ਹੋਰ ਸਾਡੇ ਲਈ ਰਸਤੇ ਉਲੀਕ ਗਏ ਹਨ।

# ਇਕ ਬੰਦਾ ਜੋ ਦੇਵਤਾ ਬਣ ਗਿਆ

ਮੈਂ ਭੂਮਿਕਾ ਲਿਖਣ ਦੀ ਸੋਚੀ ਤੇ ਅੰਦਰੋਂ ਇਹ ਲਫਜ਼ ਫੁਟ ਕੇ ਬਾਹਰ ਆਏ : "ਇੱਕ ਬੰਦਾ ਜੋ ਦੇਵਤਾ ਬਣ ਗਿਆ।" ਮੇਰੀਆਂ ਅੱਖਾਂ ਵਿੱਚ ਇਹ ਸੱਚੀ ਤਰਜਮਾਨੀ ਹੈ, ਉਸ ਜੀਵਨ ਦੀ ਜਿਸ ਨੂੰ ਅੰਕਿਤ ਕਰਨ ਦਾ ਮੈਂ ਉਪਰਾਲਾ ਕਰ ਰਿਹਾ ਹਾਂ ਪਰ ਕਿਤੇ ਕੋਈ ਬੰਦੂਕਾਂ ਲੈ ਖੜ੍ਹਾ ਨਜ਼ਰੀਂ ਪੈਂਦਾ ਹੈ ਤੇ ਕਿਤੇ ਕੋਈ ਤ੍ਰੀਸ਼ੂਲਾਂ। ਸੱਭ ਕਸ਼ਮਕਸ਼ ਦਾ ਸ਼ਿਕਾਰ ਨਜ਼ਰ ਆਉਂਦੇ ਹਨ, ਭਵਾਂ ਤ੍ਰੇੜੀਆਂ, ਮਨ ਵਿਚ ਅੱਗ, ਲੋਕਾਂ ਦੇ ਕੋਮਲ ਮਨਾਂ ਨੂੰ ਜਲਾ ਦੇਣ ਵਾਲੇ, ਬੋਲ ਕੁਬੋਲ ਕਰਨ ਵਾਲੇ। ਕੀ ਪਤਾ ਉਨ੍ਹਾਂ ਨੂੰ ਇਸ ਸੰਕੇਤ ਵਿੱਚ 'ਖੁਦਾ' ਦਾ ਨਾਂ ਚੰਗਾ ਨਾ ਲੱਗੇ। ਚਲੋ ਮੈਂ ਹੀ ਉਨ੍ਹਾਂ ਦੇ ਸ਼ੀਸ਼ਾ-ਏ-ਦਿਲਾਂ ਨੂੰ ਤ੍ਰੇੜਾਂ ਤੇ ਮੈਂ ਖੁਦਾ ਦੀ ਥਾਂ 'ਦੇਵਤਾ' ਲਿਖਕੇ ਸਾਰ ਰਿਹਾ ਹਾਂ।

ਮੈਂ ਉਸ ਪਾਂਧੀ ਨੂੰ ਤੱਕਿਆ ਹੈ, ਆਪਣੀਆਂ ਅੱਖਾਂ ਨਾਲ ਜਦੋਂ ਮੈਨੂੰ ਕਵਿਤਾ ਦੀ ਕੁਝ ਸਮਝ ਤਾਂ ਨਹੀਂ ਸੀ ਪਰ ਕਵੀ ਦਰਬਾਰਾਂ ਵਿੱਚ ਜਾ ਬੈਠਣ ਦਾ ਸ਼ੌਕ ਬੜਾ ਸੀ। ਜੇਕਰ ਮੈਨੂੰ ਜ਼ਿਆਦਾ ਛੋਟਾ ਸਮਝ ਕੇ ਕੋਈ ਬਾਂਹ ਫੜ ਕੇ ਉਠਾਲ ਦਿੰਦਾ ਸੀ ਤਾਂ ਮੈਂ ਮਿੱਟੀ ਤੇ ਭੁੰਜੇ ਜਾ ਬੈਠਣਾ ਜ਼ਿਆਦਾ ਔਖਾ ਨਹੀਂ ਸਾਂ ਸਮਝਦਾ। ਓਦੋਂ ਮੈਂ ਜੀਵਨ ਦਾ ਭਾਰ ਚੁੱਕ ਕੇ ਇਸ ਮੁਸਾਫਿਰ ਨੂੰ ਉਤਾਂਹ ਕਦਮ ਰੱਖਦਾ ਆਪਣੀ ਅੱਖੀਂ ਦੇਖਿਆ ਸੀ। ਇਹ ਕਦਮਾਂ ਦਾ ਸਿਲਸਿਲਾ ਤਾਂ ਹੁਣ ਕੁਝ ਪਿੜ ਪੱਲੇ ਪੈਂਦਾ ਨਜ਼ਰ ਆਉਂਦਾ ਹੈ। ਓਦੋਂ ਹਜ਼ਾਰਾਂ ਦੇ ਇਕੱਠ ਵਿੱਚ ਖੜਾ ਇਹ ਕਵੀ ਦੇ ਰੂਪ ਵਿੱਚ ਲੋਕਾਂ ਦੇ ਦਿਲਾਂ ਨੂੰ ਉਭਾਰਿਆ ਕਰਦਾ ਸੀ। ਇਸ ਦਾ ਨਾਂ 'ਬੀਰ' ਸੀ ਜੋ ਆਪਣੇ ਤਰਕਸ਼ ਵਿੱਚੋਂ ਤੀਰ ਕੱਢ ਕੱਢ ਕੇ ਲੋਕਾਂ ਦੀਆਂ ਛਾਤੀਆਂ ਵਿੰਨ੍ਹ ਰਿਹਾ ਸੀ। ਉਸ ਉਮਰ ਵਿੱਚ ਵੀ ਮੇਰੇ ਆਪਣੇ ਅੰਦਰ ਕੁਝ ਜੋਸ਼ ਉਠਦਾ ਸੀ। ਪੂਰੀ ਸਮਝ ਲੱਗੇ ਨਾ ਲੱਗੇ, ਸਿੱਖਾਂ ਦੇ ਦੁਖਾਂ ਦਾ ਜਦੋਂ ਉਹ ਜ਼ਿਕਰ ਕਰਦਾ ਸੀ ਤਾਂ ਮੈਂ ਭੀ ਆਪਣੇ ਆਪ ਨੂੰ ਸ਼ਿਕਾਰ ਸਮਝਦਾ ਸਾਂ। ਇਹ ਸੀ ਰਘਬੀਰ ਸਿੰਘ 'ਬੀਰ' ਜਿਹਨੂੰ ਮੈਂ ਦੇਖਿਆ ਉਸ ਵੇਲੇ ਜਦ ਉਹ ਕਵਿਤਾ ਰਚਦਾ ਸੀ ਤੇ ਸੁਤਿਆਂ ਪਿਆਂ ਨੂੰ ਖ੍ਵਾਬ ਤੋਂ ਜਗਾਂਦਾ ਸੀ।

ਰੋਟੀ ਰੋਜ਼ੀ ਦੇ ਸਾਧਨਾਂ ਵਿੱਚ ਵਿਧਾਤਾ ਨੇ ਮੇਰੇ ਪਾਸੋਂ ਕਵਿਤਾ ਦਾ ਸਰੂਰ ਖੋਹ ਲਿਆ ਤੇ ਦੂਸਰੀ ਦੁਨੀਆਂ ਦੀ ਸੈਰ ਵਿੱਚ ਪਾ ਦਿੱਤਾ ਜਿੱਥੇ ਅਤਰ ਫੁਲੇਲਾਂ

ਦੇ ਮਹਾਨ ਕਾਰਖਾਨੇਦਾਰਾਂ ਨੇ ਮੈਨੂੰ ਆਪਣੇ ਵੱਡੇ ਵੱਡੇ ਦਫਤਰਾਂ ਦਾ ਮੈਨੇਜਰ ਥਾਪ ਦਿੱਤਾ। ਜਿੱਥੇ ਕਾਗਜ਼ ਸਨ. ਸਟਾਫ ਸੀ. ਏਅਰ ਕੰਡੀਸ਼ੰਡ ਕਮਰੇ ਸਨ ਤੇ ਉਹ ਸਨ ਮੇਰੇ ਮਤਾਹਿਤ, ਜੋ ਜਹਾਨ ਭਰ ਦੀ ਯਾਤਰਾ ਦੇ ਦੁਖ ਸੁਖ ਭੋਗਦੇ ਸਨ। ਅਨੰਦ ਭੀ ਮਾਣਦੇ ਸਨ. ਮਿੱਟੀ ਭੀ ਛਾਣਦੇ ਸਨ। ਮੈਂ ਇਨ੍ਹਾਂ ਨੂੰ ਸਿਖਾਂਦਾ ਸਾਂ. ਉਤਸ਼ਾਹ ਵਧਾਂਦਾ ਸਾਂ ਤੇ ਉਹ ਕਾਰਖਾਨੇਦਾਰਾਂ ਦੀ ਤਿਜੌਰੀ ਭਰਦੇ ਸਨ।

ਮੈਂ ਕੁਝ ਛਲਾਂਗਾਂ ਲਾਈਆਂ, ਕੁਝ ਸ਼ਟਾਪੂ ਕੁੱਦੇ, ਕੁਝ ਪੜ੍ਹਿਆ ਲਿਖਿਆ ਕੁਝ ਨਾਮਣਾ ਭੀ ਪਾਇਆ। ਕੁਝ ਦੁਨੀਆਂ ਦੇਖੀ ਤੇ ਦੁਨੀਆਂ ਤੋਂ ਸਿਖਿਆ ਸਮਾਂ ਪਾ ਕੇ ਪ੍ਰਾਈਵੇਟ ਕਾਰਖਾਨੇਦਾਰਾਂ ਨੂੰ ਛੱਡ ਭਾਰਤ ਸਰਕਾਰ ਪਾਸ ਉਦਯੋਗਿਕ ਵਿਕਾਸ ਵਿੱਚ ਹੱਥ ਵਟਾਇਆ। ਸੇਵਾ ਦੇ ਮੈਦਾਨ ਵਿੱਚ ਮੱਲਾਂ ਮਾਰੀਆਂ ਪਰ ਕਿੱਤਾ ਕਰੀਬਨ ਮਿਲਦਾ ਜੁਲਦਾ ਰਿਹਾ। ਭਵਿਆਂ ਕਾਫੀ. ਐਧਰੋਂ ਓਧਰੋਂ ਉਦਯੋਗ ਵਿਕਾਸ ਦੇ ਵੱਖੋ ਵਖਰੇ ਯਤਨਾਂ ਵਿੱਚ ਮੈਨੂੰ ਥਾਂ ਮਿਲਦੀ ਰਹੀ। ਸਿਖਾਂਦਿਆਂ ਸਿਖਾਂਦਿਆਂ ਕਿਤੇ ਪ੍ਰੋਫੈਸਰ, ਪ੍ਰਿੰਸੀਪਲ. ਡਿਪਟੀ ਡਾਇਰੈਕਟਰ, ਡਾਇਰੈਕਟਰ ਬਣਿਆ ਰਿਹਾ। ਦੇਸ ਪਰਦੇਸ ਵਿੱਚ ਖੂਬ ਸਫਰ ਕੱਟਿਆ। ਆਪਣੀ ਪੜ੍ਹਾਈ ਵਿਚ. ਲਿਖਾਈ ਵਿੱਚ ਕੁਝ ਵਾਧਾ ਹੋਇਆ. ਕੁਝ ਇਹ ਵੰਡਿਆ ਵੰਡਾਇਆ. ਦੇਸ਼ ਦੇ ਲਘੂ ਉਦਯੋਗ ਦੇ ਮਾਲਕਾਂ ਵਿੱਚ। ਸੋ ਇਹ ਤਾਂ ਨਹੀਂ ਕਿ ਭੌਂਦਿਆਂ ਭੌਂਦਿਆਂ, ਇਕੋ ਥਾਂ ਟਿਕੇ ਨਾ ਰਹਿਣ ਕਾਰਣ ਮੈਨੂੰ ਕੁਝ ਬਖਸ਼ਿਸ਼ ਨਹੀਂ ਹੋਈ, ਜ਼ਰੂਰ ਹੋਈ। ਮੈਂ ਇੱਕ ਰੋੜਮ ਰੋੜਾ ਜਿਹਾ ਗੀਟਾ ਨਾ ਰਿਹਾ ਬਲਕਿ ਭੌਂਦਿਆਂ-ਭੌਂਦਿਆਂ ਵੀ ਇੱਕ ਜੁਗਤੀ ਨਾਲ ਭੁਵਿਆਂ ਤੇ ਕੁਝ ਕਾਈ, ਕੁਝ ਹਰਿਆਲੀ ਜ਼ਰੂਰ ਲੱਗੀ।

ਪਰ ਜਿਸ ਬੰਦੇ ਨੂੰ ਮੈਂ ਤਕੱਣਾ ਸ਼ੁਰੂ ਕੀਤਾ ਸੀ ਕਵੀ ਦਰਬਾਰਾਂ ਵਿੱਚ ਆਪ ਭਖਦਿਆਂ, ਦੂਜਿਆਂ ਨੂੰ ਭਖਾਦਿਆਂ, ਦੇਸ਼ ਕੌਮ ਤੋਂ ਵਾਰੇ ਵਾਰੇ ਜਾਂਦਿਆਂ, ਲੋਕਾਂ ਨੂੰ ਆਪਾ ਭੁਲਾ ਦਿੰਦਿਆਂ — ਉਹ ਬੰਦਾ ਕਿਸੇ ਉਚੇਰੇ ਰਸਤਿਆਂ ਤੇ ਚੜ੍ਹਨ ਲੱਗ ਗਿਆ ਸੀ। ਮੈਂ ਜਦੋਂ ਫਰਸ਼ ਤੇ ਹੀ ਪਿਆ ਸਾਂ, ਉਸਨੂੰ ਮੈਂ ਅਰਸ਼ਾਂ ਦੇ ਨੇੜੇ ਤੇੜੇ ਪਹੁੰਚਦਾ ਤੱਕਿਆ -- ਲੜਕਪਨ ਤੋਂ ਲੈ ਕੇ ਸਾਰੀ ਜਵਾਨੀ ਦੇ ਐਡੇ ਲੰਬੇ ਵਕਤ ਵਿੱਚ ਮੈਂ ਅਗਿਆਤ ਹੀ ਰਿਹਾ. ਉਸਦੀਆਂ ਅਰਸ਼ੀ ਉਡਾਰੀਆਂ ਵੱਲੋਂ ਤੇ ਜਦੋਂ ਮੈਂ ਉਸ ਨੂੰ ਦੇਖਿਆ ਮੈਨੂੰ ਉਹਦੇ ਵਿੱਚੋਂ ਰੱਬ ਦੀਆਂ ਝਾਤਾਂ ਨਜ਼ਰੀਂ ਪਈਆਂ ਤੇ ਫਿਰ ਢੇਰ ਚਿਰ ਮਗਰੋਂ ਦੇਖਿਆ ਉਹ ਬਜ਼ੁਰਗ ਸੀ. ਨੂਰਾਨੀ ਖੁੱਲ੍ਹਾ ਦਾਹੜਾ ਸੀ, ਚੇਹਰੇ ਤੋਂ ਨੂਰ ਟਪਕਦਾ ਸੀ। ਐਨਾ ਸਵੱਛ ਚਿਹਰਾ. ਐਨੀ ਹਸੀਨ ਆਤਮਾ ਸ਼ਾਇਦ ਕਦੇ ਹੋਰ ਦੇਖਣ ਵਿੱਚ ਨਹੀਂ ਆਈ. ਸਿਵਾਏ ਜਦੋਂ ਦਰਸ਼ਨ ਕੀਤੇ ਸਨ ਸੰਤ ਅਤਰ ਸਿੰਘ ਜੀ ਦੇ ਤੇ ਸੰਤ ਨੰਦ ਸਿੰਘ ਜੀ ਦੇ। ਮੈਨੂੰ ਇੰਜ ਲਗਦਾ ਸੀ ਕਿ ਬੀਰ ਜੀ ਦੀ ਝੋਲੀ ਵਿੱਚ ਗੁਰੂ ਨੇ ਸਾਰੇ ਵਰ ਪਾ ਦਿੱਤੇ ਹੋਏ ਸਨ ਤੇ ਜਿਵੇਂ ਲੋਕੀ ਸੰਤਾਂ ਨੂੰ ਰਿਝਾਂਦੇ ਹਨ ਤੇ ਅਸੀਸਾਂ ਮੰਗਦੇ ਹਨ, ਐਨੀ ਹੀ ਖਿਚ ਪਈ ਮੈਨੂੰ ਇਹਨਾਂ ਦੇ ਦਰਸ਼ਨ ਕਰਕੇ। ਲੋਕਾਂ ਵਿਚੋਂ ਤਾਂ. ਆਮ ਕਰਕੇ ਵੱਡੇ ਵੱਡੇ ਰਈਸ ਹੀ ਸੰਤਾਂ

ਦੇ ਡੇਰਿਆਂ ਤੇ ਫਿਰਦੇ ਯਾਚਨਾਂ ਕਰਦੇ ਦੇਖੇ ਗਏ ਹਨ। ਉਨ੍ਹਾਂ ਨੂੰ ਘਰ ਲਿਆ, ਚਰਨ ਪਵਾਨ ਦਾ ਰਸ ਮਾਨਣ ਵਿੱਚ ਚਿਪਕੇ ਹੋਏ ਨਜ਼ਰ ਆਏ ਹਨ ਤਾਂ ਜੋ ਉਹ ਸਾਰੀਆਂ ਦੁਨਿਆਵੀ ਬਰਕਤਾਂ ਇਨ੍ਹਾਂ ਨੂੰ ਹੀ ਬਖਸ਼ ਦੇਣ ਕਿਉਂਕਿ ਆਮ ਲੋਕੀ ਭੀਖਕ ਹਨ, ਕੇਵਲ ਦੁਨਿਆਵੀ ਸੁਖਾਂ ਦੇ ਤੇ ਆਮ ਲੋਕੀ ਕੇਵਲ ਉਹਨਾਂ ਨੂੰ ਸੰਤ ਸਮਝਦੇ ਹਨ ਜੋ ਛੋਟੀ ਜਹੀ ਚਿੱਟੀ ਪਗੜੀ ਬੰਨ੍ਹਣ, ਚਦਰ ਦੀ ਬੁਕਲ ਮਾਰਨ ਤੇ ਤੇੜ ਇੱਕ ਕਛੈਹਰਾ ਗੋਡਿਆਂ ਤੱਕ ਪਹਿਨਣ।

ਮੇਰਾ ਪਾਤਰ ਸੰਤ ਜ਼ਰੂਰ ਸੀ — ਮਹਾਂ ਸੰਤ, (ਬਹੁਤ ਮਹਾਨ ਸੰਤ) ਜ਼ਰੂਰ ਸੀ ਪਰ ਉਸਦਾ ਪਹਿਨਾਵਾ ਰਵਾਇਤੀ ਨਹੀਂ ਸੀ। ਉਹਦੇ ਵਿਚੋਂ ਮੈਨੂੰ ਆਪਣੇ ਸਤਿਗੁਰਾਂ ਦੇ ਜੀਵਨ ਦੀ ਖ਼ੁਸ਼ਬੂ ਆਉਂਦੀ ਸੀ। ਉਹ ਗ੍ਰਹਿਸਤੀ ਸਨ, ਗ੍ਰਹਿਸਤੀਆਂ ਵਾਂਗਰ ਰਹਿਣ ਵਾਲੇ। ਮੈਨੂੰ ਉਹਨਾਂ ਦੀ ਛਬੀ ਨਿਰਾਲੀ ਦਿਸੀ। ਕੁਝ ਮੌਕਾ ਮਿਲਿਆ ਉਹਨਾਂ ਦੇ ਦਰਸ਼ਨ ਕਰਨ ਦਾ, ਉਨ੍ਹਾਂ ਦੀ ਸੰਗਤ ਕਰਨ ਦਾ ਤੇ ਉਹਨਾਂ ਦੀ ਚਰਣ ਧੂੜ ਨੂੰ ਮੁਬਾਰਕ ਸਮਝਣ ਦਾ। ਵਿੱਥ ਫਿਰ ਪੈ ਗਈ, ਮੈਂ ਹੋਰ ਲੰਬੇ ਕੰਮਾਂ ਦੀ ਸੂਚੀ ਵਿੱਚ ਫਾਥਾ ਗਿਆ।

ਮੈਂ ਅਜੇ ਬਹੁਤ ਕਰਕੇ ਸੰਵਰਿਆ ਸਰੀਰ ਹੀ ਦੇਖਿਆ ਸੀ। ਸਰੀਰ, ਉਹ ਜਿੱਥੋਂ ਲੰਘ ਜਾਏ ਖੁਸ਼ਬੋ ਖਿਲਾਰ ਦੇਵੇ। ਹਵਾ ਨੂੰ ਭੀ ਮੁਸਕਾਨ ਦਾਨ ਕਰ ਦੇਵੇ। ਵਾਤਾਵਰਣ ਨੂੰ ਸੁਧਾਰ ਦੇਵੇ। ਇਹ ਸਰੀਰ ਉਹਨਾਂ ਦੀ ਆਤਮਾ ਦਾ ਅਕਸ ਸੀ। ਜਿਸ ਤਰ੍ਹਾਂ ਦੁਨੀਆਂ ਵਾਹਿਗੁਰੂ ਦਾ ਨਿਵਾਸ ਅਸਥਾਨ ਹੈ, ਇਸੇ ਤਰ੍ਹਾਂ ਆਤਮਾ ਦਾ ਨਿਵਾਸ ਸਥਾਨ ਜਿਸਮ ਹੈ। ਉਹਨਾਂ ਦੇ ਜਿਸਮ ਤੋਂ ਕੇਵਲ ਝਲਕਾਂ ਹੀ ਵਜ ਰਹੀਆਂ ਸਨ। ਅੰਦਰ ਵਸਦੀ ਆਤਮਾ ਦੀ ਜਾਗਤ ਜੋਤ ਨਾਲ ਇੱਕ ਮਿੱਕ ਹੋਈਆਂ ਇਲਾਹੀ ਸੁਰਾਂ ਦਾ ਬਾਹਰਲਾ ਅਲਾਪ, ਅੰਦਰੋਂ ਉਠਦੀਆਂ ਲਹਿਰਾਂ ਦਾ ਝਾਉਲਾ। ਉਨ੍ਹਾਂ ਦਾ ਰੋਮ ਰੋਮ ਅਨੰਦਮਈ ਸੀ ਜੋ ਮੱਥੇ ਦੇ ਖਿੜਾਅ ਵਿੱਚੋਂ ਝਲਕਦਾ ਸੀ। ਅਨਹਦ ਸ਼ਬਦ ਦੇ ਅੰਤਰੀਵ ਤਜਰਬੇ, ਬਾਹਰ-ਮੁਖੀ ਹੋਣ ਲਈ ਜ਼ੋਰ ਲਗਾਂਦੇ ਸਨ ਤਾਂ ਜੋ ਜਗਤ ਜਲੰਦੇ ਨੂੰ ਠੰਡੀ ਠੰਡੀ ਹਵਾ ਦੇ ਝੌਂਕੇ ਮਿਲ ਸਕਣ। ਬਾਹਰ ਤਾਂ ਅੰਦਰਲੇ ਅਨੰਦ ਦੀ ਕੇਵਲ ਇੱਕ ਝਰਨਾਹਟ ਸੀ ........ ਪ੍ਰਤਖਸ਼, ਰੱਸ ਭਿੰਨੀ, ਪ੍ਰੇਮ ਭਰੀ, ਰੰਗ ਰੱਤੀ, ਸਹਿਜ ਸਮਾਈ।

ਜਿਸਮ ਦੇ ਦਰਸ਼ਨ ਮੇਰੇ ਭਾਗਾਂ ਵਿੱਚ ਬਹੁਤ ਨਹੀਂ ਸਨ। ਬਹੁਤ ਲੰਬੇ ਵਕਤ ਦਾ ਸੰਗ ਮੈਨੂੰ ਨਸੀਬ ਨਹੀਂ ਹੋਇਆ। ਹਾਂ, ਉਨ੍ਹਾਂ ਦੀ ਆਤਮਾ ਨਾਲ ਵਾਕਫੀਅਤ ਪੈ ਗਈ ਸੀ। ਫਰਸ਼ ਤੇ ਅਰਸ਼ ਦੀ ਲੰਬੀ ਦਰਮਿਆਨੀ ਵਿੱਥ ਹੈਰਾਨ-ਕੁਨ ਤਰੀਕੇ ਨਾਲ ਘਟ ਗਈ ਸੀ। ਬੇਰੰਗ, ਬੇਰੌਣਕ ਜਿਸਮ ਤੇ ਜਾਨ ਨੂੰ ਕੁਝ ਕੁਝ ਰੰਗ ਛਿੜਕਿਆ ਗਿਆ ਮਲੂਮ ਹੁੰਦਾ ਸੀ। ਕਦੀ ਆਤਮਾ ਵਲੋਂ ਵੇਖਦਾ ਸਾਂ ਤੇ ਕਦੀ ਸਰੀਰ ਵੱਲ। ਸਰੀਰ ਪੁਰਾਤਨ ਸਿੰਘਾਂ ਵਾਂਗਰ, ਦੂਹਰੀ ਦਸਤਾਰ, ਹੱਥ ਵਿੱਚ ਸ਼ਹਾਨਾ ਸ਼ਾਨ ਵਾਲੀ ਸੋਟੀ ਤੇ ਗਰਮੀਆਂ ਦੇ ਦਿਨਾਂ ਵਿੱਚ ਪਤਲਾ ਜਿਹਾ ਦੁੱਧ ਵਰਗਾ

ਚਿੱਟਾ ਉਹਨਾਂ ਦਾ ਚੋਗਾ ਪਾਇਆ ਹੋਇਆ, ਇਹ ਯਾਦ ਮੈਨੂੰ ਭੁਲਦੀ ਨਹੀਂ। ਇੰਜ ਦੇ ਸਨ ਸ. ਰਘਬੀਰ ਸਿੰਘ 'ਬੀਰ' ਜੋ ਜਵਾਨੀ ਵਿੱਚ ਸੁੱਤਿਆਂ ਨੂੰ ਜਗਾ ਦਿੰਦੇ ਸਨ, ਟਟੈਹਣਿਆਂ ਵਿੱਚੋਂ ਮਸ਼ਾਲਾਂ ਜਲਾ ਦਿੰਦੇ ਸਨ, ਲੋਕਾਂ ਨੂੰ ਹਿਲਾ ਦਿੰਦੇ ਸਨ। ਦੇਸ਼ ਤੇ ਪੰਥ ਦੀ ਸੇਵਾ ਦਾ ਚਾਅ ਐਨਾ ਭਰ ਦਿੰਦੇ ਸਨ ਕਿ ਬੇ-ਹੌਸਲਾ ਤੇ ਕਮਜ਼ੋਰ ਭੀ ਭੜਕ ਉਠਦੇ ਸਨ, ਉਤਸ਼ਾਹ ਦੀਆਂ ਲਾਲੀਆਂ ਭਖਾ ਦਿੰਦੇ ਸਨ। ਨੇਸਤੀ ਨੂੰ ਨੇਸਤੋ-ਨਾਬੂਦ ਕਰ ਦਿੰਦੇ ਸਨ। ਆਲਸੀ ਨੂੰ ਢਾਰਸ ਦਿੰਦੇ ਸਨ। ਜਿਨ੍ਹਾਂ ਦੇ ਹਿੱਸੇ ਪਿਆਰ ਨਹੀਂ ਸੀ ਆਉਂਦਾ ਉਨ੍ਹਾਂ ਨੂੰ ਪਿਆਰ ਨਾਲ ਰਜਾ ਦਿੰਦੇ ਸਨ, ਰੰਗਣ ਚਾੜ੍ਹ ਦਿੰਦੇ ਸਨ।

ਹਾਂ ਜੀ, ਏਹੀਓ ਸਨ ਸ. ਰਘਬੀਰ ਸਿੰਘ 'ਬੀਰ' ਜੋ ਸਾਲਾਂ ਸਾਲ ਸਿਮਰਣ ਦੇ ਵਿਗਿਆਨ ਦੇ ਰਚੈਤਾ ਬਣ ਗਏ, ਜਿਨ੍ਹਾਂ ਹਜ਼ਾਰਾਂ ਜਫਰ ਜਾਲੇ, ਜਿਨ੍ਹਾਂ ਮੁਸ਼ੱਕਤਾਂ ਘਾਲੀਆਂ, ਜਿਨ੍ਹਾਂ ਨੇ ਸਬਰ ਦਾ ਲੜ ਨਹੀਂ ਛਡਿਆ, ਜਿਨ੍ਹਾਂ ਨੇ ਜਵਾਰ-ਭਾਟੇ ਵਾਂਗ ਉਠਦੇ ਭਰਮਾਂ ਤੇ ਸ਼ੰਕਿਆਂ ਦਾ ਡਟ ਕੇ ਮੁਕਾਬਲਾ ਕੀਤਾ, ਜਿਨ੍ਹਾਂ ਦੁਨੀਆਂਦਾਰੀ ਦੀਆਂ ਸਾਰੀਆਂ ਰੁਕਾਵਟਾਂ ਨੂੰ ਰੋਕ ਪਾਈ ਰੱਖੀ ਤੇ ਅਖੀਰ ਵਿੱਚ ਹਾਸਲ ਕਰ ਲਈ ਆਪਣੀ ਅਨੰਦਮਈ ਹਾਲਤ ਤੇ ਪ੍ਰਭੂ ਦੀ ਖੁਸ਼ੀ। ਮੈਡਮ ਡੀ. ਸਟੀਲ ਦੇ ਕਥਨ ਅਨੁਸਾਰ 'Search for truth is the noblest occupation of man, its publicity is duty' ਸਚਾਈ ਦੀ ਖੋਜ ਤੇ ਉਸਦਾ ਪਰਚਾਰ ਇਨਸਾਨ ਦਾ ਪਰਮ ਧਰਮ ਹੋਣਾ ਚਾਹੀਦਾ ਹੈ। ਆਪ ਨੂੰ ਮਿਲ ਗਿਆ ਖੇੜਾ ਹੀ ਖੇੜਾ ਤੇ ਜਗ ਨੂੰ ਉਹਨਾਂ ਦੇ ਦਿੱਤਾ ਭਰਪੂਰ ਸੁਨੇਹਾ ਆਪ ਲੈ ਲਈਆਂ ਮਸਤੀ ਦੀਆਂ ਮੌਜਾਂ ਤੇ ਲੋਕਾਂ ਵਿੱਚ ਵੰਡ ਦਿੱਤੀਆਂ ਪ੍ਰੇਮ ਦੀਆਂ ਫੁਹਾਰਾਂ, ਉਹ ਮਹਾਤਮਾ ਜੋ ਸੀ ਤੇ ਮਹਾਤਮਾ ਅਸਲ ਵਿਚ ਉਹੀ ਹੈ ਜਿਸਨੇ ਸਿਮਰਨ ਕਰਕੇ, ਨਾਮ ਅਭਿਆਸ, ਕਮਾਈ ਕਰ ਕੇ ਅਨੁਭਵ ਦੇ ਜ਼ਰੀਏ ਕਰਤਾਰ ਦੇ ਦਰ ਤੱਕ ਪਹੁੰਚ ਹਾਸਲ ਕੀਤੀ ਹੋਵੇ ਤੇ ਉਨ੍ਹਾਂ ਆਪ ਸਫਰ ਕਰ ਲਿਆ ਸਤਵੇਂ ਅਸਮਾਨ ਦਾ ਤੇ ਲੋਕਾਂ ਨੂੰ ਰਾਹੇ ਪਾ ਦਿੱਤਾ ਪ੍ਰੇਮ ਤੇ ਵਿਸ਼ਵਾਸ ਦੀ ਸੜਕ ਤੇ। ਅਰਦਾਸ ਦੀ ਸ਼ਕਤੀਆਂ ਦਾ ਕਾਇਲ, ਡਿਗਿਆਂ ਢਠਿਆਂ ਨੂੰ ਮਜ਼ਬੂਤ ਕਰਨ ਲਈ ਤਤਪਰ ਹੋ ਗਿਆ। ਮਹਾਨ ਗੁਰੂ ਸਾਹਿਬਾਨ ਤੋਂ ਵਰੋਸਾਇਆ ਗਿਆ, ਗੁਰੂ ਸਾਹਿਬ ਦੇ ਸੰਦੇਸ਼ਾਂ ਨੂੰ ਖਿਲਾਰਣ ਦਾ ਮੁਤਲਾਸ਼ੀ ਹੋ ਗਿਆ। ਪ੍ਰੇਮ ਵਿੱਚ ਰੰਗਿਆ ਗਿਆ, ਦੁਨੀਆਂ ਨੂੰ ਰੰਗਣ ਵਾਲਾ ਰੰਗਰੇਜ਼ ਹੋ ਗਿਆ। ਮਹਾਂਪੁਰਖਾਂ ਦੀ ਸੰਗਤ ਕਹਿੰਦੇ ਹਨ, ਕਿ ਭਾਵੇਂ ਉਹ ਗ੍ਰਿਹਸਤੀ ਹੋਵੇ ਭਾਵੇਂ ਤਿਆਗੀ, ਖੁਦ ਅਨੁਭਵ ਕਰਨ ਦੀ ਸਿਫਾਰਿਸ਼ ਕਰਾਂਗਾ, ਕਿਉਂਕਿ ਮੈਂ ਆਪ ਕੀਤੀ ਹੈ ਤੇ ਮਹਾਤਮਾ ਪਾਸ ਇਸ ਤਰ੍ਹਾਂ ਜਾਵੋ ਜਿਵੇਂ ਨਦੀ ਕਿਨਾਰੇ ਪਿਆਸੀ ਚਿੜੀ ਆਉਂਦੀ ਹੈ, ਤੇ ਪਿਆਸ ਨਵਿਰਤ ਕਰ ਕੇ ਰੱਬ ਦਾ ਸ਼ੁਕਰ ਕਰਦੀ ਵਾਪਸ ਉਡ ਜਾਂਦੀ ਹੈ। ਸੰਗਤ ਦਾ ਅਸਰ ਹੋਣਾ ਲਾਜ਼ਮੀ ਹੈ ਕਿਉਂਕਿ "ਓਇ ਭੀ ਚੰਦਨ ਹੁਇ ਰਹੇ ਬਸੈ ਜੋ ਚੰਦਨ ਪਾਸ" ਸਿਖਿਆ ਸੁਣ ਕੇ ਉਸ ਨੂੰ ਜੀਵਨ

ਵਿੱਚ ਢਾਲਣਾ ਹੀ ਸੰਗਤ ਦੀ ਵਡਿਆਈ ਹੈ।

ਸੁਪਨੇ ਲੈਣ ਵਾਲਾ ਸੁਪਨਿਆਂ ਨੂੰ ਸਾਕਾਰ ਕਰਨ ਲੱਗ ਪਿਆ। ਇਹ ਸਭ ਪੜ੍ਹੋਗੇ ਇਸ ਕਿਤਾਬ ਦੇ ਪੰਨਿਆਂ ਵਿੱਚ। 'ਮਾਨ ਹੁੰਦੇ ਹੋਏ ਨਿਮਾਣਾ' ਮੈਨੂੰ ਸ. ਰਘਬੀਰ ਸਿੰਘ 'ਬੀਰ' ਨਜ਼ਰ ਆਇਆ ਹੈ। ਡਿਗਸ਼ਈ ਦੀਆਂ ਪਹਾੜੀਆਂ ਦੀਆਂ ਚੋਟੀਆਂ ਤੋਂ ਮੈਨੂੰ ਅੱਜ ਵੀ ਉਨ੍ਹਾਂ ਦਾ ਜਾਪ ਸੁਣਾਈ ਦਿੰਦਾ ਹੈ। ਕੋਠੀਆਂ ਦੇ ਬਾਹਰੀ ਕਿਨਾਰਿਆਂ ਤੇ ਪਈਆਂ ਹੋਈਆਂ ਛੋਟੀਆਂ ਛੋਟੀਆਂ ਝੁੱਗੀਆਂ, ਜਿਨ੍ਹਾਂ ਵਿੱਚ ਬੈਠ ਕੇ ਉਹ ਸਿਮਰਨ ਕੀਤਾ ਕਰਦੇ ਸਨ। ਸਿਮਰਨ ਦਾ ਉਨ੍ਹਾਂ ਦਾ ਆਪਣਾ ਤਰੀਕਾ ਇਸ ਤਰ੍ਹਾਂ ਸੀ, ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ ਹੀ ਦੁਹਰਾ ਰਿਹਾ ਹਾਂ : "ਜਿਹੜੇ ਮਿੱਤਰ ਬੈਠ ਕੇ ਭਜਨ ਕਰਨ ਵਿੱਚ ਕੋਈ ਕਠਿਨਾਈ ਮਹਿਸੂਸ ਕਰਨ, ਉਨ੍ਹਾਂ ਵਾਸਤੇ ਜਿਸ ਤਰੀਕੇ ਵਿੱਚ ਭਜਨ ਕਰ ਸਕਣ, ਉਹੋ ਜਿਹਾ ਤਰੀਕਾ ਹੀ ਅਖਤਿਆਰ ਕਰਨਾ ਚਾਹੀਦਾ ਹੈ। ਗੁਰਮੁਖ ਦਾ ਨਿਸ਼ਾਨਾ ਭਜਨ ਕਰਨ ਦੀ ਆਦਤ ਪਾਣਾ ਹੈ, ਜਿਵੇਂ ਪੈ ਜਾਵੇ ਉਵੇਂ ਚੰਗੀ ਹੈ, ਪਰ ਭਜਨ ਨੂੰ ਵਿਗਿਆਨਿਕ ਤਰੀਕੇ ਵਿੱਚ ਕਰਨ ਲਈ ਬੈਠ ਕੇ ਭਜਨ ਕਰਨਾ ਹੀ ਚੰਗਾ ਹੈ। ਨਾਮ ਸਿਮਰਨ ਵਿੱਚ ਬੈਠ ਕੇ ਸਭ ਤੋਂ ਪਹਿਲੇ ਪੰਜ-ਸੱਤ ਵਾਰੀ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਆਖਣਾ ਚਾਹੀਦਾ ਹੈ। ਇਸ ਦੇ ਮਗਰੋਂ 'ਸਰਬੱਤ ਦੇ ਭਲੇ' ਦੀ ਖਿਆਲੀ ਤਰੰਗ ਸਾਰੀ ਸ੍ਰਿਸ਼ਟੀ ਵੱਲ ਭੇਜਣੀ ਚਾਹੀਦੀ ਹੈ। ਐਸਾ ਕਰਨ ਨਾਲ ਮਨ ਛੇਤੀ ਅਡੋਲਤਾ ਤੇ ਸਹਿਜ ਦੀ ਅਵਸਥਾ ਵਿੱਚ ਆ ਜਾਂਦਾ ਹੈ। ਮੈਂ ਜਦ ਵੀ ਭਜਨ ਵਿੱਚ 'ਸਰਬੱਤ ਦੇ ਭਲੇ' ਦੀ ਜਾਂ ਸਰਬਤ ਦੇ ਪਿਆਰ ਦੀ ਲਹਿਰ ਸ੍ਰਿਸ਼ਟੀ ਵੱਲ ਭੇਜਦਾ ਹਾਂ, ਤਦ ਇਸ ਲਹਿਰ ਨੂੰ ਫੌਰਨ ਸੱਭ ਪਾਸਿਆਂ ਤੇ ਛਾ ਜਾਂਦਿਆਂ, ਕਰਤਾਰ ਦੀ ਸਾਰੀ ਰਚਨਾ ਦਾ ਮੂੰਹ ਚੁੰਮਦਿਆਂ, ਖੰਡਾਂ ਬ੍ਰਹਿਮੰਡਾਂ ਨੂੰ ਛਾਤੀ ਨਾਲ ਲਾਉਂਦਿਆਂ ਅਤੇ ਸਰਬ ਪਾਸਿਆਂ ਤੋਂ ਪਿਆਰ ਤੇ ਸ਼ੁਭ ਇਛਿਆ ਨਾਲ ਲਦੀਆਂ ਹੋਈਆਂ ਲਹਿਰਾਂ ਆਪਣੇ ਵੱਲ ਮੁੜ ਔਂਦੀਆਂ ਤੇ ਮਨ ਵਿੱਚ ਅਥਾਹ ਸ਼ਾਂਤੀ ਦੇ ਸੋਮੇਂ ਖੋਲ੍ਹਦੀਆਂ ਪਰਤੀਤ ਕਰਦਾ ਹਾਂ।" ਇਸੇ ਕਾਰਣ ਉਹ ਝੁਗੀਆਂ ਮੈਨੂੰ ਮਹਾਨ ਜੋਗੀਆਂ ਦੇ ਤਪ-ਅਸਥਾਨਾਂ ਤੋਂ ਘੱਟ ਨਹੀਂ ਲੱਗੀਆਂ। ਅੱਜ ਵੀ ਜਿਵੇਂ ਉਨ੍ਹਾਂ ਤਰੰਗਾਂ ਦਾ ਸੰਗੀਤ ਸਜੀਵ ਹੈ, ਜੋ ਹਰ ਕਿਸੇ ਨੂੰ ਚੰਕ੍ਰਿਤ ਕਰ ਜਾਂਦਾ ਹੈ, ਸਹਜੇ ਜਹੇ, ਆਪਣੇ ਅਲੋਪ ਰੂਪ ਵਿੱਚ। ਪੜ੍ਹੋਗੇ ਬੀਰ ਜੀ ਦੀਆਂ ਰਚਨਾਵਾਂ, ਜਿਨ੍ਹਾਂ ਦਾ ਇਸ ਕਿਤਾਬ ਵਿੱਚ ਖੁਲ੍ਹਾ ਜ਼ਿਕਰ ਹੈ ਤੇ ਸੁਣੋਗੇ ਆਹਟ ਉਨ੍ਹਾਂ ਦੇ ਕਦਮਾਂ ਦੀ, ਜੋ ਮੈਨੂੰ ਸੁਣਾਈ ਦਿੰਦੀ ਹੈ।

ਜਾਓਗੇ ਪਬਲਿਕ ਸਕੂਲ ਦੇ ਅੰਦਰ ਤੇ ਦੇਖੋਗੇ ਉਹ ਜਾਂਬਾਜ਼ ਬੱਚੇ, ਜੋ ਇਹ ਸਕੂਲ ਤਿਆਰ ਕਰਦੇ ਹਨ। ਸੁਣੋਗੇ ਉਨ੍ਹਾਂ ਦੀ ਲਿਆਕਤ ਦੇ ਕਿੱਸੇ ਤੇ ਪਾਵੋਗੇ ਪਿਆਰ ਇਹਨਾਂ ਬੱਚਿਆਂ ਰਾਹੀਂ ਉਸ ਆਤਮਾ ਨਾਲ, ਜਿਸ ਸਪਨਾ ਲਿਆ ਐਸੀ ਸੰਸਥਾ ਬਨਾਣ ਦਾ।

ਜਿਉਂ ਜਿਉਂ ਉਨ੍ਹਾਂ ਦੀ ਕਹਾਣੀ ਪੜ੍ਹੋਗੇ ਤਿਉਂ ਤਿਉਂ ਤੁਹਾਡਾ ਮਨ ਸ਼ਾਹਦੀ

ਭਰੇਗਾ ਕਿ ਗੁਰੂ ਦੇ ਮਿਸ਼ਨ ਦਾ ਕੋਈ ਪ੍ਰਚਾਰਕ ਹੋਵੇ ਤਾਂ 'ਬੀਰ' ਜਿਹਾ। ਸਿੱਖੀ ਦਾ ਦਾਹਵੇਦਾਰ ਕੋਈ ਬਣੇ ਤਾਂ ਸਿਜਦਾ ਕਰੇ ਇਹਨਾਂ ਦੀ ਯਾਦ ਨੂੰ।

ਉਪਰਲੇ ਪਹਿਰਿਆਂ ਵਿੱਚ ਮੈਂ ਆਪਣੀ ਤੁਛਤਾ ਨਹੀਂ ਦੇਖੀ, ਅਸੀਮਤਾ ਨਹੀਂ ਪਛਾਣੀ. ਐਡੇ ਅਦੀਬ. ਐਡੇ ਸੰਤ ਦੀ ਤਸਵੀਰ ਖਿਚਦਿਆਂ ਆਪਣੇ ਆਪੇ ਦਾ ਗਮ ਰੌਲਾ ਭੀ ਖੜਾ ਕਰ ਦਿਤਾ ਹੈ ਪਰ ਇਸਤਰ੍ਹਾਂ ਕਹਨ ਲਈ ਹੱਕ ਇਹ ਸਮਝਿਆ ਹੈ ਕਿ ਕੋਈ ਚਿਤੱਰ ਦਾ ਕਦਰਦਾਨ, ਕੋਈ ਲਾਇਕ ਬੁਤ-ਘਾੜਾ, ਆਪਣੇ ਆਪਣੇ ਮਜ਼ਮੂਨ ਦਾ ਇੱਡਾ ਆਸ਼ਕ ਹੋ ਜਾਂਦਾ ਹੈ ਕਿ ਦੋਹਾਂ ਵਿੱਚ ਵਿੱਥ ਨਹੀਂ ਰਹਿੰਦੀ. ਇਕ-ਮਿਕ ਹੋ ਜਾਂਦੇ ਹਨ "ਤੇਹੀ ਮੇਹੀ, ਮੇਹੀ ਤੇਹੀ" ਵਾਲਾ ਪ੍ਰਸੰਗ ਛਿੜਦਾ ਹੈ ਤੇ ਮੈਂ ਇਸੇ ਕਦਰ-ਦਾਨੀ ਵਿੱਚ ਆਪਣੇ ਤੇ ਲਗੀ ਛਾਪ ਦਾ ਦਾਹਵਾ ਇੰਜੇ ਹੀ ਕਰਦਾ ਹਾਂ। ਉਂਜ ਹੀ ਕੁਝ ਪਾਠਕਾਂ ਦਾ ਦਾਇਰਾ ਅਜਿਹਾ ਹੋ ਗਿਆ ਹੈ ਜੋ ਮੇਰੀ ਕਥਨੀ ਤੇ ਸਿਦਕ ਲੈ ਆਉਂਦੇ ਹਨ। ਮੇਰੇ ਲਿਖੇ ਨੂੰ ਸੱਚ ਮੰਨ ਲੈਂਦੇ ਹਨ। ਐਡੀ ਫਿਆਜ਼ੀ ਹੈ ਕਿ ਉਹ ਇਹ ਭੁੱਲ ਹੀ ਜਾਂਦੇ ਹਨ ਕਿ "ਹਉ ਅਪਰਾਧੀ ਗੁਨਹਗਾਰ" ਵਾਲਾ ਸਾਰਾ ਸ਼ਬਦ ਮੇਰੇ ਮਨ ਦੀ ਕਾਲਖ ਵੇਖਕੇ ਹੀ ਲਿਖਿਆ ਗਿਆ ਸੀ। ਉਹ ਮੇਰੇ ਮਨ ਦੀ ਹਾਲਤ ਨੂੰ ਹੀ ਬਿਆਨ ਕਰਨ ਵਾਲਾ ਸ਼ਬਦ ਹੈ।

"ਹਉ ਅਪਰਾਧੀ ਗੁਨਾਹਗਾਰ. ਹਉ ਬੇਮੁਖ ਮੰਦਾ .......

(ਭਾਈ ਗੁਰਦਾਸ ਜੀ)

# ਸ. ਰਘਬੀਰ ਸਿੰਘ 'ਬੀਰ' ਕਵੀ ਦੀ ਹੈਸੀਅਤ ਵਿੱਚ

੧੯੨੦ ਦਾ ਦਹਾਕਾ ਹੈ। ਅਕਾਲੀ ਲਹਿਰ ਤੂਫਾਨ ਦਾ ਰੂਪ ਇਖਤਿਆਰ ਕਰ ਰਹੀ ਹੈ . . . . . . . . .

ਕਵੀ ਦਰਬਾਰਾਂ ਦੀ ਰੌਣਕ ਅਚੇਤਾਂ ਦੀ ਚੇਤਨਾ ਜਗਾ ਦੇਣ ਵਾਲੀ, ਦੂਰ ਸਿਮਟ ਕੇ ਬੈਠਿਆਂ ਨੂੰ ਅਖਾੜੇ ਵਿੱਚ ਖਿੱਚ ਲਿਆਉਣ ਵਾਲੀ, ਘਰ ਦੀ ਚਾਰ-ਦੀਵਾਰੀ ਵਿੱਚ ਵਸੇ ਪਰਿਵਾਰਾਂ ਨੂੰ ਵੰਗਾਰ ਪਾ ਦੇਣ ਵਾਲੀ ...... ਆਓ ਸੁਣੋ, ਜਾਗੋ ਤੇ ਤਿਆਰ ਹੋ ਜਾਵੋ ਪੰਥ ਦੀ ਸੇਵਾ ਬੁਲਾ ਰਹੀ ਹੈ। ਗੁਰੂ ਕਲਗੀਧਰ ਅਮਾਨਤਾਂ ਵਾਪਸ ਲੈਣ ਦਾ ਹੁਕਮ ਦੇ ਰਹੇ ਹਨ। ਕਿਸੇ ਨੂੰ ਆਦਿ ਗੁਰੂ ਦੀ ਜਨਮ ਧਰਤੀ ਤੇ ਵਗ ਰਹੇ ਖ਼ੂਨ ਵਿੱਚ ਹਿੱਸਾ ਪਾਣ ਲਈ ਆਵਾਜ਼ ਬੁਲੰਦ ਕਰ ਰਹੇ ਹਨ। ਕੀਮਾਂ ਕੀਮਾਂ ਕੀਤੇ ਜਾ ਰਹੇ ਸਿੰਘਾਂ ਦਾ ਸੰਗ ਪਾਣ ਲਈ ਇਸ਼ਾਰਾ ਕੀਤਾ ਜਾ ਰਿਹਾ ਹੈ। ਪੁਠੇ - ਟੰਗੇ ਜੰਡ ਨਾਲ ਬੰਨ੍ਹੇ, ਤੇ ਥਲਿਉਂ ਅੱਗ ਲਗਾ ਦੇਣ ਦਾ ਸੀਨ ਦਿਖਾ ਰਿਹਾ ਹੈ। ਜਿਉਂਦੇ ਭਠਿਆਂ ਵਿੱਚ ਪੈਣ ਲਈ ਸਿੰਘ ਕੂਚ ਕਰਦਿਆਂ ਦੀ ਝਾਕੀ ਦਿਖਾ ਰਿਹਾ ਹੈ।

ਭਾਣਾ ਗੁਰੂ ਵਰਤਾ ਰਿਹਾ ਹੈ, ਕਵੀ ਉਹ ਕਿੱਸਾ ਬਿਆਨ ਕਰ ਰਿਹਾ ਹੈ। ਭਾਣਾ ਕਰੜਾ ਹੈ, ਸ਼ਾਇਰ ਆਪਣੇ ਲਫਜ਼ਾਂ ਵਿੱਚ ਸੁਣਾ ਕੇ ਜੋਸ਼ ਭੜਕਾ ਰਿਹਾ ਹੈ। ਇਹ ਪਹਿਲਾ ਮੋਰਚਾ ਹੈ, ਜਿਸ ਵਿੱਚ ਅੱਗੋਂ ਹੱਥ ਚੁਕੱਣ ਦਾ ਆਦੇਸ਼ ਨਹੀਂ। ਸਿੰਘਾਂ ਦੀ ਤਵਾਰੀਖ ਵਿੱਚ ਇਹ ਪਹਿਲਾ ਮੌਕਾ ਹੈ ਕਿ ਡੌਲੇ ਫਰਕਦੇ ਹੋਣ ਪਰ ਫਰਕਣ ਦੀ ਇਜਾਜ਼ਤ ਨਹੀਂ। ਗੁੱਸਾ ਭੜਕ ਰਿਹਾ ਹੋਵੇ ਪਰ ਭੜਕਣ ਦੀ ਆਗਿਆ ਨਹੀਂ। ਮਨ ਨੂੰ ਲੱਗੀ ਅੱਗ ਗੁਰੂ ਦੇ ਸ਼ਬਦ ਪੜ੍ਹ ਕੇ ਬੁਝਾਣ ਦੀ ਔਖੀ ਡਿਊਟੀ ਲੱਗੀ ਹੈ। ਹੱਥ ਤਲਵਾਰ ਵੱਲ ਜਾਂਦੇ ਹੋਣ ਪਰ ਉਹਨਾਂ ਨੂੰ ਲੰਗਰ ਬਨਾਣ ਦੀ, ਛਕਾਣ ਦੀ, ਬਰਤਨ ਮਾਂਜਣ ਦੀ ਸੇਵਾ ਵਿੱਚ ਪਾ ਦੇਣ ਦਾ ਔਖਾ ਫਰਮਾਨ ਹੈ। ਪਰ ਧੰਨ ਹਨ ਸਿੰਘ ਜੋ ਪਰੰਪਰਾ ਭੁੱਲ ਕੇ, ਇਨਸਾਨੀ ਫਿਤਰਤ ਨੂੰ ਤਿਆਗ ਕੇ, ਜੰਗਜੂ ਸਿਪਾਹੀ ਹੁੰਦਿਆਂ, ਸ਼ਾਂਤਮਈ ਫੌਜ ਬਣਾ ਕੇ ਜੰਗ ਕਰੀ ਜਾਏ। ਕਿਆ ਮੁਕਾਬਲਾ ਹੈ। ਇਕ ਪਾਸਿਓਂ ਗੋਲੇ ਬਰਸਨਗੇ, ਦੂਜੇ ਪਾਸਿਓਂ ਵਾਹਿਗੁਰੂ ਦੇ ਨਾਮ ਦੇ ਚਿੱਲੇ ਚੜ੍ਹਾਏ ਜਾਣਗੇ। ਪਰ ਫਿਰ ਸਿੱਖ ਸੱਚਾ ਸਿਪਾਹੀ ਹੈ। ਅਪਣੇ ਮਨ ਨਾਲ, ਮਨ ਦੀਆਂ

ਕਮਜ਼ੋਰੀਆਂ ਨਾਲ ਅਤੇ ਇਨ੍ਹਾਂ ਕਮਜ਼ੋਰੀਆਂ ਤੋਂ ਪੈਦਾ ਹੋਈਆਂ ਅਨੇਕ ਮੁਸੀਬਤਾਂ ਨਾਲ ਵੀ ਅੱਠੇ ਪਹਿਰ ਜੁਟਿਆ ਰਹਿੰਦਾ ਹੈ. ਇਸੇ ਲਈ ਪੂਰਣ ਰੂਪ ਵਿਚ ਤਿਆਰ ਹੈ. ਜਾਣਦਾ ਹੈ ਕਿ ਇਕ ਪਾਸਿਓਂ ਤਲਵਾਰਾਂ ਵਾਹੀਆਂ ਜਾਣਗੀਆਂ ਤੇ ਦੂਸਰੇ ਪਾਸੇ ਸਿਰਫ ਗਲੇ ਕੱਟੇ ਜਾਣਗੇ. ਲੋਥਾਂ ਦੇ ਢੇਰ ਲਗਾ ਕੇ ਭਾਲੇ ਖੁੰਡੇ ਕੀਤੇ ਜਾਣਗੇ। ਇਕ ਪਾਸੇ ਵਹਿਸ਼ੀਆਨਾ ਗੁੱਸੇ ਦੀ ਅੱਗ ਦੀਆਂ ਲਪਟਾਂ ਨਿਕਲਣਗੀਆਂ. ਦੂਜੇ ਪਾਸਿਓਂ ਸਤਿਨਾਮ ਦੇ ਬਰਫਾਨੀ ਸ਼ਬਦ ਅੱਗ ਨੂੰ ਬੁਝਾਣਗੇ।

ਇਸ ਤਰ੍ਹਾਂ ਅਜਿਹੇ ਸ਼ਾਂਤਮਈ ਮੋਰਚਿਆਂ ਦੀ ਪਰਦਰਸ਼ਨੀ ਥਾਂ ਥਾਂ ਹੋਈ ਤੇ ਥਾਂ ਥਾਂ ਬੀਰ ਜੀ ਨੇ ਸ਼ਬਦਾਂ ਦੇ ਤੀਰ ਚਲਾ ਕੇ ਲੋਕਾਂ ਨੂੰ ਜਗਾਇਆ। ਇਸ ਨਵੀਨ ਤੇ ਅਨੋਖੀ ਲੜਾਈ ਵਿੱਚ ਭਾਗ ਲੈਣ ਵਾਸਤੇ ਗੁਰੂ ਕੇ ਬਾਗ ਦਾ ਮੋਰਚਾ ਜਿੱਥੇ ਕਿ ਇੱਕ ਸੌ ਸਿੱਖ (ਸੂਰਬੀਰ) ਹਰ ਰੋਜ਼ ਦੁਪਹਿਰੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਨੁਸਾਸ਼ਨ ਵਿੱਚ ਰਹਿ ਕੇ ਕੂਚ ਕਰਦੇ ਹਨ। ਜਵਾਨਾਂ ਨੂੰ ਸੁਣਾਇਆ ਜਾਂਦਾ ਹੈ "ਅੰਗਰੇਜ਼ ਸਿਪਾਹੀ ਸੁੰਮਾ ਵਾਲੀਆਂ ਡਾਂਗਾਂ ਨਾਲ ਤੁਹਾਡੇ ਤੇ ਪੂਰੇ ਜ਼ੋਰ ਨਾਲ ਬੁਛਾੜ ਕਰਨਗੇ. ਤੁਹਾਡੇ ਲਹੂ ਦੀ ਬਾਰਸ਼ ਵਿੱਚ ਤੁਸੀਂ ਬੇਹੋਸ਼ ਹੋ ਜਾਓਗੇ. ਸ਼ਹੀਦੀ ਪ੍ਰਾਪਤ ਕਰ ਲਓਗੇ ਪਰ ਕਿਸੇ ਦਾ ਹੱਥ ਨਹੀਂ ਫੜੋਗੇ।

ਤੈਸ਼ ਵਿੱਚ ਆ ਕੇ ਨਿਹੱਥਿਆਂ ਨੂੰ ਮਾਰਣ ਵਾਲੇ ਦਰਿੰਦੇ ਤੁਹਾਨੂੰ ਗਾਲੀਆਂ ਕਢਣਗੇ ....... ਸ਼ਾਇਦ ਤੁਹਾਡੇ ਅਕਾਲ ਪੁਰਖ ਤੇ ਤੁਹਾਡੇ ਜਨਮਦਾਤਾ ਕਲਗੀਧਰ ਨੂੰ ਭੀ ਅਪਮਾਨ ਭਰੇ ਸ਼ਬਦ ਬੋਲਣਗੇ। ਤੁਹਾਨੂੰ 'ਕਾਇਰ' ਕਹਿਕੇ ਸ਼ਾਇਦ 'ਹੈਵਾਨ' ਕਹਿਕੇ ਉਕਸਾਉਣਗੇ ਪਰ ਕੀ ਤੁਸੀਂ ਭੜਕੋਗੇ, ਹੱਥ ਨਹੀਂ ਚੁਕੋਗੇ, ਜਿੰਨੀ ਦੇਰ ਜਾਨ ਵਿੱਚ ਜਾਨ ਹੈ. ਸਿਰਫ 'ਸਤਿਨਾਮ ਵਾਹਿਗੁਰੂ' ਤੋਂ ਬਿਨਾਂ ਕੋਈ ਲਫਜ਼ ਮੂੰਹੋਂ ਨਹੀਂ ਕਢੋਗੇ ?

ਹੋ ਸਕਦਾ ਹੈ ਅੱਜ ਉਬਲਦਾ ਪਾਣੀ ਤਿਆਰ ਕੀਤਾ ਹੋਵੇ ਜੋ ਤੁਹਾਡੇ ਤੇ ਪਾਇਆ ਜਾਵੇ। ਕੀ ਤੁਸੀਂ ਗੁਰੂ ਅਰਜਨ ਦੇਵ ਜੀ ਦੀ ਔਲਾਦ ਹੋ ਕੇ ਪਿੱਠ ਨਹੀਂ ਦਿਓਗੇ ਤੇ ਉਬਲਦੇ ਪਾਣੀ ਨੂੰ ਬਰਦਾਸ਼ਤ ਕਰੋਗੇ ?

ਹੋ ਸਕਦਾ ਹੈ ਅੱਜ ਨੌਕਰਸ਼ਾਹੀ ਫੈਸਲਾ ਕਰ ਲਵੇ, ਡਾਂਗਾਂ ਨਹੀਂ ਬੰਦੂਕ ਦੀਆਂ ਗੋਲੀਆਂ ਮਾਰੀਆਂ ਜਾਣਗੀਆਂ। ਕੀ ਹਰ ਕੋਈ ਗੁਰੂ ਸਾਹਿਬ ਦੇ ਹਜ਼ੂਰ ਕਸਮ ਖਾ ਸਕਦਾ ਹੈ ਕਿ ਬੰਦੂਕਾਂ ਦੀਆਂ ਗੋਲੀਆਂ ਸਿਰਫ ਛਾਤੀ ਤੇ ਹੀ ਖਾਧੀਆਂ ਜਾਣਗੀਆਂ ਤੇ ਕੋਈ ਤਿਤਰ ਬਿੱਤਰ ਹੋ ਕੇ ਪਿਠ ਤੇ ਗੋਲੀ ਨਹੀਂ ਖਾਏਗਾ ?

"ਖਾਲਸਾ ਜੀ, ਪੰਥ ਦੀ ਇਜ਼ੱਤ ਦਾ ਸਵਾਲ ਹੈ। ਪੰਥ ਦੇ ਨਾਂ ਨੂੰ ਧੱਬਾ ਨਹੀਂ ਲਗਾਣਾ ਜੇ। ਜੇਕਰ ਦਿਲ ਵਿੱਚ ਕੁਝ ਧੜਕੂੰ ਨਹੀਂ, ਆਪਣੇ ਆਪ ਤੇ ਪੂਰਨ ਵਿਸ਼ਵਾਸ ਹੈ ਤਾਂ ਜਾਓ, ਗੁਰੂ ਦੀਆਂ ਰੱਖਾਂ ! ਨਹੀਂ ਤਾਂ ਅਜੇ ਵੀ ਏਥੇ ਰੁਕ ਜਾਓ।"

ਲਗਾਤਾਰ. ਹਰ ਰੋਜ਼. ਮਹੀਨਿਆਂ ਬੱਧੀ ਇਹ ਦ੍ਰਿਸ਼ ਇਥੋਂ ਲੈ ਕੇ ਗੁਰੂ ਕੇ ਬਾਗ ਦੇ ਰਸਤਿਆਂ ਤੋੜੀ ਰਚੀਂਦਾ ਰਿਹਾ। ਅਕਾਲ ਤਖਤ ਦੇ ਜੱਥੇਦਾਰ ਹੁਕਮ

ਦਿੰਦੇ ਰਹੇ ਤੇ ਸਿੰਘ ਸੁੱਮਾਂ ਵਾਲੀਆਂ ਡਾਂਗਾਂ ਤੇ ਘੋੜਿਆਂ ਦੇ ਖੁਰ ਖਾ ਖਾ ਕੇ ਬੇਹੋਸ਼ ਹੁੰਦੇ ਰਹੇ ਜਾਂ ਸਰੀਰ ਤਿਆਗ ਦਿੰਦੇ ਰਹੇ। ਫੋਟੋਗ੍ਰਾਫਰ ਇਹ ਤਸਵੀਰਾਂ ਕੈਮਰੇ ਤੇ ਖਿਚਦੇ ਰਹੇ ਤੇ ਕਵੀ ਆਪਣੇ ਹਿਰਦਿਆਂ ਵਿੱਚ। ਇਹਨਾਂ ਕਵੀਆਂ ਵਿੱਚੋਂ ਇੱਕ ਉਭਰਦੇ ਕਵੀ ਸ. ਰਘਬੀਰ ਸਿੰਘ 'ਬੀਰ' ਕਵਿਤਾ ਕਹਿੰਦੇ ਰਹੇ, ਜੋਸ਼ ਉਭਾਰਦੇ ਰਹੇ। ਨਵਿਆਂ ਤੋਂ ਨਵੇਂ ਜੱਥੇ ਪੈਦਾ ਕਰਦੇ ਰਹੇ, ਕਲਮ ਦੀ ਤਾਕਤ ਦੇ ਜੌਹਰ ਦਿਖਾਂਦੇ ਰਹੇ, ਉਨ੍ਹਾਂ ਦੀ ਜੀਭਾ ਬੋਲਦੀ ਰਹੀ ਤੇ ਸੁਨਣ ਵਾਲਿਆਂ ਦੇ ਦਿਲ ਕਤਰੀਂਦੇ ਰਹੇ। ਜਿੰਨੀ ਉੱਚੀ ਆਵਾਜ਼ ਨਾਲ ਉਹ ਬੋਲਦੇ ਸਨ ਉਤਨਾ ਹੀ ਡੂੰਘਾ ਅਸਰ ਸੁਣਨ ਵਾਲਿਆਂ ਦੇ ਦਿਲਾਂ ਤੇ ਪੈਂਦਾ ਸੀ। ਉਹਨਾਂ ਨੇ 'ਗਾਲਿਬ' ਨੂੰ ਭੁਲਾ ਦਿੱਤਾ, ਉਹਨਾਂ ਨੇ 'ਸਾਗਸ' ਨੂੰ ਪਿੱਛੇ ਸੁੱਟ ਦਿਤਾ, ਉਹਨਾਂ ਨੇ 'ਦਰਦ' ਦਾ ਦਰਦ ਵੰਡਾਇਆ। ਜੋ ਉਹ ਸੁਖਨ ਕਹਿਣ ਉਹ ਜਨਤਾ ਵਿੱਚ ਅਖਾਣ ਬਣ ਜਾਂਦਾ। ਮੈਨੂੰ ਆਪ ਨੂੰ ਯਾਦ ਹੈ ਮੇਰੀ ਮਾਂ ਵਰਗੀ ਵੱਡੀ ਭੈਣ ਸੀ, ਜੋ ਬੀਰ ਜੀ ਦੀਆਂ ਕਵਿਤਾਵਾਂ ਨਾਲ ਰੰਗੀਜ ਕੇ ਜੀ ਜੀ ਨੂੰ ਰੰਗਿਆ ਕਰਦੀ ਸੀ। ਭਾਵਾਂ ਦੀ ਦੁਨੀਆਂ ਵਸਾਣ ਵਿੱਚ ਬੀਰ ਜੀ ਬਹੁਤ ਲਾਇਕ ਸਨ ਤੇ ਏਸੇ ਕਰਕੇ ਉਨ੍ਹਾਂ ਦੀ ਜ਼ਿੰਦਗੀ ਦਾ ਇਹ ਹਿੱਸਾ ਲੋਕਾਂ ਦੇ ਮਨਾਂ ਨੂੰ ਉਭਾਰਣ ਵਾਸਤੇ, ਸ਼ਹੀਦੀਆਂ ਤਾਰਨ ਵਾਸਤੇ, ਜਾਇਦਾਦਾਂ ਦੀ ਜ਼ਬਤੀ ਹੁੰਦਿਆਂ ਵਿਚੋਂ ਦਿਲ ਨੂੰ ਥੰਮ ਦਿੰਦੇ ਸਨ। ਇੱਕ ਬੜੀ ਮਸ਼ਹੂਰ ਕਵਿਤਾ ਜਿਸਦਾ ਟਾਕਰਾ ਇਸ ਸਮੇਂ ਦੀ ਕੋਈ ਹੋਰ ਕਵਿਤਾ ਨਹੀਂ ਕਰਦੀ ਮੈਨੂੰ ਅਜੇ ਭੀ ਯਾਦ ਹੈ ਜਿਵੇਂ ਗਾ ਕੇ ਮੇਰੀ ਭੈਣ ਸੁਣਾਇਆ ਕਰਦੀ ਸੀ, ਮੈਂ ਤੇ ਮੇਰਾ ਛੋਟਾ ਭਰਾ ਘਰ ਦੇ ਹਰ ਢੰਗ ਸਬੱਬ ਤੇ ਸੁਣਾਇਆ ਕਰਦੇ ਸਾਂ :

"ਬਾਜਾਂ ਵਾਲੇ ਜੀ ਤੇਰੇ ਸਕੂਲ ਅੰਦਰ,  
ਲੋਕੀ ਕਹਿਣ ਕਿ ਲਗਦੀ ਫੀਸ ਕੋਈ ਨਾਂਹ।  
ਹੋਇਆ ਇਸੇ ਖਿਆਲ ਤੋਂ ਮੈਂ ਦਾਖਲ,  
ਦੇਣੇ ਪੈਣਗੇ ਬੀਸ ਤੇ ਤੀਸ ਕੋਈ ਨਾਂਹ।  
ਜਾ ਕੇ ਵਿੱਚ ਜਮਾਤ ਦੇ ਦੇਖਿਆ ਕੀ,  
ਪੜ੍ਹਨ ਵਾਲਿਆਂ ਦੇ ਧੜੀਂ ਸੀਸ ਕੋਈ ਨਾਂਹ।  
ਤੜਪ ਰਹੇ ਲਗੇ ਜੈਸੇ ਮੁਰਗ ਬਿਸਮਿਲ,  
ਕਰ ਸਕਦਾ ਜਿਨ੍ਹਾਂ ਦੀ ਰੀਸ ਕੋਈ ਨਾਂਹ।  
"ਇਥੇ ਲਾਜ਼ਮੀ ਸੀਸ ਦੀ ਫੀਸ ਦੇਣੀ, ਇੱਕ ਲਾਸ਼ ਨੇ ਕਿਹਾ ਪੁਕਾਰ ਮੈਨੂੰ,  
ਸੀਸ ਫੀਸ ਦੇਹ ਬੀਰ ਅਸੀਸ ਦੇਵੀਂ, ਸਬਕ ਤਾਂ ਮਿਲਸੀ ਦੂਜੀ ਵਾਰ ਤੈਨੂੰ।"

ਸ਼ਾਂਤਮਈ ਮੋਰਚਿਆਂ ਨੇ ਆਮ ਜਨਤਾ ਨੂੰ ਚਕ੍ਰਿਤ ਕਰ ਦਿਤਾ, ਸਿੱਖਾਂ ਦੀ ਇਜ਼ਤ ਬਹੁਤ ਵਧਾਈ। ਮਹਾਤਮਾ ਗਾਂਧੀ ਨੇ ਤਾਰ ਦਿੱਤੀ ਕਿ "ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਦਾ ਇਹ ਪਹਿਲਾ ਪ੍ਰਸੰਗ ਪੰਜਾਬ ਦੇ ਸਿੱਖਾਂ ਨੇ ਕਰ ਦਿਖਾਇਆ

ਹੈ ਤੇ ਉਸ ਵਿੱਚ ਕਾਮਯਾਬੀ ਵੀ ਲਈ ਹੈ" ਸਾਰਾ ਜਗਤ ਜਾਣਦਾ ਹੈ ਕਿ ਇੱਕ ਅੰਗਰੇਜ਼ ਪਾਦਰੀ ਸੀ. ਐਫ. ਐਂਡ੍ਰੀਊਜ਼ ਨੇ ਇਹ ਲਿਖਿਆ ਸੀ ਕਿ ਐਥੇ ਹਰ ਰੋਜ਼ (ਕਰਾਈਸਟ) ਯਸੂ ਮਸੀਹ ਸੂਲੀ ਤ੍ਹੇ ਚੜ੍ਹਦਾ ਹੈ। ਇੱਕ ਪ੍ਰੋਫੈਸਰ ਰੁਚੀ ਰਾਮ ਸਾਹਨੀ ਗੌਰਮੈਂਟ ਕਾਲਜ ਲਾਹੌਰ ਦੇ ਕੈਮਿਸਟਰੀ ਦੇ ਪ੍ਰੋਫੈਸਰ ਸਨ ਤੇ ਉਨ੍ਹਾਂ ਮੈਨੂੰ ਬਹੁਤ ਸਾਲਾਂ ਮਗਰੋਂ ਓਹੀ ਕੁਝ ਸੁਣਾਇਆ. ਜੋ ਬੀਰ ਜੀ ਨੇ ਆਪਣੀ ਕਿਤਾਬ "ਬੀਰ ਦੇ ਤੀਰ" ਵਿੱਚ ਕਵਿਤਾ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਦੇਖੋ ਕੁਝ ਥੋੜ੍ਹੇ ਜਹੇ ਚੋਣਵੇਂ ਪਹਿਰੇ। ਚੋਣ ਕਰਨੀ ਤਾਂ ਔਖੀ ਹੈ. ਕਿਉਂਕਿ ਨਜ਼ਮਾਂ ਬੜੀਆਂ ਦਲੇਰ ਹਨ. ਬਨਾਵਟ ਬੜੀ ਪੁਖਤਾ ਹੈ, ਵੇਗ ਵਿੱਚ ਤੇਜ਼ੀ ਹੈ ਤੇ ਵਜ਼ਨ ਵਿੱਚ ਪਾਏਦਾਰੀ ਹੈ। ਮੈਂ ਇਸ ਛੋਟੀ ਜਹੀ ਕਿਤਾਬ ਵਿੱਚ ਬੀਰ ਜੀ ਦੀ ਜ਼ਿੰਦਗੀ ਦੇ ਕਈ ਪੱਖਾਂ ਵੱਲ ਧਿਆਨ ਦਿਵਾਣਾ ਹੈ ਤੇ ਇਸ ਲਈ ਕਵਿਤਾਵਾਂ ਦੇ ਕੁਝ ਚੋਣਵੇਂ ਪਹਿਰਿਆਂ ਨੂੰ ਹੀ ਨਮੂਨੇ ਵਜੋਂ ਦਾਲ ਦੇ ਦਾਣੇ ਵਾਂਗ ਟੋਹਣਾ ਹੈ।

ਮੈਨੂੰ ਉਪਰ ਲਿਖੀ ਕਵਿਤਾ ਬੱਚਪਨ ਤੋਂ ਹੀ ਪ੍ਰਭਾਵਿਤ ਕਰਦੀ ਰਹੀ ਹੈ ਤੇ ਮੈਂ ਇਸ ਦੀ ਨਿੱਕੇ ਹੁੰਦਿਆਂ ਇੱਕ ਨਿਰਾਲੀ ਤਰਜ਼ ਬਣਾ ਕੇ ਪਰਿਵਾਰ ਦੇ ਹਰ ਮੌਕੇ ਤੇ ਗਾ ਕੇ ਸੁਣਾਂਦਾ ਰਿਹਾ ਹਾਂ।

ਇੱਕ ਪਾਸੇ ਕਵਿਤਾਵਾਂ ਦੇ ਕੁਝ ਹਿੱਸੇ ਪੇਸ਼ ਕਰ ਰਿਹਾ ਹਾਂ, ਦੂਜੇ ਪਾਸੇ ਪ੍ਰਸ਼ੰਸਕਾਂ ਦਾ ਭੀ ਜ਼ਿਕਰ ਕਰਨਾ ਚਾਹੁੰਦਾ ਹਾਂ। ਪ੍ਰੋਫੈਸਰ ਰੁਚੀ ਰਾਮ ਸਾਹਨੀ ਨੇ ਅਕਾਲੀ ਸ਼ਾਂਤਮਈ ਮੋਰਚਿਆਂ ਦਾ ਮੇਰੇ ਨਾਲ ੧੯੩੯ ਵਿੱਚ ਜ਼ਿਕਰ ਕੀਤਾ। ਉਦੋਂ ਉਹ ਬਜ਼ੁਰਗ ਸਨ ਤੇ ਮੈਨੂੰ ਦਸਦੇ ਸਨ ਕਿ ਉਹਨਾਂ ਦੇ ਮਨ ਤੇ ਮੋਰਚਿਆਂ ਦੇ ਤੇ ਇਹੋ ਜਹੀਆਂ ਕਵਿਤਾਵਾਂ ਨੇ ਬਹੁਤ ਡੂੰਘਾ ਅਸਰ ਪਾਇਆ ਹੈ ਕਿ ਮੋਰਚਿਆਂ ਤੋਂ ਘਟੋ ਘਟ ਦਸ ਵਰ੍ਹੇ ਮਗਰੋਂ ਤੱਕ ਉਹ ਜਦ ਕਿਸੇ ਸਿੱਖ ਨੂੰ ਦੇਖਦੇ ਭਾਵੇਂ ਉਹ ਸਿੱਖ ਤਰਖਾਣ ਹੋਵੇ, ਲੁਹਾਰ ਹੋਵੇ, ਵਿਦਿਆਰਥੀ ਹੋਵੇ, ਉਸਤਾਦ ਹੋਵੇ, ਕਲਰਕ ਹੋਵੇ ਜਾਂ ਅਫਸਰ ਹੋਵੇ, ਗਰੀਬ ਹੋਵੇ ਜਾਂ ਧਨਾਢ ਹੋਵੇ, ਕੇਵਲ ਸਿੱਖ ਹੋਵੇ, ਤੇ ਰੁਚੀ ਰਾਮ ਜੀ ਦੂਰੋਂ ਆਪਣਾ ਰਸਤਾ ਬਦਲ ਕੇ ਵੀ ਸਾਹਮਣਿਓਂ ਆਉਂਦੇ ਸਿੱਖ ਦੇ ਪੈਰਾਂ ਨੂੰ ਜਾ ਹੱਥ ਲਗਾਇਆ ਕਰਦੇ ਸਨ। ੧੯੩੯ ਤੱਕ ਐਡਾ ਅੰਨ੍ਹਾ ਉਤਸ਼ਾਹ ਤਾਂ ਘਟ ਗਿਆ ਹੋਇਆ ਸੀ ਪਰ ਫਿਰ ਭੀ ਸਿੱਖ ਤੇ ਸਿੱਖੀ ਵਾਸਤੇ ਪਿਆਰ ਵਿੱਚ ਆ ਕੇ ਪੁਰਾਣੀਆਂ ਯਾਦਾਂ ਕਰ ਉਹ ਪ੍ਰੇਮ ਹੰਝੂ ਵੀ ਕੇਰਿਆ ਕਰਦੇ ਸਨ। ਪੂਰਾ ਇੱਕ ਦਹਾਕਾ ਹਿੰਦੁਸਤਾਨ ਭਰ ਵਿੱਚ ਸਿੱਖੀ ਨੂੰ ਬਹੁਤ ਮਾਣ ਮਿਲਿਆ ਤੇ ਯੁੱਧ ਵਿੱਚ ਖੜਕ ਸਿੰਘ ਜਿਸ ਨੂੰ ਪੰਥ ਦਾ ਬੇਤਾਜ ਬਾਦਸ਼ਾਹ ਕਿਹਾ ਜਾਂਦਾ ਸੀ. ਉਨ੍ਹਾਂ ਦੇ ਅੰਗ ਪਾਲਣ ਵਾਲਿਆਂ ਵਿੱਚੋਂ, ਸੰਗ ਨਾ ਛਡੱਣ ਵਾਲਿਆਂ ਵਿੱਚੋਂ ਇੱਕ ਸਨ ਸ. ਰਘਬੀਰ ਸਿੰਘ 'ਬੀਰ'।

ਆਓ, ਜ਼ਰਾ ਉਨ੍ਹਾਂ ਦੀਆਂ ਕਵਿਤਾਵਾਂ ਵਿੱਚੋਂ ਕੁਝ ਨਮੂਨੇ ਜੋ ਪੇਸ਼ ਕੀਤੇ ਹਨ, ਉਨ੍ਹਾਂ ਦੀ ਸੋਹਜ-ਕਲਾ ਦੇ ਹੀ ਕੁਝ ਅੰਸ਼ ਵਾਚੀਏ। "ਬੀਰ ਦੇ ਤੀਰ" ਨਾਮ ਦੀ

ਕਿਤਾਬ ਪਹਿਲੇ ਸਫੇ ਤੇ ਸਮਰਪਨ ਹੈ, ਉੱਚ ਕੋਟੀ ਦੇ ਵਾਰਤਕ ਵਿੱਚ, ਨਸਰ ਵਿੱਚ ਵੀ ਪਰ ਇਸ ਨਸਰ ਵਿੱਚ ਵੀ ਨਜ਼ਮ ਹੈ। ਇਸ ਤਰ੍ਹਾਂ ਸ਼ੁਰੂ ਕਰਦੇ ਹਨ :

> "ਜੇ ਮੈਂ ਬਾਦਸ਼ਾਹ ਹੁੰਦਾ ਤੇ ਸਾਰੇ ਖਜ਼ਾਨੇ, ਕੁਲ ਹੀਰੇ ਜਵਾਹਰਾਤ ਅਤੇ ਸਿਰ ਦਾ ਤਾਜ ਇਸ ਸਿੱਖਾਂ ਦੇ ਬੇਤਾਜ ਬਾਦਸ਼ਾਹ ਸ. ਖੜਕ ਸਿੰਘ ਜੀ ਦੇ ਕਦਮਾਂ ਉਪਰ ਰੱਖ ਕੇ ਫਖ਼ਰ ਕਰਦਾ। ਇਸਦੇ ਉਲਟ ਜੇ ਮੈਂ ਫਕੀਰ ਹੁੰਦਾ ਤੇ ਰੱਬੀ ਦਰਗਾਹ ਵਿੱਚ ਮੇਰੀ ਰਸਾਈ ਹੁੰਦੀ ਤਾਂ ਇਸ ਗੁਰਮੁਖ ਪਿਆਰੇ ਵਾਸਤੇ ਅੱਠੇ ਪਹਿਰ ਜਨਾਬ-ਬਾਰੀ ਤੋਂ ਦੁਆ ਮੰਗਣੀ ਆਪਣਾ ਵੱਡਾ ਫਰਜ਼ ਸਮਝਦਾ। ਜੇ ਮੈਂ ਮੁਸੱਵਰ ਹੁੰਦਾ ਤਾਂ ......ਜੇ ਮੈਂ ਕਵੀ ਹੁੰਦਾ ਤਾਂ ..........।"

ਇਸ ਸਮਰਪਨ ਵਿੱਚ ਭੀ ਕਵੀ ਦਾ ਦਿਲ ਧੜਕ ਰਿਹਾ ਹੈ। ਦਰਦ ਭਰੇ ਜਜ਼ਬਿਆਂ ਦਾ ਇਜ਼ਹਾਰ ਹੈ, ਸਿਦਕ ਦੇ ਵਲਵਲੇ ਦਾ ਹੁਨਰ ਹੈ ਤੇ ਪੜ੍ਹਨ ਵਾਲਿਆਂ ਲਈ ਮਿਕਨਾਤੀਸੀ ਖਿਚ ਹੈ।

> "ਦੁਨੀਆਂ ! ਵੇਖ ਲੈ ਸਿੱਖਾਂ ਨੂੰ ਵਲ ਆਵੇ
> ਜਿੱਥੇ ਮਾਰਨੇ ਦਾ ਉਥੇ ਮਰਨ ਦਾ ਵੀ
> ਜੇਕਰ ਸੂਰਮੇ ਵਾਂਗ ਤਲਵਾਰ ਮਾਰਨ,
> ਸੰਤਾਂ ਵਾਂਗ ਜਾਨਣ ਵਲ ਜਰਨ ਦਾ ਵੀ।"

ਇਨ੍ਹਾਂ ਚਾਰ ਲਾਈਨਾਂ ਵਿੱਚ ਬੀਰ ਜੀ ਨੇ ਦਰਿਆ ਨੂੰ ਕੁੱਜੇ ਵਿੱਚ ਬੰਦ ਕਰ ਦਿੱਤਾ ਹੈ। ਕਿੱਡਾ ਵਲਵਲਾ ਹੈ, ਕਿੱਡਾ ਮਾਣ ਹੈ ਸਿੱਖੀ ਤੇ, ਕਿੱਡਾ ਉਤਸ਼ਾਹ ਭਰਿਆ ਹੈ ਤੇ ਤੁਕਾਂ ਦੀ ਇੱਕੋ ਆਵਾਜ਼ ਕਾਰਨ ਕਿੰਨਾ ਰਸ ਭਰਿਆ ਗਿਆ ਹੈ। ਅੱਗੇ ਦੇਖੋ "ਗੁਰੂ ਕੇ ਬਾਗ" ਨਾਂ ਦੀ ਕਵਿਤਾ ਵਿੱਚੋਂ :

> "ਜਦੋਂ ਰਾਜ ਖੁੱਸਾ ਕੀਤੀ ਤਦੋਂ ਤੇ ਨਾ, ਮੂਲ ਕਿਸੇ ਦੇ ਕੋਲ ਪੁਕਾਰ ਸਿੰਘਾਂ।
> ਐਪਰ ਗੁਰੂ ਦੇ ਬਾਗ ਦੀ ਲਕੜੀ ਤੋਂ ਲਖਾਂ ਜਹੀ ਦਿੱਤੀ ਜਿੰਦ ਵਾਰ ਸਿੰਘਾਂ।"

ਸਿੱਖ ਰਾਜ ਦੀ ਪ੍ਰਤਿਭਾ ਦਾ ਗੁਰੂ ਦੇ ਬਾਗ ਦੀ ਲਕੜੀ ਨਾਲ ਮੁਕਾਬਲਾ ਕਰਕੇ ਪੜ੍ਹਨ ਵਾਲਿਆਂ ਦਾ ਅੰਦਰਲਾ ਜਗਾ ਦਿੱਤਾ। ਅੰਤਰ-ਆਤਮੇ ਨੂੰ ਹਿਲਾ ਦਿੱਤਾ ਹੈ। ਮਿਜ਼ਰਾਬ ਦੀ ਛੋਹ ਨਾਲ ਜੀਅ ਦੀਆਂ ਤਾਰਾਂ ਹਿਲਾ ਦਿਤੀਆਂ, ਪੁਰਾਤਨ ਤਵਾਰੀਖ ਯਾਦ ਕਰਾ ਦਿੱਤੀ ਹੈ। ਰੋਮਾਂਚ ਦੀ ਨਗਰੀ ਵਸਾ ਦਿੱਤੀ ਹੈ ਕਿ ਐਸਾ ਉਪਮਾ ਅਲੰਕਾਰ ਘੜਿਆ ਹੈ। ਜਿਸ ਨਾਲ ਪਾਠਕ ਫੜਕ ਫੜਕ ਉਠਦਾ ਹੈ। ਲੱਖਾਂ ਜਹੀ ਜਿੰਦ ਘੁੰਮਾ ਸਕਣ ਦਾ ਉਤਸ਼ਾਹ ਭਰ ਦਿਤਾ ਹੈ। ਇਸੇ ਤਰ੍ਹਾਂ ਦੀ ਜਗਾ ਦੇਣ ਵਾਲੀ ਸਾਰੀ ਹੀ ਨਜ਼ਮ ਹੈ। ਇਹ ਇੱਕ ਨਿੱਕੀ ਜਹੀ ਲਾਈਨ ਅਵਸ਼ ਅੰਦਰੋਂ ਨਿਕਲ ਰਹੀ ਹੈ :

"ਚਲੇ ਮੌਤ ਦੇ ਮੂੰਹ ਵਿੱਚ ਬੀਰ ਬਾਂਕੇ, ਦੇਖ ਜਗ ਦਾ ਕਾਲਜਾ ਹਲਦਾ ਸੀ।"

ਹੈ ਕੋਈ ਹੋਰ ਕਵਿਤਾ ਇਸ ਲਾਈਨ ਦਾ ਟਾਕਰਾ ਕਰਨ ਲਈ ? ਮੌਤ ਦੇ ਮੂੰਹ ਵਿੱਚ ਬਾਂਕੇ ਬੀਰ ਜਾ ਰਹੇ ਹਨ, ਕਿਆ ਤਸਵੀਰ ਹੈ, ਬੁਰਸ਼ ਦੀ ਇੱਕ ਛੋਹ ਦੇ ਨਾਲ ਤਿਆਰ ਕੀਤੀ ਤੇ ਦੂਸਰੀ ਛੋਹ ਨਾਲ ਜਗ ਦਾ ਕਾਲਜਾ ਹਿਲਾ ਦਿੱਤਾ ਹੈ, ਜਹਾਨ ਦਾ ਕਾਲਜਾ, ਸਿਰਫ ਸਿੱਖਾਂ ਦਾ ਹੀ ਨਹੀਂ, ਹਿੰਦੁਸਤਾਨ ਦਾ ਹੀ ਨਹੀਂ, ਬਸ ਇਹ ਬੀਰ ਸਾਹਿਬ ਦਾ ਤੀਰ ਹੈ ਜੋ ਸਿਧਾ ਹੀ ਦਿਲ ਵਿੱਚ ਖੁੱਭ ਜਾਂਦਾ ਹੈ।

"ਸਿੰਘ ਸ਼ੁਕਰ ਕਰਦੇ ਸਿੱਖੀ ਸਿਦਕ ਵਾਲੀ,
ਖਰਵੀ ਸਿਲਾ ਅਲੂਨੀ ਨੂੰ ਚੱਟ-ਕੇ ਤੇ।"

ਭਾਈ ਗੁਰਦਾਸ ਜੀ ਦੇ "ਅਲੂਨੀ ਸਿਲ" ਨੂੰ ਯਾਦ ਕਰਾ ਕੇ ਸਾਰੀ ਸਿੱਖੀ ਮਰਿਯਾਦਾ ਦੋਹਰਾ ਦਿੱਤੀ ਹੈ ਤੇ ਸਿੱਖੀ ਸਿਦਕ ਉਤਪੰਨ ਕਰ ਦਿਤਾ ਹੈ, ਭਰੋਸਾ ਬਖ਼ਸ਼ ਦਿੱਤਾ ਹੈ। ਉਸ ਯੁਗ ਨੂੰ ਬਿਆਨ ਕਰ ਦਿੱਤਾ ਹੈ ਤੇ ਅਕਾਲੀ ਮੋਰਚਿਆਂ ਵਿੱਚ ਫਖ਼ਰ ਭਰ ਦਿੱਤਾ ਹੈ।

## ਕਵੀ ਦੇ ਰੂਪ ਵਿਚ

ਉਹ ਸਿਰਫ ਇਤਿਹਾਸ ਤੇ ਧਰਮ ਦਾ ਗਿਆਨ ਹੀ ਲੋਕਾਂ ਨੂੰ ਨਹੀਂ ਵੰਡਦੇ ਬਲਕਿ ਉਹ ਆਪਣੀ ਕਿਸਮ ਦੇ ਆਪ ਹੀ ਕਵੀ ਹਨ ਅਤੇ ਉਨ੍ਹਾਂ ਬਹੁਤ ਸਾਰੀਆਂ ਕਵਿਤਾਵਾਂ ਪੰਜਾਬੀ ਜ਼ਬਾਨ ਵਿੱਚ ਲਿਖੀਆਂ ਹਨ। ਉਨ੍ਹਾਂ ਦੀਆਂ ਕਵਿਤਾਵਾਂ ਬੜੀਆਂ ਸੁਥਰੀਆਂ ਤੇ ਜਜ਼ਬੇ ਭਰੀਆਂ ਹਨ। ਉਨ੍ਹਾਂ ਦੀਆਂ ਪਿਛਲੇ ਸਮੇਂ ਦੀਆਂ ਕਵਿਤਾਵਾਂ ਧਾਰਮਿਕ ਹਨ, ਵਖਿਆਣ ਕਰਨ ਵਾਲੀਆਂ ਹਨ, ਇਤਿਹਾਸਕ ਹਨ ਅਤੇ ਗਿਆਨ ਵਧਾਉਣ ਵਾਲੀਆਂ ਹਨ : ਉਨ੍ਹਾਂ ਦੀਆਂ ਰਚਨਾਵਾਂ ਸਭਨਾਂ ਨੂੰ ਭਾਉਂਦੀਆਂ ਹਨ ਕਿਉਂਕਿ ਉਹ ਆਪਣੇ ਤਰੋ-ਤਾਜ਼ਾ ਵਿਚਾਰਾਂ ਨੂੰ ਬੜੀ ਸਾਦਗੀ ਨਾਲ ਪੇਸ਼ ਕਰਦੇ ਹਨ। ਉਹਨਾਂ ਦੀਆਂ ਜ਼ਿਆਦਾ ਤਰ ਕਵਿਤਾਵਾਂ ਦਾ ਮੂਲ ਭਾਵ ਇਹ ਹੀ ਹੁੰਦਾ ਹੈ ਕਿ ਸਭ ਕੁਝ ਨਾਸ਼ਵਾਨ ਹੈ ਤੇ ਕੇਵਲ ਗੁਣ ਹੀ ਅਮਰ ਹਨ।

ਉਹਨਾਂ ਦੀ ਕਿਤਾਬ 'ਖਾਲਸਾਈ ਸ਼ਾਨ' ਜੋ ਪਹਿਲੀ ਵਾਰ ਸੰਨ ੧੯੩੪ ਵਿੱਚ ਛਪੀ ਉਸ ਵਿੱਚ ਇਤਿਹਾਸਕ ਕਵਿਤਾਵਾਂ ਠੇਠ ਲੋਕ ਬੋਲੀ ਵਿੱਚ ਲਿਖੀਆਂ ਹੋਈਆਂ ਹਨ। ਉਨ੍ਹਾਂ ਦੀ ਕਵਿਤਾ ਵਿੱਚ ਸਾਹਿਤਕ ਤੇ ਸ਼ੁਧਤਾ ਦੋਹਾਂ ਦਾ ਮੇਲ ਹੈ। ਉਨ੍ਹਾਂ ਨੇ ਸ਼ਬਦਾਂ ਦੀ ਬਹੁਤ ਸੁਚੱਜੀ ਵਰਤੋਂ ਕੀਤੀ ਹੈ, ਜਿਸ ਦੀ ਮਿਸਾਲ ਇਹਨਾਂ ਲਾਈਨਾਂ ਤੋਂ ਜ਼ਾਹਿਰ ਹੈ :

"ਕੌਮਾਂ ਤੇ ਬਿਪਤਾ ਔਂਦੀਆਂ। ਉਲਟੌਂਦੀਆਂ ਪੁਲਟੌਂਦੀਆਂ।
ਘਸਵਟੀਆਂ ਤੇ ਲੌਂਦੀਆਂ। ਜੀਵਨ ਦਾ ਹੱਕ ਅਜ਼ਮੌਂਦੀਆਂ।
ਸਾਬਤ ਜਦੋਂ ਕਰਨਾ ਪਵੇ। ਜੀਵਨ ਲਈ ਮਰਨਾ ਪਵੇ।
ਮਰਨੇ ਨੂੰ ਜੋ ਤਯਾਰ ਨੇ। ਜੀਵਨ ਦੇ ਉਹ ਹੱਕਦਾਰ ਨੇ।

ਜੱਦ ਉਹ ਕਲੱਕਤੇ ਦਾ ਆਪਣਾ ਵਪਾਰ ਬੰਦ ਕਰਕੇ ਲਾਹੌਰ ਮੁੜ ਆਏ ਤੇ ਆਪਣੇ ਪਿਤਾ ਦੇ ਕੰਮ ਵਿੱਚ ਹੱਥ ਵੰਡਾਣਾ ਤਾਂ ਸ਼ੁਰੂ ਕੀਤਾ ਹੀ ਪਰ ਨਾਲ ਹੀ ਸਮਾਜ ਸੇਵਾ ਭੀ ਅਰੰਭੀ। ਉਸ ਸਮੇਂ ਹੀ ਉਹ ਪੰਜਾਬੀ ਬੋਲੀ ਤੇ ਸਾਹਿਤ ਦੀ ਬੜ੍ਹੋਤਰੀ ਲਈ ਜੁਟ ਗਏ ਅਤੇ ਨਾਲ ਹੀ ਪੰਜਾਬੀ ਕਵਿਤਾ ਦੀ ਬੇਹਤਰੀ ਲਈ ਵੀ ਆਪਾ ਸਮਰਪਿਤ ਕੀਤਾ। ਉਹਨਾਂ ਦੇ ਉਦਮ ਦਾ ਹੀ ਨਤੀਜਾ ਸੀ ਕਿ ਲਾਹੌਰ ਵਿੱਚ ਇੱਕ 'ਪੰਜਾਬੀ ਕਵੀ ਸਭਾ' ਦਾ ਗਠਨ ਹੋਇਆ ਤੇ ਇਹ ਉਸ ਸਭਾ ਦੇ ਸਕੱਤ੍ਰ ਸਨ। ਉਹਨਾਂ ਦੀ ਹੀ ਹਿੰਮਤ ਨਾਲ ਲਹੌਰ ਦੇ ਵਾਈ. ਐਮ. ਸੀ. ਏ. (Y M C A) ਤੇ ਬ੍ਰੈਡਲਾਅ ਹਾਲ (Bradlaugh Hall) ਵਿੱਚ ਕਈ ਕਵੀ ਸੰਮੇਲਨ ਹੁੰਦੇ ਰਹੇ ਤੇ ਇਸ ਕਾਰਣ ਉਹ ਪੰਜਾਬੀ ਬੋਲੀ ਤੇ ਕਵਿਤਾ ਦੀ ਬੇਹਰਤੀ ਦੀ ਸੇਵਾ ਵਿੱਚ ਲਗੇ ਉਦਮੀ ਦੇ ਰੂਪ ਵਿੱਚ ਉਭਰੇ ਤੇ ਇਸ ਤਰ੍ਹਾਂ ਉਨ੍ਹਾਂ ਦਾ ਮੇਲ ਮਿਲਾਪ ਕਈ ਉੱਘੀਆਂ ਹਸਤੀਆਂ ਨਾਲ ਹੋਇਆ।

ਉਹਨਾਂ ਨੇ ਪੰਜਾਬੀ ਰਹਿਣ ਸਹਿਣ ਤੇ ਫਲਸਫੇ ਦਾ ਬੜਾ ਸੋਹਣਾ ਗਠਨ ਕੀਤਾ। ਇੱਕ ਤਰ੍ਹਾਂ ਉਨ੍ਹਾਂ ਦਾ ਮੁਕਾਬਲਾ ਬੁੱਲ੍ਹੇ ਸ਼ਾਹ ਨਾਲ ਕੀਤਾ ਜਾ ਸਕਦਾ ਹੈ। ਦੋਵੇਂ ਆਤਮਿਕ ਉਚਾਈਆਂ ਛੋਂਹਦੇ ਹਨ। ਬੁੱਲ੍ਹੇ ਸ਼ਾਹ ਦਾ ਤਾਂ ਕੋਈ ਖਾਸ ਹੀ ਰੱਬ ਨਾਲ ਤਾਲ ਮੇਲ ਸੀ।

ਉਹ ਰੱਬ ਤੋਂ ਡਰਨ ਵਾਲੇ ਇਨਸਾਨ ਸਨ ਇਸ ਕਾਰਣ ਉਨ੍ਹਾਂ ਦੀਆਂ ਸਾਰੀਆਂ ਕਵਿਤਾਵਾਂ ਵਿੱਚ ਪੁਰਾਤਨ ਤੇ ਧਾਰਮਿਕ ਪੁੱਠ ਹੈ, ਵਿਸ਼ਾ ਹੈ।

ਚਿਰਾਂ ਪਿੱਛੋਂ ਸੰਨ ੧੯੬੯ ਵਿੱਚ ਉਹਨਾਂ ਡਿਗਸ਼ਈ ਵਿੱਚ ਇੱਕ ਕਾਨਫਰੰਸ ਦਾ ਆਯੋਜਨ ਕੀਤਾ, ਜਿਸ ਵਿੱਚ ਇਤਿਹਾਸਕਾਰਾਂ ਤੇ ਅਦੀਬਾਂ ਨੇ ਹਿੱਸਾ ਲਿਆ, ਉਸ ਵਿੱਚ ਉਹਨਾਂ ਇੱਕ ਆਦਰਸ਼ ਆਦਮੀ ਦਾ ਖਾਕਾ ਖਿਚਿਆ, ਉਸ ਦੀ ਮਿਸਾਲ ਮਿਲਣੀ ਔਖੀ ਹੈ। ਜੇਕਰ ਹਰ ਇੱਕ ਆਦਮੀ ਉਸ ਤਰ੍ਹਾਂ ਦਾ ਬਣ ਜਾਵੇ ਤਾਂ ਸੰਸਾਰ ਦੇ ਸਾਰੇ ਮਸਲੇ ਹੀ ਹਲ ਹੋ ਜਾਣ ਤੇ ਇਹ ਧਰਤੀ ਹੀ ਸਵਰਗ ਬਣ ਜਾਵੇ।

ਉਹਨਾਂ ਦੀ ਵਿਚਾਰਧਾਰਾ ਦੀਆਂ ਬਰੀਕਿਆਂ ਦੀ ਸ਼ੂਕਸ਼ਮਤਾ ਦੀ ਝਲਕ ਤੁਹਾਨੂੰ ਮਿਲ ਸਕਦੀ ਹੈ, ਜੇਕਰ ਉਹਨਾਂ ਦੀਆਂ ਕੁਝ ਕਵਿਤਾਵਾਂ ਜਿਵੇਂ ਕਿ 'ਭਾਈ ਕਨੱਈਆ', 'ਬੰਦਾ ਸਿੰਘ ਬਹਾਦਰ ਦੇ ਆਖਰੀ ਦਿਨ', 'ਸ਼ੇਰੇ ਪੰਜਾਬ', 'ਗੁਰੂ ਅਰਜਨ ਦੇਵ', 'ਨਨਕਾਣੇ ਸਾਹਿਬ ਦਾ ਸਾਕਾ' ਨੂੰ ਪੜ੍ਹੋ। ਪੰਜਾਬੀ ਸਾਹਿਤ ਦੀਆਂ ਬੇਹਤਰੀਨ ਕਵਿਤਾਵਾਂ ਵਿਚ ਉਨ੍ਹਾਂ ਦਾ ਆਪਣਾ ਇੱਕ ਸਥਾਨ ਹੈ, ਉਨ੍ਹਾਂ ਵਿੱਚ ਭਰੀ ਪਈ ਦੇਸ਼ ਭਗਤੀ, ਨਿਘ ਤੇ ਲੈ-ਤਾਲ ਦਾ ਅਨੋਖਾ ਮੇਲ, ਸਦਾ ਲਈ ਤੁਹਾਡੇ ਦਿਲ ਵਿੱਚ ਵਸ ਜਾਂਦਾ ਹੈ।

ਸੁਰ, ਸਮਾਂ ਤੇ ਚੌਣਵੇਂ ਲਫਜ਼ਾਂ ਦਾ ਸਹੀ ਤਾਲਮੇਲ ਉਨ੍ਹਾਂ ਦੀ ਕਵਿਤਾ ਨੂੰ ਦਮਦਾਰ ਬਣਾਉਂਦੇ ਹਨ। ਜਿਵੇਂ ਕਿ :

"ਤੂੰਹੀਓ ਖਾਲਸਾ ਕੌਮ ਚਾ ਦੱਸ ਮੈਨੂੰ,
ਦੱਸਾਂ 'ਐਬ' ਯਾ ਕੇ ਤੇਰੀ 'ਸਿਫਤ' ਗਾਵਾਂ।
ਦੱਸਾਂ ਸ਼ਾਨ ਤੇਰੇ 'ਇਤਫਾਕ' ਵਾਲੀ, ਯਾ ਕੇ ਤੇਰੇ 'ਨਿਫਾਕ' ਦੇ ਵੈਣ ਪਾਵਾਂ।
ਦੱਸਾਂ ਖਿਚ ਨਕਸ਼ਾ ਤੇਰੀ ਈਰਖਾ ਦਾ, ਯਾ ਕੇ 'ਬੀਰਤਾ' ਤੇਰੀ ਨੂੰ ਚੰਨ ਲਾਵਾਂ।
ਪਾਵਾਂ ਕੀਰਨੇ ਤੇਰੀਆਂ 'ਗਫਲਤਾਂ' ਦੇ,
ਯਾ 'ਕੁਰਬਾਨੀਆਂ' ਉਤੋਂ ਕੁਰਬਾਨ ਜਾਵਾਂ।"

ਤੇ ਪ੍ਰਭਾਵਿਤ ਕਰਨ ਵਾਲੇ ਤਰੀਕੇ ਨਾਲ ਵਿਚਾਰਾਂ ਦੀ ਵਿਆਖਿਆਂ ਕਰ ਸਕਣ ਦੇ ਸਹੀ ਢੰਗ ਦੀ ਨੀਂਹ ਤੇ ਕੀਤੀ ਹੋਈ ਹੈ। ਵਰਡਸਵਰਥ ਤੇ ਭਾਈ ਵੀਰ ਸਿੰਘ ਦੇ ਵਿਪ੍ਰੀਤ ਉਨ੍ਹਾਂ ਦਾ ਝੁਕਾ ਕੁਦਰਤ ਵੱਲ ਨਹੀਂ ਹੈ। ਉਹ ਤਾਂ Sir Walter Seott ਵਾਂਗ ਕੇਵਲ ਇਤਿਹਾਸਿਕ ਤੇ ਧਾਰਮਿਕ ਮੁੱਦਿਆਂ ਦੇ ਹੀ ਰਸੀਆ ਹਨ। ਇਹ ਕਵਿਤਾ ਭੀ ਇਸ ਦਾ ਪ੍ਰਮਾਣ ਹੈ :

"ਰੱਬੀ ਹਮਾਇਤ ਵੇਖ ਕੇ। ਅਰਸ਼ੀ ਅਨਾਇਤ ਵੇਖ ਕੇ।
ਤਾਂ ਮੂੰਹ ਘਨੱਯਾ ਖੋਲ੍ਹਦਾ। ਮਸਤੀ 'ਚ ਆ ਕੇ ਬੋਲਦਾ।
ਲਾਂਦੇ ਜੋ ਮੈਨੂੰ ਲੀਕ ਨੇ। ਕੁਝ ਗਲਤ ਨੇ ਕੁਝ ਠੀਕ ਨੇ।
ਕੈਂਹਦੇ ਜੋ ਨਿਮਕ ਹਰਾਮ ਹੈ। ਸੰਗ ਵੈਰੀ ਮੇਲ, ਸਲਾਮ ਹੈ।
ਏਹ ਝੂਠ ਦਾ ਇਲਜ਼ਾਮ ਹੈ। ਕਰਦੇ ਮੁਫਤ ਬਦਨਾਮ ਹੈਂ।"

ਉਹਨਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਸੰਗੀਤ ਭਰੀਆਂ ਹਨ, ਜਿਨ੍ਹਾਂ ਵਿੱਚ ਉਹਨਾਂ ਦੀਆਂ ਭਾਵਨਾਵਾਂ ਦਾ ਸਿੱਧਾ ਬਖਾਣ ਹੈ ਪਰ ਉਹਨਾਂ ਨੇ ਹੋਰ ਵਖਰੇ ਭਾਵਾਂ ਵਿੱਚ ਭੀ ਲਿਖਿਆ ਹੈ। ਮਿਸਾਲ ਦੇ ਤੌਰ ਤੇ ਉਨ੍ਹਾਂ ਨੇ ਕੁਝ ਸਥਾਨੀ ਮੁਦਿਆਂ ਤੇ ਲਿਖਿਆ ਹੈ ਤੇ ਉਹ ਕਵਿਤਾ ਹੁਣ ਕੁਝ ਭਾਵਨਾਪੂਰਣ ਲਗਦੀ ਹੈ, ਜਿਵੇਂ ਕਿ 'ਮੀਰਾ ਕੋਟੀਆ ਸਰਦਾਰ' ਤੇ 'ਮੱਸਾ ਰੰਗੜ' ਅਤੇ ਭਾਈ ਕਨੱਈਆ, ਆਦਿ।

ਉਨ੍ਹਾਂ ਦੀਆਂ ਕੁਝ ਬਹੁ ਚਰਚਿਤ ਕਿਤਾਬਾਂ ਜਿਨ੍ਹਾਂ ਨੂੰ ਅਨਗਿਣਤ ਪਾਠਕਾਂ ਨੇ ਪੜ੍ਹਿਆ ਹੈ, ਜਿਵੇਂ ਕਿ 'ਯਾਦਾਂ ਦੇ ਹੁਲਾਰੇ', 'ਖਾਲਸਾਈ ਸ਼ਾਨ' ਤੇ 'ਬੀਰ ਦੇ ਤੀਰ' ਵਿੱਚ ਉਨ੍ਹਾਂ ਦੀ ਲਿਖਣ ਸ਼ੈਲੀ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਦੀ ਸੋਚ ਉਡਾਰੀ ਮਾਰਦੀ ਹੈ ਤੇ ਉਡਾਰੀ ਵਿੱਚ ਉਹ ਕੁਝ ਵੇਂਹਦੇ ਹਨ ਤੇ ਉਨ੍ਹਾਂ ਨੂੰ ਉਹ ਕੁਝ ਹੀ ਦਿਖਾਈ ਦਿੰਦਾ ਹੈ ਜੋ ਉਨ੍ਹਾਂ ਦੀ ਸੋਚਣੀ ਵਿੱਚ ਹੁੰਦਾ ਹੈ। ਉਨ੍ਹਾਂ ਦੀਆਂ ਤੁਕਾਂ, ਇੰਜ ਲਗਦਾ ਹੈ, ਕਿ ਵੱਖ ਵੱਖ ਮੁੱਦਿਆਂ ਨੂੰ ਮੋਹਰੇ ਰੱਖ ਕੇ, ਜਿਵੇਂ ਕਿ ਮਨੁੱਖ ਤੇ ਇਤਿਹਾਸ ਤੋਂ ਲੈ ਕੇ ਅਖਲਾਕ ਤੇ ਧਰਮ, ਲੇਖਣੀ ਰਾਹੀਂ, ਬੁੱਤ ਘੜ ਕੇ ਰੱਖ ਦਿੱਤੇ ਹੋਣ।

ਇਹ ਆਖਣਾ ਬਹੁਤ ਜ਼ਰੂਰੀ ਹੈ ਕਿ ਉਨ੍ਹਾਂ ਦੀ ਕਿਤਾਬ 'ਬੰਦਗੀ-ਨਾਮਾ' ਨਾ ਕੇਵਲ ਉਨ੍ਹਾਂ ਦੀ ਇੱਕ ਪ੍ਰੌੜ ਤੇ ਅਪਣੇ ਆਪ ਵਿੱਚ ਇੱਕ ਮੁਕੰਮਲ ਕਿਤਾਬ ਹੈ,

ਬਲਕਿ ਕਿਹਾ ਜਾ ਸਕਦਾ ਹੈ ਕਿ ਬਿਨਾ ਸ਼ੱਕ, ਵਿਆਖਿਆ ਵਿੱਚ ਸੰਪੂਰਣ ਕਿਤਾਬ ਭੀ ਹੈ, ਕਿਉਂਕਿ ਉਸ ਵਿੱਚ ਗੁਰੂ ਗਰੰਥ ਸਾਹਿਬ ਵਿੱਚ ਲਿਖੇ ਅਨੁਸਾਰ ਉਨ੍ਹਾਂ ਦੇ ਆਪਣੇ 'ਸਿੱਖ ਤੇ ਗੁਰਬਾਣੀ' ਬਾਬਤ ਮੂਲ ਵਿਚਾਰਾਂ ਦਾ ਸਮਾਗਮ ਹੈ।

ਮਾਝੇ ਮਾਲਵੇ ਕਰਕੇ, ਨਾਂ ਜੱਟ ਤੇ ਭਾਪੇ ਕਹਿਕੇ ਸਾਡੀ ਅੰਦਰਲੀ ਸ਼ਕਤੀ ਨੂੰ ਕੋਈ ਢਾਹ ਨਹੀਂ ਸੀ ਸਕਦਾ।

ਇਹੋ ਜਿਹੇ ਘਲੂਘਾਰੇ ਤਾਂ, ਜਦ ਗੁਰੂ ਜੀ ਨੇ ਸਿੱਖ ਸਜਾਏ ਸਨ ਤਾਂ ਵਿਧਾਤਾ ਨੇ ਇਸ ਕੌਮ ਦੀ ਕਿਸਮਤ ਵਿੱਚ ਲਿਖ ਦਿੱਤੇ ਸਨ। ਤਲਵਾਰਾਂ ਦੀ ਛਨਕਾਰ ਵਿੱਚ ਜਿਹੜੀਆਂ ਕੌਮਾਂ ਪੈਦਾ ਹੁੰਦੀਆਂ ਹਨ, ਉਹ ਚੁਪ ਕਰਕੇ ਨਹੀਂ ਬੈਠ ਸਕਦੀਆਂ। ਵਾਹਿਗੁਰੂ ਨੇ ਉਨ੍ਹਾਂ ਲਈ ਕਾਨੂੰਨ ਬਣਾਇਆ ਹੁੰਦਾ ਹੈ ਕਿ ਉਨ੍ਹਾਂ ਨੂੰ ਅਗਨੀ ਪਰੀਕਸ਼ਾ ਦੇਣੀ ਪੈਂਦੀ ਰਿਹਾ ਕਰੇਗੀ। ਜਿਵੇਂ ਕੁੰਦਨ ਬਨਣ ਲਈ ਸੋਨਾ ਅੱਗ ਵਿੱਚੋਂ ਨਿਕਲਦਾ ਹੈ। ਪਰ ਉਸ ਯੁਗ ਦੇ ਸਿੱਖ ਬਹਾਦਰਾਂ ਕਦੇ ਘਸੁੰਨ ਵੀ ਨਹੀਂ ਸੀ ਵਟਿਆ। ਤਲਵਾਰ ਸੀ, ਅੰਦਰ ਲੜ ਸਕਣ ਦੀ ਅੱਗ ਸੀ ਪਰ ਉਸ ਵੇਲੇ ਕੇਵਲ ਜਰਨ ਸ਼ਕਤੀ ਦੀ ਹੀ ਅਜ਼ਮਾਇਸ਼ ਸੀ। ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸਾਨੀ ਕੁਰਬਾਨੀ ਸਿੰਘਾਂ ਨੂੰ ਮੀਲ ਪਥੱਰ ਦਿਸਦੇ ਰਹਿੰਦੇ ਸਨ। ਚਾਰੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਆਮ ਸਿੱਖਾਂ ਦਾ ਬਲ-ਬੂਤਾ ਬਣ ਗਿਆ ਸੀ ਤੇ ਉਹ ਤਾਂਘਦੇ ਸਨ ਸ਼ਹੀਦੀਆਂ ਦੇ ਕੇ ਪੁਰਾਤਨ ਸ਼ਹੀਦਾਂ ਨੂੰ ਜਾ ਮਿਲਣਾ ਤੇ ਉਨ੍ਹਾਂ ਦੀ ਚਰਨ ਰੱਜ ਮਸਤਕ ਤੇ ਲਗਾਣੀ।

ਕਿਆ ਖੇੜਾ ਸੀ ਇਹਨਾਂ ਦੇ ਮੂੰਹ ਤੇ, ਟਹਿਕਦੇ ਫੁੱਲ ਵਾਂਗ ਉਤਸ਼ਾਹ ਭਰੀ ਜਾਂਦੇ ਸਨ। ਸਿੱਖ ਬੱਚਿਆਂ ਤੇ ਤੀਵੀਆਂ ਵਿੱਚ ਕਾਲੀਆਂ ਪਗੜੀਆਂ ਨਾਲ ਸਜੇ ਸਿੱਖਾਂ ਦਾ ਛੋਟਾ ਵੱਡਾ ਜੱਥਾ ਜਿਧਰੋਂ ਲੰਘ ਜਾਂਦਾ, ਸਿੱਖ ਛੱਡ ਅਸਿੱਖ ਭੀ ਉਹਨਾਂ ਤੇ ਫੁੱਲਾਂ ਦੀ ਬਰਖਾ ਕਰਦੇ ਸਨ। ਗੁੱਸੇ ਦੀ ਅੱਗ ਹੋਵੇ ਪਰ ਉਸਨੂੰ ਆਦਰਸ਼ਕ ਜੋਸ਼ ਬਣਾ ਦਿੱਤਾ ਜਾਵੇ, ਜੋਸ਼ ਹੋਵੇ ਤੇ ਨਾਲ ਹੋਸ਼ ਮਿਲਾ ਦਿੱਤਾ ਜਾਵੇ, ਤੀਰ ਹੋਣ ਤਰਕਸ਼ ਵਿੱਚ ਪਰ ਚਲਾਵੇ ਤੀਰ ਬਾਣੀ ਦੇ। ਵਲਵਲਾ ਹੋਵੇ ਪਿਆਰ ਦਾ, ਗੁਰੂ ਦੇ ਦਰਬਾਰ ਦਾ, ਤਾਕਤ ਹੋਵੇ ਰੁਸਤਮ ਦੀ ਪਰ ਉਸਦਾ ਸੌਦਾ ਕਰ ਕੇ ਵਣਜ ਬਣਾ ਦਿੱਤੀ ਜਾਵੇ ਹਲੀਮੀ ਦੀ। ਜੇ ਤਕੜੀ ਵਿੱਚ ਪਾਈ ਜਾਵੇ ਤਾਂ ਦੁਸ਼ਮਣ ਦੀ ਪੰਜ-ਸੇਰੀ ਉਤਾਂਹ ਟੰਗੀ ਰਹਿ ਜਾਵੇ ਦੂਜਾ ਪੱਲਾ ਧਰਤੀ ਵਿੱਚ ਧਸੇ ਜਾਵੇ, ਜਿਵੇਂ ਕਿ ਹਲੀਮੀ ਦਾ ਵਜ਼ਨ ਧਰਤ ਜਿੱਡਾ ਹੈ। ਧਰਤੀ ਵਿੱਚ ਖੁਭ ਖੁਭ ਜਾਏ। ਬੇਰਹਿਮੀ ਇੱਕ ਪਾਸੇ ਤੇ ਰਹਿਮ ਦਾ ਵਗਦਾ ਦਰਿਆ ਦੂਜੇ ਪਾਸੇ। ਅਜੀਬ ਫਯਾਜੀ ਹੈ ਗੁਰੂ ਸਹਿਬਾਨ ਦੀ, ਜਿਨ੍ਹਾਂ ਨੇ ਗੁਰ ਸਿੱਖ ਨੂੰ ਇਕ ਪਾਸੇ ਸ਼ਾਂਤੀ, ਅਨੰਦ ਤੇ ਇਕਾਗਰਤਾ ਬਖਸ਼ੀ ਤੇ ਦੂਜੇ ਪਾਸੇ ਨਿਰਭੈਤਾ, ਸੂਰਮਗਤੀ ਅਤੇ ਕੁਰਬਾਨੀ ਤੇ ਇਹਨਾਂ ਸਭ ਦਾ ਸੋਮਾਂ ਨਾਮ-ਸਿਮਰਨ, ਜਿਵੇਂ ਸਮੁੰਦਰ ਲਾਗੇ ਦਾ ਛੱਪੜ ਜਿਸ ਨਾਲ ਸਮੁੰਦਰ ਦਾ ਸੰਬੰਧ ਹੋਵੇ, ਜਿਸ ਵਿੱਚ ਸਮੁੰਦਰ ਤੋਂ ਨਿਕਲ ਨਿਕਲ ਕੇ ਪਾਣੀ

ਪੈਣਾ ਸ਼ੁਰੂ ਹੋ ਜਾਵੇ, ਕਦੀ ਨਹੀਂ ਸੁਕਦਾ, ਅਤੇ ਸਦਾ ਨਕਾ ਨੱਕ ਭਰਿਆ ਭਰਿਆ ਰਹਿੰਦਾ ਹੈ, ਉਸੇ ਤਰ੍ਹਾਂ ਅਕਾਲ ਪੁਰਖ ਨਾਲ ਸਿਮਰਨ ਕਮਾਈ ਰਾਹੀਂ ਅੰਦਰੋਂ ਜੁੜੇ ਸੁਰ-ਸਿੱਖ ਅੰਦਰ ਅਕਾਲ ਪੁਰਖ ਦੀਆਂ ਸ਼ਕਤੀਆਂ ਠਾਠਾਂ ਮਾਰਨ ਲੱਗ ਜਾਂਦੀਆਂ ਹਨ। ਜਿਵੇਂ ਇੱਕੋ ਪਾਣੀ ਦੀਆਂ ਦੋ ਹਾਲਤਾਂ ਭਾਫ ਤੇ ਬਰਫ ਅਖਵਾਂਦੀਆਂ ਹਨ, ਉਸੇ ਤਰ੍ਹਾਂ ਇੱਕੋ ਅਕਾਲ ਸ਼ਕਤੀ ਗੁਰ-ਸਿੱਖਾਂ ਵਿੱਚ ਦੋ ਸੂਰਤਾਂ, ਸ਼ਹੀਦੀ ਅਤੇ ਸੂਰਮ-ਗਤੀ ਵਿੱਚ ਜ਼ਾਹਿਰ ਹੁੰਦੀ ਹੈ।

੧੯੪੩ ਵਿੱਚ ਬੀਰ ਜੀ ਨੇ ਸਿੱਖ ਨੌਜਵਾਨਾਂ ਦੀ ਭੇਟਾ ਕੀਤੀ ਇੱਕ ਕਿਤਾਬ "ਖਾਲਸਈ ਸ਼ਾਨ", ਤੇ ਨਾਲ ਹੀ ਯਾਦ ਕਰਵਾਇਆ "ਸੂਰਾ ਸੋ ਪਹਿਚਾਨੀਏ ਜੋ ਲੜੇ ਦੀਨ ਕੇ ਹੇਤੁ, ਪੁਰਜਾ ਪੁਰਜਾ ਕੱਟ ਮਰੇ ਕਬਹੂੰ ਨਾ ਛਾਡੇ ਖੇਤੁ।"

੧੯੨੦-੩੦ ਦੀ ਬਹਾਦਰੀ ਦੇ ਕਾਰਨਾਮੇ ਪੀਲੇ ਪੈਂਦੇ ਪੈਂਦੇ ਗਿਰਾਵਟ ਦੀ ਸ਼ਕਲ ਤੱਕ ਪਹੁੰਚ ਗਏ। ਦਰਦਾਂ ਵਾਲਿਆਂ ਦੇ ਦਿਲਾਂ ਵਿੱਚੋਂ ਦਰਦ ਜਾਗ ਪਏ। ਇੱਕ ਦਰਦੀ ਹੀਰਾ ਸਿੰਘ ਦਰਦ ਨੇ ਸਿੱਖ ਕੌਮ ਨੂੰ ਅੜਾ ਅੜਾ ਕੇ ਯਾਦ ਕਰਾਇਆ, ਜਦੋਂ ਕੌਮ ਨੇ ਫਿਰ ਜਿੱਤ ਕੇ ਹਾਰ ਖਾਧੀ ਤੇ ਸਰਕਾਰ ਦੀਆਂ ਸ਼ਰਤਾਂ ਮੰਨ ਕੇ ਜੇਲ੍ਹਾਂ ਵਿੱਚੋਂ ਰਿਹਾਈ ਲੈ ਲਈ। 'ਦਰਦ' ਨੇ ਹੰਝੂ ਵਗਾਂਦਿਆਂ ਗਾਇਆ:

"ਪੱਤੇ ਚਬਣੇ ਨਾ ਪਏ, ਨਾ ਮੁੱਠੀ ਛੋਲੇ।
ਸਿਰ ਤੇ ਪੀਪੇ ਤੇਲ ਦੇ ਆ ਕਿਸੇ ਨਾਂਹ ਡੋਹਲੇ।
ਖ਼ੂਨ ਨਾ ਵਗਿਆ ਤੁਸਾਂ ਦਾ ਦੋ ਚਾਰ ਕੁ ਤੋਲੇ।
ਪੁਰਜਾ ਪੁਰਜਾ ਕੱਟ ਮਰੇ ਗੁਰਸਿੱਖ ਨਾ ਡੋਲੇ।"

ਇਸੇ ਤਰ੍ਹਾਂ ਦੇ ਦਰਦ ਮੰਦ ਰਘਬੀਰ ਸਿੰਘ 'ਬੀਰ' ਨੇ ਮੀਰ ਕੋਟੀਆ ਦਲੇਰ ਅਤੇ ਮੱਸਾ ਰੰਗੜ ਦੀ ਘਟਨਾ ਸੁਣਾਈ ਤੇ ਦੇਖੋ ਇਸ ਕਹਾਣੀ ਦਾ ਵਹਾਅ:

"ਮੱਸਾ ਗਿਆ ਹੰਕਾਰਿਆ, ਹੰਕਾਰਿਆ ਸੋ ਮਾਰਿਆ।
ਦਿਲ ਥੀਂ ਖੁਦਾ ਨੂੰ ਭੁੱਲ ਕੇ, ਮਾਯਾ ਦੇ ਉੱਤੇ ਡੁਲ੍ਹ ਕੇ।
ਬਾਹਵਾਂ ਦੇ ਉੱਤੇ ਫੁੱਲ ਕੇ, ਪਾਪਾਂ ਦੇ ਉਤੇ ਤੁਲਕੇ।
ਕਰਕੇ ਗਲਾਮ ਇਸਲਾਮ ਨੂੰ।

ਹੀਰਾ ਸਿੰਘ ਦਰਦ ਵਾਂਗਰ ਇਸ ਦਰਦੀ ਨੇ ਵੀ ਨਹੋਰੇ ਮਾਰੇ —

"ਉਹ ਕੌਮ ਜਿਸ ਦੇ ਬੂਹੇ ਦੇ ਉੱਤੇ,
ਰਿਧੀ ਸਿਧੀਆਂ ਦੀ ਭਰਮਾਰ ਹੁੰਦੀ।
ਅੱਜ ਆਪਣੀ ਸ਼ਾਨ ਨੂੰ ਭੁੱਲ ਕੇ ਤੇ,
ਡਿੱਠੀ ਚੋਣਾਂ ਦੇ ਵਿੱਚ ਖਵਾਰ ਹੁੰਦੀ।

ਪੁੱਠੇ ਕਰਕੇ ਟੰਗਿਆ ਅੱਗ ਉਤੇ,
ਨੀਵੀਂ ਰਤਾ ਵੀ ਨਾਂਹ ਹੋਈ 'ਸ਼ਾਨ' ਜਿਸਦੀ।
ਸੜਿਆ ਭਠੀਆਂ ਵਿੱਚ ਨਾ ਸਿਰੜ ਜਿਸਦਾ,
ਕੀਮਾ ਹੋ ਕੇ ਪਿਸੀ ਨਾ 'ਆਨ' ਜਿਸਦੀ।
ਘੋੜੇ ਰੌਂਦ ਨਹੀਂ ਸਕੇ ਅਣਖ ਜਿਸਦੀ,
ਕੁਚਲੀ ਇੰਜਨਾਂ ਨਾ 'ਆਨ' 'ਸ਼ਾਨ' ਉਸਦੀ।

.........................

ਉਹ ਕੌਮ ਐਸੀ ਬੇ-ਮੁਹਾਰ ਹੋਈ,
ਜੱਥੇਦਾਰ ਘਰ ਘਰ ਅੰਦਰ ਹੋਣ ਬੈਠੇ।
ਕਿਤੇ ਲੁਕੇ ਸੱਚੇ ਖ਼ੈਰਖਾਹ ਦਰਦੀ,
ਫੁਟ ਫੁਟ ਕੇ 'ਫੁੱਟ' ਨੂੰ ਰੋਣ ਬੈਠੇ।

.........................

ਦੇ ਕੇ ਐਡੀ ਬਹਾਦਰੀ ਖਾਲਸੇ ਨੂੰ,
'ਜੱਥੇਦਾਰ' ਚਾ ਦੇਂਦੋਂ ਤਾਂ ਕੀ ਹੁੰਦਾ।
ਫਤਹ ਕਰਨ ਮਗਰੋਂ ਜਾਚ ਸਾਂਭਣੇ ਦੀ,
ਸਿਰਜਨਹਾਰ ਜੇ ਦੇਂਦੋਂ ਤਾਂ ਕੀ ਹੁੰਦਾ।
ਜਿਥੇ ਦਿੱਤੀਆਂ ਸੀ ਬੇਸ਼ੁਮਾਰ ਸਿਫਤਾਂ, ਹੋਰ ਚਾਰ ਦੇ ਦਿੰਦੋਂ ਤਾਂ ਕੀ ਹੁੰਦਾ।
ਜਿੱਥੇ ਮੋਰ ਤਾਈਂ ਕੋਝੇ ਪੈਰ ਦੇ ਕੇ,
ਰੂਪ ਉਸਦੇ ਨੂੰ ਸ਼ਰਮਸਾਰ ਕੀਤਾ।
ਓਵੇਂ ਫੁਟ ਦੀ ਬਜ ਲਾ ਖਾਲਸੇ ਨੂੰ,
ਡਾਹਢਾ ਸੂਰਾ ਰੱਬਾ ਤੂੰ ਖਵਾਰ ਕੀਤਾ।"

ਚੋਟ ਦੋਵਾਂ ਕਵੀਆਂ ਨੂੰ ਇੱਕੋ ਲੱਗੀ ਹੈ, ਬਾਣ ਇੱਕੋ ਲੱਗਾ ਹੈ, ਰੋਸ ਉਸੇ ਤਰ੍ਹਾਂ ਜਾਗਿਆ ਹੈ। ਦੋਵੇਂ ਪੱਥਰਾਂ ਨੂੰ ਰੁਆ ਸਕਦੇ ਹਨ ਪਰ ਫ਼ਿਰ ਭੀ ਰਘਬੀਰ ਸਿੰਘ 'ਬੀਰ' ਵਿੱਚ ਪਕਿਆਈ ਹੈ। ਉਹ ਰੋਂਦਾ ਰੋਂਦਾ ਵੀ ਹੋਰ ਲੋਕਾਂ ਦੀ ਟਿਚਕਰ ਨਹੀਂ ਬਰਦਾਸ਼ਤ ਕਰਦਾ। ਉਹ ਸ਼ਿਕਾਰੀਆਂ ਨੂੰ ਸੁਨਾਣੋਂ ਨਹੀਂ ਰਹਿ ਸਕਦਾ ਕਿ ਦੇਖੀਂ ਕਿਧਰੇ ਸਿੱਖਾਂ ਦੀ ਖੁਮਾਰੀ ਭਰੀ ਨੀਂਦਰ ਨੂੰ ਮੌਤ ਸਮਝ ਲਵੇਂ ਤੇ ਫਿਰ ਵਖਤਾਂ ਵਿੱਚ ਪਵੇਂ। ਕਹਿੰਦੇ ਹਨ :—

"ਦੁਨੀਆਂ ! ਸਿੱਖਾਂ ਦੀ ਕਿਤੇ ਨਾ ਮੌਤ ਸਮਝੀਂ,
ਇਹਨਾਂ ਨੀਂਦਰਾਂ ਇਹਨਾਂ ਖੁਮਾਰੀਆਂ ਨੂੰ।
ਬੀਰ ਸ਼ੇਰਾਂ ਦੇ ਵਾਂਗ ਜੱਦ ਜਾਗਦੇ ਨੇ,
ਵਖਤ ਪਾ ਦੇਂਦੇਂ ਸ਼ਿਕਾਰੀਆਂ ਨੂੰ।"

ਦਿਲ ਦੇ ਦਰਦਾਂ ਤੋਂ ਇਲਾਵਾ ਰਘਬੀਰ ਸਿੰਘ 'ਬੀਰ' ਦੀ ਕਵਿਤਾ ਖਾਲਸੇ ਦੀ ਸ਼ਾਨ ਤੇ ਗਿਰਾਵਟ ਕਾਵਯ-ਰਸ ਤੇ ਕਾਵਯ-ਹੁਨਰਾਂ ਨਾਲ ਰੰਗੀ ਪਈ ਹੈ। "ਸ਼ੂਮ ਰੱਬਾ" ਇੱਕ ਐਸਾ ਰੂਪਕ-ਅਲੰਕਾਰ ਹੈ ਤੇ ਇੱਕ ਦੁਹਾਈ ਦਾ ਸੂਚਕ ਹੈ ਤੇ ਫਿਰ ਦੇਖੋ ਇਕ ਹੋਰ ਪੰਗਤੀ, ਸਤਰ "ਫੁਟ ਫੁਟ ਕੇ 'ਫੁੱਟ' ਨੂੰ ਰੋਣ ਬੈਠੇ, ਇੱਕੋ ਸ਼ਬਦ ਦਾ ਵੱਖੋ ਵਖਰੇ ਅਰਥਾਂ ਵਿੱਚ ਇਸਤੇਮਾਲ, ਕਵਿਤਾ ਦਾ ਇਕ ਸ਼ਿੰਗਾਰ ਹੈ ਤੇ ਇਸ ਨਾਲ ਜਿੱਥੇ ਸਮਝ ਨੂੰ ਵੰਗਾਰ ਹੈ ਓਥੇ ਗੀਤਮਈ ਛਨਕਾਰ ਭੀ ਹੈ। ਇਸ ਸਾਰੀ ਕਵਿਤਾ ਦਾ ਨਿਚੋੜ ਹੈ ਇਹ ਛੋਟੀਆਂ ਜਹੀਆਂ ਦੋ ਲਾਈਨਾਂ :

"ਫਤਹ ਕਰਨ ਮਗਰੋਂ ਜਾਚ ਸਾਂਭਣੇ ਦੀ
ਸਿਰਜਨਹਾਰ ਜੇ ਦੇਂਦੋਂ ਤਾਂ ਕੀ ਹੋਂਦਾ।"

ਇਹਨਾਂ ਸ਼ਬਦਾਂ ਨਾਲ ਜਿਵੇਂ ਉਨ੍ਹਾਂ ਸਾਗਰ ਨੂੰ ਗਾਗਰ ਵਿੱਚ ਬੰਦ ਦੀ ਲਿਆਕਤ ਦਰਸਾਈ ਹੈ। ਸਾਰੀ ਸਿੱਖ ਤਵਾਰੀਖ ਦਾ ਖੁਲਾਸਾ ਹੈ ਤੇ ਦਰਦਮੰਦਾਂ ਲਈ ਲਹੂ ਦੇ ਅਥਰੂ ਵਹਾਣ ਦਾ ਢੰਗ। ਇਸ ਵਿੱਚ ਸੁਨੇਹਾ ਹੈ, ਆਉਣ ਵਾਲੇ ਦਹਾਕਿਆਂ ਲਈ, ਇਸ ਵਿੱਚ ਰਾਜ਼ ਬੰਦ ਹੈ, ੧੯੮੪ ਦੀ ਤਵਾਰੀਖ ਜਿਹੜੀ ਅੰਕਿਤ ਹੋਈ ਤੇ ਜਿਸ ਨੇ ਸਿੱਖ ਵਿਚਾਰ ਨੂੰ ਢਾਹ ਲਾਈ। ਪਾਜੀਆਂ ਦੇ ਪੋਲ ਖੁਲ੍ਹੇ, ਦਰਦੀਆਂ ਦੇ ਦਿਲ ਸਿੰਮੇ ਤੇ ਸਿਮੰਦੇ ਰਹਿਣਗੇ, ਉਹਨਾਂ ਸਾਰਿਆਂ ਦੇ ਜੋ ਪਰਜਾਤੰਤਰ ਸ਼ਬਦ ਨੂੰ ਮਖੌਲ ਹੁੰਦੇ ਦੇਖ ਰਹੇ ਹਨ ਤੇ ਜਿਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਧਰਮ-ਨਿਰਪੇਖਤਾ ਦਾ ਖ਼ੂਨ ਹੋ ਰਿਹਾ ਹੈ। ਉਹ ਕੇਵਲ ਅਕਾਲੀ ਨਹੀਂ — ਸਿੱਖ ਨਹੀਂ, ਅਕਲੀਅਤਾਂ (ਘੱਟ ਗਿਣਤੀ ਕੌਮਾਂ) ਭੀ ਨਹੀਂ। ਸੱਚ ਪਛਾਨਣ ਵਾਲੇ, ਕੂੜ ਤੋਂ ਆਕੀ ਸਾਰੇ ਹਿੰਦੁਸਤਾਨੀ, ੧੯੮੪ ਲਈ, ਹਮੇਸ਼ਾਂ ਲਈ ਸ਼ਰਮਿੰਦੇ ਰਹਿੰਣਗੇ ਤੇ ੧੯੮੪ ਦੇ ਵਾਕਿਆਤ ਮੁਲਕ ਦੇ ਨਾਂ ਤੇ ਧੱਬਾ ਹੈ ਤੇ ਖਾਲਸਾ ਕੌਮ ਨੂੰ ਯਾਦ ਦਿਲਾ ਰਹੇ ਹਨ, ਬੀਰ ਜੀ ਦਾ ਦੁਖ ਭਰਿਆ ਸੁਨੇਹਾ ਉਹਨਾਂ ਦੇ ਅਕਾਲ ਚਲਾਣੇ ਤੋਂ ਕੇਵਲ ਦਸ ਵਰ੍ਹੇ ਬਾਦ। ਕੌਮ ਦੇ ਨੌਜਵਾਨੋਂ, ਅਜ਼ੀਜ਼ੋ, ਜੋਸ਼ ਤੇ ਹੋਸ਼ ਦੀ (ਮਿਲਾਵਟ, ਸੁਮੇਲ) ਕਰੋ। ਹੋ ਗੁਜ਼ਰੀਆਂ ਕਾਲੀਆਂ ਰਾਤਾਂ ਸਿੱਖੀ ਤਵਾਰੀਖ ਵਿੱਚ ਉਹਨਾਂ ਸਭ ਦੀ ਯਾਦ ਕਰੋ, ਯਾਦ ਕਰੋ ਕਿ ਕੀ ਮਿਲਿਆ ਗੁਰੂ ਨੇ ਦਿੱਤਾ, ਤੇ ਕੀ ਕੀ ਗਵਾਇਆ ਅਸਾਂ ਆਪਣੇ ਹੱਥਾਂ ਵਿੱਚ ਛੇਕ ਪਾ ਕੇ। ਬਹਾਦਰੀ ਦਾ ਵੇਲਾ ਹੈ, ਠੀਕ ਰਾਹੇ ਚਲਣ ਵਾਲੇ, ਠੀਕ ਸੋਚਾਂ ਸੋਚਣ ਵਾਲਿਆਂ ਨਾਲ ਕਦਮ ਮਿਲਾਓ ਤੇ ਸਿੱਖੀ ਦੀ ਸ਼ਾਨ ਨੂੰ ਆਂਚ ਨਾਂਹ ਲਗੱਣ ਦਿਓ। ਚਲਾਕ ਲੋਕ ਤੁਹਾਡੇ ਨਾਂ ਤੇ ਕਾਲੇ ਕਾਰੇ ਕਰਦੇ ਹਨ, ਜ਼ਲਾਲਤ ਆਪ ਕਰਦੇ ਹਨ ਤੇ ਬਦਨਾਮੀ ਤੁਸਾਂ ਨੂੰ ਦਿੰਦੇ ਹਨ। ਨਿਤਰੋ, ਦੇਸ਼ ਤੁਹਾਡੇ ਵੱਲ ਤੱਕ ਰਿਹਾ ਹੈ, ਕੌਮ ਦੀ ਡੋਲਦੀ ਬੇੜੀ ਨੂੰ ਬੰਨੇ ਲਾਓ।

# ਬੀਰ ਜੀ ਦੀ ਵਾਰਤਕ ਰਚਨਾ

ਦਿਲਾਂ ਦੀਆਂ ਮੁਹਾਰਾਂ ਨੂੰ ਮੋੜਨ ਵਾਲੀਆਂ, ਪੀਲੇ ਪੈ ਗਏ ਲਿਸੇ ਜਿਸਮਾਂ ਨੂੰ ਗਿਠ ਗਿਠ ਲਾਲੀ ਦਾਨ ਕਰਣ ਵਾਲੀਆਂ, ਢਿਲੇ ਤੇ ਅਧ-ਮੋਏ ਮਨਾਂ ਨੂੰ ਡੂੰਘਾਈ ਵਿਚੋਂ ਕਢ ਕੇ ਚੜ੍ਹਦੀ ਕਲਾ ਵਿਚ ਲੈ ਜਾਣ ਵਾਲੀਆਂ, ਜਿਥੇ ਚਾਰ ਬੰਦੇ ਰਲ ਬਹਿਣ ਉਥੇ ਤੂਤੀ ਦੀ ਆਵਾਜ਼ ਨੂੰ ਨਗਾਰਾ ਬਣਾ ਦੇਣ ਵਾਲੀਆਂ, ਕਵੀ ਦਰਬਾਰਾਂ ਦੀਆਂ ਰੂਹ-ਰਵਾਂ — ਜਾਨ ਪਾ ਦੇਣ ਵਾਲੀਆਂ, ਜੋਸ਼ ਦੀਆਂ ਨਦੀਆਂ ਵਗਾ ਦੇਣ ਵਾਲੀਆਂ ਤੇ ਖੇੜੇ ਨੂੰ ਖਿਲਾਰ ਦੇਣ ਵਾਲੀਆਂ ਕਵਿਤਾਵਾਂ ਦਾ — ਜੋ ਬੀਰ ਜੀ ਨੇ ਰਚੀਆਂ ਬਿਆਨ ਕੁਝ ਵੇਰਵੇ ਸਹਿਤ, ਉਪਰ ਆ ਚੁਕਾ ਹੈ। ਹੁਣ ਜ਼ਰਾ ਨਜ਼ਰ ਮਾਰੀਏ ਉਹਨਾਂ ਦੀ ਗਲਪ ਰਚਨਾ ਵਲ। ਗਲਪ ਵਿਚ ਉਹਨਾਂ ਗਿਆਰਾਂ ਪੁਸਤਕਾਂ ਲਿਖੀਆਂ ਹਨ। ਸਭੋ ਉਸਤੱਤੀ-ਯੋਗ, ਜਿੰਨੀਆਂ ਪ੍ਰਚਾਰੀਆਂ ਜਾਣ ਉਤਨੇ ਹੀ ਪਾਠਕਾਂ ਲਈ ਲਾਭ-ਵੰਦ। ਪਰ ਜਿਸ ਨੂੰ ਸ਼ਾਹਕਾਰ ਕਹਿੰਦੇ ਹਨ ਜਾਂ ਮਾਸਟਰ-ਪੀਸ ਆਖਦੇ ਹਨ, ਉਹ ਹੈ :—

**"ਬੰਦਗੀ ਨਾਮਾ"**

ਉਂਜ ਤਾਂ ਬੰਦਗੀ ਨਾਮਾ ਦੇ ਮਾਹੌਲ ਦੇ ਆਸੇ ਪਾਸੇ ਸਾਰੀਆਂ ਕਿਤਾਬਾਂ ਹੀ ਘੁੰਮਦੀਆਂ ਫਿਰਦੀਆਂ ਹਨ — ਇਕ ਤੋਂ ਇਕ ਵਖਰੀ ਸ਼ਾਨ ਨਾਲ ਤੇ ਉਡਾਰੀ ਨਾਲ ਪਰੰਤੂ "ਸਿਮਰਨ ਮਹਿਮਾ", "ਬੰਦਗੀ ਨਾਮਾ" ਦੇ ਜ਼ਿਆਦਾ ਖੱਬੇ ਸੱਜੇ ਟੁਰਦੀ ਨਜ਼ਰ ਆਉਂਦੀ ਹੈ, ਓਡੀ ਹੀ ਪ੍ਰਭਾਵਸ਼ੀਲ ਹੈ, ਓਸੇ ਮਜ਼ਮੂਨ ਦੀ ਰੋਸ਼ਨਾਈ ਤੇਜ਼ ਕਰਦੀ ਹੈ ਪਰ ਸਾਰੀਆਂ ਗਿਆਰਾਂ ਕਿਤਾਬਾਂ ਓਹਨਾਂ ਸਭ ਦੇ ਪੜ੍ਹਨ ਲਈ ਜ਼ਰੂਰੀ ਲਗਦੀਆਂ ਹਨ ਜੋ ਇਸ ਜ਼ਿੰਦਗੀ ਨੂੰ ਕਾਮਯਾਬ, ਸੁਖਾਂ-ਭਰੀ, ਭੁਖਾਂ ਤੋਂ ਨਿਵਿਰਤ ਤੇ ਉਚ ਅਵਸਥਾ ਵਿਚ ਜਾ ਵੱਸਣ ਦਾ ਤਹੀਆ ਕਰ ਲੈਣ। ਉਪਰਾਲਾ ਨਹੀਂ, ਪਕਾ ਇਰਾਦਾ ਭੀ ਕਾਫੀ ਨਹੀਂ। ਉਹ ਢਿਲ ਮੱਠ ਵਿਚ ਐਧਰ ਓਧਰ ਗਾਡੀ ਰਾਹ ਛੋਡ ਪਗ-ਡੰਡੀਆਂ ਤੇ ਪੈ ਜਾਣਗੇ। ਸਵਾਦ ਹੈ ਤਾਂ ਜੇ ਪਹਾੜ ਜਿਡਾ ਇਸਤਕਲਾਲ ਬਣਾ ਕੇ ਟੁਰੀਏ ਤੇ ਇਹਨਾਂ ਕਿਤਾਬਾਂ ਦੀ ਮਦਦ ਲੈ ਕੇ ਉਚੇ ਹੀ ਉਚੇ ਚੜ੍ਹਦੇ ਜਾਈਏ "ਜਿਥੇ ਊਂਘ ਨਾ ਭੁਖ ਹੈ" ਇਸ ਤਰ੍ਹਾਂ ਚੜ੍ਹੀਏ ਜਿਵੇਂ ਜਾਨ ਬਨੀਅਨ (John Bunyan) ਦਾ ਯਾਤਰੀ Pilgrmie Progress ਚੜ੍ਹਿਆ ਸੀ,

ਹੌਲੀ ਹੌਲੀ ਭਾਰ ਲਾਂਹਦਾ ਲਾਂਹਦਾ. ਮੰਜ਼ੂਲਾਂ ਮਾਰਦਾ ਮਾਰਦਾ, ਓਸੇ ਹੀ ਤਰ੍ਹਾਂ ਜਿਵੇਂ ਕਿ ਮਨਮੁਖ ਸਿੰਘ ਨੂੰ ਰਾਹੇ ਪਾ ਦਿਤਾ ਸੀ ਅਨੰਦਪੁਰ ਦੇ ਮਾਲਕ ਨੇ (ਰਮਜ਼ੀ ਕਹਾਣੀਆਂ)।

ਬੀਰ ਜੀ ਦੇ ਗਲਪ ਦਾ ਭੀ ਕੀ ਕਹਿਣਾ। ਮਜ਼ਮੂਨ ਰੂਹਾਨੀ ਹੈ ਪਰ ਪੇਸ਼ ਹੈ ਫਰਸ਼ੀ ਲੋਕਾਂ ਦੇ। ਸਿਧੀ ਜ਼ਬਾਨ ਵਿਚ, ਸਾਦੀ ਜ਼ਬਾਨ ਵਿਚ ਇਕ ਮਹਾਨ ਵਿਸ਼ੇ ਨੂੰ ਬਿਆਨ ਕੀਤਾ ਹੈ। ਕਿਉਂ ਇਸ ਪੌੜੀ ਤੇ ਚੜ੍ਹੋ, ਖੋਲ੍ਹ ਕੇ ਦਿਖਾਇਆ ਹੈ. ਕੀ ਮੁਸ਼ਕਲਾਂ ਆਉਣਗੀਆਂ। ਕਿੰਨ੍ਹਾਂ ਔਕੜਾਂ ਨੂੰ ਅਬੂਰ ਕਰਨਾ ਪਵੇਗਾ — ਇਹ ਸਭ ਭੀ ਇਸ ਤਰ੍ਹਾਂ ਦਿਖਾਇਆ ਹੈ ਕਿ ਪਹਿਲਾਂ ਤਿਆਰੀ ਕਰ ਸਕੀਏ। ਠੇਡੇ ਖਾਣ ਤੋਂ ਬਚ ਸਕੀਏ, ਇਸ ਪਿਛੇ ਸਦਾਕਤ ਹੈ ਇਸ ਲਈ ਸਬੂਤ ਦੀ ਭਰਮਾਰ ਹੈ। ਸਬਕ ਹੈ ਪਰ ਆਪਣੇ ਕੀਤੇ ਤਜਰਬੇ ਦਾ ਨਕਸ਼ਾ ਇਸ ਖੋਲ੍ਹ ਦਿਤਾ ਹੈ ਕਿ ਪਾਂਧੀ ਨੂੰ ਯਕੀਨ ਆ ਜਾਣਾ ਕੁਦਰਤੀ ਹੈ। ਰਬ ਦੀ ਗਲ ਕਰਦਿਆਂ ਭੀ ਸਿਰਫ ਪ੍ਰੇਰਨਾ ਹੈ ਤੇ ਪ੍ਰਚਾਰ ਹੈ, ਆਪਣੀ ਜ਼ਿੰਦਗੀ ਭਰ ਦੀ ਇਬਾਦਤ ਦਾ ਪੂਰਾ ਵੇਰਵਾ ਹੈ - ਜ਼ਬਾਨ ਸਾਦਾ ਹੈ, ਮਿਲਾਪ ਦੀ ਘੁੰਡੀ ਖੋਹਲੀ ਗਈ ਹੈ ਪਰ ਗਲਪ ਦੀ ਸ਼ੈਲੀ ਕਮਾਲ ਦੀ ਹੈ। ਲਿਖਣ-ਢੰਗ ਇਤਬਾਰ ਜਮਾਂਦਾ ਹੈ, ਪ੍ਰੇਰਨਾ ਦੇਂਦਾ ਹੈ, ਰਾਹੇ ਪਾਂਦਾ ਹੈ. ਕੁਰਾਹਾਂ ਤੋਂ ਰੋਕਦਾ ਹੈ ਤੇ ਅਨੰਦ ਦੇ ਸੋਮੇਂ ਇੰਜ ਖੋਲ੍ਹਦਾ ਹੈ ਕਿ ਪਾਠਕ ਸੁਤੇ-ਸਿੱਧ ਉਸਦਾ ਕਾਇਲ ਹੋ ਜਾਂਦਾ ਹੈ। ਅਨੰਦ ਦੇ ਖ਼ਜ਼ਾਨੇ ਦੀ ਕੁੰਜੀ ਬੀਰ ਜੀ ਨੇ ਪਾਠਕ ਦੇ ਹਥੀਂ ਫੜਾ ਦਿੱਤੀ ਹੈ ਪਰ ਸੋਹਜ-ਕਲਾ ਜੋ ਉਹਨਾਂ ਦੀ ਗਲਪ ਦਾ ਆਪ-ਮੁਹਾਰਾ ਭੂਸ਼ਨ ਬਣ ਗਿਆ ਹੈ, ਉਹ ਟੈਹਕ ਟੈਹਕ ਪੈਂਦਾ ਹੈ। ਮਜ਼ਮੂਨ ਨੂੰ ਰੰਗ ਚਾੜ੍ਹ ਦੇਂਦਾ ਹੈ — ਕੁਝ ਨਮੂਨੇ ਸੰਖੇਪ ਜਹੇ ਕਾਂਡ ਦੇ ਅਖੀਰ ਵਿਚ ਸਜਾ ਦਿਤੇ ਹਨ। ਸਫਾ ਨੰਬਰ ਭੀ ਦੇ ਦਿਤਾ ਹੈ ਕਿ ਪੜ੍ਹੋ ਤੇ ਸਵਾਦ ਮਾਣੋਂ।

ਰਹੀ ਗਲ ਮਜ਼ਮੂਨ ਦੀ — ਸੁਨੇਹੇ ਦੀ ਜੋ ਬੀਰ ਜੀ ਨੇ ਸੁਣਾਇਆ ਹੈ। ਉਹ ਹੈ ਪ੍ਰਭੂ ਦੀ ਪ੍ਰਾਪਤੀ ਦੇ ਸਾਧਨ ਤੇ ਸਾਧਨਾਂ ਦਾ ਸਿਲਸਿਲੇਵਾਰ ਨੰਬਰਵਾਰ, ਕਰਮਵਾਰ, ਨਾਮ ਜਪਣ ਦਾ ਤਰੀਕਾ, ਨਾਮ ਦੀਆਂ ਅਵਸਥਾਵਾਂ ਤੇ ਲਾਭ ਪੰਨਾ ਸਤਾਨਵੇਂ, ਸਠ ਤੋਂ ਪਛੰਤਰ ਤੇ ਅੱਸੀ ਤੇ ਖੋਲ੍ਹ ਦਿਤੇ ਗਏ ਹਨ, ਜਿਸਦੇ ਕੁਝ ਵਿਸਥਾਰ ਇਸੇ ਕਾਂਡ ਦੇ ਅਖੀਰ ਵਿਚ ਦਿਤੇ ਗਏ ਹਨ। ਹੋਰ ਬੇਅੰਤ ਮਜ਼ਮੂਨ ਛੋਹੇ ਗਏ ਹਨ ਤੇ ਤੋੜ ਨਿਭਾਏ ਗਏ ਹਨ, ਕੁਝ ਥੋੜ੍ਹੇ ਪੈਹਰਿਆਂ ਵਿਚ ਤੇ ਜ਼ਿਆਦਾ ਪੰਨਿਆਂ ਵਿਚ, ਜਿਵੇਂ ਕਿ ਬਾਣੀ ਤੇ ਨਾਮ ਦਾ ਪਰਸਪਰ ਸੰਬੰਧ, ਪ੍ਰਸਪਰ ਲੋੜ, ਪ੍ਰਸਪਰ ਰੰਗ ਤੇ ਪ੍ਰਸਪਰ ਸਚ ਦੇ ਨਾਲ ਜੁੜਨ ਦੀ ਮਹੱਤਤਾ। ਦਲੀਲ ਤੇ ਮਸਤੀ ਦੀ ਬੜੀ ਹੁਸੀਨ ਰੰਗਤ ਇਸ ਕਿਤਾਬ ਵਿਚ ਹੈ। ਸਚ ਪੁਛੋ ਤਾਂ ਇਸ ਕਿਤਾਬ ਦੇ ਪੜ੍ਹਨ ਵਾਲੇ ਨੂੰ ਅਨੰਦ ਦੇ ਝੋਂਲੇ ਪੈਣ, ਅਨੰਦ ਦੀ ਛੋਹ ਲਗਣੀ ਕੁਦਰਤੀ ਹੈ ਤੇ ਜਿਹੜਾ ਅਮਲ ਕਰ ਲਵੇ, ਖੁਸ਼ਕਿਸਮਤ ਹੋਵੇ, ਗੁਰੂ ਆਪ ਪ੍ਰੇਰ ਲਵੇ, ਖਿਚ ਲਵੇ ਤਾਂ ਜ਼ਿੰਦਗੀ ਦਾ ਸਭ ਤੋਂ ਵਡਾ ਖ਼ਜ਼ਾਨਾ ਪਾਠਕ ਨੂੰ ਮਿਲ ਜਾਵੇਗਾ ਤੇ "ਉਹ

ਰਸ ਪੀਆ ਇਹ ਰਸ ਨਹੀ ਭਾਵਾ" ਵਾਲੀ ਦਸ਼ਾ ਦਿਮਾਗ ਅਗੇ ਤਾਰੀ ਹੋ ਜਾਵੇਗੀ।

ਇਸ ਕਿਤਾਬ ਦੇ ਹਰ ਪੰਨੇ ਦੇ ਧੁਰ ਉਪਰ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਚੋਣਵੇਂ ਢੁਕਵੇਂ ਪੈਗਾਮ ਹਨ, ਜਿਨ੍ਹਾਂ ਨੂੰ ਪੜ੍ਹ ਪੜ੍ਹ ਇਨਸਾਨ ਦੇ ਅੰਦਰ ਦੀ ਲੋਅ ਪਰਜਵਲਿਤ ਹੁੰਦੀ ਹੈ। ਇਨ੍ਹਾਂ ਵਿਚੋਂ ਕੁਝ ਚੋਣਵੇਂ ਨਮੂਨੇ — ਮੁਹਾਵਰਿਆਂ ਜਿਹਾਂ ਦੀ ਸ਼ਕਲ ਵਿਚ ਕਢ ਕੇ ਪ੍ਰੋਏ ਜਾਂਦੇ ਹਨ।

## ਬੰਦਗੀ ਨਾਮਾ

ਆਪਣੀ ਅਤੀ ਪ੍ਰਸਿੱਧ ਕਿਤਾਬ ਬੰਦਗੀ ਨਾਮਾ "ਜਿਸਦੀ ਦਸਵੀ ਐਡੀਸ਼ਨ ੧੯੮੮ ਵਿੱਚ ਛਪੀ) ਦੀ ਭੂਮਿਕਾ ਵਿੱਚ ਲਿਖਦੇ ਹਨ ਕਿ ਉਹਨਾਂ ਦੇ ਅੰਦਰੋਂ ਹਮੇਸ਼ਾ ਇਕ ਆਵਾਜ਼ ਆਉਂਦੀ ਸੀ ਕਿ 'ਬੰਦਗੀ ਕਰ', ਤਾਂ ਉਹਨਾਂ ਨੇ ਇਸ ਆਵਾਜ਼ ਅੱਗੇ ਆਪਣੇ ਸਾਰੇ ਸ਼ੰਕੇ ਰੱਖ ਦਿੱਤੇ "ਮੈਂ ਕਿਉਂ ਬੰਦਗੀ ਕਰਾਂ, ਕਿਉਂ ਅੱਖੀਆਂ ਮੀਟਾਂ ?" ਉੱਤਰ ਮਿਲਿਆ "ਜੋ ਦੁਨੀਆਂ ਤੈਨੂੰ ਸੋਹਣੀ ਨਜ਼ਰ ਆਉਂਦੀ ਹੈ, ਇਹ ਅਸਲ ਵਿੱਚ ਤੇਰਾ ਆਪਣਾ ਨੁਕਤਾ-ਨਿਗਾਹ ਹੈ।"

"ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੇ ਭਾਣੈ ਸਭ ਰੋਗੀ।"

ਸਿਤਾਰੇ ਬੜੇ ਸੋਹਣੇ ਹਨ। ਪਰ ਪੁਛੋ ਤਾਂ ਕਿਸੇ ਬਿਰਹਨ ਕੋਲੋਂ, ਜਿਸ ਨੂੰ ਉਹ ਟਿਚਰਾਂ ਕਰਦੇ ਨਜ਼ਰ ਆਉਂਦੇ ਹਨ। ਇਸ ਦੁਨੀਆਂ ਨੂੰ ਜਿਸ ਭਾਵ, ਮਨ ਦੀ ਅਵਸਥਾ ਨਾਲ ਦੇਖੋ ਉਹ ਵੈਸੀ ਹੀ ਭਾਸਦੀ ਹੈ। ਚੰਗਾ ਹੋਵੇਗਾ ਜੇ ਇਸ ਤਾਕਤ ਦਾ ਇਸਤੇਮਾਲ ਬਾਹਰੀ ਦੁਨੀਆਂ ਦੀ ਬਜਾਏ ਅੰਦਰ ਵੱਲ ਮੋੜ ਕੇ ਦੇਖੋ ਤਾਂ ਤੁਹਾਡੇ ਸਾਰੇ ਸ਼ਕ ਦੂਰ ਹੋ ਜਾਣਗੇ ਤੇ ਅਸਲੀਅਤ ਦੀ ਸਮਝ ਆ ਜਾਵੇਗੀ, ਮੌਤ ਦਾ ਡਰ ਨਹੀਂ ਰਹੇਗਾ, ਦੁਨੀਆਂ ਤੇ ਦੁਨੀਆਂ ਦੀਆਂ ਖੁਸ਼ੀਆਂ ਗਮੀਆਂ ਤੁੱਛ ਜਾਪਣਗੀਆਂ, ਅੰਦਰੂਨੀ ਤਾਕਤਾਂ ਜਾਗਣਗੀਆਂ, ਜਿਨ੍ਹਾਂ ਦੇ ਸਾਹਮਣੇ ਕਿਸੇ ਦੁਨਿਆਵੀ ਤਾਕਤ ਦੀ ਕੋਈ ਹਸਤੀ ਨਹੀਂ ਰਹੇਗੀ। ਮੌਤ ਦਾ ਭੈ ਦੂਰ ਹੋ ਜਾਵੇਗਾ। ਮਨੁੱਖ ਕਹਿੰਦਾ ਹੈ 'ਭੂਖੇ ਭਗਤਿ ਨ ਕੀਜੈ" ਪਰ ਦਰਅਸਲ ਬਿਨਾ ਸੰਤੋਖ 'ਭੂਖਾ ਨਹੀਂ ਰਾਜੈ' ਸੱਚ ਹੈ।

ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝਣਾ ਕੋਈ ਸੋਖਾ ਕੰਮ ਨਹੀਂ। ਜ਼ਰੂਰੀ ਹੈ ਕਿ ਵਿਚਾਰਵਾਨ ਖੋਜੀ ਨੂੰ ਕਈ ਸ਼ੰਕੇ ਪੈਦਾ ਹੋਣ ਤੇ ਉਹਨਾਂ ਨੂੰ ਦੂਰ ਕਰਨ ਵਾਸਤੇ ਸਿੱਖਾਂ ਵਿੱਚ ਕੋਈ ਤਸੱਲੀ ਬਖ਼ਸ਼ ਪ੍ਰਬੰਧ ਨਹੀਂ। ਮੈਂ ਸਮਝਣ ਵਾਸਤੇ ਦਿਲੋਂ ਪ੍ਰਾਰਥਨਾ ਕਰਦਾ ਅਤੇ ਦਿਲ ਵਿੱਚ ਯਕੀਨ ਕਰਦਾ ਕਿ ਗੁਰਵਾਕ ਬਿਲਕੁਲ ਠੀਕ ਹਨ, ਮੇਰੀ ਅਕਲ ਊਣੀ ਹੋਣ ਕਰਕੇ ਅਜੇ ਸਮਝ ਨਹੀਂ ਸਕਦੀ। ਮੇਰੀ ਖੋਜ ਦਾ ਤਰੀਕਾ ਧਰਮ ਪੁਸਤਕਾਂ ਪੜ੍ਹਨੀਆਂ, ਸੱਚੇ ਮਹਾਤਮਾਂ ਦਾ ਸਤਸੰਗ ਕਰਨਾ ਤੇ ਉਹਨਾਂ ਦੇ ਉਪਦੇਸ਼ਾਂ ਨੂੰ ਬੰਦਗੀ ਦੇ ਜ਼ਰੀਏ ਪਰਤੱਖ ਦੇਖਣਾ, ਸਮਝਣ, ਅਜ਼ਮੌਣ ਦੀ ਕੋਸ਼ਿਸ਼ ਕਰਨੀ ਅਤੇ ਨਤੀਜਿਆਂ ਨੂੰ ਨੋਟ ਕਰਨਾ, ਰਿਹਾ ਹੈ। ਦਸਦੇ ਹਨ "ਮੇਰੀ ਇਸ ਨਵੀਂ

ਦੁਨੀਆਂ ਵਿੱਚ ਦੁੱਖ ਨਹੀਂ, ਸੰਤਾਪ ਨਹੀਂ, ਕਲਪਣਾ ਨਹੀਂ, ਭਟਕਣਾ ਨਹੀਂ, ਭੁੱਖ ਨਹੀਂ, ਤ੍ਰਿਸ਼ਨਾ ਨਹੀਂ, ਅਨੰਦ ਹੀ ਅਨੰਦ ਹੈ, ਸ਼ਾਂਤੀ ਹੀ ਸ਼ਾਂਤੀ ਹੈ, ਸਰੂਰ ਹੀ ਸਰੂਰ ਹੈ, ਬੇ-ਪਰਵਾਹੀ ਹੀ ਬੇ-ਪਰਵਾਹੀ ਹੈ।"

"ਅਨੰਦ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ।
ਸੱਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ।।"

ਬੰਦਗੀ ਦੇ ਜ਼ਰੀਏ ਰੱਬ ਨਾਲ ਇੱਕ ਹੋਣ ਦੀ ਜਾਚ ਆ ਜਾਂਦੀ ਹੈ ਅਤੇ ਰੱਬ ਨਾਲ ਇੱਕ ਹੋਇਆਂ ਰੱਬ ਦੀਆਂ ਸਾਰੀਆਂ ਤਾਕਤਾਂ ਤੇ ਖ਼ੂਬੀਆਂ ਬੰਦਗੀ ਕਰਨ ਵਾਲਿਆਂ ਵਿੱਚ ਆ ਜਾਂਦੀਆਂ ਹਨ। ਬੰਦਗੀ ਕਰਨ ਨਾਲ ਆਦਮੀ ਨੂੰ ਉਹ ਖਜ਼ਾਨਾ ਲਭਦਾ ਹੈ, ਜਿਸ ਦੀ ਭਾਲ ਵਿੱਚ ਸਾਰੀ ਦੁਨੀਆਂ ਜਾਣਦੀ ਨਾ ਜਾਣਦੀ ਹੋਈ ਭਟਕ ਰਹੀ ਹੈ, ਬੇਕਰਾਰ ਤੇ ਬਿਹਬਲ ਹੋ ਰਹੀ ਹੈ। — ਬੰਦਗੀ ਕਰਨ ਵਾਲੇ ਪੁਰਸ਼ ਨੂੰ ਐਸੇ ਗੁਰ ਯਾਦ ਹੋ ਜਾਂਦੇ ਹਨ, ਜਿਨ੍ਹਾਂ ਨਾਲ ਉਹ ਕਰਤਾਰ ਨੂੰ ਹਰ ਵੇਲੇ ਆਪਣੇ ਕੋਲ ਰੱਖ ਸਕਦਾ ਹੈ।

ਇਸ ਪੁਸਤਕ ਵਿੱਚ ਮੈਂ ਆਪਣੇ ਤਜਰਬੇ ਬਗੈਰ ਸੰਕੋਚ ਦੇ ਤੇ ਜਿਉਂ ਦੇ ਤਿਉਂ ਸਾਧਾਰਣ ਅੱਖਰਾਂ ਵਿੱਚ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ, ਮੈਡਮ ਸਟੀਲ ਦੇ ਕਥਨ ਅਨੁਸਾਰ, ਸਚਾਈ ਦੀ ਖੋਜ ਤੇ ਉਸਦਾ ਪਰਚਾਰ ਇਨਸਾਨ ਦਾ ਪਰਮ ਧਰਮ ਹੋਣਾ ਚਾਹੀਦਾ ਹੈ।

# ਸਿਮਰਨ ਮਹਿਮਾ

ਮੇਰੇ ਇਕ ਵਡੇ ਭੈਣ ਜੀ ਸਨ ......... ਦੇਉਕੀ ਭੈਣ ਜੀ। ਸਹਿਜਧਾਰੀ ਪਰਿਵਾਰ ਵਿਚ ਵਿਆਹੇ ਹੋਏ ਸਨ ਪਰ ਪਕੇ ਨਿਤਨੇਮੀ ਤੇ ਗੁਰਬਾਣੀ ਦੇ ਨਿਰਾਲੇ ਪਾਠੀ। ਨੂੰਹਾਂ ਧੀਆਂ ਸਮੇਤ ਸਾਰੇ ਪਰਿਵਾਰ ਨੂੰ ਨਿਤਨੇਮੀ ਬਣਾ ਰਖਿਆ ਸੀ ਤੇ ਨੂੰਹਾਂ ਨੂੰ ਹਿੰਦੀ ਵਿਚ ਗੁਰੂ ਗਰੰਥ ਸਾਹਿਬ ਦੇ ਪਾਠ ਦੀ ਮੁਹਾਰਤ ਕਰਵਾਈ ਹੋਈ ਸੀ। ਘਰ ਹੀ ਨਹੀਂ, ਸਾਰੇ ਮੱਹਲੇ ਨੂੰ ਪਾਠੀਆਂ ਦੀ ਇਕ ਲੜੀ ਵਾਂਗ ਪਰੋ ਦਿਤਾ ਸਨ ਨੇ। ਘਰ ਘਰ ਅਖੰਡ ਪਾਠ ਜਾਂ ਸਹਿਜ ਪਾਠ ਹੋਂਦੇ ਰਹਿੰਦੇ ਸਨ ਤੇ ਸਾਰੇ ਉਹਨਾਂ ਦੀ ਛਤਰ ਛਾਇਆ ਹੇਠ ਵਾਰੀ ਦਿਆ ਕਰਦੇ ਸਨ। ਮਹੱਲਾ ਭਰ, ਬਾਣੀ ਦੇ ਰੰਗ ਨਾਲ ਤੇ ਮਹਿਕ ਨਾਲ ਰੰਗਿਆ ਤੇ ਮਹਿਕਿਆ ਰਹਿੰਦਾ।

ਬਾਣੀ ਵਿਚ ਇਤਨਾ ਸਰਲ ਹੁੰਦਿਆਂ ਭੀ ਮੈਨੂੰ ਇਕ ਦਿਨ ਕਹਿਣ ਲਗੇ ਕਿ "ਜਿਹੜਾ ਗੁਰਬਾਣੀ ਵਿਚ ਬਾਰ ਬਾਰ ਦੋਹਰਾਇਆ ਗਿਆ ਹੈ "ਨਾਮ ਜਪੋ-ਨਾਮੋ ਅਰਾਧੋ", ਉਹ ਹੋਰ ਕਿਹੜਾ ਨਾਮ ਹੈ ਜਿਸ ਦੀ ਮੈਨੂੰ ਸੋਝੀ ਨਹੀਂ ਲਗੀ।" ਨਾ ਉਹਨਾਂ, ਨਾ ਮੈਂ ਉਸ ਵੇਲੇ ਤੋੜੀ 'ਬੰਦਗੀ ਨਾਮਾ' ਜਾਂ "ਸਿਮਰਨ ਮਹਿਮਾ" ਦੇਖੀ ਹੋਈ ਸੀ ਤੇ ਦੋਵੇਂ ਹੀ ਅਨ੍ਹੇਰੇ ਵਿਚ ਸਾਂ। ਮੈਂ ਉਹਨਾਂ ਨੂੰ ਇਕ ਬੁਧੀਮਾਨ ਬੰਦਾ ਸਮਝਦਾ ਹੋਇਆ ਉਤਰ ਵਿਚ ਆਖਿਆ ਕਿ ਜਿਸ ਵੇਲੇ ਮੇਰੀ ਸੁਰਤ ਕੀਰਤਨ ਵਿਚ ਇਸ ਤਰ੍ਹਾਂ ਜੁੜ ਜਾਂਦੀ ਹੈ ਕਿ ਮੈਂ ਬੜੀ ਅਨੰਦਮਈ ਹਾਲਤ ਵਿਚ ਹੋਂਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਮੈਂ ਇਕ ਤਰ੍ਹਾਂ ਨਾਲ ਨਾਮ ਜਪ ਲਿਆ ਹੈ ਤੇ ਇਸੇ ਤਰ੍ਹਾਂ ਪਾਠ ਵਿਚ ਉਚੀ ਉਚੀ ਸ਼ਬਦ ਪੜ੍ਹਨ ਵਿਚ — ਕਿਸੇ ਸੰਤ ਮਹਾਤਮਾ ਨਾਲ ਬਚਨ ਬਿਲਾਸ ਵਿਚ, ਸੁਰਤੀ ਬਝ ਜਾਵੇ, ਧਿਆਨ ਵਿਚ ਮਗਨ ਹੋ ਜਾਵਾਂ, ਮੈਨੂੰ ਉਹ ਭੀ ਨਾਮ ਜਪਣਾ ਲਗਦਾ ਹੈ ਤੇ ਜੇ ਕਦੇ ਚੰਗੀ ਰਸ-ਭਰੀ ਨੀਂਦਰ ਲਿਆਉਣ ਦੇ ਖਿਆਲ ਨਾਲ ਕੁਝ ਮਾਲਾ ਫੇਰ ਲਵਾਂ — ਇਕ ਸਵਾਦ ਵਿਚ ਤਾਂ ਮੈਂ ਉਸ ਨੂੰ ਭੀ ਨਾਮ ਜਪਣਾ ਹੀ ਸਮਝ ਲੈਣ ਦਾ ਹਕ ਬਣਾ ਲੈਂਦਾ ਹਾਂ।

ਇੰਝ ਲਗਦਾ ਹੈ ਉਹਨਾਂ ਨੂੰ ਮੇਰਾ ਉੱਤਰ ਉਪਰੋਂ ਉਪਰੋਂ ਥੋੜ੍ਹਾ ਥੋੜ੍ਹਾ ਠੀਕ ਲਗਾ ਪਰ ਉਹਨਾਂ ਦਾ ਮਨ ਮੰਨਿਆ ਨਹੀਂ ਸੀ — ਭੈਣ ਜੀ ਤਾਂ ਪਾਠਾਂ ਦਾ ਸਵਾਦ ਲੈਂਦੇ ਲੈਂਦੇ ਨਿਹਾਇਤ ਸੁਚੱਜੀ ਅਵਾਜ਼ ਵਿਚ ਸ਼ਬਦ ਪੜ੍ਹਦੇ, ਸਚਖੰਡ ਜਾ ਵਸੇ ਤੇ ਹੁਣ ਜਦੋਂ ਮੈਂ ਸ੍ਰ. ਰਘਬੀਰ ਸਿੰਘ 'ਬੀਰ' ਜੀ ਦੀਆਂ ਪੁਸਤਕਾਂ ਪੜ੍ਹੀਆਂ ਤੇ ਮੇਰੀ ਉਹਨਾਂ ਦੀ ਕਈ ਸਾਲ ਪਹਿਲਾਂ ਹੋਈ ਗੁਫਤਗੂ ਮੈਨੂੰ ਯਾਦ ਆ ਗਈ। ਅਨੁਭਵੀ ਤਜਰਬੇ ਵਾਲੇ ਉਚੇ ਸੁਚੇ ਸੰਤਾਂ ਦੇ ਦਰਸ਼ਨਾਂ ਦਾ ਮੈਨੂੰ ਇਤਫਾਕ ਮਿਲਿਆ

ਹੈ ਪਰ ਸ੍ਰ. ਰਘਬੀਰ ਸਿੰਘ 'ਬੀਰ' ਦੀ ਸਦਾਕਤ ਭਰੀ ਲੇਖਣੀ ਦਾ ਮੈਂ ਕੋਈ ਸਾਨੀ ਨਹੀਂ ਦੇਖਿਆ। ਸਿਦਕ-ਦਿਲੀ ਡੁਲ੍ਹ ਡੁਲ੍ਹ ਪੈਂਦੀ ਹੈ, ਇਹਨਾਂ ਦੀਆਂ ਪੁਸਤਕਾਂ ਵਿਚ। ਲਿਖਤ ਦਾ ਵਿਗਿਆਨਿਕ ਢੰਗ ਜੋ ਪਾਠਕ ਦੇ ਦਿਲ ਵਿਚ ਨਾਲੋ ਨਾਲ ਥਾਂ ਬਣਾਂਦਾ ਜਾਵੇ ਉਹ ਮੈਂ ਕਦੇ ਨਹੀਂ ਦੇਖਿਆ, ਸ਼ਰਧਾ ਦੇ ਕਾਰਨ ਮੈਂ ਬੀਰ ਜੀ ਦਾ ਜੀਵਨ ਲਿਖਣ ਦਾ ਬੀੜਾ ਚੁਕਿਆ ਸੀ ਪਰ ਮੈਂ ਉਸ ਵੇਲੇ ਤਕ ਉਹਨਾਂ ਨੂੰ ਉਪਰੋਂ ਹੀ ਸਮਝਿਆ ਸੀ। ਜਿਥੇ ਉਹ ਬੈਠ ਕੇ, ਡਿਗਸ਼ਈ ਪਹਾੜ 'ਤੇ ਟੀਨਾਂ ਦੀਆਂ ਛਤਾਂ ਵਾਲੀਆਂ ਝੌਂਪੜੀਆਂ ਜਹੀਆਂ ਵਿਚ ਸਿਮਰਨ ਕੀਤਾ ਕਰਦੇ ਸਨ, ਮੈਂ ਉਹਨਾਂ ਨੂੰ ਦੇਖ ਕੇ ਭੀ ਇਕ ਸ਼ਕ ਦਾ ਸ਼ਿਕਾਰ ਰਹਿੰਦਾ ਸਾਂ ਕਿ ਸ਼ਾਇਦ ਉਹ ਉਥੇ ਬੈਠ ਕੇ ਗੁਰਬਾਣੀ ਦਾ ਪਾਠ ਹੀ ਕੀਤਾ ਕਰਦੇ ਹੋਣ। ਮੇਰੀ ਨਜ਼ਰਾਂ ਵਿਚ ਹੁਣ ਤੋੜੀ ਗੁਰਬਾਣੀ ਦਾ ਪਾਠ ਜਾਂ ਸਿਮਰਨ ਦਾ ਏਹੋ ਇਕ ਮਤਲਬ ਹੋਇਆ ਕਰਦਾ ਸੀ, ਜਿਸ ਲਈ "ਗੁਰਬਾਣੀ ਵਿਚਾਰ" ਸ਼ਬਦ ਹੀ ਢੁਕਦਾ ਹੈ। ਵਿਚਾਰ ਕੇ ਬਾਣੀ ਪੜ੍ਹਨਾ, ਅਰਥ ਸਮਝਣਾ, ਖਿਆਲ ਦੀ ਉਚਾਈ ਨੂੰ ਮਨ ਵਿਚ ਵਸਾਣਾ ਤੇ ਇਸਤੋਂ ਉਪਤ ਜੋ ਬਾਣੀ ਤੋਂ ਰਸ ਚੋਂਦਾ ਹੈ — ਉਸ ਨਾਲ ਵੀ ਬਹੁਤੀ ਵਾਰੀ ਅਨੰਦਮਈ ਹਾਲਤ ਨੂੰ ਪਹੁੰਚਣਾ ਮੇਰੇ ਲਈ ਇਹੀ ਸਿਮਰਨ ਸੀ ਤੇ ਏਹੋ ਹੀ ਨਾਮ ਜਪਣਾ ਸੀ। 'ਸਿਮਰਨ ਮਹਿਮਾ' ਹੁਣ ਪੜ੍ਹ ਕੇ ਮੇਰੇ ਸਾਰੇ ਭੁਲੇਖੇ ਦੂਰ ਹੋ ਗਏ ਹਨ। ਮੈਂ ਜਿਹੜਾ ਮੈਨੇਜਮੈਂਟ ਦੇ ਵਿਗਿਆਨ ਨੂੰ ਤੇ ਮੈਨੇਜਮੈਂਟ ਦੇ ਹੁਨਰ ਨੂੰ ਉਮਰ ਭਰ ਸਿਖਿਆ ਹੈ, ਸਿਖਾਇਆ ਹੈ ਤੇ ਵਰਤੋਂ ਵਿਚ ਆਂਦਾ ਹੈ ਉਹਨਾਂ ਸਭ ਨੇ ਮੇਰੀ ਘਾਲਣਾ ਸਦਕਾ, ਮੇਰੀ ਸੂਝ ਬੂਝ ਨੂੰ ਵਿਗਿਆਨਿਕ ਕਰ ਦਿਤਾ ਹੋਇਆ ਹੈ। ਮੈਨੂੰ ਉਹ ਕੋਈ ਗਲ ਯਕੀਨ ਨਹੀਂ ਦਿਲਾ ਸਕਦੀ ਜਿਹੜੀ ਸਾਇੰਸ ਦੀ ਕਸਵਟੀ ਤੇ ਠੀਕ ਨਾਂਹ ਬੈਠੇ। ਇਸ ਵਿਸ਼ਵਾਸ ਦੀ ਪ੍ਰੋੜਤਾ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਕਈ ਸ਼ਬਦ ਮੇਰੇ ਮਨ ਵਿਚ ਆਉਂਦੇ ਹਨ ਤੇ ਮੈਂ ਇਹਨਾਂ ਸ਼ਬਦਾਂ ਕਾਰਨ ਹੀ ਆਪਣੇ ਵਿਚਾਰਾਂ ਵਿਚ ਪੂਰਾ ਕਾਇਲ ਰਹਿੰਦਾ ਹਾਂ। ਪਹਿਲੀ ਪਾਤਸ਼ਾਹੀ ਦੇ ਬਾਬਰਵਾਣੀ ਦੇ ਇਕ ਸ਼ਬਦ ਵਿਚ ਆਉਂਦਾ ਹੈ "ਕੋਈ ਮੁਗਲ ਨਾ ਹੋਆ ਅੰਧਾ, ਕਿਸੇ ਨਾ ਪਰਚਾ ਲਾਇਆ।" ਇਹ ਤੁਕ ਪਖੰਡੀਆਂ ਦੇ ਤੇ ਸਿਧੇ ਸਾਦੇ ਲੋਕਾਂ ਦੇ ਮੁੱਤਲਿਕ ਲਿਖੀ ਹੈ ਜੋ ਇਹ ਯਕੀਨ ਕਰੀ ਬੈਠੇ ਸਨ ਕਿ ਮੁਗਲ ਆਉਣਗੇ ਹਲਾ ਬੋਲਣਗੇ ਅਸੀਂ ਤਾਵੀਜ਼ ਬੰਨ੍ਹ ਲਵਾਂਗੇ ਤੇ ਮੰਤਰਾਂ ਦੇ ਜ਼ੋਰ ਸਾਰੇ ਮੁਗਲ ਅੰਨ੍ਹੇ ਹੋ ਜਾਣਗੇ। ਹੋਰ ਥਾਂ ਪਰ ਥਾਂ ਗੁਰੂ ਸਾਹਿਬ ਫੁਰਮਾਉਂਦੇ ਹਨ "ਅਕਲੀ ਸਾਹਿਬ ਸੇਵੀਐ ...............

ਇਨ੍ਹਾਂ ਸਭ ਗਲਾਂ ਨੇ ਮੇਰਾ ਦ੍ਰਿਸ਼ਟੀਕੋਣ ਵਿਗਿਆਨਿਕ ਬਣਾਇਆ ਹੈ, ਹੁਣ ਮੇਰੇ ਦ੍ਰਿਸ਼ਟੀਕੋਣ ਬਦਲਣ ਦੇ ਬੀਰ ਜੀ ਨੇ "ਆਤਮ ਸਾਇੰਸ" ਤੇ ਵਿਗਿਆਨਿਕ ਤਰੀਕੇ ਨਾਲ ਖੋਜ ਕਰਕੇ, ਤਜਰਬਾ ਕਰਕੇ, ਬਿਆਨ ਕਰਕੇ, ਉਦਾਹਰਣ ਦੇ ਕੇ ਮੇਰਾ ਯਕੀਨ ਜਿਤ ਲਿਆ ਹੈ ਤੇ ਮੈਂ ਸਚੇ ਦਿਲ ਨਾਲ ਸਾਰੀ ਵਿਗਿਆਨਿਕ ਦੁਨੀਆਂ ਨੂੰ ਹਰ ਪੜ੍ਹੇ ਲਿਖੇ ਨੂੰ ਹਰ ਨਵੀਨ ਸ਼ੈ ਦੇ ਮੁਤਲਾਸ਼ੀ ਨੂੰ ਬੀਰ ਜੀ ਦੀਆਂ ਲਿਖਤਾਂ ਦੇ ਆਧਾਰ ਤੇ ਕਾਇਲ ਕਰ ਸਕਦਾ ਹਾਂ। ਸਿਮਰਨ ਦੀ ਜੋ ਮੈਨੂੰ ਸਮਝ ਲਗੀ ਹੈ ਉਹ ਭੀ ਖੋਹਲ ਕੇ ਦਿਖਾ ਸਕਦਾ ਹਾਂ। ਉਸ ਖੁਸ਼ਬੂਈ ਨਾਲ ਮਹਿਕਾ ਸਕਦਾ ਹਾਂ ਜੋ ਉਹਨਾਂ ਦੀਆਂ ਰਚਨਾਵਾਂ ਦੇ ਪੰਨੇ ਪੰਨੇ ਤੇ ਭਰੀ ਗਈ ਹੈ।

ਗੁਰਬਾਣੀ ਦਾ ਪਾਠ ਨਿਹਾਇਤ ਜ਼ਰੂਰੀ ਹੈ ਪਰ ਨਾਲ ਹੀ ਸਿਮਰਨ ਲਈ ਭੀ ਵਕਤ ਕਢਣਾ ਜ਼ਰੂਰੀ ਹੈ। ਆਪਣੇ ਲਈ, ਆਪਣੀ ਸੇਹਤ ਲਈ, ਆਪਣੇ ਅਨੰਦ ਲਈ, ਆਪਣੇ ਆਪ ਨੂੰ ਉਚਾ ਕਰਣ ਲਈ ਕਿਸੇ ਤੇ ਅਹਿਸਾਨ ਲਈ ਨਹੀਂ, ਕਿਸੇ ਬੰਧਨ ਵਿਚ ਨਹੀਂ, ਕਿਸੇ ਭੁਲੇਖੇ ਵਿਚ ਨਹੀਂ। ਥੋੜ੍ਹੇ ਸ਼ਬਦਾਂ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਸਿਮਰਨ ਵਾਹਿਗੁਰੂ ਸ਼ਬਦ ਦਾ ਅਜਪਾ ਜਾਪ ਭੀ ਹੈ ਤੇ ਅੰਦਰ ਵਸਾਣ ਦਾ ਤਰੀਕਾ ਭੀ ਹੈ। ਸਿਮਰਨ ਸਾਰੀ ਦੁਨੀਆਂ ਵਲ ਭਲੇ ਦੀ ਨੀਝ ਹੈ — ਸਰਬਤ ਦੇ ਭਲੇ ਲਈ ਭੀ ਪ੍ਰੇਰਨਾ ਹੈ ਤੇ ਇਸ ਦੀਆਂ ਲਹਿਰਾਂ ਭੇਜਣ ਦਾ ਭੀ ਜਰੀਆ ਹੈ। ਇਹ ੧ ਓਂਕਾਰ ਦੇ ਅਰਥਾਂ ਨੂੰ ਮਨ **ਵਿਚ ਵਸਾਣਾ** ਹੈ। ਇਹ, ਕਰਤਾਰੀ ਪਖ ਨੂੰ ਦਿਲ ਵਿਚ ਧਾਰਨ ਕਰਕੇ **ਥੁੜ੍ਹ-ਦਿਲੀ ਨੂੰ, ਹਉਮੈਂ** ਦੇ ਵਖੋ ਵਖਰੇ ਪਖਾਂ ਨੂੰ ਢਾਹ ਲੈਣ ਦਾ ਉਦਮ ਹੈ। ਇਹ **ਨਿਰਵੈਰਤਾ ਤੇ ਨਿਰਭੈਤਾ** ਦਾ ਜਗਤ ਉਸਾਰਨ ਦਾ ਜ਼ਰੀਆ ਹੈ। ਆਪਣੇ ਮਨ ਵਿਚ ਭੀ ਤੇ **ਸਾਰੀ ਕਾਇਨਾਤ** ਵਿਚ ਭੀ ਅਭਿਆਸ, ਨਾਮ-ਕਮਾਈ ਜਾਂ ਸਿਮਰਨ, ਸਾਰੀ **ਬਨਸਪਤੀ ਦੀ ਸਬਜ਼ਾਈ** ਹਿਰਦੇ ਵਿਚ ਵਸਾਣ ਵਾਲੀ ਗਲ ਹੈ। ਇਹ ਸਭ ਤੇ ਜਗਤ ਦੇ, ਜ਼ਿੰਦਗੀ ਦੇ ਸਾਰੇ ਸੋਹਣੇ ਪੱਖਾਂ ਨੂੰ ਦੇਖਣ ਦਾ ਛੋਹਣ ਦਾ, ਆਪਣੇ ਆਪੇ ਨੂੰ ਇਸ ਵਿਚ ਢਾਲਣ ਦਾ ਉਦਮ ਭੀ ਹੈ ਤੇ ਨਤੀਜਾ ਭੀ ਹੈ। ਬੜਾ ਸਵਾਦ ਹੈ ਸਿਮਰਨ ਦਾ। ਦੁਨੀਆਂ ਬਦਲ ਦੇਂਦਾ ਹੈ, ਦੁਸ਼ਮਣਾਂ ਨੂੰ ਦੋਸਤ ਬਣਾ ਦੇਂਦਾ ਹੈ, ਕਮਜ਼ੋਰੀਆਂ ਰੌਂਦ ਕੇ ਸ਼ਕਤੀਆਂ ਭਰ ਦੇਂਦਾ ਹੈ। ਨਿਮਾਣਾ ਹੋ ਕੇ ਭੀ ਜ਼ਮੀਨ ਤੋਂ ਗਿਠ ਗਿਠ ਉਚਾ ਚਲਾ ਦੇਂਦਾ ਹੈ। "ਸਿਮਰਨ ਹੈ ਕੀ" — ਦਾ ਉੱਤਰ ਸਿਮਰਨ ਕਰਕੇ ਲਭੋ। ਬੀਰ ਜੀ ਨੇ 'ਕਿਤਾਬਾਂ ਵਿਚ ਪੂਰੀ ਰਹਿਨੁਮਾਈ ਕੀਤੀ ਹੈ। ਕਰੜੀਆਂ ਦੀਵਾਰਾਂ ਭੀ ਤੋੜ ਦਿਤੀਆਂ ਹਨ। ਉਮਰ ਦੇ ਕਿਸੇ ਪੜਾਅ ਤੇ ਹੋਈਏ, ਸੇਹਤ ਕਿਸੇ ਤਰ੍ਹਾਂ ਦੀ ਭੀ ਹੋਵੇ, ਚੌਂਕੜੀ ਮਾਰ ਸਕੀਏ ਤਾਂ ਵਾਹ ਵਾ, ਨਾ ਵਜੇ ਤਾਂ ਭੀ ਦਰਵਾਜ਼ੇ ਖੋਹਲ ਦਿਤੇ ਹਨ, ਔਖ ਦੂਰ ਕਰ ਦਿਤੇ ਹਨ ਤੇ ਬਣਾ ਦਿਤਾ ਹੈ ਮੁਸ਼ਤਾਕ - ਹਰ ਕਿਸੇ ਨੂੰ — ਆਦਮੀ ਨੂੰ, ਔਰਤ ਨੂੰ, ਬੀਮਾਰ ਨੂੰ, ਤੰਦਰੁਸਤ ਨੂੰ, ਅਮੀਰ ਨੂੰ, ਗਰੀਬ ਨੂੰ, ਸਿਮਰਨ ਅਭਿਆਸੀ ਬਣਨ ਦਾ। ਖੁਸ਼ਬੂਆਂ ਲਗਾਓ, ਸਵਾਦ ਵਧੇਗਾ ਕਈ ਵਖਰੀ ਥਾਂ ਮੱਲੋ, ਰਸ ਜ਼ਿਆਦਾ ਆਵੇਗਾ ਤੜਕ ਸਾਰ ਉਠ ਸਕੋ ਜੇ ਉਠ ਸਕਦੇ ਹੋ ਤਾਂ ਨਹੀਂ ਤਾਂ ਜਿਵੇਂ ਹੋ ਸਕੇ ਕਰੋ ਪਰ ਕਰੋ ਜ਼ਰੂਰ ਨਾਮ ਦੀ ਕਮਾਈ।

ਕੁਨਸ ਕਢਣ ਵਾਲੇ ਭੀ ਵਧੇਰੇ ਹੋਂਦੇ ਹਨ, ਫੂਚਰ ਡਾਹਣੀ, ਬਹਾਨੇ ਲਭਣੇ, ਗਲਤ ਅਰਥ ਕਢਣੇ, ਇਹ ਕਈਆਂ ਦਾ ਸ਼ੇਵਾ ਹੈ। ਆਪਣੇ ਆਪ ਨੂੰ ਵਿਚਾਰ-ਵਾਨ ਸਮਝ ਕੇ ਆਲਮ ਫਾਜ਼ਲ ਸਮਝ ਕੇ, ਪੰਡਿਤ ਸਮਝ ਕੇ ਦਾਰਸ਼ਨਿਕ ਹੋਣ ਦਾ ਦਾਹਵਾ ਕਰਦਿਆਂ ਓਹ ਸਭ ਗਰਦੇ ਵਾਂਗਰ ਖੁਸ਼ਕ ਫਿਲਾਸਫਰ ਹਨ। ਉਹਨਾਂ ਬਾਬਤ ਸਾਹਿਬਾਂ ਦਾ ਫੁਰਮਾਨ ਹੈ "ਜੇਤਾ ਪੜ੍ਹਿਆ ਤੇਤਾ ਕੜ੍ਹਿਆ"। ਖ਼ੈਰ ਐਸੀ ਰੁਚੀ ਵਾਲਿਆਂ, ਇਕਾਗਰ ਚਿਤ ਹੋ ਕੇ ਧਿਆਨ ਦੇ, ਨਾਮ ਜਪਣ ਦੇ ਖਿਲਾਫ਼ ਹੀ ਕਈ ਫੂਚਰ ਡਾਹੇ ਹਨ, ਉਹ ਫੂੱਚਰ ਉਨ੍ਹਾਂ ਨੂੰ ਹੀ ਮੁਬਾਰਕ ਹੋਣ।

ਜਿਹੜੇ ਜੀਵਨ ਵਿਚ ਅਨੰਦ ਚਾਹੁੰਦੇ ਹਨ, ਉਹ ਕਰਨ, ਜ਼ੂਰਰ ਕਰਨ, . . . . ਸਿਮਰਨ, . . . . ਧਿਆਨ, . . . . ਭਗਤੀ।

# ਬੰਦਗੀ ਨਾਮਾ
# ਤੇ
# ਸਿਮਰਨ ਮਹਿਮਾ

ਜਦ ਕਦੇ ਭੀ ਕਿਸੇ ਅੱਛੇ ਇਨਸਾਨ ਨੂੰ ਕੋਈ ਅੱਛਾ ਅਨੁਭਵ ਹੁੰਦਾ ਹੈ ਤਾਂ ਉਹ ਉਸ ਦਾ ਸਵਾਦ ਦੂਸਰਿਆਂ ਨੂੰ ਭੀ ਵੰਡਣ ਵਿੱਚ ਵਿਸ਼ਵਾਸ ਰੱਖਦਾ ਹੈ। ਸੁਣਨ ਪੜ੍ਹਨ ਵਾਲੇ ਸਾਰੇ ਤਾਂ ਮੁਤਅਸਰ ਨਹੀਂ ਹੋ ਸਕਦੇ ਪਰ ਜੇ ਆਟੇ ਵਿਚ ਲੂਣ ਬਰਾਬਰ ਆਦਮੀ ਹੀ ਉਸ ਤੋਂ ਲਾਭ ਉਠਾ ਕੇ ਆਪਣਾ ਜੀਵਨ ਸੁਖੱਲਾ ਬਣਾ ਸਕਣ ਤਾਂ ਲੇਖਕ ਦੀ ਆਤਮਾ ਨੂੰ ਜ਼ਰੂਰ ਖੁਸ਼ੀ ਦਾ ਭਾਸ ਹੁੰਦਾ ਹੈ। ਭਾਈ ਰਘਬੀਰ ਸਿੰਘ ਜੀ ਨੇ ਭੀ ਇਹੋ ਕੀਤਾ, ਕਹਿੰਦੇ ਹਨ ਕਿ ਜਿਵੇਂ ਦੇਸ਼ ਵਿਦੇਸ਼ ਘੁੰਮੇ ਆਦਮੀ ਵਾਪਸ ਦੇਸ਼ ਆ ਕੇ ਉਥੋਂ ਦੀ ਵਿਆਖਿਆ ਕਰਕੇ ਸ੍ਰੋਤਾ ਨੂੰ ਨਿਹਾਲ ਕਰਦੇ ਹਨ ਉਸੇ ਤਰ੍ਹਾਂ ਮੈਂ ਭੀ ਆਪਣੇ ਅਨੁਭਵ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ।

'ਅਨੰਦ ਯਾਤਰਾ' ਵਿੱਚ ਉਹਨਾਂ ਲੋਕਾਂ ਨੂੰ ਆਤਮ ਦੇਸ਼ ਦੀ ਯਾਤਰਾ ਦਾ ਹਾਲ ਸੁਣਾਇਆ ਹੈ। ਲੀਨ ਹੋਣ ਦੀ ਅਵਸਥਾ ਵਿੱਚ ਪੂਰੀ ਤਰ੍ਹਾਂ ਖੁਭ ਜਾਣ ਦੀ ਕਲਾ ਉਹਨਾਂ ਵੀਹ ਪੰਡੀ ਸਾਲਾਂ ਦੇ ਅਭਿਆਸ ਮਗਰੋਂ ਸਿਖੀ। ਬਾਅਦ ਦਾ ਆਲਮ ਇੰਜ ਬਿਆਨ ਕਰਦੇ ਹਨ "ਪਹਿਲੇ ਮੈਂ ਇਕਾਂਤ ਵਿਚ ਬੈਠ ਜਾਂਦਾ ਹਾਂ। ਅੱਖੀਆਂ ਮੀਟ ਲੈਂਦਾ ਹਾਂ ਤੇ ਮੂੰਹੋਂ ਆਪਣੇ ਕਰਤਾਰ ਨੂੰ ਪਿਆਰ ਤੇ ਸਤਿਕਾਰ ਨਾਲ ਵਾਜਾਂ ਮਾਰਦਾ ਹਾਂ। ਕੁਝ ਚਿਰ ਮਗਰੋਂ (ਕੋਈ ਪੰਜ ਸੱਤ ਮਿੰਟ ਮਗਰੋਂ) ਇਹ ਅਵਾਜ਼ਾਂ ਮਧਮ ਹੁੰਦੀਆਂ ਹੁੰਦੀਆਂ ਬੰਦ ਹੋ ਜਾਂਦੀਆਂ ਹਨ ਤੇ ਮੈਂ ਆਪਣੇ ਪਿਆਰੇ ਦੀ ਇੰਤਜ਼ਾਰ ਵਿੱਚ ਚੁਪਚਾਪ ਬੈਠ ਜਾਂਦਾ ਹਾਂ। ਦੁਨੀਆਂ ਜੋ ਕਿ ਪਹਿਲੋਂ ਸਾਧਾਰਣ ਮਲੂਮ ਹੁੰਦੀ ਹੈ, ਹੁਣ ਇਕ ਬੜਾ ਸ਼ੋਰ ਤੇ ਰੌਲਾ ਜਾਪਦੀ ਹੈ। ਪਹਿਲੇ ਆਲੇ ਦੁਆਲੇ ਦੀਆਂ ਆਵਾਜ਼ਾਂ ਬੜੀਆਂ ਉੱਚੀਆਂ ਉਚੀਆਂ ਸੁਣਾਈ ਦੇਂਦੀਆਂ ਹਨ, ਪਰ ਥੋੜ੍ਹੀ ਦੇਰ ਮਗਰੋਂ ਦੂਰ ਦੂਰ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗ ਜਾਂਦੀਆਂ ਹਨ। ਜਿਵੇਂ ਸ਼ਾਮ ਦੇ ਵਕਤ ਪੰਛੀ, ਸ਼ਹਿਰਾਂ ਤੋਂ ਉਡ ਕੇ ਰਾਤ ਗੁਜ਼ਾਰਨ ਦਰਖਤਾਂ ਤੇ ਬੈਠਣ ਵੇਲੇ ਰੌਲਾ ਪਾਂਦੇ ਹਨ, ਉਸੇ ਤਰ੍ਹਾਂ ਸਾਰੇ ਸੰਸਾਰ ਵਿੱਚੋਂ ਕਾਵਾਂ ਰੌਲੀ ਸੁਣਾਈ ਦੇਂਦੀ ਹੈ, ਅਤੇ ਜਿਵੇਂ ਰਾਤ ਦੇ ਵਧਣ ਨਾਲ ਦਰਖ਼ਤਾਂ ਤੇ ਪੰਛੀਆਂ ਦਾ ਸ਼ੋਰ ਮਧਮ ਪੈਂਦਾ ਪੈਂਦਾ ਉਕਾ ਬੰਦ ਹੋ ਜਾਂਦਾ ਹੈ, ਓਵੇਂ ਹੀ ਬ੍ਰਹਿਮੰਡ ਦਾ ਸਾਰਾ ਰੌਲਾ ਹੌਲਾ ਹੁੰਦਾ ਹੁੰਦਾ ਚੁਪਚਾਪ ਵਿੱਚ ਬਦਲਣਾ ਸ਼ੁਰੂ ਹੋ ਜਾਂਦਾ ਹੈ। ਆਪਣੇ ਆਪੇ ਦੇ ਜਿਉਂ ਜਿਉਂ

ਮਨ ਨਜ਼ਦੀਕ ਜਾਂਦਾ ਹੈ, ਤਿਉਂ ਤਿਉਂ ਇਸਨੂੰ ਅਕਾਲ ਪੁਰਖ ਵਿੱਚੋਂ ਨਿਕਲ ਰਹੀਆਂ ਅਨੰਦ ਅਤੇ ਰਹਿਮਤ ਦੀਆਂ ਲਹਿਰਾਂ ਮਖ਼ਮੂਰ ਕਰਦੀਆਂ ਹਨ। — ਮੈਂ ਆਪ ਗਾਇਬ ਹੁੰਦਾ ਜਾਂਦਾ ਹਾਂ ਤੇ ਦੋਹਾਂ ਦਾ (ਆਪਾ ਤੇ ਧੁਰ ਮਰਕਿਜ਼) ਇੱਕ ਰੂਪ ਹੋ ਜਾਂਦਾ ਹੈ। ਏਥੇ ਤੱਕ ਕਿ ਦੋ ਦੀ ਥਾਂ ਤੇ ਅਸੀਂ ਇੱਕ ਰਹਿ ਜਾਂਦੇ ਹਾਂ, ਮੈਂ ਆਪਣੇ ਆਪ ਨੂੰ ਕਿਸੇ ਅਨੰਤ ਹਸਤੀ ਦਾ ਅੰਗ ਜਾਂ ਰੂਪ ਪ੍ਰਤੀਤ ਕਰਦਾ ਹਾਂ।"

ਕਿਤਨਾ ਅਨੂਠਾ ਅਨੁਭਵ ਹੈ ਤੇ ਮੇਰੇ ਖ਼ਿਆਲ ਵਿੱਚ ਇਸ ਤੋਂ ਕਈ ਪਵਿਤਰ ਆਤਮਾਵਾਂ ਜ਼ਰੂਰ ਲਾਭ ਉਠਾਉਣਗੀਆਂ।

ਬੀਰ ਜੀ ਦੀ ਕਥਨੀ "ਅਸਲ ਧਰਮ" ਵਿੱਚ ਸਿਮਰਨ ਨੂੰ ਭੀ ਇੱਕ ਕਲਾ ਕਿਹਾ ਗਿਆ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਨਸਾਨ ਦੀ ਰਹਿਨੁਮਾਈ ਵਾਸਤੇ ਕਈ ਗੁਰ ਦਰਜ ਹਨ ਪਰ ਸਿੱਖ ਧਰਮ ਦਾ ਤੱਤ ਇਸ ਮਹਾਂਵਾਕ ਵਿੱਚ ਪਰਤੱਖ ਕੀਤਾ ਗਿਆ ਹੈ:

"ਸਰਬ ਧਰਮ ਮਹਿ ਸ੍ਰੇਸ਼ਟ ਧਰਮੁ। ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।।"

ਇਸ ਸੰਦੇਸ਼ ਨੂੰ ਫੈਲਾਣ ਦੇ ਭਾਵੇਂ ਕਈ ਤਰੀਕਿਆਂ ਨਾਲ ਜਤਨ ਕੀਤੇ ਗਏ ਹਨ ਪਰ ਫਿਰ ਭੀ ਪੂਰੇ ਤੌਰ ਤੇ ਪ੍ਰਚਾਰ ਸਿੱਖ ਕੌਮ ਤੱਕ ਨਹੀਂ ਪੁਜ ਸਕਿਆ। ਉਹ ਕਹਿੰਦੇ ਹਨ ਕਿ ਨਿਰਮਲ ਮਨ ਜਾਂ ਪਵਿਤਰ ਦਿਮਾਗ ਨਿਰਮਲ ਆਚਰਣ ਤੋਂ ਹੀ ਬਣਦੇ ਹਨ, ਨਿਰਮਲ ਆਚਰਣ ਲਈ ਨਿਰਮਲ ਸੰਗਤ ਦਾ ਹੋਣਾ ਲਾਜ਼ਮੀ ਹੈ ਯਾਨੀ ਕਿ 'ਅਕਾਲ ਪੁਰਖ' ਦੀ ਸੰਗਤ ਅਤੀ ਜ਼ਰੂਰੀ ਹੈ। ਉਹ ਅੱਗੇ ਸਪਸ਼ਟ ਕਰਦੇ ਹਨ ਕਿ ਸਿਮਰਨ ਦਾ ਅਸਲੀ ਮੰਤਵ ਹੈ, ਆਪਣੇ ਅੰਦਰ ਲੁਕੀ ਚੇਤਨ, ਕਲਾ ਨਾਲ ਇਕਸੁਰ ਹੋ ਜਾਣਾ। ਆਖਦੇ ਹਨ ਸਿਮਰਨ "ਇੱਕ ਤਰੀਕਾ ਹੈ, ਇੱਕ ਜਾਚ ਹੈ, ਇੱਕ ਆਰਟ (Art) ਹੈ ਜੋ ਕਿ ਹਿੰਦੁਸਤਾਨ ਦੇ ਪੁਰਾਣੇ ਰਿਸ਼ੀਆਂ ਨੇ ਈਜਾਦ ਕੀਤਾ ਅਤੇ ਜਿਸ ਨੂੰ ਗੁਰੂ ਨਾਨਕ ਨੇ ਆ ਕੇ ਫੇਰ ਸੁਰਜੀਤ ਕਰਕੇ ਮੁਕੰਮਲ ਬਣਾਇਆ।"

"ਸਿਮਰਤ ਵੇਦ ਪੁਰਾਨ ਪੁਕਾਰਨ ਪੋਥੀਆ।।
ਨਾਮ ਬਿਨਾ ਸਭ ਕੂੜ ਗਾਲੀ ਹੋਛੀਆ।।"

ਬੀਰ ਜੀ ਨੇ ਇਹ ਮਹਿਸੂਸ ਕੀਤਾ ਕਿ ਅਜ ਕਲ੍ਹ ਲੋਕੀ ਨਾਮ ਨਹੀਂ ਜਪਦੇ। ਗੁਰੂ ਅਰਜਨ ਦੇਵ ਜੀ ਦਾ ਮਹਾਂਵਾਕ ਹੈ:

"ਤੇ ਸਾਕਤ ਚੋਰ ਜਿਨਾ ਨਾਮ ਵਿਸਾਰਿਆ,
ਮਨ ਤਿਨ ਕੇ ਨਿਕਟ ਨ ਭਿਟੀਐ।।"

..........................

"ਬਿਰਥਾ ਨਾਮ ਬਿਨਾ ਤਨੁ ਅੰਧ। ਮੁਖਿ ਤਾਕੇ ਆਵੈ ਦੁਰਗੰਧ।।"

ਬੀਰ ਜੀ ਦਾ ਕਥਨ ਹੈ, "ਸਿੱਖਾਂ ਦਾ ਬੜਾ ਤਬਕਾ ਨਾਮ ਅਭਿਆਸ ਨਹੀਂ ਕਰਦਾ। ਸਿੱਖਾਂ ਦੇ ਪ੍ਰਚਾਰਕ, ਰਾਗੀ, ਲੀਡਰ ਵੀ ਬਹੁ-ਗਿਣਤੀ ਵਿੱਚ ਨਾਮ ਨਹੀਂ ਜਪਦੇ। ਇਹ ਮਿੱਤਰ ਨਾਮ ਨਾ ਜਪਣ ਵਿੱਚ ਕੋਈ ਹਰਜ ਨਹੀਂ ਸਮਝਦੇ। ਬਹੁਤੇ ਮਿੱਤਰ ਗੁਰਬਾਣੀ ਦੇ ਪਾਠ ਕਰਨੇ ਹੀ ਨਾਮ ਜਪਣਾ ਸਮਝਦੇ ਹਨ।" ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਨਾਮ ਨਾ ਜਪਣ ਵਾਲੇ ਦੇ ਵਿਰੁਧ ਬਹੁਤ ਸਾਰੇ ਮਹਾਂਵਾਕ ਦਰਜ ਹਨ। ਨਾਮ ਨਾ ਜਪਣ ਵਾਲਾ ਗੁਰਸਿੱਖ ਸ੍ਰੀ ਗੁਰੂ ਗਰੰਥ ਸਾਹਿਬ ਦੇ ਹੁਕਮਾਂ ਦੀ ਸਭ ਤੋਂ ਵਡੀ ਤੇ ਸਭ ਤੋਂ ਭਾਰੀ ਅਵਗਿਆ ਕਰਦਾ ਹੈ ਅਤੇ ਆਪਣਾ ਬੜਾ ਨੁਕਸਾਨ ਕਰਦਾ ਹੈ। ਆਪਣਾ ਜਨਮ ਅਕਾਰਥ ਗਵਾ ਰਿਹਾ ਹੈ। ਮਨੁੱਖ ਦੀ ਸੁਰਤ ਕਰਤਾਰ ਦੇ ਗੁਣਾਂ ਤੋਂ ਵਾਕਫ ਹੁੰਦੀ ਹੈ ਤੇ ਉਸਦੇ ਗੁਣਾਂ ਦਾ ਆਪਣੇ ਉਤੇ ਰੰਗ ਚਾੜ੍ਹਦੀ ਹੈ ਤੇ ਅੰਤ ਵਿੱਚ ਵਾਹਿਗੁਰੂ ਦਾ ਰੂਪ ਬਣ ਕੇ ਵਾਹਿਗੁਰੂ ਨਾਲ ਅਭੇਦ ਹੋ ਜਾਂਦੀ ਹੈ। ਗੁਰੂ ਸਾਹਿਬਾਨ ਆਪਣੇ ਗੁਰਸਿੱਖਾਂ ਲਈ ਨਾਮ ਸਿਮਰਨ ਦਾ ਅਭਿਆਸ ਅਤਿਅੰਤ ਜ਼ਰੂਰੀ ਸਮਝਦੇ ਹਨ। ਗੁਰੂ ਘਰ ਵਿੱਚ ਨਾਮ ਜਪਣ ਜਿਡੀ ਹੋਰ ਕੋਈ ਅਵਗਿਆ ਜਾਂ ਗਲਤੀ ਨਹੀਂ।

ਬੀਰ ਜੀ ਸਲਾਹ ਦਿੰਦੇ ਹਨ ਕਿ ਜੋ ਗੁਰਸਿੱਖ ਜੀਵਨ ਦੇ ਮੌਜੂਦਾ ਦੌਰ ਵਿੱਚ ਕਦੇ ਭੀ ਉਚੇ ਆਤਮਕ ਮਰਤਬੇ ਤੇ ਪਹੁੰਚਣ ਦੀ ਆਸ ਕਰਦੇ ਹਨ ਉਹਨਾਂ ਨੂੰ ਆਪਣੇ ਰੋਜ਼ਾਨਾ ਪ੍ਰੋਗਰਾਮਾਂ ਦੀ ਮਹੱਤਤਾ ਦੀ ਤਰਤੀਬ ਇਸਤਰ੍ਹਾਂ ਦੇਣੀ ਚਾਹੀਦੀ ਹੈ :

੧. ਗੁਰਬਾਣੀ ਦੀ ਵਿਚਾਰ ਅਤੇ ਸਿਮਰਨ ਅਭਿਆਸ।
੨. ਆਪਣੀ ਸੇਹਤ ਤੇ ਤੰਦਰੁਸਤੀ।
੩. ਆਪਣਾ ਵਪਾਰ, ਨੌਕਰੀ, ਧੰਦਾ ਆਦਿ।
੪. ਭਾਈਚਾਰਕ ਮੇਲ ਜੋਲ ਜਾਂ ਸੋਸਾਇਟੀ ਦੀ ਸੇਵਾ ਆਦਿ।
੫. ਸਭਖੁਸ਼ੀਆਂ (Innocent Pleasures) ਅਤੇ ਹੱਸਣਾ ਖੇਡਣਾ।

ਬੀਰ ਜੀ ਨੇ ਆਪਣੇ ਸਿਰਲੇਖ 'ਰੋਜ਼ਾਨਾ ਪਾਠ' ਵਿੱਚ ਦੋਹਰਾਣ ਦੀ ਪ੍ਰਕਿਰਿਆ ਦਾ ਮਹਤਵ ਦਸਿਆ ਹੈ। ਲਿਖਦੇ ਹਨ "ਪੜ੍ਹੇ ਲਿਖੇ ਸਜਣਾਂ ਦੇ ਦਿਲਾਂ ਵਿੱਚ ਇਹ ਸਵਾਲ ਕਈ ਵਾਰੀ ਪੈਦਾ ਹੁੰਦਾ ਹੈ, ਕਿ ਗੁਰਬਾਣੀ ਸਮਝ ਕੇ ਜੇ ਇੱਕ ਵਾਰੀ ਪੜ੍ਹ ਲਈ, ਤਾਂ ਉਸ ਦੇ ਰੋਜ਼ ਰੋਜ਼ ਦੋਹਰਾਣ ਦਾ, ਮੁੜ ਮੁੜ ਇੱਕੋ ਪਾਠ ਦੇ ਕਰਨ ਦਾ ਕੀ ਫਾਇਦਾ ? — ਸਾਡੇ ਸਿੱਖ ਕਾਲਜਾਂ ਦੇ ਕਈ ਪ੍ਰੋਫੈਸਰ ਅਤੇ ਕਈ ਕੌਮੀ ਲੀਡਰ ਵੀ ਇਸ ਗਲਤਫ਼ਹਿਮੀ ਵਿੱਚ ਜੀਵਨ ਬਤੀਤ ਕਰ ਰਹੇ ਹਨ। ਇਹ ਲੋਕ ਸਵੇਰੇ ਉਠ ਕੇ ਗੁਰਬਾਣੀ ਦੀ ਥਾਂ ਅਖ਼ਬਾਰ ਪੜ੍ਹਨਾ ਜ਼ਿਆਦਾ ਚੰਗਾ ਤੇ ਲਾਭਦਾਇਕ ਸਮਝਦੇ ਹਨ, ਅਤੇ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਨ ਨਾਲੋਂ, ਸਿਨੇਮਾ ਦੇਖਣਾ ਸਮੇਂ ਨੂੰ ਜ਼ਿਆਦਾ ਸਫਲ ਕਰਨਾ ਖਿਆਲ ਕਰਦੇ ਹਨ।" ਉਹਨਾਂ

ਦਾ ਮੰਨਣਾ ਹੈ ਕਿ ਆਦਮੀ ਦਾ ਮਨ ਹਰ ਵਕਤ ਖਿੰਡਿਆ ਰਹਿੰਦਾ ਹੈ, ਹਰ ਵਕਤ ਆਪਣੇ ਖਿਆਲ ਤਰੰਗਾਂ ਵਿੱਚ ਡੁਬਿਆ ਰਹਿੰਦਾ ਹੈ, ਇਹ ਸੰਕਲਪ ਲਹਿਰਾਂ ਅਨੇਕਾਂ ਅਤੇ ਵੱਖੋ ਵਖਰੇ ਪ੍ਰਕਾਰ (Innumerable and of divergent nature) ਦੀਆਂ ਹੋਣ ਕਰਕੇ ਮਨ ਨੂੰ ਹਮੇਸ਼ਾ ਅਸ਼ਾਂਤ (Unharmonious) ਰੱਖਦੀਆਂ ਹਨ। ਉਹਨਾਂ ਦਾ ਸੁਝਾਅ ਹੈ "ਇਕਾਂਤ ਜਗ੍ਹਾ ਤੇ ਬੈਠ ਕੇ ਸੁਖਮਨੀ ਸਾਹਿਬ ਜਾਂ ਰਹਿਰਾਸ ਦਾ ਪਾਠ ਕਰਕੇ ਦੇਖੋ, ਤੁਹਾਡਾ ਮਨ ਆਪਣੇ ਹਰ ਵੇਲੇ ਦੇ ਖਿਆਲ ਚੱਕਰ ਤੋਂ ਬਾਹਰ ਨਿਕਲ ਕੇ ਕੁਝ ਗੁਰਬਾਣੀ ਦੇ ਅਰਥਾਂ ਵਿੱਚ, ਕੁਝ ਗੁਰਬਾਣੀ ਦੀ ਸੰਗੀਤ ਲੈਅ (musical flow) ਵਿੱਚ ਟਿਕਦਾ ਜਾਪੇਗਾ, ਜੇਕਰ ਤੁਸੀਂ ਇਸ ਅਭਿਆਸ ਨੂੰ ਹਰ ਰੋਜ਼ ਪਕਾਉਣਾ ਸ਼ੁਰੂ ਕਰ ਦੇਵੋ ਤਾਂ ਕੁਝ ਚਿਰ ਮਗਰੋਂ ਤੁਹਾਨੂੰ ਆਪਣੇ ਪਾਠ ਸਮੇਂ ਇੱਕ ਅਜੀਬ ਅਨੰਦ ਆਉਣਾ ਸ਼ੁਰੂ ਹੋ ਜਾਵੇਗਾ। ਤੁਸੀਂ ਆਪਣੇ ਪਾਠ ਸਮੇਂ ਨੂੰ ਸ਼ੌਕ ਤੇ ਚਾਅ ਨਾਲ ਉਡੀਕਿਆ ਕਰੋਗੇ।" ਅੱਗੇ ਲਿਖਦੇ ਹਨ ਕਿ ਰੱਬ ਸਾਡੇ ਅੰਦਰ ਰਹਿੰਦਾ ਹੈ ਤੇ ਅਸੀਂ ਉਸ ਨੂੰ ਦੇਖ ਸਕਦੇ ਹਾਂ ਪਰ ਉਸਦੇ ਲਈ ਸਾਨੂੰ ਅੰਦਰ ਦੇਖਣ ਦੀ ਤਾਕਤ ਦਾ ਬਹੁਤ ਅਭਿਆਸ ਕਰਨਾ ਪਏਗਾ ਤੇ ਫਿਰ ਅਸੀਂ ਜਿਵੇਂ ਬਾਹਰ ਦੇਖ ਸਕਦੇ ਹਾਂ, ਅੰਦਰ ਭੀ ਦੇਖ ਸਕਾਂਗੇ। ਉਹਦੇ ਲਈ "ਗੁਰਬਾਣੀ ਦਾ ਪਰੇਮ ਤੇ ਵਿਚਾਰ ਸਹਿਤ ਪਾਠ, ਕੀਰਤਨ ਦਾ ਇੱਕ ਮਨ ਹੋ ਕੇ ਸੁਨਣਾ ਅਤੇ ਨਾਮ ਸਿਮਰਨ, ਜੋ ਗੁਰਸਿੱਖ ਆਪਣੇ ਮਨ ਨੂੰ ਇਹ ਟ੍ਰੇਨਿੰਗ ਦੇਣ ਵਾਸਤੇ ਤਿਆਰ ਹੋਵੇ ਉਹ ਆਪਣੇ ਕਰਤਾਰ, ਆਪਣੇ ਰੱਬ ਨੂੰ ਅਜ ਕਲ੍ਹ, ਇਸ ਕਲਯੁਗ ਵਿੱਚ, ਇਸੇ ਜੀਵਨ ਵਿੱਚ ਦੇਖ ਸਕਦਾ ਹੈ।"

'ਬੀਰ' ਜੀ ਸਾਨੂੰ "ਨਾਮ ਜਪਣ ਦਾ ਤਰੀਕਾ" ਵਿੱਚ ਕੁਝ ਵਿਸ਼ੇਸ਼ ਤੇ ਸੌਖੇ ਤਰੀਕਿਆਂ ਨਾਲ ਮਨ ਨੂੰ ਇਕਾਗਰ ਕਰਨ ਦਾ ਤਰੀਕਾ ਸੁਝਾਉਂਦੇ ਹਨ। ਉਂਜ ਤਾਂ ਹਰ ਇਕ ਪ੍ਰਾਣੀ ਦਾ ਆਪਣਾ ਅਲਗ ਤਰੀਕਾ ਹੁੰਦਾ ਹੈ ਫਿਰ ਭੀ ਅਸੀਂ ਕੁਝ ਤਾਂ ਸਿਖ ਸਕਦੇ ਹਾਂ। ਉਹਨਾਂ ਦਾ ਤਰੀਕਾ ਸੀ ਕਿ ਦੁਨੀਆਂ ਦੇ ਰੌਲੇ ਰੱਪੇ ਤੋਂ ਪਰੇ, ਕਿਸੇ ਕੁਦਰਤੀ ਨਜ਼ਾਰੇ ਵਿੱਚ ਬੈਠ ਕੇ ਸਿਮਰਨ ਅਭਿਆਸ ਕੀਤਿਆਂ ਮਨ ਛੇਤੀ ਟਿਕਣਾ ਸ਼ੁਰੂ ਹੋ ਜਾਂਦਾ ਹੈ। ਧੂਪ, ਲਵੈਂਡਰ, ਅਤਰ, ਫੁੱਲ, ਸੰਤਾਂ ਦੇ ਮਹਾਂਪੁਰਸ਼ਾਂ ਦੀਆਂ ਮੂਰਤਾਂ ਦਾ ਸਿਮਰਨ ਵਾਲੇ ਕਮਰੇ ਵਿੱਚ ਰੱਖਣਾ ਵੀ ਬਿਰਤੀ ਦੇ ਟਿਕਾਓ ਵਾਸਤੇ ਲਾਭਵੰਦ ਦੇਖਿਆ ਗਿਆ ਹੈ। ਉਹ ਮਸ਼ਵਰਾ ਦਿੰਦੇ ਹਨ "ਜੇਕਰ ਪਹਿਲੇ ਪਹਿਲ ਅੱਖਾਂ ਮੀਟਣ ਤੋਂ ਮਨ ਘਬਰਾਵੇ ਤਾਂ ਸਾਹਮਣੇ ਫੁੱਲ ਜਾਂ ਕੋਈ ਹੋਰ ਪਵਿਤਰ ਚੀਜ਼ ਰੱਖ ਕੇ ਉਸ ਵੱਲ ਅੱਧ ਮੀਟੀਆਂ ਅੱਖਾਂ ਨਾਲ ਤੱਕੋ ਤੇ ਰਸਨਾ ਨਾਲ ਕਿਸੇ ਛੋਟੇ ਸ਼ਬਦ, ਜਿਵੇਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਜਾਂ ਸੁਖਮਨੀ ਸਾਹਿਬ ਦਾ ਪਹਿਲਾ ਸਲੋਕ, ਜਾਂ ਸਿਰਫ 'ਵਾਹਿਗੁਰੂ' ਦੇ ਅੱਖਰ ਦਾ ਜਾਪ ਕਰੋ। ਜੇ ਹੌਲੀ ਹੌਲੀ ਜਾਪ ਕਰ ਸਕਦੇ ਹੋ ਤਾਂ ਬਹੁਤ ਚੰਗਾ ਹੈ, ਪਰ ਜੇਕਰ ਹੌਲੀ ਹੌਲੀ ਜਾਪ ਕੀਤਿਆਂ ਬਿਰਤੀ ਨਾ ਟਿੱਕੇ ਤਾਂ ਬੇਸ਼ਕ ਇਤਨੀ ਉੱਚੀ ਜਾਪ ਕਰੋ ਕਿ ਜਿਸ ਨੂੰ ਤੁਹਾਡੇ ਆਪਣੇ

ਕੰਨ ਸੁਣ ਸਕਣ, ਪਹਿਲੇ ਰਸਨਾਂ ਤੋਂ, ਤੇ ਪਿਛੇ ਸੁਰਤ ਵਿਚ, ਜੋ ਜਾਪ ਦੀ ਆਵਾਜ਼ ਨਿਕਲੇ, ਉਸ ਦੇ ਸੁਨਣ ਵਲ ਬਿਰਤੀ ਨੂੰ ਲਗਾਣਾ ਚਾਹੀਦਾ ਹੈ, ਮਾਲਾ ਭੀ ਕਾਰਆਮਦ ਹੋ ਸਕਦੀ ਹੈ, ਤਾਂ ਮਾਲਾ ਦੇ ਹਰ ਮਣਕੇ ਨਾਲ ਇੱਕ ਸ਼ਬਦ ਦਾ ਜਾਂ ਇੱਕ ਅੱਖਰ ਦਾ ਪਾਠ ਕਰਨਾ ਤੇ ਪਾਠ ਦੀ ਆਵਾਜ਼ ਨੂੰ ਸੁਨਣਾ ਵੀ ਬਿਰਤੀ ਦੇ ਟਿਕਾ ਵਾਸਤੇ ਲਾਭਦਾਇਕ ਹੈ। ਇਹ ਮਸ਼ਕ ਜੇਕਰ ਰੋਜ਼ਾਨਾ ਅੱਧਾ ਘੰਟਾ ਕੀਤੀ ਜਾਵੇ ਤਾਂ ਕੁਝ ਮਹੀਨਿਆਂ ਵਿੱਚ ਰਸਨਾ ਦੇ ਸਿਮਰਨ ਤੋਂ ਸੁਰਤੀ ਦੇ ਸਿਰਮਨ ਦੀ ਅਵਸਥਾ ਪੈਦਾ ਹੋ ਜਾਂਦੀ ਹੈ। ਸਿਮਰਨ ਦੇ ਸਮੇਂ ਬਾਰੇ ਉਹ ਕਹਿੰਦੇ ਹਨ ਕਿ ਜੋ ਸਮਾਂ ਭੀ ਤੁਸੀਂ ਮੁਨਾਸਿਬ ਸਮਝੋ, ਉਹ ਠੀਕ ਹੈ ਪਰ ਥੱਕੇ ਸਰੀਰ ਨਾਲ ਸਿਮਰਨ ਕਰਨਾ ਠੀਕ ਨਹੀਂ, ਕਿਉਂਕਿ ਨੀਂਦ ਆ ਜਾਣ ਦੀ ਸੰਭਾਵਨਾ ਹੈ, ਵਿਸ਼ਰਾਮ ਦੇ ਬਾਅਦ ਮੂੰਹ ਧੋ ਕੇ ਜਾਂ ਇਸ਼ਨਾਨ ਕਰਕੇ ਸਿਮਰਨ ਕਰਨਾ ਲਾਭਦਾਇਕ ਸਾਬਤ ਹੁੰਦਾ ਹੈ।" ਜਦ ਸਿਮਰਨ ਅਭਿਆਸ ਪੱਕ ਜਾਵੇ ਤਾਂ ਅੱਠੇ ਪਹਿਰ ਜਾਗਦਿਆਂ, ਸੁੱਤਿਆਂ, ਹਰ ਵਕਤ ਸਿਮਰਨ ਹੁੰਦਾ ਰਹਿੰਦਾ ਹੈ, ਪਰ ਇਹ ਅਵਸਥਾ ਕਈ ਵਰ੍ਹਿਆਂ ਦੀ ਅਣਥੱਕ ਤੇ ਲਗਾਤਾਰ ਕਮਾਈ ਦਾ ਫਲ ਹੁੰਦੀ ਹੈ, ਐਵੇਂ ਕਿਤਾਬਾਂ ਪੜ੍ਹ ਕੇ ਨਹੀਂ ਉਪਜ ਸਕਦੀ।"

"ਨਾਮ ਦਾ ਨਿਵਾਸ" ਵਿੱਚ ਲਿਖਦੇ ਹਨ "ਜਿਸ ਹਿਰਦੇ ਵਿੱਚ (ਮਨ ਵਿੱਚ) ਦੁਨੀਆਂਦਾਰੀ ਦੇ ਨਿਸਚੇ ਜਾਂ ਮਨਮਤ ਨਿਵਾਸ ਕਰੇ, ਉਸ ਹਿਰਦੇ ਵਿੱਚ ਨਾਮ ਦਾ ਨਿਵਾਸ ਨਹੀਂ ਹੋ ਸਕੇਗਾ। ਨਾਮ ਦੇ ਨਿਵਾਸ ਵਾਸਤੇ ਜ਼ਰੂਰੀ ਹੈ ਕਿ ਮਨ ਜਾਂ ਹਿਰਦਾ ਨਾਮ ਦੇ ਨਿਵਾਸ ਦੇ ਯੋਗ ਹੋਵੇ। ਜਿਸ ਤਰ੍ਹਾਂ ਕਲਰ ਵਾਲੀ ਜ਼ਮੀਨ ਵਿੱਚ ਬੀਜ ਨਹੀਂ ਉਗ ਸਕਦਾ, ਇਸੇ ਤਰ੍ਹਾਂ ਹਉਮੈਂ ਜਾਂ ਦੁਨੀਆਂਦਾਰੀ, ਜਾਂ ਮਨਮਤ ਵਾਲੇ ਮਨ ਵਿੱਚ ਨਾਮ ਦਾ ਨਿਵਾਸ ਨਹੀਂ ਹੋ ਸਕਦਾ।"

ਹਉਮੈ ਨਾਵੈ ਨਾਲ ਵਿਰੋਧ ਹੈ, ਦੋਇ ਨ ਵਸਹਿ ਇਕ ਥਾਇ॥

ਇਨਸਾਨ ਦਾ ਇਹ ਸੋਚਣਾ ਕਿ ਉਹ ਆਪਣੇ ਮਾਤਾ ਪਿਤਾ ਦਾ ਪੁੱਤਰ ਹੈ, ਜੇਕਰ ਵਿਚਾਰ ਕੀਤਾ ਜਾਵੇ ਤਾਂ ਇਹ ਭੀ ਗਲਤ ਤੇ ਭੁਲੇਖਾ-ਪਾਊ ਹੀ ਸਾਬਤ ਹੋਵੇਗਾ। ਮਾਤਾ ਪਿਤਾ ਕੇਵਲ ਬੱਚੇ ਦੀ ਉਤਪਤੀ ਦੇ ਜ਼ਿੰਮੇਵਾਰ ਹਨ, ਸਾਧਨ ਹਨ ਪਰ ਦਰਅਸਲ ਉਹ ਵਾਹਿਗੁਰੂ ਦਾ ਹੀ ਬੱਚਾ ਹੈ। ਵਾਹਿਗੁਰੂ ਦੀ ਮਹਾਨ ਸ਼ਕਤੀ, ਮਾਤਾ ਪਿਤਾ ਦੇ ਜ਼ਰੀਏ ਸੰਤਾਨ ਉਤਪੰਨ ਕਰਦੀ ਹੈ ਪਰ ਮਾਤਾ ਦੇ ਗਰਭ ਵਿੱਚ ਉਸਦੀ ਕਿਰਪਾ ਨਾਲ ਹੀ ਉਸਦੇ ਹੱਥ ਪੈਰ ਬਣਦੇ ਹਨ, ਹੱਥਾਂ ਪੈਰਾਂ ਤੇ ਲੀਕਾਂ ਪੈਂਦੀਆਂ ਹਨ, ਨਿੱਕੀ ਨਿੱਕੀ ਝੰਡ ਬਣਦੀ ਹੈ, ਅੱਖਾਂ ਬਣਦੀਆਂ ਹਨ, ਝਿਮਣੀਆਂ ਬਣਦੀਆਂ ਹਨ। ਸਰੀਰ ਦੀ ਸੰਪੂਰਣਤਾ ਤੇ ਉਸ ਵਿੱਚ ਜਾਨ ਪੈਂਦੀ ਹੈ।

ਬੱਚਾ ਵਧਦਾ ਫੁਲਦਾ ਹੈ ਤੇ ਉਸਦੇ ਮਨ ਵਿਚ ਆਪਣੇ ਸਰੀਰ ਨੂੰ ਤੇ ਆਪ ਨੂੰ ਖੁਦ ਕਾਇਮ ਰੱਖਣ ਦਾ ਨਿਸਚਾ ਆਉਂਦਾ ਹੈ। ਰੋਜ਼ੀ ਰੋਟੀ ਕਮਾਉਣ ਦੀ

ਜ਼ਿੰਮੇਵਾਰੀ ਦਾ ਅਹਿਸਾਸ ਆਉਂਦਾ ਹੈ ਤੇ ਇਸ ਤਰ੍ਹਾਂ ਉਹ ਖੁਦ ਨੂੰ ਤੇ ਅੱਗੇ ਫਿਰ ਆਪਣੇ ਬਾਲ ਬੱਚਿਆਂ ਨੂੰ ਕਾਇਮ ਰੱਖਦਾ ਹੈ। ਪਰ ਹਰ ਕਿਸੇ ਦਾ ਰਿਜ਼ਕ ਰੱਬ ਨੇ ਉਸਦੇ ਭਾਗ ਵਿੱਚ ਲਿਖ ਦਿੱਤਾ ਹੈ। ਆਦਮੀ ਨੂੰ ਆਪਣੇ ਰਿਜ਼ਕ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਗੁਰਬਾਣੀ ਦਾ ਕਹਿਣਾ ਹੈ :

"ਨਾਨਕ ਚਿੰਤਾ ਮਤਿ ਕਰਉ ਚਿੰਤਾ ਤਿਸਹੀ ਹੇਇ।।
ਜਲ ਵਿੱਚ ਜੰਤ ਉਪਾਇਕੇ ਤਿਨ੍ਹਾਂ ਭੀ ਰੋਜ਼ੀ ਦੇਇ।।"

ਰੋਜ਼ੀ ਵਾਸਤੇ ਉਦਮ ਕਰਨਾ ਹੋਰ ਗੱਲ ਹੈ ਤੇ ਚਿੰਤਾ ਫਿਕਰ ਕਰਨਾ ਹੋਰ। ਫਿਰ ਦਸਦੇ ਹਨ ਕਿ ਧਰਤੀ ਕੇਵਲ ਵਿਸ਼ਰਾਮ ਦੀ ਜਗ੍ਹਾ ਹੈ। "ਗੁਰਮਤ ਦਾ ਵਿਗਿਆਨਿਕ ਤੇ ਸੱਚਾ ਉਪਦੇਸ਼ ਗੁਰਸਿੱਖ ਨੂੰ ਦਸਦਾ ਹੈ ਕਿ ਇਹ ਜਗਤ ਵੀ ਨਾਸ਼ਵੰਦ ਅਤੇ ਤੂੰ ਵੀ ਨਾਸ਼ਵੰਦ ਹੈ। ਜਗਤ ਇੱਕ ਹਰ ਵਕਤ ਬਦਲਣ ਵਾਲਾ ਮੁਸਾਫ਼ਰ ਹੈ। "ਹੋਰ" ਜੋ ਗੁਰਸਿੱਖ ਚਾਹੇ ਕਿ ਉਸਦੇ ਹਿਰਦੇ ਵਿੱਚ ਨਾਮ ਦਾ ਨਿਵਾਸ ਹੋਵੇ, ਉਸਨੂੰ ਗੁਰੂ ਉਪਦੇਸ਼ ਅਨੁਸਾਰ ਰੋਜ਼ਾਨਾ ਜੀਵਨ ਬਤੀਤ ਕਰਕੇ, ਆਪਣੇ ਮਨ ਨੂੰ ਨਾਮ ਦੇ ਨਿਵਾਸ ਦੇ ਯੋਗ ਬਨਾਉਣਾ ਪਵੇਗਾ।"

'ਸਿਮਰਨ ਸੰਬੰਧੀ ਭੁਲੇਖੇ' ਵਿੱਚ ਲਿਖਦੇ ਹਨ "ਜਿਸ ਤਰ੍ਹਾਂ ਛੇਕਾਂ ਵਾਲਾ ਜਹਾਜ਼ ਸਮੁੰਦਰ ਪਾਰ ਨਹੀਂ ਕਰ ਸਕਦਾ, ਉਸੇ ਤਰ੍ਹਾਂ ਸ਼ੰਕਿਆਂ, ਭੁਲੇਖਿਆਂ ਵਾਲਾ ਮਨ, ਜ਼ਿੰਦਗੀ ਦੇ ਭਵਸਾਗਰ ਨੂੰ ਪਾਰ ਕਰਨ ਤੋਂ ਅਸਮਰਥ ਰਹੇਗਾ।" ਜਗਤ ਵਿੱਚ ਲੁਕੀ ਸੂਕਸ਼ਮ ਅਕਾਲ ਸ਼ਕਤੀ ਦਾ ਗਿਆਨ ਇਨਸਾਨ ਦੀਆਂ ਸਭ ਮੁਸ਼ਕਲਾਂ ਹਲ ਕਰ ਦਿੰਦਾ ਹੈ। ਦੁਨਿਆਵੀ ਭਾਈਚਾਰਕ ਅਤੇ ਆਤਮਕ ਔਕੜਾਂ ਨੂੰ ਹਲ ਕਰਨ ਵਿੱਚ ਸਹਾਈ ਹੁੰਦਾ ਹੈ, ਅੱਖੀਂ ਦਰਸਾ ਕੇ ਅਕਾਲ ਪੁਰਖ ਦੀ ਹਸਤੀ ਵਿੱਚ ਗੁਰਸਿੱਖ ਦਾ ਨਿਸਚਾ ਪਰਪੱਕ ਕਰ ਦਿੰਦਾ ਹੈ। ਸਿਮਰਨ, ਪੁਸਤਕਾਂ ਵਿੱਚ ਲਿਖੇ ਅਕਾਲ ਪੁਰਖ ਦੇ ਲਛਣ, ਅਭਿਆਸੀ ਨੂੰ ਸਾਖਸ਼ਾਤ ਦਰਸਾਂਦਾ ਹੈ, ਜ਼ਿੰਦਗੀ ਤੇ ਮੌਤ ਦੇ ਭੇਦ ਨੂੰ ਖੋਲ੍ਹਦਾ ਹੈ, ਇਸ ਸ਼ਕਤੀ ਦਾ ਗਿਆਨ ਤੇ ਮੌਤ ਦੇ ਡਰ ਨੂੰ ਦੂਰ ਕਰਦਾ ਹੈ। ਸਿਮਰਨ ਜੀਵ ਨੂੰ ਪਰਮ-ਸੁਖੀ ਤੇ ਪੂਰਨ ਆਜ਼ਾਦ ਬਣਾਂਦਾ ਹੈ, ਰੱਬ ਨਾਲ ਮਿਲਾਕੇ ਉਸ ਨੂੰ ਰੱਬ ਦਾ ਰੂਪ ਕਰ ਦਿੰਦਾ ਹੈ। ਜੇਕਰ ਇਨਸਾਨ ਇਹ ਸੋਚੇ ਕਿ ਵਾਹਿਗੁਰੂ, ਵਾਹਿਗੁਰੂ ਕਰਨਾ, ਰਾਮ ਰਾਮ ਜਪਣਾ ਰੱਬ ਦੀ ਖੁਸ਼ਾਮਦ ਹੈ ਤੇ ਇਹ ਸਿਰਫ ਆਪਣੇ ਤੇ ਰੱਬ ਦੇ ਵਕਤ ਦੀ ਬਰਬਾਦੀ ਹੈ, ਤਾਂ ਇਸ ਤੋਂ ਭਾਵ ਹੈ ਕਿ ਰੱਬ ਦਾ ਸੁਭਾ ਵੀ ਇਨਸਾਨ ਵਰਗਾ ਹੈ। ਸਿਮਰਨ ਰੱਬ ਨੂੰ ਆਵਾਜ਼ਾਂ ਮਾਰਨਾ ਨਹੀਂ। ਇਹ ਜੀਵ ਦੀ ਆਪਣੇ ਅਸਲੇ ਪ੍ਰਮਾਤਮਾਂ ਦੇ ਮਿਲਾਪ ਲਈ ਅਸਥੂਲ ਤੋਂ ਸੂਖਸ਼ਮ ਮੰਡਲਾਂ ਵਲ ਉਡਾਰੀ ਹੈ, ਇੱਕ ਸਫ਼ਰ ਹੈ। ਸ੍ਰੀ ਗੁਰੂ ਗਰੰਥ ਸਾਹਿਬ ਅੱਗੇ ਸਾਰੀ ਦੁਨੀਆ ਮੱਥੇ ਪਈ ਟੇਕੇ, ਉਹ ਕਦੀ ਛਿੱਥੇ ਨਹੀਂ ਪੈ ਸਕਦੇ, ਕਿਉਂਕਿ ਉਹ ਦੇਹ ਧਾਰੀ ਕੋਈ ਚੀਜ਼ ਨਹੀਂ। ਸ੍ਰੀ ਗੁਰੂ ਗਰੰਥ ਸਾਹਿਬ ਦੀ ਇਜ਼ੱਤ, ਉਸ ਵਿੱਚ

ਲਿਖੇ ਸ਼ਬਦਾਂ ਦੇ ਅਰਥਾਂ ਦੇ ਪਿਛੇ ਲੁਕੀ ਚੇਤਨ ਸੱਚਾਈ ਵੱਲ ਤੁਰਨਾ ਹੈ, ਔਹੜਨਾ ਹੈ, ਹੁਲਾਰਾ ਮਾਰਨਾ ਹੈ। ਇਸ ਸੂਖਸ਼ਮ ਸੱਚਾਈ ਤੱਕ ਜੀਵ ਤਦ ਤੱਕ ਨਹੀਂ ਪਹੁੰਚ ਸਕਦਾ, ਜਦ ਤਕ ਉਹ ਆਪ ਸੂਖਸ਼ਮ ਨਾ ਬਣ ਸਕੇ। ਹਰਿ ਹਉਮੈ ਰਹਿਤ ਹਸਤੀ ਹੈ : "ਏਵਡ ਊਚਾ ਹੋਵੈ ਕੋਇ।। ਤਿਸ ਊਚੇ ਕੌ ਜਾਣੈ ਸੋਇ।।"

ਸਾਰੇ ਗੁਰੂ ਸਾਹਿਬਾਨ ਗ੍ਰਹਿਸਤੀ ਸਨ, ਗੁਰੂ ਗੋਬਿੰਦ ਸਿੰਘ ਜੀ ਘੋਰ ਯੁੱਧਾਂ ਵਿੱਚ ਸਮਾਂ ਕਢ ਕੇ ਸਿਮਰਨ ਕਰਦੇ ਅਤੇ ਸਿੰਘਾਂ ਨੂੰ ਸਿਮਰਨ ਦਾ ਉਪਦੇਸ਼ ਦਿੰਦੇ ਸਨ। ਜਿਵੇਂ ਸਰੀਰਕ ਵਰਜ਼ਿਸ਼ ਇਨਸਾਨ ਨੂੰ ਰੋਗਾਂ ਤੇ ਮੌਸਮੀ ਬਦਲਾਵ ਦਾ ਮੁਕਾਬਲਾ ਕਰਨ ਦੇ ਕਾਬਲ ਬਣਾ ਦਿੰਦੀ ਹੈ, ਇਸੇ ਤਰ੍ਹਾਂ ਸਿਮਰਨ ਤੋਂ ਪ੍ਰਾਪਤ ਸ਼ਕਤੀ, ਮਨ ਨੂੰ ਮਜ਼ਬੂਤ, ਨਿਰਮਲ, ਪਾਪਾਂ-ਕਮਜ਼ੋਰੀਆਂ ਦਾ ਮੁਕਾਬਲਾ ਕਰਨ ਅਤੇ ਡੂੰਘੀਆਂ ਵਿਚਾਰਾਂ ਸੋਚਣ ਦੇ ਕਾਬਲ ਬਣਾ ਦਿੰਦੀ ਹੈ। ਸਿਮਰਨ ਅਭਿਆਸੀ ਨੂੰ ਕੁਝ ਸਮੇਂ ਮਗਰੋਂ ਮਹਾਂਰਸ ਆਉਣ ਲਗ ਜਾਂਦਾ ਹੈ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਸਮਾਂ ਸਿਮਰਨ ਵਿੱਚ ਗੁਜ਼ਾਰਨਾ ਚਾਹੁੰਦਾ ਹੈ। ਸਿਮਰਨ ਵਿੱਚ ਪੂਰਨਤਾ ਜ਼ਰੂਰ ਬੜੀ ਘਾਲ ਤੇ ਵਾਹਿਗੁਰੂ ਦੀ ਕਿਰਪਾ ਨਾਲ ਹੀ ਨਸੀਬ ਹੁੰਦੀ ਹੈ, ਪਰ ਇਹ ਕੋਈ ਵਜ੍ਹਾ ਨਹੀਂ ਕਿ ਸਿਮਰਨ ਕੀਤਾ ਹੀ ਨਾ ਜਾਵੇ। ਬਹੁਤ ਸਾਰੇ ਲੋਕ ਕਰੋੜਾਂ ਰੁਪਏ ਕਮਾਣਾ ਚਾਹੁੰਦੇ ਹਨ ਤੇ ਘੋਰ ਮਿਹਨਤ ਕਰਦੇ ਹਨ ਪਰ ਸਫਲ ਬਹੁਤ ਘੱਟ ਲੋਕ ਹੀ ਹੋ ਪਾਂਦੇ ਹਨ। ਪਰ ਇਸ ਦਾ ਅਰਥ ਇਹ ਤੇ ਨਹੀਂ ਕਿ ਬਾਕੀ ਸਾਰੇ ਯਤਨ ਕਰਨ ਹੀ ਨਾ। ਮੁਕੰਮਲ ਡਾਕਟਰ ਤੇ ਇੰਜੀਨੀਅਰ ਬਹੁਤ ਮੇਹਨਤ ਤੋਂ ਬਾਅਦ ਵੀ ਘਟ ਹੀ ਲੋਕ ਬਣਦੇ ਹਨ ਪਰ ਕੋਸ਼ਿਸ਼ ਤਾਂ ਬਹੁਤ ਸਾਰੇ ਕਰਦੇ ਹੀ ਹਨ। ਇਸ ਪ੍ਰਸ਼ਨ ਦੇ ਜਵਾਬ ਵਿੱਚ ਕਿ ਗੁਰਬਾਣੀ ਪੜ੍ਹਨੀ, ਕੀਰਤਨ ਸੁਣਨਾ, ਸਾਧ ਸੰਗਤ ਦੀ ਸੇਵਾ ਕਰਨੀ, ਨੇਕ ਅਮਲ ਕਰਨੇ, ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਹਨ। ਸਿਮਰਨ ਅਭਿਆਸ ਦੀ ਕੋਈ ਨਹੀਂ।' ਬੀਰ ਜੀ ਦਾ ਜਵਾਬ ਸੀ "ਇਸ ਭੁਲੇਖੇ ਵਿੱਚ ਅੱਜ ਕਲ੍ਹ ਦੇ ਕਰੀਬਨ ੯੫ ਫੀ ਸਦੀ ਗੁਰਸਿੱਖ ਆਪਣਾ ਜੀਵਨ ਬਤੀਤ ਕਰ ਰਹੇ ਹਨ। — ਤੀਰਥ ਯਾਤਰਾ ਟਰੇਨ ਦਾ ਪ੍ਰੋਗਰਾਮ ਪੜ੍ਹ ਕੇ ਯਾ ਉਸ ਵਿੱਚ ਅਗੇ ਹੋ ਆਏ ਮੁਸਾਫਰਾਂ ਦੀਆਂ ਗੱਲਾਂ ਸੁਣ ਕੇ, ਤੀਰਥ ਯਾਤਰਾ ਦਾ ਸ਼ੌਕ ਪੈਦਾ ਹੋ ਸਕਦਾ ਹੈ, ਐਪਰ ਤੀਰਥ ਯਾਤਰਾ ਅਸਲ ਵਿੱਚ ਉਸੇ ਦੀ ਹੋਵੇਗੀ ਜੋ ਘਰ ਛੱਡੇ ਤੀਰਥ ਯਾਤਰਾ ਟਰੇਨ ਦਾ ਮੁਸਾਫਰ ਬਣੇ ਅਤੇ ਸੱਚੀ ਮੁੱਚੀ ਤੀਰਥਾਂ ਤੇ ਪਹੁੰਚ ਕੇ ਤੀਰਥ ਦੇ ਦਰਸ਼ਨ ਕਰੇ।

"ਤੀਰਥ ਨਾਵਣ ਜਾਉ ਤੀਰਥ ਨਾਮ ਹੈ।।
ਤੀਰਥ ਸ਼ਬਦ ਵੀਚਾਰ ਅੰਤ੍ਰ ਗਿਆਨ ਹੈ।।"

ਸ਼ੁਭ ਅਮਲ ਭੀ ਅਸਲ ਅਰਥਾਂ ਵਿੱਚ ਸਿਮਰਨ ਤੋਂ ਹੀ ਉਪਜ ਸਕਦੇ ਹਨ। ਸੱਚ ਬੋਲਣਾ, ਦੁਨੀਆਂ ਨੂੰ ਪਿਆਰ ਕਰਨਾ, ਸੰਸਾਰ ਦੀ ਸੇਵਾ ਨੂੰ ਵਾਹਿਗੁਰੂ ਦੀ

ਸੇਵਾ ਸਮਝਣਾ ਹਮਸਾਏ ਅਤੇ ਆਪਣੇ ਬੱਚੇ ਵਿੱਚ ਫਰਕ ਨਾ ਕਰਨਾ, ਕਿਸੇ ਦਾ ਦਿਲ ਨਾ ਦੁਖਾਣਾ ਆਦਿ ਗੁਣ ਆ ਜਾਂਦੇ ਹਨ। ਜਿਵੇਂ ਪਾਣੀ ਦਾ ਸੁਭਾਅ ਹੀ ਨਿਵਾਣ ਵੱਲ ਵਗਣਾ ਹੈ, ਉਵੇਂ ਸਿਮਰਨ ਅਭਿਆਸੀ ਦਾ ਸੁਭਾਅ ਹੀ ਨਿਰਮਾਣ ਤੇ ਨੇਕ ਹੋ ਜਾਂਦਾ ਹੈ। ਸਿਮਰਨ ਅਭਿਆਸੀ ਅਤੇ ਪੁਸਤਕਾਂ ਪੜ੍ਹ ਕੇ ਬਣੇ ਨੇਕ ਆਦਮੀ ਵਿੱਚ ਇਹ ਬੜਾ ਭਾਰਾ ਫਰਕ ਹੁੰਦਾ ਹੈ, ਕਿ ਮੁਸੀਬਤਾਂ ਤੰਕਲੀਫਾਂ ਦੇ ਸਮੇਂ ਪੁਸਤਕਾਂ ਪੜ੍ਹੇ, ਆਦਮੀ ਦਾ ਨਿਸਚਾ ਡੋਲ ਸਕਦਾ ਹੈ, ਕਿਉਂਕਿ ਉਸ ਦੀ ਨੇਕੀ ਅਕਲ ਤੇ ਦਲੀਲ ਦੇ ਦਾਇਰੇ ਤਕ ਮਹਿਦੂਦ ਹੰਦੀ ਹੈ; ਪਰ ਸਿਮਰਨ ਅਭਿਆਸੀ ਦੀ ਨੇਕੀ ਉਸਦਾ ਜੀਵਨ ਹੁੰਦੀ ਹੈ। ਉਹ ਬਗੈਰ ਕੋਸ਼ਿਸ਼ ਤੇ ਸੋਚਣ ਦੇ ਸ਼ੁਭ ਅਮਲ ਕਰਦਾ ਹੈ। ਜਿਵੇਂ ਫੁੱਲ ਵਿਚੋਂ ਸੁਗੰਧੀ ਆਪ-ਮੁਹਾਰੀ ਨਿਕਲਦੀ ਹੈ, ਤਿਵੇਂ ਸਿਮਰਨ ਅਭਿਆਸੀ ਕੋਲੋਂ ਸ਼ੁਭ ਅਮਲ ਆਪੇ ਹੁੰਦੇ ਰਹਿੰਦੇ ਹਨ।......... ਸਿਮਰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਰਸ਼ੀ ਮਹਿਲ ਦੀ ਕੁੰਜੀ ਹੈ। ਜੋ ਲੋਕ ਸਿਮਰਨ ਨਹੀਂ ਕਰਦੇ, ਨਾਮ ਨਹੀਂ ਜਪਦੇ, ਭਾਵੇਂ ਗੁਰਬਾਣੀ ਕਿਤਨੀ ਪੜ੍ਹੀ ਜਾਣ ਅਤੇ ਨੇਕ ਬਨਣ ਦੀ ਕਿਤਨੀ ਕੋਸ਼ਿਸ਼ ਕਰੀ ਜਾਣ ਉਹ ਗੁਰੂ ਘਰ ਵਿੱਚ ਛੁਪੇ ਖਜ਼ਾਨਿਆਂ ਦੇ ਕੇਵਲ ਪਹਿਰੇਦਾਰ ਹੀ ਬਣ ਸਕਦੇ ਹਨ ਮਾਲਕ ਨਹੀਂ ਬਣ ਸਕਦੇ।

ਇੱਕ ਹੋਰ ਪ੍ਰਸ਼ਨ ਹੈ "ਸਿਰਮਨ ਦਾ ਅੰਤ ਮੁਕਤੀ ਹੈ, ਮੁਕਤੀ ਨੇਸਤੀ ਹੈ, ਇਨਸਾਨ ਹਸਤੀ ਵਿੱਚੋਂ ਨੇਸਤੀ ਵੱਲ ਜਾਣਾ ਪਸੰਦ ਨਹੀਂ ਕਰਦਾ, ਇਸ ਵਾਸਤੇ ਸਿਮਰਨ, ਬੰਦਗੀ ਨਹੀਂ ਕਰਨੀ ਚਾਹੀਦੀ।" ਇਹ ਇੱਕ ਭੁਲੇਖਾ ਹੈ — ਬੱਚਾ ਜਵਾਨ ਹੋ ਜਾਵੇ ਤਾਂ ਉਸਦਾ ਬਚਪਨ ਖਤਮ ਹੋ ਜਾਂਦਾ ਹੈ ਪਰ ਬੱਚਾ ਆਪ ਖਤਮ ਨਹੀਂ ਹੁੰਦਾ। ਉਹ ਜੀਵਨ ਦੀ ਇਕ ਨਵੀਂ ਤੇ ਚੰਗੇਰੀ ਹਾਲਤ ਵਿੱਚ ਚਲਾ ਜਾਂਦਾ ਹੈ ਤੇ ਗੁਰਬਾਣੀ ਵਿੱਚ ਦੱਸੇ 'ਨਿਹਚਲ ਰਾਜਾ' ਨੂੰ ਪ੍ਰਾਪਤ ਹੋ ਜਾਂਦਾ ਹੈ। ......... ਸਿਮਰਨ ਅਭਿਆਸ ਦਾ ਇੱਕ ਫਲ ਤਦ ਪ੍ਰਾਪਤ ਹੁੰਦਾ ਹੈ ਜਦ ਜੀਵ ਆਪਣੇ ਅਸਲੇ, ਅਕਾਲ ਪੁਰਖ ਵੱਲ ਮੁੜਦਾ ਹੈ, ਤੱਦ ਹੀ ਉਸਦਾ ਰਿਸ਼ਤਾ ਰੱਬ ਨਾਲ ਕਾਇਮ ਹੋ ਜਾਂਦਾ ਹੈ ਤੇ ਦੂਸਰਾ ਫਲ ਤੱਦ ਮਿਲਦਾ ਹੈ ਜਦ ਵਾਹਿਗੁਰੂ ਆਪਣੇ ਸਭ ਰਾਜ਼ ਸਭ ਪਰਦੇ ਅਭਿਆਸੀ ਤੋਂ ਲਾਹ ਦਿੰਦਾ ਹੈ। ਸਿਮਰਨ ਦੇ ਇਹ ਦੋਵੇਂ ਫਲ ਇੰਜ ਹਨ, ਜਿਵੇਂ ਇੱਕ ਤਾਂ ਹਰ ਮਹੀਨੇ ਦੀ ਤਨਖਾਹ ਤੇ ਕਦੀ ਕਦਾਈਂ ਬੋਨਸ ਆਦਿ ਦਾ ਮਿਲਣ ਤੇ ਦੂਸਰਾ ਨੌਕਰੀ ਖਤਮ ਹੋਣ ਤੇ ਇੱਕ ਵੱਡੀ ਰਕਮ ਪ੍ਰਾਵੀਡੈਂਟ ਫੰਡ ਦੇ ਰੂਪ ਵਿੱਚ ਪ੍ਰਾਪਤ ਕਰਦਾ ਹੈ। ਸਿਮਰਨ ਅਭਿਆਸ ਇੱਕ ਵਿਗਿਆਨਕ ਜੁਗਤੀ ਹੈ, ਜਿਸ ਨੂੰ ਵਰਤ ਕੇ, ਜਿਸਦਾ ਦਿਲ ਕਰੇ 'ਮਾਨਸ ਤੋਂ ਦੇਵਤਾ' ਬਣ ਸਕਦਾ ਹੈ।

ਬੀਰ ਜੀ ਆਪਣੀ ਪੁਸਤਕ ਦੇ ਕਾਂਡ 'ਸਾਸ ਗਿਰਾਸ ਨਾਮ ਜਪਣਾ' ਵਿੱਚ ਕੇਹੀ ਅਦਭੁਤ, ਅਨੋਖੀ ਤੇ ਸੁਖਾਲੀ ਵਿਧੀ ਨਾਲ ਨਾਮ ਜਪਣਾ ਸਿਖਾ ਰਹੇ ਹਨ। ਕਹਿੰਦੇ ਹਨ "ਸਵਾਸ ਤਾਂ ਆਉਂਦੇ ਹੀ ਰਹਿੰਦੇ ਹਨ। ਬਸ ਅੰਦਰ ਸਵਾਸ ਜਾਣ

ਵੇਲੇ "ਵਾਹ" ਅਤੇ ਸਵਾਸ ਦੇ ਬਾਹਰ ਨਿਕਲਣ ਵੇਲੇ "ਗੁਰੂ" ਆਖਣ ਦਾ ਅਭਿਆਸ ਕਰ ਲੈਣਾ ਅਤੇ ਮਨ ਨੂੰ ਕੇਵਲ ਇਸ ਅਭਿਆਸ ਵਿੱਚ ਹੀ ਖਲਵਾਈ ਰੱਖਣਾ। ਇਹ ਤਾਂ ਹੋਇਆ ਸਵਾਸ ਸਵਾਸ ਨਾਮ ਜਪਣਾ। ਪਰ 'ਗਿਰਾਸ' ਨਾਲ ਨਾਮ ਜਪਣਾ ਕੀ ਹੋਇਆ ? ਰਸਨਾ ਦੇ ਸਿਮਰਨ ਵਿੱਚ ਕੁਝ ਚਿਰ ਬਾਅਦ ਥਕਾਵਟ ਆ ਜਾਂਦੀ ਹੈ ਪਰ ਸਾਲ ਦੋ ਸਾਲ ਰੋਜ਼ਾਨਾ ਸਵਾਸਾਂ ਦੇ ਸਿਮਰਨ ਦੇ ਅਭਿਆਸ ਨਾਲ ਸਿਮਰਨ ਵਿੱਚ ਥਕਾਵਟ ਪੈਦਾ ਨਹੀਂ ਹੁੰਦੀ। ਜਦ ਅਸੀਂ ਦੰਦਾਂ ਨਾਲ ਰੋਟੀ ਚਬਾਂਦੇ ਹਾਂ ਤਾਂ ਹੇਠਲੇ ਦੰਦ ਉਤਲਿਆਂ ਦੰਦਾਂ ਨਾਲ ਘੜੀ ਮੁੜੀ ਆ ਕੇ ਲਗਦੇ ਹਨ। ਇਸ ਹਰਕਤ ਨਾਲ ਵਾਹਿਗੁਰੂ ਦਾ ਨਾਮ ਜੋੜ ਦੇਣਾ, 'ਗਿਰਾਸ' ਦਾ ਸਿਮਰਨ ਹੁੰਦਾ ਹੈ। ਇਸ ਤੋਂ ਮੁਰਾਦ ਇਹ ਹੈ ਕਿ ਗੁਰਸਿਖ ਲਈ 'ਨਾਮ' ਜਪਣਾ ਇਤਨਾ ਜ਼ਰੂਰੀ ਹੈ ਕਿ ਖਾਣ, ਪੀਣ, ਪਹਿਨਣ, ਸੌਣ, ਜਾਗਣ, ਚਲੱਣ, ਫਿਰਨ ਸਮੇਂ ਵੀ ਨਾਮ ਜਾਪ ਨਹੀਂ ਵਿਸਰਨਾ ਚਾਹੀਦਾ।

"ਉਠਤ ਬੈਠਤ ਸੋਵਤ ਜਾਗਤ ਇਹ ਮਨ ਤੁਝੇ ਚਿਤਾਰੇ ।।"

ਬੀਰ ਜੀ ਦਾ ਕਹਿਣਾ ਹੈ "ਜੀਭ ਦਾ ਰਸ ਸਾਨੂੰ ਸਾਰੀ ਉਮਰ ਆਪਣਾ ਗੁਲਾਮ ਬਣਾਈ ਰੱਖਦਾ ਹੈ। ਚੰਗੇ ਖਾਣੇ ਖਾਣ ਨਾਲ ਸਾਡੀ ਆਦਤ ਐਸੀ ਵਿਗੜਦੀ ਹੈ ਕਿ ਚੰਗੇ ਚੰਗੇ ਖਾਣੇ ਵੀ ਸਾਨੂੰ ਮਾਮੂਲੀ ਲਗਦੇ ਹਨ ਅਤੇ ਜੇਕਰ ਮਾਮੂਲੀ ਖਾਣਾ ਕਿਤੇ ਖਾਣਾ ਪੈ ਜਾਵੇ ਤਾਂ ਖਾਧਾ ਹੀ ਨਹੀਂ ਜਾਂਦਾ। ਉਮਰ ਦੇ ਵਧਣ ਨਾਲ ਮੇਹਦੇ ਵਿੱਚ ਹਜ਼ਮ ਕਰਨ ਦੀ ਸ਼ਕਤੀ ਘਟਦੀ ਹੈ। ਜਿਹੜੇ ਜੀਭ ਦੇ ਰਸ ਦੇ ਗੁਲਾਮ ਹੋ ਚੁੱਕੇ ਹਨ, ਉਹ ਵੱਡੀ ਉਮਰ ਵਿੱਚ ਹਜ਼ਮ ਤਾਂ ਕਰ ਨਹੀਂ ਸਕਦੇ, ਪਰ ਚੰਗੇ ਖਾਣਿਆਂ ਦੀ ਇੱਛਾ ਬੜੀ ਪ੍ਰਬਲ ਹੁੰਦੀ ਏ। ਇਸ ਕਰਕੇ ਉਹ ਆਮ ਤੌਰ ਤੇ ਬਿਮਾਰ ਰਹਿੰਦੇ ਹਨ। ਇਸ ਦੇ ਉਲਟ ਜਿਸ ਗੁਰਸਿੱਖ ਨੇ 'ਗਿਰਾਸ' ਦੇ ਨਾਮ ਜਪਣ ਦੀ ਆਦਤ ਪਾ ਲਈ ਹੋਵੇ, ਜਿਉਂ ਜਿਉਂ ਉਸਦਾ ਅਭਿਆਸ ਵਧੇਗਾ, ਤਿਉਂ ਤਿਉਂ ਉਹ ਆਪਣੇ ਆਪ ਨੂੰ ਜੀਭ ਦੇ ਸਵਾਦ ਤੋਂ ਆਜ਼ਾਦ ਹੁੰਦਾ ਦੇਖੇਗਾ।"

ਬੀਰ ਜੀ ਨੇ "ਜਿਨੀ ਨਾਮੁ ਧਿਆਇਆ ਗਏ ਮਸਕਤ ਘਾਲ" ਵਿੱਚ ਜ਼ਾਹਰ ਕੀਤਾ ਹੈ ਕਿ ਨਾਮ ਜਪਣ ਲਈ ਬੜੀ ਮੁਸ਼ਕਤ ਯਾਨੀ ਕਿ ਮੇਹਨਤ, ਮੁਸ਼ੱਕਤ ਕਰਨੀ ਪੈਂਦੀ ਹੈ ਪਰ ਇਹ ਘਾਲਣਾ ਜਾਂ ਮੇਹਨਤ ਸਰੀਰਕ ਨਹੀਂ ਸਗੋਂ ਦਿਮਾਗ ਜਾਂ ਮਨ ਦੀ ਹੈ। ਦੁਨਿਆਵੀ ਤਾਲੀਮ ਜੋ ਆਮ ਤੌਰ ਤੇ ਬੱਚੇ ਨੂੰ ਮਿਲਦੀ ਹੈ ਉਸ ਨੂੰ ਜੋ ਕੁਝ ਸਿਖਣ ਨੂੰ ਮਿਲਦਾ ਹੈ ਉਹ ਇਹ ਕਿ ਇਹ ਮੇਰਾ ਪਿਤਾ ਹੈ, ਇਹ ਮੇਰਾ ਪੁੱਤਰ ਹੈ, ਇਹ ਮੇਰਾ ਦੁਸ਼ਮਣ ਹੈ, ਇਹ ਮੇਰਾ ਮਿੱਤਰ ਹੈ, ਇਹ ਮੇਰਾ ਦੇਸ਼ ਹੈ, ਇਹ ਮੇਰਾ ਘਰ ਹੈ। ਪਰ ਉਸ ਨੂੰ ਨਾਮ ਦੇ ਰਸਤੇ ਤੇ ਤੁਰਨ ਵਾਲਾ ਪੂਰਨ ਗੁਰੂ ਇਸਦੇ ਉਲਟ ਦਸਦਾ ਹੈ, ਕਿ ਇਸ ਸੰਸਾਰ ਵਿੱਚ ਤੇਰਾ ਕੋਈ ਦੁਸ਼ਮਣ ਨਹੀਂ। ਇਹ ਤੇਰੇ ਮਾਤਾ ਪਿਤਾ, ਸਾਕ ਸੰਬੰਧੀ ਕਿਸੇ ਆਰਜ਼ੀ ਸਮੇਂ ਲਈ, ਤੇਰੇ ਨਾਲ ਆਣ ਮਿਲੇ ਹਨ, ਇਹ ਸਭ ਰਿਸ਼ਤੇਦਾਰ ਵੀ ਤੇਰੀ ਤਰ੍ਹਾਂ ਜੀਵਨ ਮੁਸਾਫਿਰ ਹਨ, ਜੋ ਆਪੋ

ਆਪਣੇ ਟਿਕਾਣਿਆਂ ਤੇ ਅਪੜ ਕੇ ਤੇਰੇ ਨਾਲੋਂ ਨਿਖੜ ਜਾਣਗੇ।

ਫਿਰ ਕਹਿੰਦੇ ਹਨ "ਆਪਣਾ ਸਭ ਕੁਝ ਛੱਡ ਕੇ ਗੁਰੂ ਦਾ ਸਭ ਕੁਝ ਆਪਣੇ ਅੰਦਰ ਭਰਨ ਦਾ ਕੰਮ, ਕੋਈ ਇੱਕ ਦੋ ਦਿਨ ਦੀ ਖੇਡ ਨਹੀਂ, ਇਹ ਜੇ ਜਨਮ ਭਰ ਵਿੱਚ ਵੀ ਪੂਰੀ ਹੋ ਜਾਵੇ ਤਾਂ ਗੁਰਸਿੱਖ ਨੂੰ ਸੌਦਾ ਸਸਤਾ ਸਮਝਣਾ ਚਾਹੀਦਾ ਹੈ, ਇਸ ਲਈ ਗੁਰੂ ਦਾ ਸਿੱਖ ਹਰ ਰੋਜ਼ ਆਪਣੇ ਸਦੀਆਂ ਤੋਂ ਬਣੇ, ਪੁਰਾਣੇ ਸੁਭਾਅ ਨੂੰ ਤਿਆਗਦਾ ਤੇ ਉਸਦੀ ਥਾਂ ਗੁਰੂ ਦੇ ਸੁਭਾਅ ਨੂੰ ਪ੍ਰਵੇਸ਼ ਕਰਾਂਦਾ ਰਹਿੰਦਾ ਹੈ।"

'ਰੱਬ ਦਾ ਸੁਭਾਅ' ਵਿੱਚ ਉਹਨਾਂ ਉਸ ਨੂੰ ਮਹਾਂ ਸ਼ਕਤੀ ਦੇ ਰੂਪ ਵਿੱਚ ਵਿਆਖਿਆ ਹੈ ਕਿ ਕੁਲ ਬ੍ਰਹਿਮੰਡ ਦੀ ਖੇਡ ਅਡੋਲ ਤੇ ਲਗਾਤਾਰ ਖੇਡੀ ਜਾ ਰਹੀ ਹੈ। "ਸੂਰਜ, ਚੰਦ, ਗਗਨ, ਸਿਤਾਰੇ, ਪ੍ਰਿਥਵੀ, ਹਵਾਵਾਂ, ਸਮੁੰਦਰ, ਪਹਾੜ, ਇਨਸਾਨ, ਹੈਵਾਨ, ਪੰਛੀ, ਬਨਸਪਤੀ ਆਦਿ ਸਭ ਦ੍ਰਿਸ਼ਟਮਾਨ ਰਚਨਾ ਇਸ ਮਹਾਂ ਸ਼ਕਤੀ ਦੀ ਇੱਛਾ ਪ੍ਰਗਟ ਕਰਨ ਦੇ ਵਸੀਲੇ (Tools) ਹਨ।"

"ਹੁਕਮ ਬਿਨਾ ਝੂਲੇ ਨਹੀਂ ਪਾਤਾ।।"

ਦਸਦੇ ਹਨ "ਇਨਸਾਨ ਦਾ ਕਾਇਦਾ ਹੈ, ਜਿਸ ਚੀਜ਼ ਨੂੰ ਸਮਝ ਨਾ ਸਕੇ ਉਸ ਤੋਂ ਡਰਦਾ ਹੈ। ਜਿਸ ਨੂੰ ਸਮਝ ਲਵੇ, ਉਸ ਤੋਂ ਉਸਦਾ ਡਰ ਲਹਿ ਜਾਂਦਾ ਹੈ। ਇਨਸਾਨ ਦੀ ਖੋਜ ਨੇ ਜਿੱਥੇ ਇਹ ਪਤਾ ਕੀਤਾ ਹੈ ਕਿ ਜਗਤ ਦੀ ਰਚਨਹਾਰ ਹਸਤੀ ਸਰਬ ਸ਼ਕਤੀਮਾਨ ਹੈ, ਉਥੇ ਇਹ ਵੀ ਮਾਲੂਮ ਕੀਤਾ ਹੈ ਕਿ ਇਹ ਸ਼ਕਤੀ ਸਰਬ ਵਿਆਪਕ ਅਤੇ ਸਰਬ ਗਿਆਤਾ ਵੀ ਹੈ। ਕੋਈ ਐਸੀ ਜਗ੍ਹਾ ਸਾਡੇ ਖਿਆਲ ਵਿੱਚ ਨਹੀਂ ਆ ਸਕਦੀ ਜਿੱਥੇ ਇਹ ਸ਼ਕਤੀ ਮੌਜੂਦ ਨਾ ਹੋਵੇ।" ਇਨਸਾਨ ਦਾ ਤਜਰਬਾ ਇਹ ਹੈ ਕਿ ਜੀਅ ਤੋੜ ਮੇਹਨਤ ਕਰਨ ਦੇ ਬਾਵਜੂਦ ਭੀ ਉਸ ਨੂੰ ਆਪਣੀ ਇੱਛਾ ਅਨੁਸਾਰ ਤੱਸਲੀ ਬਖ਼ਸ਼ ਆਰਾਮ ਤੇ ਸੁਖ ਸੁਵਿਧਾ ਪ੍ਰਾਪਤ ਨਹੀਂ ਹੁੰਦੀ। ਪਰ ਚਿੜੀਆਂ, ਕਾਂ, ਹਿਰਨ, ਸ਼ੇਰ, ਕੀੜੇ ਮਕੌੜੇ, ਗੱਲ ਕੀ ਇਨਸਾਨ ਤੋਂ ਇਲਾਵਾ, ਬਾਕੀ ਸ੍ਰਿਸ਼ਟੀ ਦੇ ਜੀਵ ਜੰਤੂਆਂ ਨੂੰ ਬਗੈਰ ਖਾਸ ਮੇਹਨਤ ਮੁਸ਼ੱਕਤ, ਤੇ ਬਗੈਰ ਕਿਸੇ ਚਿੰਤਾ ਫਿਕਰ ਦੇ ਈਸ਼ਵਰ ਦੀ ਕਿਰਪਾ ਨਾਲ, ਉਸਦੀ ਕਲਾ ਹਰ ਰੋਜ਼ ਸਭਨਾਂ ਨੂੰ ਉਦਰ ਪੂਰਤੀ ਦੇ ਕਾਬਿਲ ਬਣਾਉਂਦੀ ਹੈ। ਪਰ ਉਹਨਾਂ ਵਿੱਚ ਤ੍ਰਿਸ਼ਨਾ ਨਹੀਂ ਹੁੰਦੀ ਤੇ ਕੁਦਰਤ ਦੇ ਨਿਜ਼ਾਮ ਵਿੱਚ ਭਰੋਸਾ ਹੁੰਦਾ ਹੈ ਤੇ ਸੰਤੋਖੀ ਸੁਭਾਅ ਹੁੰਦਾ ਹੈ। 'ਜਲ ਮੈ ਜੰਤ ਉਪਾਏ ਕੇ, ਤਿਨ੍ਹਾਂ ਭੀ ਰੋਜੀ ਦੇ।' ਪਰ ਇਨਸਾਨ ਇਹ ਭੁਲ ਜਾਂਦਾ ਹੈ ਕਿ ਜੋ ਉਸਦੀ ਕਿਸਮਤ ਵਿੱਚ ਨਹੀਂ ਉਹ ਹਜ਼ਾਰ ਉਪਰਾਲਿਆਂ ਤੋਂ ਬਾਦ ਭੀ ਪ੍ਰਾਪਤ ਨਹੀਂ ਹੋਵੇਗਾ ਤੇ ਜੇਕਰ ਉਸ ਦੀ ਪ੍ਰਾਲਬਧ ਵਿੱਚ ਕਿਸੇ ਚੀਜ਼ ਦੀ ਪ੍ਰਾਪਤੀ ਹੈ ਤਾਂ ਥੋੜ੍ਹੇ ਜਹੇ ਉਦਮ ਨਾਲ ਹੀ ਉਸ ਦਾ ਮਨੋਰਥ ਪੂਰਾ ਹੋ ਜਾਂਦਾ ਹੈ। ਵਾਕ ਹੈ "ਸੈਲ ਪਥੱਰ ਮੇਂ ਜੰਤ ਉਪਾਏ ਤਾਕਾ ਰਿਜਕ ਆਗੈ ਕਰ ਧਰਿਆ।" ਜਾਂ "ਜਲ ਮੇਂ ਜੰਤ ਉਪਾਏ ਕੇ ਤਿਨਾਂ ਭੀ ਰੋਜੀ ਦੇ।" ਕੱਲ ਦੀ ਸੋਚ ਵਿੱਚ, ਭਵਿੱਖ ਦੇ ਵਿੱਚ

ਇਨਸਾਨ ਫਿਕਰਮੰਦ ਰਹਿੰਦਾ ਹੈ, ਅਨਜਾਣੇ ਦਾ ਭੈ ਉਸ ਨੂੰ ਆਦਿ ਤੋਂ ਹੀ ਰਿਹਾ ਹੈ ਤੇ ਆਪਣੀ ਇਸ ਬਿਰਤੀ ਤੋਂ ਉਹ ਕਦੇ ਭੀ ਛੁਟਕਾਰਾ ਨਹੀਂ ਪਾ ਸਕਿਆ, ਇਸ ਲਈ ਚਿੰਤਤ ਰਹਿੰਦਾ ਹੈ। ਇਸ ਸੰਧਰਭ ਵਿੱਚ ਮੈਨੂੰ ਇੱਕ ਪੌਰਾਣਿਕ ਕਹਾਣੀ ਯਾਦ ਆ ਗਈ ਹੈ ਜੋ ਕਦੇ ਬਚਪਨ ਵਿੱਚ ਸੁਣੀ ਸੀ।

ਸ਼ਿਵ ਜੀ ਤੇ ਪਾਰਬਤੀ ਦੀ ਆਪਸ ਵਿੱਚ ਨੋਕ ਝੋਂਕ ਚਲਦੀ ਰਹਿੰਦੀ ਸੀ। ਪਾਰਬਤੀ ਉਹਨਾਂ ਦੀ ਲੀਲਾ ਨੂੰ ਸਮਝ ਨਾ ਪਾਉਂਦੀ ਤਾਂ ਪ੍ਰਸ਼ਨ ਕਰ ਹੀ ਬੈਠਦੀ ਸੀ ਕਿ ਜੋ ਕੁਝ ਕੀਤਾ ਜਾ ਰਿਹਾ ਹੈ, ਉਹ ਕਿਉਂ ਕੀਤਾ ਗਿਆ ਹੈ ? ਇਹ ਸਹੀ ਹੈ ਕਿ ਸ਼ਿਵ ਜੀ ਜਗਤ ਨੂੰ ਆਧਾਰ ਦਿੰਦੇ ਹਨ ਤੇ ਪਰ ਜਦ ਉਸਦਾ ਦਾਹਵਾ ਕਰਨ ਲੱਗ ਜਾਵਣ ਪਾਰਬਤੀ ਦੇ ਸਾਹਮਣੇ, ਜਿਵੇਂ ਕੋਈ ਹੋਰ ਰੂਪਵਤੀ ਗ੍ਰਿਹਸਥਣ ਆਸਾਨੀ ਨਾਲ ਇਤਬਾਰ ਨਹੀਂ ਕਰਦੀ, ਬੋਲ ਪਈ "ਮੈਂ ਨਹੀਂ ਮੰਨਦੀ ਕਿ ਤੁਸੀਂ ਹਰ ਕ਼ਿਸੇ ਨੂੰ, ਚੰਗਾ ਹੋਵੇ ਬੁਰਾ ਹੋਵੇ, ਬੱਜਾ ਹੋਵੇ ਬੁੱਢਾ ਹੋਵੇ, ਇਨਸਾਨ ਹੋਵੇ ਹੈਵਾਨ ਹੋਵੇ, . . . . ਅੰਡਜ ਜੇਰਜ, ਸੇਤਜ, ਉਤਭੁਜ ਜੋ ਵੀ ਹੋਵੇ, ਹਰ ਹਾਲਤ, ਹਰ ਸਮੇਂ ਰੋਜ਼ੀ ਦੇਣ ਦਾ ਜ਼ਿੰਮਾਂ ਚੁਕਦੇ ਹੋ। ਅਜ਼ਮਾਇਸ਼ੀ ਤੇ ਨਾਟਕੀ ਢੰਗ ਨਾਲ ਇੱਕ ਛੋਟੀ ਜਹੀ, ਖ਼ੂਬਸੂਰਤ ਜਹੀ ਚਾਂਦੀ ਦੀ ਡੱਬੀ ਵਿੱਚ ਜ਼ਮੀਨ ਤੇ ਰੀਂਗਦੇ ਇਕ ਕੀੜੇ ਨੂੰ ਫੜਕੇ, ਬੰਦ ਕਰ ਦਿੱਤਾ ਤੇ ਆਖਿਆ ਕਿ ਹੁਣ ਇਸ ਨੂੰ ਮੈਂ ਪਰਸੋਂ ਹੀ ਖੋਲ੍ਹਾਂਗੀ ਤੇ ਦੇਖਾਂਗੀ ਕਿੰਜ ਤੁਸੀਂ ਜਗਤ ਦੇ ਭੰਡਾਰੀ, ਇਸ ਕੀੜੇ ਨੂੰ ਭੰਡਾਰ ਬਖਸ਼ਦੇ ਹੋ। ਸੁਣ ਕੇ ਸ਼ਿਵ ਜੀ ਨੇ ਕੇਵਲ ਹੱਸ ਛੱਡਿਆ।

ਆ ਗਈ ਉਹ ਘੜੀ, ਪਰਸੋਂ ਵਾਲੀ ਤੇ ਚਾਂਦੀ ਦੀ ਡੱਬੀ ਖੋਲ੍ਹੀ ਗਈ। ਪਾਰਬਤੀ ਨੇ ਹੈਰਾਨ ਹੋ ਕੇ, ਜਿਵੇਂ ਤਾਸ਼ ਵਿੱਚ ਧੋਖਾ ਹੋਇਆ ਹੁੰਦਾ ਹੈ, ਉੱਚੀ ਉੱਚੀ ਉਲਾਹਣੇ ਦੇ ਭਾਵ ਵਿੱਚ ਰੰਜਿਸ਼ ਜ਼ਾਹਿਰ ਕਰਦਿਆਂ ਕਿਹਾ 'ਤੁਸੀਂ ਆਪਣੀ ਮਾਇਆ ਖਿਲਾਰੀ ਹੈ, ਮੈਨੂੰ ਝੂਠਾ ਸਾਬਤ ਕਰਨ ਲਈ" — ਕਲਪੀ ਇਸ ਲਈ ਕਿ ਕੀੜੇ ਦੇ ਮੂੰਹ ਵਿੱਚ ਅਜੇ ਤੱਕ ਇੱਕ ਕੱਚੇ ਚੌਲ ਦਾ ਦਾਣਾ ਆਧਾਰ ਬਣਿਆ ਹੋਇਆ ਸੀ। ਹੈਰਾਨੀ ਇਸ ਗੱਲ ਦੀ ਸੀ ਕਿ ਇਹ ਦਾਣਾ ਆਇਆ ਕਿਥੋਂ ? ਮਿੰਨਤ ਸਮਾਜਤ ਨਾਲ ਮਨਾਂਦਿਆਂ ਮਨਾਂਦਿਆਂ ਸ਼ਿਵ ਜੀ ਮਹਾਰਾਜ ਬੋਲੇ 'ਤੇਰੇ ਨਾਲ ਕੋਈ ਧੋਖਾ ਨਹੀਂ ਹੋਇਆ ਕੁਦਰਤ ਦੇ ਅਟਲ ਨਿਯਮਾਂ ਅਨੁਸਾਰ ਕੀੜੇ ਨੂੰ ਖਾਣਾ ਮਿਲਿਆ ਹੈ। ਜਿਸ ਵੇਲੇ ਤੂੰ ਡਬੀ ਬੰਦ ਕਰ ਰਹੀ ਸੈਂ, ਅਡੋਲ ਤੇ ਅਭੋਲ ਇੱਕ ਚੌਲ ਦਾ ਦਾਣਾ ਤੇਰੇ ਮੱਥੇ ਤੋਂ ਡਿਗ ਕੇ ਡੱਬੀ ਵਿੱਚ ਜਾ ਪਿਆ ਸੀ।" ਤੂੰ ਕੋਈ ਇਮਤਿਹਾਨ ਲੈ ਲੈ, ਹੋਰ ਕੋਈ ਬੰਦਾ ਜਾਂਚ ਕਰ ਲਵੇ, ਅਜ਼ਮਾਇਸ਼ ਕਰ ਲਵੇ, ਕਿਸੇ ਨਾ ਕਿਸੇ ਹੀਲੇ, ਹਰ 'ਜਾਨਦਾਰ' ਨੂੰ ਮੈਂ ਖਾਣਾ ਪੁਚਾਵਾਂਗਾ। ਜਲ ਵਿੱਚ ਜੰਤ ਉਪਜਦੇ ਹਨ ਤੇ ਉਹਨਾਂ ਨੂੰ ਭੀ ਰੋਜ਼ੀ ਮਿਲਦੀ ਹੈ। ਜਿੱਥੇ ਕੋਈ ਹਾਟ ਨਹੀਂ ਬਜ਼ਾਰ ਨਹੀਂ ਉਥੇ ਵੀ ਆਧਾਰ ਮਿਲਦਾ ਹੈ।

# ਅਰਦਾਸ ਸ਼ਕਤੀ

ਇਨ੍ਹਾਂ ਦੀ ਕਿਤਾਬ 'ਅਰਦਾਸ ਸ਼ਕਤੀ' ਜਦੋਂ ਮੈਂ ਪੜ੍ਹੀ ਸੀ, ਮੈਨੂੰ ਹਿਲਾਇਆ ਸੀ ਕਿ ਮੈਂ ਸਿਰਫ ਅਰਦਾਸ ਦੇ ਸਹਾਰੇ ਹੀ ਆਪਣੀ ਸਾਰੀ ਆਤਮਿਕ ਭੁੱਖ ਪੂਰੀ ਕਰਨ ਲਗ ਪਿਆ ਸਾਂ। ਕੁਝ ਸੇਵਾਵਾਂ ਬੜੀਆਂ ਲੋੜੀਦੀਆਂ ਸਨ ਤੇ ਸਨ ਭੀ ਮੇਰੇ ਜਿਸਮਾਨੀ ਵਿੱਤ ਤੋਂ ਬਾਹਰ। ਮੇਰੇ ਪਾਸੋਂ ਵਕਤ ਨਹੀਂ ਸੀ ਨਿਕਲਦਾ ਕਿ ਬਾਣੀ ਨਾਲ ਆਪਣੇ ਆਪ ਨੂੰ ਹਰਿਆ ਸਕਾਂ ਜਾਂ ਸਿਮਰਨ ਦਾ ਰੰਗ ਮਾਣ ਸਕਾਂ। ਅਰਦਾਸ ਸ਼ਕਤੀ ਮੈਨੂੰ ਐਨਾਂ ਬਲ ਦਿੰਦੀ ਸੀ ਕਿ ਮੈਂ ਬਿਸਤਰੇ ਤੇ ਲੇਟ ਕੇ ਹੀ ਇਸ ਦੀ ਮਾਨਸਿਕ ਦੁਹਰਾਈ ਕਰਕੇ ਗੁਰੂ ਦੇ ਚਰਨਾਂ ਨਾਲ ਜੁੜ ਜਾਂਦਾ ਸਾਂ ਤੇ ਗਿਣਤੀ ਦੇ ਅੱਠਾਂ ਮਿੰਟਾਂ ਵਿੱਚ ਮਨ-ਦੁਰਸਤ, ਤਨ-ਦੁਰਸਤ ਹੋ ਜਾਂਦਾ ਸੀ ਤੇ ਹਥਲਾ ਕੰਮ ਨਵ ਸ਼ਕਤੀ ਨਾਲ ਸੀਲ ਨਾਲ ਨਿਭਾ ਲੈਦਾ ਸਾਂ। ਇਸ ਨਾਲ ਇਤਨਾ ਪ੍ਰਭਾਵਿਤ ਸਾਂ ਕਿ ਮੈਂ ਸਾਰੀ ਕਿਤਾਬ ਨੂੰ ਮਾਨੋ ਇਕ ਸੰਖੇਪ ਸ਼ਕਲ ਵਿੱਚ ਡਿਕਟੇਟ ਕਰ ਸਕਿਆ ਉਹ ਮੇਰੀ ਉਸ ਕਿਤਾਬ ਦਾ ਹਿੱਸਾ ਬਣੀ ਜਿਸ ਲਈ ਮੈਨੂੰ ਦਿੱਲੀ ਪ੍ਰਸ਼ਾਸ਼ਨ ਵਲੋਂ ਵਾਰਤਕ ਦਾ ਸ਼ੋਮਣੀ ਐਵਾਰਡ ਮਿਲਿਆ ਸੀ। ਉਸਦੀ ਨਕਲ ਹੇਠਾਂ ਕਰ ਰਿਹਾ ਹਾਂ। ਕੀ ਪਤਾ ਜਿਵੇਂ ਮਿਜ਼ਰਾਬ ਗਿਟਾਰ ਦੀਆਂ ਤਾਰਾਂ ਛੇੜੀਦੀਆਂ ਹੈ ਤੁਹਾਡੇ ਸ਼ਰੀਰ ਦੀਆਂ ਰਗਾਂ ਵੀ ਛਿੜ ਪੈਣ, ਸ਼ਰੀਰ ਹਲਕਾ ਹੋ ਜਾਵੇ ਆਤਮਿਕ ਸੁਖ ਦਾ ਅਨੰਦ ਤਾਰੀ ਹੋ ਜਾਵੇ।

## ਅਰਦਾਸ

ਅਰਦਾਸ, ਜਿੰਦ ਵਿਚੋਂ ਨਿਕਲੀ ਕੁਰਲਾਹਟ ਦੀ ਆਵਾਜ਼ ਦਾ ਨਾਂ ਹੈ। ਅਰਦਾਸ ਨਿਰਭਉ ਨਿਰੰਕਾਰ ਦੇ ਦਰ ਤੇ ਕੂਕ ਹੈ। ਅਰਦਾਸ ਗੁਰੂ ਕਲਗੀਧਰ ਦੇ ਚਰਨਾਂ ਵਿਚ ਅਰਜ਼ੋਈ ਹੈ।

ਅਰਦਾਸ ਨਿੱਜੀ ਭੀ ਹੁੰਦੀ ਹੈ ਤੇ ਸਾਂਝੀ ਵੀ। ਉਦਾਰਣ ਵਜੋਂ ਅੱਜ ਦੇ ਹਾਲਾਤ ਦੇਖ ਕੇ ਪੰਜਾਬ ਦਰਦੀਆਂ ਦੇ ਦਿਲੋਂ ਜਿਹੜੀ ਆਹ ਨਿਕਲ ਰਹੀ ਹੈ ਉਸ ਆਹ ਨੂੰ ਹੀ ਅਸੀਂ ਸਾਂਝੀ ਅਰਦਾਸ ਆਖਦੇ ਹਾਂ। ਪੀੜਤ ਲੋਕੀ ਅੱਡੀਆਂ ਚੁੱਕ ਕੇ, ਨੀਝ ਲਗਾ ਕੇ ਕਲਗੀਧਰ ਨੂੰ ਪੁਕਾਰ ਕੇ ਬੁਲਾਂਦੇ ਹਨ ਤਾਂ ਉਹਨਾਂ ਦੀ ਅਰਜੋਈ ਨੂੰ ਪੰਜਾਬੀ ਮੁਹਾਵਰੇ ਵਿਚ ਅਸੀਂ 'ਅਰਦਾਸ' ਕਹਿੰਦੇ ਹਾਂ। "ਨੈਨਾਂ ਦੀ ਅਰਦਾਸ"

ਪੰਜਾਬੀ ਲੋਕ ਗੀਤਾਂ ਵਿਚ ਭੀ ਆਉਂਦਾ ਹੈ।

ਅਰਦਾਸ ਉਸ ਵੇਲੇ ਮੂੰਹ ਤੋਂ ਨਿਕਲਦੀ ਹੈ ਜਦੋਂ ਮਨ ਵਿਚ ਤੌਖ਼ਲੇ ਤੇ ਘਬਰਾਹਟ ਦੀ ਅੱਤ ਹੋਵੇ, ਜਦੋਂ ਕੋਈ ਹੀਲਾ ਨਾਂਹ ਬਣਦਾ ਹੋਵੇ, ਜਦੋਂ ਕੋਈ ਉਪਰਾਲਾ ਨਾਂਹ ਹੋਵੇ, ਜਦ ਕੋਈ ਵੱਸ ਨਾਂਹ ਚਲੇ, ਜਦ ਆਪਣੀ ਤੇ ਆਪਣੀ ਸਾਰੀ ਬ੍ਰਾਦਰੀ ਦੀ, ਆਪਣੀ ਸਰਕਾਰ ਦੀ, ਆਪਣੇ ਵਤਨ ਦੀ, ਤੇ ਆਪਣੇ ਸਮਾਜ ਦੀ ਬਣਤਰ ਬਿਲਕੁਲ ਢਿੱਲੀ ਦਿੱਸੇ, ਜਦ ਤਨੋਂ ਮਨੋਂ ਸਵੈ-ਭਰੋਸਾ ਉਡ ਜਾਏ "ਸਭ ਕੁਝ ਛੋੜ ਹਰਿ ਤੁਧੁ ਧਿਆਇਆ" ਵਾਲੀ ਅਵਸਥਾ ਬਣ ਜਾਏ, ਜਦ "ਮਤਾ ਮਸੂਰਤ" ਕੋਈ ਦਿਲਾਸਾ ਨਾਂਹ ਦੇਵੇ; ਜਦ ਆਪਣਾ ਆਪ ਤੇ ਜੱਗ ਦੀ ਸਾਰੀ ਰਚਨਾ ਖੋਖਲੀ ਨਜ਼ਰ ਆਵੇ। ਅਰਦਾਸ ਇਕ ਅੰਦਰੋਂ ਨਿਕਲੀ ਚੀਖ਼ ਹੈ — ਆਪਣੇ ਪ੍ਰਭੂ ਪਾਸ ਫ਼ਰਿਆਦ ਦੀ ਸੋਅ।

ਅਰਦਾਸ ਦੀ ਸ਼ਕਤੀ ਤਕਣੀ ਹੋਵੇ ਤਾਂ ਆਪਣੀ ਹੋਂਦ ਤੇ ਮਾਣ ਬਿਲਕੁਲ ਠੁਕਰਾ ਦਿੱਤਾ ਜਾਵੇ। ਹਉਮੈਂ ਤੇ ਅਭਿਮਾਨ ਜਿੰਨੀ ਦੇਰ ਚੂਰ ਨਾਂਹ ਹੋ ਜਾਏ ਅਰਦਾਸ ਤੇ ਟੇਕ ਮੁਕੰਮਲ ਨਹੀਂ। ਗਿੜ-ਗਿੜਾ ਕੇ, ਨਿਮਾਣਾ ਹੋ ਕੇ, ਦਰ ਤੇ ਢੇਹ ਪੈਣ ਵਾਲੀ ਅਵਸਥਾ ਅਰਦਾਸ ਦੀ ਮੰਨਜ਼ੂਰੀ ਲਈ ਪਹਿਲੀ ਸ਼ਰਤ ਹੈ।

ਅਰਦਾਸ ਦੀ ਦੂਜੀ ਪੌੜੀ ਸਿਦਕ ਦੀ ਹੈ। ਮਨ ਵਿਚ ਯਕੀਨ ਆ ਜਾਵੇ ਕਿ ਸੁਣਨ ਵਾਲਾ "ਹੈ" ਜੱਗ ਉਹਦੀ ਰਚਨਾ ਹੈ ਤੇ ਉਹ ਇਸ ਰਚਨਾ ਨੂੰ ਸੋਖਾ ਸੁਖਾਵਾਂ ਚਲਦਾ ਦੇਖਣ ਦੀ ਇਛਾ ਰਖਦਾ ਹੈ। ਭਟਕਾ ਕੇ ਗੇੜਿਆਂ ਵਿਚ ਪਾ ਕੇ ਮਾਲਕ ਨੂੰ ਠੰਢ ਨਹੀਂ। ਧੁੱਪ ਏਹ ਕਦੇ ਨਹੀਂ ਚਾਹੁੰਦੀ ਕਿ ਉਹ ਨਿਕਲੀ ਹੋਵੇ ਤੇ ਲੋਕੀ ਆਪਣੇ ਘਰਾਂ ਵਿਚ ਬੈਠੇ ਠਰੂੰ ਠਰੂੰ ਕਰਨ। ਧੁੱਪ ਵੰਗਾਰਦੀ ਹੈ ਕਿ ਮੇਰੇ ਪਾਸ਼ੋਂ ਪੂਰਾ ਲਾਭ ਉਠਾਓ, ਹਵਾ ਕਿਸੇ ਦਾ ਸਾਹ ਗੁੰਮ ਕਰਕੇ ਰਾਜ਼ੀ ਨਹੀਂ। ਬਾਹਵਾਂ ਅੱਡ ਕੇ ਆਖਦੀ ਹੈ ਮੇਰੀ ਡਿਊਟੀ ਸਾਹ ਚਲਦੇ ਰਹਿਣ ਲਈ ਲਗੀ ਹੋਈ ਹੈ। ਮੈਨੂੰ ਸੇਵਾ ਕਰਨ ਦਿਉ। ਕਿਸੇ ਦਾ ਸਾਹ ਨਹੀਂ ਘੁਟੇਗਾ। ਜੇ ਅਸੀਂ ਆਪ ਹੀ ਉੱਚੀਆਂ ਉੱਚੀਆਂ ਦੀਵਾਰਾਂ ਖੜੀਆਂ ਕਰਕੇ ਰੋਸ਼ਨਦਾਨ ਤੇ ਖਿੜਕੀਆਂ ਨਾਂਹ ਰਖੀਏ ਜਾਂ ਬੰਦ ਕਰ ਰਖੀਏ ਤਾਂ ਹਵਾ ਤੇ ਸੂਰਜ ਦਾ ਕਸੂਰ ਨਹੀਂ। ਵਾਹਿਗੁਰੂ ਫ਼ਰਿਆਦ ਹੈ, ਦਾਤਾ ਹੈ, ਰਹੀਮ ਹੈ, ਕਰੀਮ ਹੈ, ਰੋਜ਼ੀ ਦਿੰਦਾ ਹੈ, ਰਾਜ਼ਕ ਹੈ ਤੇ ਫੇਰ ਜੇ ਅਸੀਂ ਰੋਜ਼ੀ ਦੇ ਤੌਖ਼ਲੇ ਵਿਚ, ਭੁੱਖੇ ਮਰ ਜਾਣ ਦੇ ਸਹਿਮ ਵਿਚ ਦਰ ਦਰ ਭਟਕਦੇ ਫਿਰੀਏ ਤਾਂ ਏਹ ਅਜਾਈਂ ਟਕਰ ਮਾਰਨੀ ਹੈ। ਜੇ ਏਹ ਮਨ ਵਿਚ ਪੂਰੀ ਤਰ੍ਹਾਂ ਦ੍ਰਿੜ੍ਹ ਹੋ ਜਾਏ ਕਿ ਉਹ 'ਹੈ' ਤੇ 'ਸਮਰਥ' ਹੈ। ਯਕੀਨ ਬੱਝ ਜਾਏ ਕਿ ਉਸ ਦਾ ਬਿਰਧ ਹੈ ਪਾਲਣ ਦਾ ਤੇ ਅਰਦਾਸ ਨੂੰ ਕਬੂਲਣ ਦਾ ਤਾਂ ਅਰਦਾਸੀਆ ਸਮਝ ਲਵੇ ਕਿ ਉਸ ਦੀ ਅਰਦਾਸ ਸਫਲ ਹੋਣ ਦੀ ਪੌੜੀ ਦਾ ਇਹ ਦੂਸਰਾ ਡੰਡਾ ਭੀ ਉਸ ਦੇ ਪੈਰਾਂ ਥੱਲੇ ਆ ਗਿਆ ਹੈ।

ਜਿਸ ਤਰ੍ਹਾਂ ਅੱਜ ਇਕ ਵਤਨ-ਪ੍ਰਸਤ ਪੰਜਾਬੀ ਦਾ ਦਿਲ ਪਾਸ਼ ਪਾਸ਼ ਹੋਇਆ

ਪਿਆ ਹੈ ਤੇ ਉਸ ਦੀਆਂ ਅੱਖੀਆਂ ਤੋਂ ਹੰਝੂ ਠਲ੍ਹੇ ਨਹੀਂ ਜਾਂਦੇ, ਇਕ ਬੇਚੈਨੀ ਤੇ ਬੇਕਰਾਰੀ ਛਾਈ ਹੋਈ ਹੈ। ਉਸ ਦਾ ਪੁਖ਼ਤਾ ਯਕੀਨ ਹੈ ਕਿ ਇਹ ਅਰਦਾਸ ਦਿਲੋਂ ਨਿਕਲ ਰਹੀ ਹੈ। ਉਸ ਨੂੰ ਇੰਝ ਪਿਆ ਲਗਦਾ ਹੈ ਕਿ ਕਿਸੇ ਨੇ ਪੰਜਾਬ ਦੀ ਸ਼ਾਨ ਉਤੇ ਡਾਕਾ ਮਾਰਿਆ ਹੈ। ਇਹ ਦਿਲ-ਚੀਰਵੀਂ ਵੇਦਨਾ ਹੈ। ਕਿਸੇ ਲਈ ਦਿਲੋਂ ਉੱਠੇ ਦਰਦ ਦੀ ਕਹਾਣੀ ਹੈ। ਕਿਸੇ ਨੂੰ ਧੋਖਾ ਦੇਣ ਲਈ ਨਹੀਂ ਘੜੀ ਗਈ। ਇਸ ਅਰਦਾਸ ਵਿਚ ਸਫਾਈ ਹੈ, ਸਾਫ-ਗੋਈ ਹੈ, ਕਿਸੇ ਦੀਆਂ ਅੱਖਾਂ ਉਪਰੋਂ ਨਹੀਂ ਪੂੰਝੀਆਂ ਜਾ ਰਹੀਆਂ, ਕੋਈ ਗੋਂਗਲੂਆਂ ਦੀ ਮਿੱਟੀ ਨਹੀਂ ਝਾੜੀ ਜਾ ਰਹੀ। ਇਹ ਸੀਨੇ ਦੀ ਤੜਪ, ਸੀਨੇ ਦੀ ਆਪਣੀ ਹੀ ਤਸਵੀਰ ਹੈ; ਅੰਦਰੋਂ ਬਾਹਰੋਂ ਇਕ ਹੈ। ਹਿਰਦੇ ਨੂੰ ਪਾੜ ਕੇ ਨਿਕਲੀ ਹੋਈ ਅਵਾਜ਼ ਹੀ ਅਰਦਾਸ ਦੀ ਸਫਲਤਾ ਲਈ ਮੰਗ ਹੈ, ਇਸ ਲਈ ਸਫਲ ਹੋ ਜਾਣ ਦਾ ਯਕੀਨ ਹੈ, . . . **ਸਫਲ ਅਰਦਾਸ ਦੀ** ਤੀਸਰੀ ਸ਼ਰਤ।

ਫੇਰ ਇਸ ਦਾ ਮੰਤਵ ਕੋਈ ਜ਼ਾਤੀ ਫਾਇਦਾ **ਨਹੀਂ ਜੇ ਅਰਦਾਸ** ਸਮਝੀ ਹੈ ਤਾਂ। ਕਿਸੇ ਹੋਰ ਦਾ ਨੁਕਸਾਨ ਕਿਸੇ ਹੋਰ ਸ਼ਕਲ **ਦੀ ਅਰਦਾਸ ਵਿਚ** ਮੰਗਿਆ ਹੀ ਨਹੀਂ ਜਾ ਸਕਦਾ। ਜੋ ਤਰੰਗ ਦਿਲੋਂ ਉਠਦੀ ਹੈ, **ਉਹ ਆਪਣੇ** ਬਿਗਾਨੇ ਦੇ ਭਲੇ ਹਿੱਤ ਉਠਦੀ ਹੈ। ਉਹ ਪਿਆਰ ਦਾ ਗੀਤ ਹੈ। ਉਹ ਇੱਛਾ ਹੈ ਸਰਬਤ ਦੇ ਭਲੇ ਦੀ। ਸਿਰਫ "ਸੁਮੱਤ" ਦੀ ਚਾਹ ਹੈ। ਪਾਤਸ਼ਾਹ ! ਜੋ ਭੀ ਭੁੱਲਾ ਹੈ ਉਹਨੂੰ ਰਾਹੇ ਪਾ। ਜਿਹੜਾ ਭੀ ਗਵਾਚਾ ਹੈ ਉਹ ਹਨੇਰੇ ਵਿਚ ਹੈ ਉਹਨੂੰ ਚਾਨਣ ਦਿਖਾ। ਜੋ ਭੀ ਸੁੱਖ ਵਿਚ ਨਹੀਂ ਤੂੰ ਆਪ ਬੌਹੜੀ ਕਰ। ਸਮਝੀ ਅਰਦਾਸ ਵਿਚ ਕਿਸੇ ਪੁਤ ਭਰਾ ਦੀਆਂ ਸਫਾਰਸ਼ਾਂ ਨਹੀਂ। ਅਜਿਹੀ ਅਰਦਾਸ ਕਿਸੇ ਦੁਨਿਆਵੀ ਫਾਇਦੇ ਵਲ ਝਾਤ ਨਹੀਂ ਪਾਂਦੀ — ਆਪਣਾ ਨਹੀਂ ਆਪਣੇ ਪਰਿਵਾਰ ਦਾ ਨਹੀਂ, ਝੂਠੀ ਬਰਾਦਰੀ ਦਾ ਨਹੀਂ, ਕਿਸੇ ਧੜੇ ਲਈ ਨਹੀਂ, ਸਰਬਤਤਾ ਤੇ ਪਿਆਰ ਲਈ ਹੈ। ਕਿਸੇ ਡਰ ਨਾਲ ਨਹੀਂ ਨਿਕਲੀ ਏਹ ਪੁਕਾਰ। ਅਦਬ ਸਹਿਤ ਬਿਨੈ ਹੈ — ਕੇਵਲ ਸਮਾਜ ਦੇ ਸੁੱਖ ਲਈ ਤੇ ਠੰਢ ਲਈ ਹੈ। ਕਿਸੇ ਚੌਧਰ ਦੀ ਭੁਖ ਲਈ ਨਹੀਂ, ਕਿਸੇ ਲਿਹਾਜ਼ ਮੁਲ੍ਹਾਜੇ ਲਈ ਨਹੀਂ। ਅਗੰਮੀ ਸ਼ਕਤੀ ਪਾਸ, ਮਾਤਾ-ਪਿਤਾ ਪਾਸ ਇਕ ਓਦਰੇ ਹੋਏ ਬੱਚੇ ਵਾਂਗੂੰ ਸਹਿਕਦੀ ਇੱਛਾ ਹੈ। ਕਿਸੇ ਚਾਤਰੀ ਨਾਲ ਨਹੀਂ, ਕਿਸੇ ਭੇਖ ਦਿਖਾਵੇ ਲਈ ਨਹੀਂ। **ਕੇਵਲ** ਉਸੇ ਦੀ ਬਣਾਈ ਹੋਈ ਮਨੁੱਖਤਾ ਲਈ ਪਿਆਰ ਦੀ ਚਿੰਗਾੜੀ ਹੈ। ਬਿਰਧ **ਪਾਲਣ** ਵਾਲੇ ਪਾਸ ਅਰਦਾਸ ਦੀ ਮੰਜ਼ੂਰੀ ਲਈ ਏਹ ਇਕ ਕੁੰਜੀ ਹੈ ਤਾਂ ਤੇ ਏਹ **ਚੌਥਾ** ਕਦਮ ਹੈ, ਜਿਸ ਨਾਲ ਅਰਦਾਸ ਮੰਨਜ਼ੂਰ ਹੰਦੀ ਹੈ ਕਿ ਮੰਤਵ ਅਰਦਾਸ ਦਾ ਭੋਲੇ ਭਾਅ ਹੋਵੇ, ਕਿਸੇ ਨੂੰ ਗੈਰ ਸਮਝ ਕੇ ਅਰਦਾਸ ਨਹੀਂ ਕੀਤੀ ਜਾਣੀ ਚਾਹੀਦੀ। ਕਿਸੇ ਨੂੰ ਦੂਪਰ-ਆਰਾ ਜਾਣ ਉਸ ਨਾਲ ਵੈਰ ਵਿਰੋਧ ਦਾ ਭਾਵ ਅਰਦਾਸ ਵਿਚ ਨਹੀਂ ਹੋਣਾ ਚਾਹੀਦਾ। ਅਰਦਾਸ ਵਿਚ ਭਲਿਆਈ ਹੀ ਮੰਗਣੀ ਚਾਹੀਦੀ ਹੈ। ਆਪਣੀ ਭਲਾਈ ਭੀ ਮੰਗੀ ਜਾ ਸਕਦੀ ਹੈ, ਆਪਣੇ ਪਰਿਵਾਰ ਦੀ

ਭੀ ਪਰ ਸਭ ਕੁੱਝ ਸਵਛਤਾ ਨਾਲ, ਮਲੀਨਤਾ ਨਾਲ ਨਹੀਂ, ਰੰਗ ਨਾਲ, ਢੰਗ ਨਾਲ, ਘੁਮੰਡ ਨਾਲ ਨਹੀਂ, ਬੇਥਵੀ ਨਹੀਂ, ਡਿੱਗ ਕੇ ਹਲੀਮੀ ਵਿਚ, . . . .ਮਾਣ ਵਿਚ ਨਹੀਂ, ਗਰੂਰ ਨਾਲ ਨਹੀਂ। ਭਲੇ ਲਈ, ਕੇਵਲ ਭਲੇ ਲਈ।

ਕਿਸੇ ਹੋਰ ਨਾਲ ਅਨਿਆਏ ਕਰ ਕੇ ਨਹੀਂ, ਕਿਸੇ ਕੋਝੀ ਹਰਕਤ ਵਾਸਤੇ ਨਹੀ, ਕਿਸੇ ਹੋਰ ਦੇ ਨੁਕਸਾਨ ਵਾਸਤੇ ਨਹੀਂ :

ਜੀਅ ਕੀ ਬਿਰਥਾ ਹੋਇ ਸੋ ਗੁਰ ਪਹਿ ਅਰਦਾਸ ਕਰ ॥
ਛੋਡ ਸਿਆਣਪ ਸਗਲ ਮਨੁ ਤਨੁ ਅਰਪ ਧਰ ॥
(ਗੂਜਰੀ ਕੀ ਵਾਰ ਮਹਲਾ ੫॥)

ਇਕ ਦਿਨ, **ਗੁਰੂ ਕਲਗੀਧਰ** ਆਪਣੇ ਸਿੱਖਾਂ ਸਮੇਤ ਪ੍ਰਸ਼ਾਦ ਛੱਕਣ ਬੈਠੇ ਸਨ। ਅਚਾਨਕ **ਉਹਨਾਂ ਦੇ ਮੱਥੇ** ਤੇ ਕੋਈ ਬੇਚੈਨੀ ਦੇ ਨਿਸ਼ਾਨ ਦੇਖੇ ਗਏ। ਉਸੇ ਛਿੰਨ ਜਿਹੜੀ ਗਰਾਹੀ ਉਹਨਾਂ ਤੋੜੀ ਸੀ, ਉਥੇ ਹੀ ਰੱਖ ਕੇ ਦੌੜ ਉਠੇ, ਜੋੜਾ ਨਹੀਂ ਪਾਇਆ। ਬੁਰਕੀ ਮੂੰਹ ਵਿਚ ਨਹੀਂ ਪਾਈ। ਕੋਈ ਗਲ ਨਹੀਂ ਗੌਲੀ। ਕੋਈ ਹੁਕਮ ਨਹੀਂ ਕੀਤਾ। ਕੋਈ ਸੈਨਤ ਨਹੀਂ ਮਾਰੀ। ਸਿੱਖ ਹੈਰਾਨ ਹੋ ਗਏ ਕਿ ਗੁਰੂ ਸਾਹਿਬ ਦੇ ਜੀਵਨ ਵਿਚ ਅਜਿਹਾ ਕਦੇ ਅਗੇ ਨਹੀਂ ਡਿੱਠਾ। ਹੈਰਾਨੀ ਹੋਰ ਵਧ ਗਈ ਜਦ ਗੁਰੂ ਸਾਹਿਬ, ਇਕ ਸੌ ਕਦਮਾਂ ਤੋਂ, ਮੁੜ ਕੇ ਆ ਗਏ। ਖੇਲ ਕੀ ਵਰਤਿਆ, ਕੌਤਕ ਕੀ ਹੋਇਆ, ਰਮਜ਼ ਕੀ ਮਾਰੀ। ......... ਕਿਸੇ ਨੂੰ ਪਤਾ ਨਹੀਂ। ਤਾਈਉਂ ਗੁਰੂ ਜੀ ਵਾਪਸ ਆ ਕੇ ਪ੍ਰਸ਼ਾਦ ਛਕਣ ਲਗ ਪਏ, ਉਹੀ ਲੈਹ-ਲਹਾਂਦਾ ਚਿਹਰਾ, ਉਹੀ ਹਾਸੇ ਵੰਡਦਾ ਮੁਖੜਾ, ਉਹੀ ਮਿਕਨਾਤੀਸੀ ਖਿਚ, ਉਹੀ ਭਿੰਨੀ ਭਿੰਨੀ ਮੁਸਕਰਾਹਟ, ਉਹੀ ਚੈਨ, ਉਹੀ ਸਹਿਜ, ਜਿਵੇਂ ਕੁੱਝ ਹੋਇਆ ਹੀ ਨਹੀਂ। ਜਿਵੇਂ ਉਹ ਰੋਟੀ ਖਾਂਦਿਆਂ ਛਡ ਕੇ ਗਏ ਹੀ ਨਹੀਂ। ਜਿਵੇਂ ਕਿ ਮਨ ਵਿਚ ਕੋਈ ਉਛਾਲਾ ਆਇਆ ਹੀ ਨਹੀਂ ਠਠੰਬਰ ਕੇ, ਸਹਿਜ ਨਾਲ, ਪਿਆਰ ਨਾਲ, ਹੈਰਾਨਗੀ ਨਾਲ, ਕੁੱਝ ਝਿਜਕ ਨਾਲ, ਸਿੱਖਾਂ ਪੁਛ ਕੀਤੀ "ਦਾਤਾਰ ? ਇਹ ਕੀ ਭਾਣਾ ਵਰਤਿਆ ਸੀ, ਕਿਸ ਦੇਸ਼ ਦੀ ਯਾਤਰਾ ਸੀ, ਕਿਸ ਸੁਭਾਗੇ ਦੀ ਖਿਚ ਸੀ ? ਇਹ ਸਾਰਾ ਕੀ ਸੀ ?" ਮਹਾਰਾਜ ਨੇ ਹੱਸ ਕੇ ਉੱਤਰ ਦਿੱਤਾ : "ਇਕ ਸਿੱਖ ਬਿਪਤਾ ਵਿਚ ਨਜ਼ਰੀਂ ਪਿਆ ਸੀ। ਰਿਹਾ ਨਹੀਂ ਸੀ ਗਿਆ। ਉਸ ਨੇ ਓਟ ਮੰਗੀ ਸੀ। ਸੋ ਆਸਰਾ ਦੇਣ ਦੀ ਚਾਹ ਸੀ, ਮਦਦ ਪੁਚਾਣਾ ਫਰਜ਼ ਸੀ ਕਿਉਂਕਿ ਉਹਦੇ ਪਾਸ ਆਪਣਾ ਕੋਈ ਚਾਰਾ ਨਹੀਂ ਸੀ, ਸਿਵਾਏ ਫਰਿਆਦ ਦੇ, ਉਹਦੇ ਪਾਸ ਕੋਈ ਤਾਣ ਨਹੀਂ ਸੀ, ਜ਼ੋਰ ਨਹੀਂ ਸੀ। ਤਾਹੀਉਂ — ਦੇਖਦਿਆਂ ਦੇਖਦਿਆਂ ਅਜੇ ਮੈਂ ਉਸ ਆਤਮਾ ਕੋਲ ਪਹੁੰਚਿਆ ਹੀ ਸੀ ਕਿ ਉਹ ਆਪਣੇ ਬਲ ਨਾਲ ਉਠ ਖਲੋਤਾ। ਮੁਕਾਬਲਾ ਕਰਨ ਨੂੰ ਤਿਆਰ ਹੋ ਗਿਆ ਤੇ ਮੈਂ ਵਾਪਸ ਆ ਗਿਆ। ਉਸ ਵਿਚ ਆਪਣਾ ਬਲ ਆ ਗਿਆ ਸੀ। ਫਿਰ ਉਸਦੀ ਬਲ ਲਈ ਫਰਿਆਦ ਨਾਂਹ ਰਹੀ। ਮੇਰਾ ਕੰਮ ਹੋ ਗਿਆ ਸੀ — ਸੋ ਮੈਂ ਮੁੜ ਆਇਆ।"

ਇਸ ਨਿੱਕੀ ਜਿਹੀ ਸਾਖੀ ਤੋਂ ਇਹ ਪ੍ਰਤਖ ਹੈ ਕਿ ਜੋ ਅਰਦਾਸ ਕਰਦਾ ਹੈ ਉਹ ਆਪਣੀ ਤਾਕਤ ਤੇ ਮਾਣ ਨਾਲ ਅਰਦਾਸ ਨਹੀਂ ਕਰ ਸਕਦਾ। ਜਿਸ ਵੇਲੇ ਉਹ ਸਮਝੇ "ਕਛੂ ਸਿਆਣਪ ਉਕਤ ਨਾਂਹ ਮੋਰੀ — ਮੋਹੇ ਅਨਾਥ ਸ਼ਰਨ ਪ੍ਰਭ ਤੇਰੀ" ਉਸ ਵੇਲੇ ਅਰਦਾਸ ਮੰਨਜ਼ੂਰ ਹੁੰਦੀ ਹੈ। ਅਰਦਾਸ ਦੀ ਮੰਨਜ਼ੂਰੀ ਦੀ ਮੰਜ਼ਲ ਤੇ ਪਹੁੰਚਣ ਦਾ ਏਹ ਪੰਜਵਾਂ ਜ਼ਰੂਰੀ ਕਦਮ ਉਹ ਸਮਝ ਲਵੇ ਕਿ ਕੋਏ ਕੋਏ ਮੰਤ੍ਰ ਨਿਮਾਣੀ ਹਿੱਕ ਤੂੰ ਅਥਵਾ "ਮੈਂ ਤਾਨ ਦੀਬਾਨ ਤੂੰ ਹੈਂ ਮੇਰੇ ਮੈਂ ਤੁਧੱ ਆਗੇ ਅਰਦਾਸ। ਮੈਂ ਹੋਰ ਥਾਉਂ ਨਹੀਂ ਜਿਸ ਪੈ ਕਰਉਂ ਬੇਨਤੀ ਮੇਰਾ ਦੁੱਖ ਸੁੱਖ ਤੁਧੱ ਹੀ ਪਾਸੇ।"

ਭਲੇ ਦੇ ਮੰਤਵ ਲਈ, ਸੁੱਖ ਦੇ ਪ੍ਰਯੋਜਨ ਲਈ ਸੱਚੇ ਦਿਲੋਂ ਨਿਕਲੀ, ਪ੍ਰਭੂ ਦੀ ਹੋਂਦ ਦੇ ਵਿਸ਼ਵਾਸ ਨਾਲ ਬਣੀ, ਅਪਨੱਤ ਵਿਚ ਰੰਗੀ ਉਹਦੀ ਸਮਰੱਥਾ ਦੇ ਯਕੀਨ ਨਾਲ ਸਜਾਈ ਗਈ ਅਰਦਾਸ ਮੰਨਜ਼ੂਰ ਪੈਂਦੀ ਹੈ ਤੇ ਮੰਜ਼ਲ ਤੇ ਪਹੁੰਚਣ ਦਾ ਅਖ਼ੀਰਲਾ ਪੜਾ ਏਹ ਭੀ ਹੈ ਕਿ ਮਨ ਨੂਰ ਨਾਲ ਜਗ-ਮਗਾ ਜਾਏ ਤੇ ਉਸ ਨੂੰ ਦਿਸ ਪਵੇ ਕਿ ਦਾਤਾਰ ਅਰਦਾਸਾਂ ਯਕੀਨਨ ਸੁਣਦਾ ਹੈ। ਉਹ ਐਸੇ ਸਬੱਬ ਬਣਾਂਦਾ ਹੈ, ਐਸੇ ਢੋਅ ਢੁਕਾਂਦਾ ਹੈ, ਐਸੇ ਰਸਤੇ ਕਢਦਾ ਹੈ ਕਿ "ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ" (ਗੁਰੂ ਅਰਜਨ ਦੇਵ ਜੀ) ਕਿ "ਇਛਾ ਪੂਰਕ ਸਰਬ ਸੁੱਖ ਦਾਤਾ ਹਰ ਜਾ ਕੇ ਵਸ ਹੈ ਕਾਮਧੇਨਾ।। ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾਂ ਸਰਬ ਸੁਖ ਪਾਵਹਿ ਮੇਰੇ ਮਨਾ।। ਕਿ "ਜੋ ਮਾਂਗੇ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ। ਜੋ ਜੋ ਕਏ ਠਾਕੁਰ ਪਹਿ ਸੇਵਕੁ ਤਤਕਾਲ ਹੋਏ ਆਵੇ। (ਗੁਰੂ ਅਰਜਨ ਦੇਵ ਜੀ)

ਤੀਨੇ ਤਾਪ ਨਿਵਾਰਣ ਹਾਰਾ
ਦੁੱਖ ਹੰਤਾ ਸੁਖ ਰਾਸਿ।।
ਤਾ ਕਉ ਬਿਘਨੁ ਨਾ ਕੋਊ ਲਾਗੈ
ਜਾਕੀ ਪ੍ਰਭੂ ਆਗੈ ਅਰਦਾਸਿ।।

ਰਜਨੀਸ਼ ਜੀ ਆਖਦੇ ਹਨ ਕਿ ਪ੍ਰਮਾਤਮਾ ਪਾਸੋਂ ਮੰਗ ਨਾ ਮੰਗੋ, ਕੇਵਲ ਸ਼ੁਕਰਾਨਾ ਕਰੋ। ਗੁਰੂ ਸਾਹਿਬ ਦਾ ਭੀ ਇਕ ਹੁਕਮ ਆਉਂਦਾ ਹੈ :

"ਵਿਨ ਤੁਧ ਹੋਰੁ ਜੋ ਮੰਗਣਾ
ਸਿਰ ਦੁਖਾਂ ਕੈ ਦੁਖ।।
ਦੇਹਿ ਨਾਮੁ ਸੰਤੋਖੀਆ
ਉਤਰੈ ਮਨ ਕੀ ਭੁਖ।।"

ਅਸਲ ਵਿਚ ਆਤਮਿਕ ਉਸਾਰੀ ਦੀ ਪੀੜ੍ਹੀ ਦੀਆਂ ਕਈ ਪੌੜ੍ਹੀਆਂ ਹਨ। ਤੇ ਕੋਈ ਕੋਈ ਕੁਛ ਉਚਾ ਹੋ ਜਾਂਦਾ ਹੈ ਤਾਂ ਨਾਮ ਲਈ ਹੀ ਉਦਮ, ਨਾਮ ਦੀ ਹੀ ਮੰਗ ਭਲੀ ਲਗਦੀ ਹੈ। ਹੋਰ ਸਭ ਕੁਛ ਥੱਲੇ ਰਹਿ ਗਿਆ ਹੋਂਦਾ ਹੈ। ਪਰ ਹਾਲੀਂ

ਮੇਰਾ ਯਕੀਨ ਬਣਦਾ ਹੈ ਕਿ ਅਰਦਾਸ ਡੁਬਦੇ ਮਨ ਨੂੰ ਉੱਚਾ ਕਰਨ ਦਾ ਬੜਾ ਭਾਰੀ ਸਾਧਨ ਹੈ ਤੇ ਗੁਰਮਤ ਅਨੁਸਾਰ ਜਿਸ ਤਰ੍ਹਾਂ ਮੁਕੰਮਲ ਅਰਦਾਸ ਕਰਨ ਦੀ ਜਾਚ ਸਮਝਾਈ, ਬੁਝਾਈ ਗਈ ਹੈ, ਉਸ ਨਾਲ ਮਨ ਬਾਂਛਤ ਫਲ ਅਵੱਸ਼ ਮਿਲਦੇ ਹਨ। ਜਿਸ ਵਕਤ ਅਰਦਾਸੀਏ ਦੇ ਰੂਪ ਵਿਚ ਕੋਈ ਸਿੱਖ ਬੇਨਤੀ ਕਰਦਾ ਹੈ, ਸਤਿਗੁਰ ਪਾਸ ਮਨ ਵੇਚ ਕੇ ਉਹ ਮੰਗਦਿਆਂ ਮੰਗਦਿਆਂ ਭੀ ਸ਼ੁਕਰਾਨੇ ਨਾਲ ਭਰਪੂਰ ਹੋਂਦਾ ਹੈ। ਉਹ ਸਭ ਮੰਗੀਆਂ ਅਨਮੰਗੀਆਂ ਦਾਤਾਂ ਕਾਰਨ ਜੋ ਦਾਤੇ ਨੇ ਅਗੇ ਹੀ ਬਖਸ਼ੀਆਂ ਹੋਈਆਂ ਹਨ। ਅਰਦਾਸ ਕਰਦਿਆਂ ਫੁੱਟ ਫੁੱਟ ਬਿਰਹੋਂ ਦੇ ਸ਼ਾਕ ਸਹਿੰਦਿਆਂ ਕੋਟਾਨ-ਕੋਟ ਸ਼ੁਕਰ ਜ਼ਬਾਨ ਥਾਈਂ ਆਪਣੇ ਆਪ ਇੰਜ ਫੁਟਦੇ ਹਨ ਜਿਵੇਂ ਸਾਫ ਕੀਤੇ ਹੋਏ ਛੇਕਾਂ ਵਾਲੇ ਫੁਹਾਰੇ ਵਿਚੋਂ। ਆਪਣੇ ਆਪ ਮੂੰਹੋਂ ਨਿਕਲ ਜਾਂਦਾ ਹੈ :

ਜਹਿ ਪ੍ਰਸਾਦਿ ਬਸੈ ਸੁਖ ਮੰਦਰ, ਤਿਸਹਿ ਧਿਆਇ ਸਦਾ ਮਨ ਅੰਦਰ।।
ਜਹਿ ਪ੍ਰਸਾਦਿ ਬਾਗ ਮਿਲਪ ਧਨਾ ਰਾਮ ਪਰੋਣੇ ਪ੍ਰਭ ਅਪਣੇ ਮਨਾ।।
ਜਹਿ ਪ੍ਰਸਾਦਿ ਆਰੋਗ ਕੰਚਨ ਦੇਹੀ ਲਿਵ ਲਾਵਹੁ ਤਿਸ ਰਾਮ ਸਨੇਹੀ।।

ਜੇ ਹੋਰ ਕੁਝ ਨਹੀਂ ਤਾਂ "ਜਹਿ ਤੇਰੀ ਮਨ ਬਨਤ ਬਨਾਈ ........ ਏਹ ਤੇ ਹੋਰ ਸਾਰੇ ਦਾਨ ਜੋ ਉਹ ਦੇਈ ਜਾਂਦਾ ਹੈ। ਉਸ ਲਈ ਕੋਟਾਨ ਕੋਟ ਸ਼ੁਕਰ ਹੋਰ ਮੰਗਾਂ ਮੰਗਦਿਆਂ ਵੀ ਰਸਨਾ ਤੋਂ ਉਚਾਰਣ ਹੁੰਦਾ ਹੈ ਜਾਂ ਮਨ ਤੋਂ ਉਛਲ ਉਛਲ ਨਿਕਲਦਾ ਜਾਂਦਾ ਹੈ। ਉਹਨਾਂ ਸਾਰੀਆਂ ਚੀਜ਼ਾਂ ਦੀ ਯਾਦ ਆਈ ਜਾਂਦੀ ਹੈ ਜੋ ਅਖੁੱਟ ਧਨ ਦੇਣ ਵਾਲਾ ਆਪਣੇ ਸੁਭਾਅ ਮੁਤਾਬਕ ਬਖਸ਼ੀ ਜਾਂਦਾ ਹੈ। ਕੋਈ ਹੱਕ ਆਪਣੇ ਨਹੀਂ ਲਗਦੇ ਸਭ ਰਹਿਮ ਤੇ ਬਖਸ਼ਸ਼ ਲਗਦੀ ਹੈ, ਕਰੀਮ ਦਾ ਕਰਮ ਦਿਸਦਾ ਹੈ, ਪੁਰਾਣੇ ਰੀਕਾਰਡ ਬਖ਼ਸ਼ਸ਼ਾਂ ਦੇ ਦੋਹਰਾਏ ਜਾਣ ਨਾਲ ਮਨ ਹੋਰ ਪਸੀਜਦਾ ਹੈ ਤੇ ਸੁਣਨ ਵਾਲਾ ਭੀ ਪਸੀਜਦਾ ਹੈ। ਨਵੀਂ ਮੰਗ ਦੀ ਪਾਲਨਾਂ ਹੁੰਦੀ ਜਾ ਰਹੀ ਹੈ। ਅਰਦਾਸ ਸੁਣੀ ਜਾ ਰਹੀ ਹੈ। ਸਚ ਮੁਚ ਐਸੀ ਲਾਲ ਤੁਝ ਬਿਨੁ ਕਉਨੁ ਕਰੈ। ਗਰੀਬ ਨਿਵਾਜ ਗੁਸਈਆ ਮੇਰਾ, ਮਾਥੇ ਛਤਰ ਧਰੈ।। ਰਹਾਉ।।

ਬਾਪ ਬੀੜੂਲਾ ਬਾਂਹ ਦੇਂਦਾ ਹੈ ਤੇ ਅਨਤਾਰੂ ਤਰ ਜਾਂਦਾ ਹੈ।

ਰੱਬ ਉਤੇ ਪੂਰਨ ਭਰੋਸਾ ਰਖਿਆਂ, ਨਿਰਮਾਣ, ਦਿਲੀ ਅਰਦਾਸਾਂ ਕੀਤਿਆਂ ਜੋ ਰਹਿਨੁਮਾਈ ਕੁਦਰਤ ਵਲੋਂ ਹੁੰਦੀ ਹੈ, ਉਹ ਚਕ੍ਰਿਤ ਕਰ ਦੇਂਦੀ ਹੈ। ਕਿਤੇ ਨਿਰਾਸ ਤੇ ਨਿਰਬਲ ਹੋਈ ਦਾ ਹੈ ਤੇ ਅਰਦਾਸ ਕਰਦਿਆਂ ਕਰਦਿਆਂ ਉਤਸ਼ਾਹ ਦੀਆਂ ਲਹਿਰਾਂ ਠਾਠਾਂ ਮਾਰਨ ਲਗ ਜਾਂਦੀਆਂ ਹਨ। ਰੱਬ ਦੀ ਹਸਤੀ ਦੀ, ਪ੍ਰਤੀਤੀ ਉਸ ਵੇਲੇ ਬਹੁਤ ਆਉਂਦੀ ਹੈ ਜਦ ਔਖੀ ਘਾਟੀਓਂ, ਬਿਖੜੇ ਪੈਂਡਿਓ ਉਹ ਅੰਗ ਸੰਗ ਹੋ ਕੇ ਪਾਰ ਕਰ ਦੇਂਦਾ ਹੈ। ਕਿਸ ਦੀ ਜ਼ਿੰਦਗੀ ਵਿਚ ਐਸੀਆਂ ਕਰਾਮਾਤਾਂ ਨਹੀਂ ਦੇਖੀਆਂ ਗਈਆਂ। ਕਿੰਨੇ ਕਿੰਨੇ ਔਖਾਂ ਵਿਚ ਉਹਨੇ ਬਾਂਹ ਫੜ ਕੇ ਨਹੀਂ ਬਹਾਲ ਲਿਆ ? ਸੱਚ ਪੁਛੋ ਤਾਂ ਕੁੰਨਸਾਂ ਕਢਣ ਵਾਲਾ ਮਨ, ਚਾਤਰੀ ਦਾ ਭਰਿਆ ਹੋਇਆ

ਦਿਮਾਗ, ਉਹਦੀਆਂ ਰਹਿਮਤਾਂ ਦਾ ਸਵਾਦ ਭੀ ਨਹੀਂ ਲੈਂਦਾ ਤੇ ਸੱਭ ਕੁਝ ਆਪਣੇ ਉਦਮ ਦਾ ਸਦਕਾ ਸਮਝ ਸਮਝ ਕੇ ਬਾਰ ਬਾਰ ਡਿਗਦਾ ਹੈ। ਪਰ ਸੱਚ ਇਹ ਹੈ ਕਿ ਇਸ ਲੇਖ ਵਿਚ ਲਿਖੇ ਸਾਰੇ ਕਦਮ ਚੁਕਣ ਮਗਰੋਂ ਅਰਦਾਸ ਮੰਨਜ਼ੂਰ ਕਰਨ ਦਾ ਸ੍ਰੀ ਗੁਰੂ ਅਰਜਨ ਸਾਹਿਬ ਨੇ ਇਕਰਾਰ ਕੀਤਾ ਹੋਇਆ ਹੈ :

ਥਿਰੁ ਘਰਿ ਬੈਸਹੁ ਹਰਿਜਨ ਪਿਆਰੇ
ਸਤਿਗੁਰਿ ਤੁਮਰੇ ਕਾਜ ਸਵਾਰੇ॥

ਮੈਂ ਤਾਂ ਵਿਣ ਤੁਧ ਹੋਰ ਜੇ ਮੰਗਣਾ ਸਿਰ ਦੁੱਖਾਂ ਕੈ ਦੁਖ, ਦਾ ਭੀ ਏਹ ਮਤਲਬ ਲੈਂਦਾ ਹਾਂ ਕਿ ਮੰਗੋ ਆਪਣੀ ਸੇਹਤ ਲਈ ਭੀ, ਆਪਣੇ ਗੁਜ਼ਾਰਨ ਲਈ ਭੀ, ਆਪਣੇ ਉਚੇ ਆਚਰਨ ਲਈ, ਆਪਣੇ ਕੰਮ ਵਿਚ ਕਾਮਯਾਬੀ ਲਈ ਪਰ ਸਿਰਫ ਇਹ ਨਾਂਹ ਮੰਗੋ। ਇਹਨਾਂ ਦੇ ਨਾਲ ਨਾਲ ਦਾਤਾਰ ਨੂੰ ਭੀ ਮੰਗ ਲਵੋ। ਸਿਦਕ ਨੂੰ ਮੰਗ ਲਵੋ, ਭਰੋਸੇ ਦਾ ਦਾਨ ਮੰਗ ਲਵੋ ਤੇ ਦਾਨਾ ਸਿਰ ਦਾਨ ਨਾਮ ਭੀ ਜ਼ਰੂਰ ਮੰਗ ਲਵੋ। ਵਿਣ ਤੁਧ ਹੋਰ ਜੇ ਮੰਗਣਾ, ਇਕ ਯਾਦਗਾਨੀ ਲਗਦੀ ਹੈ ਕਿ ਕਿਤੇ ਕੇਵਲ ਸੰਸਾਰਕ ਚੀਜ਼ ਮੰਗ ਕੇ ਹੀ ਬਸ ਨ ਕਰ ਦੇਈਂ ਤਾਂ ਤੇ ਉਲਝਨ ਮੰਗ ਲਈ। ਉਹ ਮੰਗ ਲਿਆ ਜਿਸਦਾ ਪਤਾ ਖਿਤਾ ਨਹੀਂ ਕਿ ਇਸਤੋਂ ਸੁਖ ਨਿਕਲੇਗਾ ਕਿ ਨਹੀਂ। ਬਹੁਤ ਵਾਰੀ ਇਹ ਸਵਾਲ ਆ ਜਾਂਦਾ ਹੈ ਹੁਣ ਮੈਂ ਇਹ ਮੰਗ ਰਿਹਾ ਹਾਂ ਜੋ ਚਾਰ ਦਿਨਾਂ ਪਿਛੋਂ ਉਲਟੀ ਪੈ ਜਾਣ ਦਾ ਅੰਦੇਸ਼ਾ ਤਾਂ ਨਹੀਂ ਹੁੰਦਾ ਹੈ, ਐਸਾ ਕਈ ਵਾਰ ਤੇ ਹਰ ਕਿਸੇ ਦੀ ਜ਼ਿੰਦਗੀ ਵਿਚ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਹੁਸ਼ਿਆਰ ਅਰਦਾਸੀਆ ਇਹ ਕਹਿ ਕੇ ਭੀ ਸਾਰ ਲੈਂਦਾ ਹੈ। ਅਲਪੱਸ ਬੁੱਧੀ ਫਰਜ਼ ਮੈਨੂੰ ਇਹ ਚੰਗੀ, ਸੁਖਦਾਈ ਤੇ ਇਨਸਾਫ ਵਾਲੀ ਮੰਗ ਦਿਸਦੀ ਹੈ, ਤੂੰ ਜਾਣ ਤੇ ਉਹ ਕਰੀਂ ਜਿਸ ਵਿਚ ਸੁੱਖ ਨਿਕਲੇ ਰੱਸ ਨਿਕਲੇ, ਪਿਆਰ ਬਣ ਆਵੇ।

ਅਦੁਤੀ ਕਵੀ ਭਾਈ ਗੁਰਦਾਸ ਜੀ, ਜਿਨ੍ਹਾਂ ਸ੍ਰੀ ਗੁਰੂ ਅਰਜਨ ਦੇਵ ਦੀ ਨਿੱਜੀ ਛਾਂਵ ਮਾਣੀ ਹੈ ਤੇ ਜਿਨ੍ਹਾਂ ਦੇ ਪਵਿਤਰ ਹਸਤ ਕਮਲਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਨੀ ਲਿਖੀ, ਉਹੋ ਇਕ ਅਰਦਾਸ ਨੂੰ ਅਟੱਲ ਕਰ ਗਏ ਸਨ :

ਅੰਦਰਿ ਸਭਾ ਦੁਸਾਸਣੈ ਮਥੇ ਵਾਲ ਦ੍ਰੋਪਤੀ ਆਂਦੀ॥
ਦੂਤਾ ਨੋ ਫੁਰਮਾਇਆ, ਨੰਗੀ ਕਰਹੁ ਪੰਚਾਲੀ ਬਾਂਦੀ॥
ਪੰਜੇ ਪਾਂਡੋ ਵੇਖਦੇ, ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ॥
ਅਖੀ ਮੀਟਿ ਧਿਆਨੁ ਧਰਿ, ਹਾਹਾ ਕ੍ਰਿਸ਼ਨ ਕਰੈ ਬਿਲਲਾਂਦੀ॥
ਕਪੜ ਕੋਟੁ ਉਸਾਰਿਅਨ, ਥੱਕੇ ਦੂਤ ਨਾ ਪਾਰਿ ਵਸਾਂਦੀ॥
ਹਥ ਮਰੋੜਨਿ ਸਿਰੁ ਧੁਣਨਿ, ਪਛੋਤਾਨਿ ਕਰਨਿ ਜਾਹਿ ਜਾਂਦੀ॥
ਘਰਿ ਆਈ ਠਾਕੁਰ ਮਿਲੇ, ਪੈਜ ਰਹੀ ਬੋਲੇ ਸ਼ਰਮਾਂਦੀ॥
ਨਾਥ ਅਨਾਥਾਂ, ਬਾਣਿ ਧੁਰਾਂਦੀ॥

ਜਦੋਂ ਪ੍ਰਸਿੱਧ ਯੋਧੇ ਭੀਮ ਤੇ ਅਰਜਨ ਨੇ ਭੀ ਆਪਣੀ ਲਾਚਾਰੀ ਦਰਸਾਈ ਤਾਂ ਦ੍ਰੋਪਤੀ "ਹਾ ਹਾ ਕ੍ਰਿਸ਼ਨ ਕਰੇ ਵਿਲਲਾਂਦੀ —" ਚੂਕੇ ਸਭ ਅਸਰਾਓ ਵਾਲੀ ਹਾਲਤ ਹੋ ਗਈ ਤਾਂ ਧਿਆਨ ਗਿਆ ਕ੍ਰਿਸ਼ਨ ਜੀ ਵੱਲ। ਉਨ੍ਹਾਂ ਝੱਟ ਸੁਣ ਲਈ ਪਰ ਦ੍ਰੋਪਦੀ ਨੇ ਮਗਰੋਂ ਇਹ ਗਿੱਲਾ ਦਿਤਾ ਸੀ ਕਿ ਤੁਸੀਂ ਏਡੀ ਦੇਰ ਕਿਉਂ ਲਾਈ ? ਮੈਨੂੰ ਇਨੀ ਬੇਵਸੀ ਵਿਚ ਕਿਉਂ ਤੜਪਾਇਆ ? ਉੱਤਰ ਮਿਲਿਆ ਦਰੋਪਦੀ ਦੇਰ ਤੂੰ ਕੀਤੀ, ਮੈਨੂੰ ਯਾਦ ਕਰਨ ਵਿਚ। ਤੂੰ ਤਾਂ ਪੂਰਨ ਆਸ ਵਿਚ ਸੈਂ ਕਿ ਪੰਜੇ ਪਾਂਡਵਾਂ ਦਾ ਖ਼ੂਨ ਉਬਾਲੇ ਖਾਏਗਾ। ਭੀਮ ਆਪਣੇ ਗੁਰਜ ਨਾਲ ਧਰਤੀ ਦਾ ਸੀਨਾ ਪਾੜ ਦੇਵੇਗਾ। ਅਰਜੁਨ ਆਪਣੇ ਧਨੁਸ਼ ਨਾਲ ਦੁਸ਼ਟ ਸੁਭਾ ਵਾਲਿਆਂ ਦੇ ਸੀਨੇ ਵਿੰਨ੍ਹ ਦੇਵੇਗਾ — ਜਿਵੇਂ ਹੀ ਤੂੰ ਅੱਕ ਕੇ, ਬੇਆਸਰਾ ਹੋ ਕੇ ਮੇਰੇ ਤੇ ਯਕੀਨ ਲਿਆਂਦਾ ਤਾਂ ਮੈਂ ਯਕਾਯਕ ਪਹੁੰਚ ਗਿਆ।

ਸਿਖ ਤ੍ਰਾਰੀਖ ਵਿਚੋਂ ਤਿੰਨ ਮਸ਼ਹੂਰ ਸਾਖੀਆਂ ਅਰਦਾਸ ਦੀ ਸ਼ਕਤੀ ਤੇ ਪ੍ਰਤਿਭਾ ਬੜੇ ਪਰਭਾਵ ਨਾਲ ਵਿਖਾਂਦੀਆਂ ਹਨ। ਇਕ ਮੁਕੰਮਲ ਅਰਦਾਸ ਸੀ ਮਾਤਾ ਗੰਗਾ ਜੀ ਦੀ —

ਜੱਗ ਦੀ ਮਾਤਾ ਦੀ। ਜਿਸਦਾ ਸ੍ਵਾਮੀ ਸਮਰਥ ਸੀ — ਸ੍ਰੀ ਗੁਰੂ ਅਰਜਨ ਦੇਵ, ਪਰ ਜੋ ਮਾਨ ਦੇਣਾ ਜਾਣਦਾ ਸੀ, . . . ਆਪਣੇ ਸਿੱਖਾਂ ਨੂੰ । ਮਾਤਾ ਗੰਗਾ ਜੀ ਨੂੰ ਬਹੁਤ ਦੁਖੀ ਕੀਤਾ ਸੀ, ਉਸਦੇ ਅਵੈੜੇ ਰਿਸ਼ਤੇਦਾਰਾਂ ਨੇ। ਜਿਵੇਂ ਤੁਲਸੀ ਵਿਚ ਭੰਗ ਉਗਦੀ ਹੈ, ਤਿਵੇਂ ਗੁਰੂ ਘਰ ਵਿਚ ਪ੍ਰਿਥੀਚੰਦ ਆ ਜਨਮਿਆ। ਗੱਦੀ ਦੇ ਲਾਇਕ ਨ ਸਮਝੇ ਗਏ ਅਸੂਲ ਵਿਚ ਦ੍ਰਿੜ੍ਹ, ਇਰਾਦੇ ਵਿਚ ਸਥਿਰ, ਮੁਸ਼ਕਲ ਫੈਸਲਾ ਕਰਕੇ ਪਹਾੜ ਵਰਗੀ ਇਸਤਕਲਾਲ ਵਾਲੇ ਗੁਰੂ ਰਾਮਦਾਸ ਦੇ ਛੋਟੇ ਭਰਾ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਗੁਰਗੱਦੀ ਬਖਸ਼ੀ। ਪ੍ਰਿਥਵੀ ਚੰਦ ਤੇ ਉਸਦੀ ਕੁਰੱਖਤ ਪਤਨੀ ਨੇ ਮਾਤਾ ਗੰਗਾ ਜੀ ਦੇ ਕੋਮਲ ਮਨ ਨੂੰ ਦੁਖਯੰਤ ਕੀਤਾ, . . . . ਕਈ ਦਿਨ ਕਰਦੇ ਰਹੇ। ਇੰਜ ਸਬਰ ਟੁੱਟਾ ਕਿ ਹੰਝੂਆਂ ਦੀ ਝੜੀ ਲਗ ਗਈ। ਦਿਲ ਵਿਚ ਰਖ ਰਖ ਅਖੀਰ ਪਤੀ ਨਾਲ ਦੁਖ ਫੋਲਣਾ ਪਿਆ — ਰੋਈ ਗਾਏ ਪਰ ਜ਼ਬਾਨ ਤੇ ਲੱਗੇ ਤਾਲੇ ਅੱਜ ਖੁਲ੍ਹ ਪਏ। ਸਤਿਕਾਰ ਸਦਕਾ ਉਨ੍ਹਾਂ ਨੂੰ ਰਿੰਝ ਨ ਪੁਜਾਣ ਦੇ ਕਾਰਨ ਜੋ ਕਲਿਆਂ ਸਹਿੰਦੇ ਰਹੇ ਸਨ, ਅੱਜ ਉਸ ਰਾਜ਼ ਤੇ ਪਾਇਆ ਪਰਦਾ ਉਠ ਗਿਆ। ਵਡੀਆਂ ਘਾਲਣਾ ਕਰ ਸਕਣ ਵਾਲੇ ਗੁਰੂ ਅਰਜਨ ਦੇਵ ਜੀ ਅੱਜ ਛੋਟੀ ਘਾਲਣਾ ਤੇ ਹੀ ਪਸੀਜ ਗਏ। ਪਤਨੀ ਦੀ ਤਕਲੀਫ ਵਿਚ ਸਾਂਝ ਪਾਈ ਤੇ ਫੁਰਮਾਇਆ 'ਆਦਿ ਗੁਰੂ ਤੋਂ ਲੈ ਕੇ ਹੁਣ ਤਕ ਬਾਬਾ ਬੁੱਢਾ ਜੀ ਨੇ ਰੱਜ ਕੇ ਦਰਸ਼ਨ ਕੀਤੇ ਹਨ ਰੱਜ ਕੇ ਸੇਵਾ ਕੀਤੀ ਹੈ — ਉਨ੍ਹਾਂ ਪਾਸ ਜਾਓ। ਦਿਲ ਦੀ ਵੇਦਨਾ ਕਹਿ ਸੁਣਾਓ। ਉਨ੍ਹਾਂ ਦੀ ਅਰਦਾਸ ਵਿਚ ਸ਼ਕਤੀ ਹੈ। ਜੇ ਉਹ ਆਪਣੀ ਜ਼ਬਾਨੀ ਸਾਡੇ ਘਰ ਲਈ ਸਪੁਤਰ ਦੀ ਬਖਸ਼ਿਸ਼ ਦੀ ਅਰਦਾਸ ਕਰਣਗੇ ਤਾਂ ਉਹ ਬਿਰਥਾ ਨਹੀਂ ਜਾਵੇਗੀ। ਪਰ ਤੁਸੀਂ ਧਿਆਨ ਰਖਣਾ ਅਰਦਾਸਾਂ ਢੋ ਪੈਣ ਨਾਲ ਕਬੂਲ ਹੁੰਦੀਆਂ

ਹਨ, ਮਾਣ ਮਹੱਤਤਾ ਨਾਲ ਨਾ ਜਾਣਾ। ਗੁਰੂ ਕੇ ਮਹਿਲ ਹੋਣ ਦਾ ਮਾਣ ਨਾ ਹੋਵੇ। ਗੁਰ-ਮਾਤਾ ਹੋਣ ਦਾ ਦਰਜਾ ਹਾਸਲ ਹੋਣ ਕਾਰਨ ਵਡੇਰੀ ਉਮਰ ਦੇ ਬੁੱਢੇ ਬਾਬੇ ਨੂੰ ਭੀ ਬੇਟੇ ਦਾ ਮਾਣ ਦੇਣਾ।

ਊਂ ਹੀ ਹੋਇਆ, ਮਾਤਾ ਗੰਗਾ ਜੀ ਤੜਕੇ ਉਠੇ ਹੱਥੀਂ ਆਟਾ ਪੀਸਿਆ, ਮਿੱਸੀਆਂ ਰੋਟੀਆਂ ਪਕਾਈਆਂ। ਚੱਕੀ ਦੇ ਵੀ ਭਾਗ ਜਾਗੇ ਮਾਤਾ ਜੀ ਦੀ ਛੋਹ ਮਿਲੀ, ਮਿੱਸੀਆਂ ਰੋਟੀਆਂ ਸਹਿਜ ਵਿਚ ਪੱਕੀਆਂ ਮਨ-ਅੰਮ੍ਰਿਤ ਵਾਂਗ ਸਵਾਦਿਸ਼ਟ ਹੋ ਗਈਆਂ। ਮਾਤਾ ਜੀ ਨੇ ਰੱਥ ਨਹੀਂ ਪੀੜਵਾਏ। ਸਿਰ ਤੇ ਰੋਟੀਆਂ, ਮੱਖਣ ਤੇ ਪਿਆਜ਼ ਰਖ ਲੱਸੀ ਦਾ ਡੋਲ ਹੱਥ ਵਿਚ ਲਟਕਾ ਤੁਰ ਪਏ ਆਪਣੇ ਬੇਟੇ ਸਮ ਪਿਆਰੇ ਬਾਪ ਸਮ ਸਤਿਕਾਰੇ ਬਾਬਾ ਬੁਢਾ ਜੀ ਦੇ ਬੇਲੇ ਵਲ ਆਸਾਂ ਲੈ ਕੇ, ਹੋਰ ਸਭ ਆਸਰੇ ਛਡਕੇ ਗੁਰੂ ਦੇ ਮਹਿਲ ਹੋਣ ਦਾ ਮਾਨ ਤਿਆਗ ਕੇ ਛਡ ਗੁਰੂ ਸਿੱਖ ਦਾ ਮਾਣ ਧਾਰਕੇ ਜਾ ਪਹੁੰਚੇ। ਮੇਲ ਹੋਇਆ ਪਿਆਰ ਤੇ ਅਦਬ ਦਾ ਪ੍ਰਸਪਰ ਸਤਿਕਾਰ ਦਾ ....... ਫੇਰ ਭੁਖ ਦਾ ਤੇ ਮਨ ਭਾਂਦੇ ਆਹਾਰ ਦਾ ਕੈਸਾ ਸੰਗਮ ਹੋਇਆ। ਹਲ ਚਲਾ ਚਲਾ, ਖੂਹ ਗੇੜ ਗੜ ਥੱਕ ਟੁੱਟ ਖੁਲ੍ਹੀਆਂ ਹਵਾਵਾਂ ਵਿਚ ਰਹਿਣ ਵਾਲਿਆਂ ਨੂੰ ਕਿੰਨੀ ਭੁਖ ਲਗਦੀ ਹੈ, ਝੱਟ ਮਾਂ ਦੇ ਸਿਰੋਂ ਫੜ ਰੋਟੀਆਂ ਲਾਹ ਲੈਂਦੇ ਹਨ, ਲੱਸੀ ਪਕੜ ਲੈਂਦੇ ਹਨ। ਪਿਆਜ਼ ਮੁਠੀ ਨਾਲ ਭੰਨ ਕੇ ਗਰਾਹੀ ਨਾਲ ਖਾਂਦੇ ਹਨ। ਦਿਲ ਦੀ ਵਿਥਿਆ ਜਾਣਦੇ ਹਨ। ਮਾਤਾ ਜੀ ਨ ਜ਼ਕੈਤਾ ਕਰਨ ਸਿਆਣੇ ਸਿੱਖ ਸਭਿ ਜਾਣਦੇ ਨੇ। ਨਿਕਟਵਰਤੀ ਹਨ, ਦੁਨੀਆਂ ਦੇਖੀ ਹੈ ! ਜਿਹੜਾ ਜਹਾਨ ਅੱਖੋਂ ਓਹਲੇ ਹੈ, ਜ਼ਰੂਰੀ ਨਹੀਂ ਉਸ ਦੀਆਂ ਆਵਾਜ਼ਾਂ ਕੰਨਾਂ ਤਕ ਨ ਪੁਜਣ। ਦੁਨੀਆਂ ਵਿਚ ਵਿਚਰਦੇ ਹਨ, ਕੰਧਾਂ ਨੂੰ ਭੀ ਆਵਾਜ਼ਾਂ ਹੁੰਦੀਆਂ ਹਨ। ਗਲੀ ਗੁਆਂਢ ਹੈ ਸਿੱਖ ਸਖਾ ਬਤੇਰੇ ਹਨ। ਕੋਈ ਆਪਣੀ ਵੀ ਇਛਾ ਹੈ। ਯੋਧਾ ਗੁਰੂ ਦੀ ਵੀ ਲੋੜ ਹੈ — ਪਿਆਜ਼ ਭੰਨੀ ਜਾਣ ਤੇ ਅਸੀਸਾਂ ਦਈ ਜਾਣ। ਇਲਤਜਾਵਾਂ ਕਰੀਂ ਜਾਣ। ਸੱਚੇ ਰੱਬ ਕੱਨੀ, ਆਦਿ ਗੁਰੂ ਕੰਨੀਂ, ਮਾਤਾ ਜੀ, ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।।

ਮਾਤਾ ਜੀ ਬਸ ਸੇਵਾ ਕਰੀ ਗਏ ਚਾਈਂ ਚਾਈਂ ਬਾਬੇ ਜੀ ਆਪੇ ਮਸਤੀ ਵਿਚ ਝੂਮਦੇ ਰਹੇ। ਜਿੱਡੀ ਵਡੀ ਭੁਖ ਉਡਾ ਵਡਾ ਸਵਾਦ। ਜਿਤਨੀ ਜ਼ਿਆਦਾ ਸ਼ਰਧਾ ਉਤਨੀ ਦਿਲੀ ਅਰਦਾਸ, ਛੇਕੜ ਬੋਲ ਪਏ —

ਮਾਤਾ ਜੀ, ਜਿਵੇਂ ਮੈਂ ਪਿਆਜ਼ ਭੰਨ ਰਿਹਾ ਹਾਂ ਤਿਵੇਂ ਤੇਰਾ ਪੁਤਰ ਤੁਰਕਾਂ ਦੇ ਸਿਰ ਭੰਨੇਗਾ। ਬੜਾ ਭਾਗਸ਼ਾਲੀ ਬੱਚਾ ਤੇਰੇ ਘਰ ਆਵੇਗਾ। ਉਹਦੇ ਕਾਰਨਾਮੇ ਜਗ ਤੱਕੇਗਾ। ਉਹਦਾ ਜਸ ਬੇ ਹਿਸ ਲੋਕ ਗਾਵਣਗੇ। ਉਹਦਾ ਨੂਰ, ਮਲਕਾ ਨੂਰ ਜਹਾਨ ਨੂੰ ਭੀ ਹਾਰ ਦੇਵੇਗਾ। ਉਸ ਦਾ ਜਾਹੋ ਜਲਾਲ ਹੋਵੇਗਾ ਉਹ ਜ਼ਿੰਦਗੀ ਦਾਨ ਕਰੇਗਾ।

ਦੂਜੀ ਮਸ਼ਹੂਰ ਅਰਦਾਸ ਹੈ ਭਾਈ ਕੰਮਲੀਏ ਦੀ। ਜੋ ਰਮਲੇ, ਕਮਲੇ ਜਹੇ

"ਰੰਗਿ ਹਸਿਹ ਰੰਗਿ ਰੋਵਿਹ ਚੁੱਪ ਵੀ ਕਰਿ ਜਾਹੇ" ਦੀ ਅਵਸਥਾ ਵਿਚ ਵਿਚਰਦੇ ਸਨ।

ਇਕ ਗੁਰੂ ਦਾ ਬੜਾ ਸ਼ਰਧਾਲੂ ਸਿੱਖ ਭਾਈ ਬੁਧੂ ਦੇ ਨਾਮ ਨਾਲ ਪ੍ਰਸਿੱਧ ਸੀ। ਉਹ ਇੱਟਾਂ ਬਣਾਕੇ ਵੇਚਿਆ ਕਰਦਾ ਸੀ। ਇਕ ਵੇਰ ਜਦ ਸ੍ਰੀ ਗੁਰੂ ਅਰਜਨ ਸਾਹਿਬ ਲਾਹੌਰ ਗਏ ਤਾਂ ਭਾਈ ਬੁਧੂ ਜੀ ਨੇ ਬੜੀ ਸਨਿਮਰ ਬੇਨਤੀ ਕਰਕੇ ਸੰਗਤਾਂ ਸਮੇਤ ਗੁਰੂ ਸਾਹਿਬ ਨੂੰ ਪ੍ਰਸ਼ਾਦ ਛਕਣ ਲਈ ਮਨਾਇਆ। ਰੱਜ ਕੇ ਟਹਿਲ ਕੀਤੀ, ਦਿਲੋਂ ਸੇਵਾ ਕੀਤੀ ਤੇ ਫੇਰ ਬੇਨਤੀ ਕੀਤੀ ਕਿ ਮੈਂ ਇਸ ਵੇਰ ਬੜਾ ਵਡਾ ਆਵਾ ਚਾੜਿਆ ਹੈ। ਦਾਤਾ ਜੀ ਮਿਹਰ ਕਰਨਾ, ਇੱਟਾਂ ਬਹੁਤ ਚੰਗੀਆਂ ਪਕਣ ਤਾਂ ਜੋ ਚੰਗਾ ਚੋਖਾ ਲਾਭ ਹੋਵੇ। ਗੁਰੂ ਸਾਹਿਬ ਪ੍ਰਸੰਨਤਾ ਵਿਚ ਸਨ। ਉਹਨਾਂ ਦੀ ਹਜ਼ੂਰੀ ਵਿਚ ਸੰਗਤਾਂ ਦੇ ਉਤਸ਼ਾਹ ਨਾਲ ਅਰਦਾਸ ਕੀਤੀ ਗਈ ਤੇ ਅਰਦਾਸ ਦੇ ਮਗਰੋਂ ਸੰਗਤਾਂ ਨੇ ਭਰੋਸੇ ਵਿਚ ਆ ਕੇ ਆਖਿਆ 'ਭਾਈ ਬੁਧੂ ਦਾ ਆਵਾ ਪੱਕਾ, ਭਾਈ ਬੁਧੂ ਦਾ ਆਵਾ ਪੱਕਾ।" ਬਾਹਰ ਕਿਤੇ ਕੰਮਲੀਆ ਜੀ ਨੇ ਸੰਗਤ ਦੀ ਆਵਾਜ਼ ਚੀਰ ਕੇ ਆਖਿਆ 'ਭਾਈ ਬੁਧੂ ਦਾ ਆਵਾ ਕੱਚਾ, ਭਾਈ ਬੁਧੂ ਦਾ ਆਵਾ ਕੱਚਾ। ਹੈਰਾਨ ਹੋ ਗੁਰੂ ਸਾਹਿਬਾਂ ਪਤਾ ਕਰਵਾਇਆ ਕਿ ਸੰਗਤ ਦੀ ਅਰਦਾਸ ਦੇ ਉਲਟ ਇਹ ਕੌਣ ਅਸ਼ੁਭ ਬਚਨ ਬੋਲ ਰਿਹਾ ਹੈ। ਤਾਂਹੀਓ ਪਤਾ ਲਗਾ ਕਿ ਭਾਈ ਬੁਧੂ ਦੇ ਕੁਝ ਆਦਮੀਆਂ, ਭਾਈ ਕਮਲੀਏ ਨੂੰ ਸੰਗਤ ਦੇ ਨਾਲ ਅੰਦਰ ਨਹੀਂ ਆਉਣ ਦਿਤਾ। ਸੌ ਵਿਸਵੇ ਉਸ ਦੇ ਕਪੜੇ ਮੈਲੇ ਹੋਣ ਕਾਰਨ "ਜਿਨ੍ਹ ਪਟੁ ਅੰਦਰਿ, ਬਾਹਰਿ ਗੁਦੜੁ" ਵਾਲੀ ਸਖਸ਼ੀਅਤ ਦੇਖ ਕੇ ਭਾਈ ਕਮਲੀਏ ਦਾ ਮੁਲ ਨਹੀਂ ਪਾਇਆ ਗਿਆ। ਉਹਦਾ ਗੁਣ ਨਹੀਂ ਪਛਾਤਾ ਗਿਆ। ਉਹ ਦਾ ਅਪਮਾਨ ਕੀਤਾ ਗਿਆ ਹੈ। ਅਜੀਬ ਹਾਲਤ ਹੈ ਇਕ ਪਾਸੇ ਗੁਰੂ ਆਪ ਤੇ ਸੰਗਤਾਂ ਉਹਦੀ ਕਾਮਨਾਂ ਪੂਰੀ ਕਰਨ ਦਾ ਵਰ ਬਖਸ਼ ਰਹੇ ਹਨ ਤੇ ਦੂਜੇ ਬੰਨੇ ਇਕ ਨੇਕ ਦਿਲ ਬੰਦਾ ਉਸਦੇ ਖਿਲਾਫ ਅਰਦਾਸ ਕਰ ਰਿਹਾ ਹੈ। ਇਸ ਹਾਲਤ ਵਿਚ ਵੀ ਗੁਰੂ ਸਾਹਿਬ ਫੁਰਮਾਨ ਕੀਤਾ ਕਿ ਭਾਈ ਕਮਲੀਏ ਤੋਂ ਮਾਫੀ ਮੰਗੀ ਜਾਏ। ਤੇ ਕੇਵਲ ਮਾਫੀ ਮੰਗਣ ਨਾਲ ਵੀ ਛੁਟਕਾਰਾ ਨਹੀਂ ਕਿਉਂਕਿ ਉਹਦੀ ਅਰਦਾਸ ਵੀ ਕਬੂਲੀ ਜਾਣੀ ਹੈ ਤੇ ਅਰਦਾਸ ਭਾਈ ਬੁਧੂ ਦੀ ਵੀ ਪ੍ਰਵਾਣੀ ਗਈ ਹੈ। ਅਰਦਾਸਾਂ ਦੋਵੇਂ ਹੀ ਮੰਨੀਆਂ ਗਈਆਂ ਹਨ, ਵਾਹਿਗੁਰੂ ਦੀ ਦਰਗਾਹ ਵਿਚ। ਸਿੱਖ ਦੀ ਨਿਰਾਦਰੀ ਗੁਰੂ ਦੀ ਅਤੇ ਸੰਗਤ ਦੀ ਨਿਰਾਦਰੀ ਦੇ ਬਰਾਬਰ ਸਮਝੀ ਗਈ। ਉਸ ਸਾਲ ਬੜੀਆਂ ਬਾਰਸ਼ਾਂ ਹੋਣ ਕਰਕੇ ਕੋਈ ਭੱਠਾ ਨਾਂਹ ਪਕਿਆ ਇਸ ਲਈ ਇੱਟਾਂ ਦੀ ਮੰਗ ਬਹੁਤ ਜ਼ਿਆਦਾ ਹੋਣ ਕਾਰਨ ਭਾਈ ਬੁਧੂ ਦੇ ਆਵੇ ਦੀਆਂ ਕੱਚੀਆਂ ਪੱਕੀਆਂ ਇੱਟਾਂ ਵੀ ਪੱਕੀਆਂ ਦੇ ਭਾਅ ਵਿੱਕੀਆਂ ਤੇ ਭਾਈ ਬੁਧੂ ਨੂੰ ਮੁਨਾਫਾ ਬਹੁਤ ਹੋਇਆ। ਦਿਲੀ ਅਰਦਾਸ ਹਰ ਹਾਲੀ ਪੂਰੀ ਹੋਈ। ਹਰ ਇਕ ਦੀ ਪੂਰੀ ਹੋਈ।

ਦੂਸਰੀ ਸਾਖੀ ਇਕ ਭਾਈ ਗੁਜਰ ਦੀ ਹੈ ਜੋ ਇਕ ਬੜਾ ਲਾਇਕ ਲੋਹਾਰ

ਸੀ। ਉਸਨੇ ਸੁਣਿਆ ਕਿ ਕਲਗੀਧਰ ਦੇ ਦਰਬਾਰ ਵਿਚ ਚੰਗੇ ਬਣਾਏ ਸ਼ਸ਼ਤਰਾਂ ਦੀ ਭੇਟਾ ਬੜੇ ਪਿਆਰ ਨਾਲ ਕਬੂਲੀ ਜਾਂਦੀ ਹੈ। ਪਤਾ ਨਹੀਂ ਉਸਨੇ ਕੀ ਕੀ ਧਾਤ ਮਿਲਾਈ ਤੇ ਇਕ ਅਨੂਪ ਢਾਲ ਬਣਾਈ, ਜੋ ਵਜ਼ਨ ਵਿਚ ਵੀ ਕਾਫੀ ਹਲਕੀ ਸੀ ਤੇ ਪੱਕੀ ਵੀ ਬੜੀ ਸੀ। ਚਾਈਂ ਚਾਈਂ ਉਹ ਏਹ ਢਾਲ ਲੈ ਕੇ ਗੁਰੂ ਪਾਸ ਹਾਜ਼ਰ ਹੋਇਆ ਪਰ ਆਪਣੀ ਲਿਆਕਤ ਤੇ ਬੜੇ ਅਭਿਮਾਨ ਨਾਲ ਕਹਿਣ ਲਗ ਪਿਆ ਕਿ ਐਹੋ ਜਹੀ ਢਾਲ ਕਦੇ ਕਿਸੇ ਨਹੀਂ ਬਣਾਈ ਤੇ ਕੋਈ ਹੋਰ ਬਣਾ ਭੀ ਨਹੀਂ ਸਕਦਾ। ਗੁਰੂ ਸਾਹਿਬ ਨੇ ਕਦਰ ਕੀਤੀ ਤੇ ਆਪਣੇ ਆਸ ਪਾਸ ਬੈਠੇ ਸਿੱਖਾਂ ਵਿਚ ਪ੍ਰਸੰਸਾ ਨਾਲ ਢਾਲ ਨੂੰ ਫੇਰਿਆ। ਜਿਵੇਂ ਜਿਵੇਂ ਗੁਰੂ ਸਾਹਿਬ ਪ੍ਰਸੰਸਾ ਦਾਨ ਕਰਦੇ ਰਹੇ, ਭਾਈ ਗੁਜਰ ਦਾ ਅਭਿਮਾਨ ਵਧਦਾ ਗਿਆ ਤੇ ਜ਼ਰਾ ਸ਼ੇਖੀ ਵਿਚ ਆ ਕੇ ਵੰਗਾਰਨ ਲਗ ਗਿਆ ਕਿ ਇਸ ਵਿਚ ਕਦੇ ਕੋਈ ਛੇਕ ਨਹੀਂ ਕਰ ਸਕਦਾ ਭਾਵੇਂ ਗੁਰੂ ਸਾਹਿਬ ਆਪ ਅਜ਼ਮਾ ਲੈਣ। ਗੁਰੂ ਸਾਹਿਬ ਨੇ ਅਭਿਮਾਨ ਤੋੜਣ ਵਾਸਤੇ ਚੈਲੰਜ ਮੰਨਜ਼ੂਰ ਕਰ ਲਿਆ ਤੇ ਆਖਿਆ ਕਿ ਕਲ੍ਹ ਅਸੀਂ ਆਪ ਇਹਦੇ ਵਿਚੋਂ ਗੋਲੀ ਪਾਰ ਕਰਾਂਗੇ।

ਵਿਚ ਇਕ ਰਾਤ ਸੀ। ਉਹ ਰਾਤ ਜਿਹੜੀ ਤਬਦੀਲੀਆਂ ਲਿਆ ਸਕਦੀ ਸੀ। ਕਿਹਾ ਜਾਂਦਾ ਹੈ ਨਾ : "ਉਸ ਮੁਸ਼ਕਲ ਸੇ ਕਿਆ ਡਰਨਾ ਜਿਸਮੇਂ ਰਾਤ ਬਾਕੀ ਹੈ" ਇਵੇਂ ਹੀ ਹੋਇਆ। ਇਸ ਰਾਤ ਨੇ ਭਾਈ ਗੁਜਰ ਦੀ ਜ਼ਹਿਨੀਅਤ ਬਦਲ ਦਿਤੀ। ਉਸਨੂੰ ਆਪਣੇ ਹੰਕਾਰ ਦੀ ਸੋਝੀ ਆ ਗਈ। ਨਿਰਮਾਣਤਾ ਉਹਦੇ ਮਨ ਵਿਚ ਆ ਵਸੀ। ਕਿਸੇ ਪਰਉਪਕਾਰੀ ਉਸਦਾ ਮਨ ਹਲੂਣ ਦਿਤਾ। ਕਿਹਦੇ ਨਾਲ ਮੁਕਾਬਲਾ ਡਾਹ ਲਿਆ ਈ ਜਿਸਦੀ ਯਾਦ ਤੇ ਖੁਸ਼ੀ ਲਈ ਤੂੰ ਮਿਹਨਤਾਂ ਤਾਂ ਕਰ ਕਰ ਕੇ ਇਸ ਕਾਮਯਾਬੀ ਤੇ ਪਹੁੰਚਿਆ ਹੈ ? ਕਿਸ ਨੂੰ ਵੰਗਾਰਿਆ ਈ ਜੋ ਕੇਵਲ ਗਿਆਨ ਹੀ ਨਹੀਂ ਆਤਮਿਕ ਗਿਆਨ ਦਾ ਵੀ ਮੇਰ ਪ੍ਰਬਤ ਹੈ। ਉਹ ਜਿਸਨੂੰ ਸਾਰੀਆਂ ਤਾਕਤਾਵਾਂ ਸਜਦਾ ਕਰਦੀਆਂ ਹਨ ਓਹਦੀ ਤਾਕਤ ਦੀ ਅਜਮੈਸ਼ ਕਰਨਾ ਚਾਹ ਰਿਹਾ ਏ ? ਉਹਦੀ ਤਾਕਤ ਦਾ ਨਾਪ ਲੈਣਾ ਚਾਹੁੰਦਾ ਹੈ, ਜੋ ਤਾਕਤਹੀਨਾਂ ਨੂੰ ਤਾਕਤ ਬਖਸ਼ਣ ਲਈ ਹੀ ਪੈਦਾ ਹੋਇਆ ਹੈ, ਪਸ਼ਚਾਤਾਪ ਵਿਚ ਰਾਤ ਗੁਜ਼ਾਰੀ। ਇਸ ਅਰਦਾਸ ਨੂੰ ਫਲ ਲਗਾ। ਗੁਰੂ ਸਾਹਿਬ ਜਿਨ੍ਹਾਂ ਦੇ ਨਿਸ਼ਾਨ ਦੀ ਮਸ਼ਹੂਰੀ ਮੁਗਲ ਬਾਦਸ਼ਾਹਾਂ ਵਿਚ ਵੀ ਸੀ, ਉਹਨਾਂ ਵੀ ਜਦ ਅਗਲੇ ਦਿਨ ਢਾਲ ਦੀ ਸ਼ਿਸ਼ਤ ਬਨ੍ਹੀ, ਗੋਲੀ ਨਾਂਹ ਚਲੀ। ਦੂਸਰੀ ਵੇਰ ਫੇਰ ਸ਼ਿਸ਼ਤ ਬੰਨ੍ਹੀ, ਗੋਲੀ ਫੇਰ ਨਾਂਹ ਚਲੀ। ਸਿੰਘਾਂ, ਹਜ਼ੂਰ ਨੂੰ ਦੂਸਰੀ ਬੰਦੂਕ ਲੈਣ ਲਈ ਬੇਨਤੀ ਕੀਤੀ ਪਰ ਗੁਰੂ ਸਾਹਿਬ ਨੇ ਭਾਈ ਗੁਜਰ ਨੂੰ ਕੋਲ ਬੁਲਵਾਇਆ ਤੇ ਪੁਛਿਆ 'ਸਿੱਖਾ ! ਕਲ੍ਹ ਦੇ ਦੀਵਾਨ ਮਗਰੋਂ ਤੂੰ ਕੀ ਕੀਤਾ ਹੈ ?' ਗਲ ਵਿਚ ਪੱਲਾ ਪਾ ਕੇ ਸਿੱਖ ਨੇ ਫਰਿਆਦ ਕੀਤੀ 'ਮੈਂ ਮੂਰਖ ਤੁਹਾਡੇ ਨਾਲ ਜਿੱਦ ਬੰਨ੍ਹ ਬੈਠਾ ਪਰ ਤੂੰ ਮੇਰੀ ਫੇਰ ਵੀ ਰਖ ਲਈ ਤੇ ਕਿਸੇ ਹੋਰ ਰੂਪ ਵਿਚ ਤੂੰ ਮੈਨੂੰ ਅਰਦਾਸ ਦੀ ਜਾਚ ਤੇ ਅਰਦਾਸ ਦੀ ਤਾਕਤ ਸਿਖਾਂ

ਗਿਉਂ। ਮੈਂ ਤੇਰੇ ਚਰਨਾਂ ਵਿਚ ਅਰਦਾਸ ਕੀਤੀ, ਪਛਤਾਵੇ ਵਿਚ ਅਰਦਾਸ ਕੀਤੀ। ਤਨ ਨਾਲ ਮਨ ਨਾਲ ਅਰਦਾਸ ਕੀਤੀ। ਗਿੜ ਗਿੜਾ ਕੇ ਅਜਿਜ਼ੀ ਵਿਚ ਆ ਕੇ, ਭੁਲੇਖੇ ਲਾਹ ਕੇ, ਸਨਿਮਰ ਬੇਨਤੀ ਕੀਤੀ। "ਮੂਰਖਤਾ ਦੀ ਮਾਫੀ ਬਖਸ਼ੋ ਤੇ ਮੇਰਾ ਤੇ ਮੇਰੀ ਢਾਲ ਦਾ ਇਮਤਿਹਾਨ ਨਾਂਹ ਲਵੋ। ਆਪੇ ਬੇਨਤੀ ਪ੍ਰਵਾਨ ਕਰ ਲੀਤੀ ਜੇ। ਆਪੇ ਅਰਦਾਸ ਕਬੂਲ ਕਰ ਲੀਤੀ ਜੇ। ਪਤਿਤ-ਪਾਵਨ ਜੋ ਹੋਇਓਂ।" ਖਿੜੇ ਮੱਥੇ ਗੁਰੂ ਜੀ ਨੇ ਸੰਗਤ ਨੂੰ ਆਖਿਆ 'ਮੈਂ ਇਸ ਢਾਲ ਨੂੰ ਵਿੰਨ੍ਹ ਨਹੀਂ ਸਕਦਾ। ਇਸ ਦੇ ਪਿਛੇ ਇਸ ਸਿੱਖ ਨੇ ਵਾਹਿਗੁਰੂ ਨੂੰ ਤੇ ਆਦਿ ਗੁਰੂ ਨੂੰ ਖੜਾ ਕਰ ਲੀਤਾ ਹੈ। ਅਰਦਾਸਾਂ ਕਰ ਕਰਕੇ ਮੈਨੂੰ ਅਸਮਰਥ ਕਰ ਦਿਤਾ ਹੈ।'

ਗੁਰਮਤਿ ਵਿਚ ਅਰਦਾਸ ਦੀ ਬਹੁਤ ਮਹਤਤਾ ਵੀ ਹੈ ਤੇ ਇਕ ਮਰਯਾਦਾ ਵੀ। ਕਲਗੀਧਰ ਜੀ ਆਪ ਭੀ ਅਰਦਾਸ ਕਰਦੇ ਸਨ :

ਸਗਲ ਦੁਆਰ ਕਉ ਛਾਡ ਕੈ ਗਹਿਓ ਤੁਹਾਰਓ ਦੁਆਰ ।।<br>
ਬਾਂਹੇ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।।

ਅਥਵਾ

ਹਮਰੀ ਕਰੋ ਹਾਥ ਦੈ ਰੱਛਾ।। ਪੂਰਨ ਹੋਇ ਚਿਤ ਕੀ ਇੱਛਾ।।<br>
ਤਵ ਚਰਨਨ ਮਨ ਰਹੈ ਹਮਾਰਾ।। ਅਪਿਨਾ ਜਾਨ ਕਰੋ ਪ੍ਰਤਿਪਾਰਾ।।<br>
ਹਮਰੇ ਦੁਸ਼ਟ ਸਭੈ ਤੁਮ ਘਵਹੁ।। ਆਪੁ ਹਾਥ ਦੈ ਮੁਹਿ ਬਚਾਵਹੁ।।<br>
ਸੁਖੀ ਬਸੈ ਮੋਰੋ ਪਰਿਵਾਰਾ।। ਸੇਵਕ ਸਿੱਖ ਸਭੈ ਕਰਤਾਰਾ।।<br>
ਮੋ ਰੱਛਾ ਨਿਜ ਕਰ ਦੈ ਕਰਿਯੈ।। ਸਭ ਬੈਰਨ ਕੌ ਆਜ ਸੰਘਾਰਿਯੈ।।<br>
ਪੂਰਨ ਹੋਇ ਹਮਾਰੀ ਆਸਾ।। ਤੋਰ ਭਜਨ ਕੀ ਰਹੈ ਪਿਆਸਾ।।<br>
ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ।। ਜੋ ਬਰ ਚਹੋਂ ਸੁ ਤੁਮ ਤੇ ਪਾਊਂ।।

ਅਰਦਾਸ ਦਸਵੇਂ ਗੁਰੂ ਨੂੰ ਏਡੀ ਪਿਆਰੀ ਸੀ ਕਿ ਉਨ੍ਹਾਂ ਇਸ ਨੂੰ ਇਕ ਪਿਆਰੀ ਜਿਹੀ ਸ਼ਕਲ ਦੇ ਦਿਤੀ ਤੇ ਸਵੇਰ ਸ਼ਾਮ ਨਿਤਨੇਮ ਨਾਲ ਜੋੜਨ ਦੀ ਆਗਿਆ ਦੇ ਦਿਤੀ ਸੀ। ਜਿਤਨੀ ਅਰਦਾਸ ਉਨ੍ਹਾਂ ਬੰਨ੍ਹੀ ਉਹ ਇੰਜ ਹੈ।

੧ ਓ ਵਾਹਿਗੁਰੂ ਜੀ ਕੀ ਫਤਹ।।<br>
ਸ੍ਰੀ ਭਗੌਤੀ ਜੀ ਸਹਾਏ।।<br>
ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦।।<br>
ਪ੍ਰਿਥਮ ਭਗੌਤੀ ਸਿਮਰ ਕੇ ਗੁਰੂ ਨਾਨਕ ਲਈ ਧਿਆਏ।<br>
ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ।<br>
ਅਰਜਨ ਹਰ ਗੋਬਿੰਦ ਨੋ ਸਿਮਰੋ ਸ੍ਰੀ ਹਰ ਰਾਏ।<br>
ਸ੍ਰੀ ਹਰ ਕਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਏ।

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ।
ਸਭੈ ਥਾਈਂ ਹੋਇ ਸਹਾਇ।।

ਇਸ ਤੋਂ ਬਾਅਦ ਸ੍ਰੀ ਮੁਖ ਵਾਕ ਨਹੀਂ। ਉਪਰੋਕਤ ਲਾਈਨਾਂ ਨਾਲ 'ਭਗੌਤੀ ਕੀ ਵਾਰ' ਨਾਂ ਦੀ ਬਾਣੀ ਦਸਮ ਗਰੰਥ ਵਿਚ ਚੰਡੀ-ਚਰਿਤਰਾਂ ਤੋਂ ਬਾਅਦ ਦਰਜ ਹੈ। ਇਥੇ ਭਗੌਤੀ ਸ਼ਬਦ ਦੇ ਅਰਥ ਹਨ 'ਤਲਵਾਰ' ਤੇ ਏਹ ਅਰਥ ਗੁਰੂ ਸਾਹਿਬ ਨੇ ਖੁਲ੍ਹਾ, ਥਾਂ ਪਰ ਥਾਂ, ਵਰਤਿਆ ਹੈ ਜਿਵੇ ਕਿ : "ਲਈ ਭਗੌਤੀ ਦੁਰਗਸਾ ਵਰ ਜਾਂਗਨ ਭਾਰੀ। ਲਾਈ ਰਾਜੇ ਸੁੰਭ ਨੂੰ ਰੱਤ ਪੀਐ ਪਿਆਰੀ।" ਤਲਵਾਰ ਤੋਂ ਮਤਲਬ ਹੈ ਬਲ ਤੇ ਗੁਰੂ ਸਾਹਿਬ ਸ਼ਕਤੀ ਨੂੰ ਜਾਂ ਅਕਾਲ-ਪੁਰਖ ਦੇ ਸ਼ਕਤੀ ਸਰੂਪ ਨੂੰ ਸਿਰ ਨਿਵਾਉਂਦੇ ਹਨ। ਭਗੌਤੀ ਦੇ, ਮਹਾਨ ਕੋਸ਼ ਅਨੁਸਾਰ, ਇਕ ਅਰਥ ਹਨ ਮਹਾ-ਕਾਲ ਦੇ। ਜਿਸ ਦਾ ਮਤਲਬ ਹੈ ਪਰ ਬ੍ਰਹਮ ਦਾ ਸਰਬਨਾਸ਼ਕ ਰੂਪ ਜਾਂ ਸਹਾਇਤਾ ਕਰਨ ਵਾਲਾ ਰੂਪ ਭਾਵ ਬਲ-ਰੂਪ ਤੇ ਇਸਦੀ ਅਰਾਧਨਾ ਕੀਤੀ ਹੈ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ।

ਦਸਮ ਪਾਤਸ਼ਾਹ ਦੀ ਉਚਾਰੀ ਹੋਈ ਅਰਦਾਸ ਮਗਰੋਂ, ਪੰਥ ਨੇ ਹੇਠ ਲਿਖੇ ਹਿੱਸੇ ਅਰਦਾਸ ਵਿਚ ਪਾਏ ਹਨ :

(੧) ਦਸਵੇਂ ਪਾਤਸ਼ਾਹ ਅਗੇ ਅਤੇ ਦਸਾਂ ਪਾਤਸ਼ਾਹੀਆਂ ਦੇ ਆਤਮਕ ਸਰੂਪ ਗੁਰੂ ਗਰੰਥ ਸਾਹਿਬ ਅਗੇ ਸਹਾਇਤਾ ਦੀ ਭਾਵਨਾ। ਆਮ ਕਰਕੇ ਇਸ ਦਾ ਸਰੂਪ ਇਸ ਪ੍ਰਕਾਰ ਹੈ 'ਸਾਹਿਬ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਥ ਦੇ ਵਾਲੀ ਅੰਮ੍ਰਿਤ ਦੇ ਦਾਤੇ ਸਭ ਥਾਈਂ ਹੋਈ ਸਹਾਏ। ਤੇ ਦਸਾਂ ਪਾਤਸ਼ਾਹੀਆਂ ਦੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ 'ਸਭਿ ਥਾਈਂ ਹੋਏ ਸਹਾਏ।' ਜਾਂ 'ਦੇ ਪਾਠ ਦੀਦਾਰ ਦਾ ਧਿਆਨ ਧਰ ਬੋਲੋ ਜੀ ਵਾਹਿਗੁਰੂ ਵਾਹਿਗੁਰੂ।'

ਅਰਦਾਸ ਇਕ ਅਰਜ਼ ਹੈ। ਦਾਤੇ ਤੇ ਮੰਗਤੇ ਦੇ ਦਰਮਿਆਨ ਇਕ ਸਿਧਾ ਰਿਸ਼ਤਾ ਹੈ। ਇਹ ਪਿਆਰ ਦਾ ਰਿਸ਼ਤਾ ਹੈ। ਕੋਈ ਇਸ ਨੂੰ ਪਿਤਾ ਤੇ ਬੱਚੇ ਵਾਲੀ ਸ਼ਕਲ ਦੇ ਦੇਂਦਾ ਹੈ। ਸਹਾਇਤਾ ਦੀ ਬੱਚੇ ਵਾਂਗ ਮੰਗ ਕੀਤੀ ਜਾਂਦੀ ਹੈ। ਕਦੀ ਹੀਨਤਾ ਮਨ ਵਿਚ ਵਸਦੀ ਹੈ ਤੇ ਤਾਕਤ ਵਾਲੇ ਪਾਸੋਂ ਮਦਦ ਮੰਗ ਕੇ ਬਲ ਮਹਿਸੂਸ ਕਰੀਦਾ ਹੈ। ਸ਼ਬਦਾਂ ਦੀ ਵਾਧ ਘਾਟ ਹੋ ਜਾਣੀ ਕੁਦਰਤੀ ਹੈ। ਜ਼ਬਾਨ ਤੋਤਲੀ ਹੋ ਸਕਦੀ ਹੈ। ਮੁਅਦਬਾਨਾ ਹੋ ਸਕਦੀ ਹੈ। ਗੁੰਗੇ ਦੀ ਜ਼ਬਾਨ ਵੀ ਹੋ ਸਕਦੀ ਹੈ। ਕੋਈ ਬੇਥਵੀ ਵੀ ਮਾਰੀ ਜਾਂਦੀ ਹੈ — ਭਾਵ ਪ੍ਰੇਮ ਦਾ ਹੈ। ਕਦੇ ਕੋਈ ਹੱਕ ਜਤਾ ਲੈਂਦਾ ਹੈ। ਕਦੇ ਕੋਈ ਨਿਹੋਰਾ ਸੁਟ ਸਕਦਾ ਹੈ, ਜੋ ਕੁਝ ਵੀ ਹੈ ਪ੍ਰੇਮ ਦੀ ਜ਼ਬਾਨ ਹੈ ਤੇ ਗੂਹੜਾ ਸਬੰਧ ਹੈ। ਕੌਣ ਸਿਖਾਵੇ ਕਿ 'ਆਪਣੇ' ਕਲਗੀਧਰ ਨੂੰ ਕੋਈ ਕਿਸ ਤਰ੍ਹਾਂ ਸੰਬੋਧਨ ਕਰੇ। ਜੋ ਥਾਪਿਆ ਗਿਆ ਹੈ ਉਹ ਰਸਤਾ ਦਿਖਾਣ ਦਾ ਉਦਮ ਹੈ। ਜੋ ਬੇਨਤੀ ਦੀ ਜਾਚ ਹੈ ਉਹ ਇਕ ਰਸਤਾ ਸੌਖਾ ਕਰਨ ਲਈ ਮਰਿਆਦਾ ਹੈ। ਇਸ ਤੋਂ ਮਗਰੋਂ ਅਰਦਾਸ ਦਾ ਦੂਜਾ ਹਿੱਸਾ ਸੰਗੀਤਕ ਵਾਰਤਕ ਹੈ। ਇਸ ਵਿਚ

ਸਿੱਖ ਇਤਿਹਾਸ ਦੇ ਮੁਖੀ ਸ਼ਹੀਦਾਂ, ਹਠੀਆਂ ਤਪੀਆਂ ਆਦਿ ਦਾ ਅਤੇ ਸਿੱਖੀ ਨਿਸ਼ਾਨਾਂ ਦੀ ਯਾਦ ਹੈ। ਸਮੁੱਚੀ ਕੌਮ ਨੂੰ ਉਭਾਰਨ ਦਾ ਯਤਨ ਹੈ। ਆਪਣੇ ਮਨ ਨੂੰ ਉੱਚਾ ਕਰਨ ਦਾ ਉਪਰਾਲਾ ਹੈ। ਸੰਗਠਨ ਨੂੰ ਮਜ਼ਬੂਤ ਬਣਾਨ ਦਾ ਤਰੀਕਾ ਹੈ। ਸਰਬਤ ਖ਼ਾਲਸੇ ਵਿਚ ਆਪਣੀ ਮਹਾਨ ਜਾਇਦਾਦ ਨੂੰ ਵੰਡਣ ਦਾ ਕਦਮ ਹੈ।

ਤੀਸਰਾ ਹਿੱਸਾ ਬੇਨਤੀ ਹੈ। ਅਕਾਲ ਪੁਰਖ ਨੂੰ ਸੰਬੋਧਨ ਕੀਤਾ ਜਾਂਦਾ ਹੈ ਅਰਦਾਸ ਦਾ ਮਨੋਰਥ ਵਿਥਰੀ ਦਾ ਹੈ। ਚੌਥਾ ਹਿੱਸਾ ਅੰਤਿਕਾ ਹੈ। ਸਿੱਖ ਧਰਮ ਦੇ ਫਲਸਫੇ ਨੂੰ ਦੋ ਇਕ ਤੁਕਾਂ ਨਾਲ ਬਿਆਨ ਕੀਤਾ ਹੈ।

ਪਹਿਲਾ ਤੇ ਅਖ਼ੀਰੀ ਹਿੱਸਾ ਰਵਾਇਤੀ ਸ਼ਕਲ ਵਿਚ ਟੁਰਿਆ ਆ ਰਿਹਾ ਹੈ ਤੇ ਇਸ ਵਿਚ ਕੋਈ ਅਦਲਾ ਬਦਲੀ ਨਹੀਂ ਕੀਤੀ ਜਾਣੀ ਚਾਹੀਦੀ। ਦੂਜੇ ਹਿੱਸੇ ਵਿਚ ਸ਼ਹੀਦੀਆਂ ਦੀ ਯਾਦ ਹੈ। ਨਵੀਆਂ ਪੀੜ੍ਹੀਆਂ ਦੇ ਲਹੂ ਗਰਮਾਏ ਰਖਣ ਦੀ ਆਸ ਹੈ। ਵਾਤਾਵਰਨ ਕਿਉਂਕਿ ਬਦਲਦਾ ਰਹਿੰਦਾ ਹੈ। ਉਸ ਦੇ ਵਿਚ ਆਪਣੇ ਨਿਆਰਾਪਨ ਦੀ ਤਸਵੀਰ ਅੱਖਾਂ ਅਗੇ ਆਉਂਦੀ ਰਹਿਣੀ ਚਾਹੀਦੀ ਹੈ। ਕੌਮ ਦਾ ਪਿਛੋਕੜ ਲਾਸਾਨੀ ਹੈ। ਭਵਿਸ਼ ਉਜਲਾ ਰਖਣ ਲਈ ਸਾਡੀ ਅਰਦਾਸ ਦਾ ਇਹ ਹਿੱਸਾ ਅਨੂਪ ਹੈ। ਬਦਲਦੇ ਸਮਿਆਂ ਵਿਚ ਕੌਮ ਦੀਆਂ ਦੀਵਾਰਾਂ ਵਿਚ ਕੋਈ ਤਰੇੜਾਂ ਨਾ ਆ ਜਾਣ : ਅਰਦਾਸ ਦਾ ਏਹ ਭਾਗ ਇਸ ਦਾ ਉਪਾਏ ਹੈ। ਆਮ ਕਰਕੇ ਇਹ ਹਿੱਸਾ ਇੰਜ ਪੜ੍ਹਿਆ ਜਾਂਦਾ ਹੈ :

"ਪੰਜ ਪਿਆਰੇ ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ ਤੇ ਹੋਰ ਬੇਅੰਤ ਸ਼ਹੀਦ ਸਿੰਘਾਂ ਸਿੰਘਣੀਆਂ, ਭੁਝੰਗੀਆਂ ਭੁਝੰਗਣਾਂ ਦੀ ਕਮਾਈ ਦਾ ਧਿਆਨ ਧਰ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ। ਜਿਨ੍ਹਾਂ ਬੰਦ ਬੰਦ ਕਟਾਏ, ਆਰਿਆਂ ਨਾਲ ਤਨ ਚਿਰਵਾਏ, ਚਰਖੜੀਆਂ ਤੇ ਚੜ੍ਹੇ, ਖੋਪਰੀਆਂ ਉਤਰਵਾਈਆਂ ਤੇ ਹੋਰ ਕਈ ਤਰ੍ਹਾਂ ਦੇ ਤਸੀਹੇ ਬਰਦਾਸ਼ਤ ਕੀਤੇ। ਉਹਨਾਂ ਦਾ ਧਿਆਨ ਧਰ ਬੋਲੋ ਜੀ ਵਾਹਿਗੁਰੂ। ਇਸ ਤੋਂ ਮਗਰੋਂ ਗੁਰਦਵਾਰਾ ਸੁਧਾਰ ਵਿਚ ਕੀਤੀਆਂ ਗਈਆਂ ਕੁਰਬਾਨੀਆਂ ਦਾ ਜ਼ਿਕਰ ਆਉਂਦਾ ਹੈ ਤੇ ਇਹਨਾਂ ਨਾਲ ਹਿਰਦੇ ਨੂੰ ਪੰਘਾਰਿਆ ਜਾਂਦਾ ਹੈ। ਇਹ ਵਕਤ ਵਕਤ ਤੇ ਸਮੁਚੇ ਪੰਥ ਤੇ ਆਈਆਂ ਮੁਸੀਬਤਾਂ ਦਾ ਟਾਕਰਾ ਕਰਨ ਵਾਲਿਆਂ ਦਾ, ਅਸਹਿ ਤੇ ਅਕਹਿ ਕਸ਼ਟ ਸਹਾਰਨ ਵਾਲਿਆਂ ਦਾ ਰੀਕਾਰਡ ਇਸੇ ਤਰ੍ਹਾਂ ਪੰਥ ਦੀ ਸਦੀਵੀ ਯਾਦ ਦਾ ਅੰਗ ਬਣ ਜਾਂਦਾ ਹੈ।

ਅਰਦਾਸ ਦੇ ਤੀਸਰੇ ਹਿਸੇ ਵਿਚ ਸਿੱਖੀ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ ਤੇ ਦਾਨਾਂ ਸਿਰ ਦਾਨ ਨਾਮ ਦਾਨ ਲਈ ਤਰਲਾ ਹੁੰਦਾ ਹੈ। ਏਹ ਬਹੁਤ ਪ੍ਰਭਾਵਸ਼ਾਲੀ ਹੈ। ਮਤੇ ਕਿਤੇ ਸਿਪਾਹੀ ਦੇ ਕਾਰਨਾਮੇ ਕਰਦਿਆਂ ਕਰਦਿਆਂ ਭੁਲ ਜਾਏ ਕਿ ਸਿੱਖ ਸੰਤ-ਸਿਪਾਹੀ ਹੈ। ਨਾਮ ਦਾ ਪ੍ਰਕਾਸ਼ ਹਿਰਦੇ ਵਿਚ ਹੁੰਦੇ ਰਹਿਣ ਨਾਲ ਹੀ ਸਿੱਖ ਜਗਤ ਦੇ ਸਿਪਾਹੀਆਂ ਤੋਂ ਨਿਆਰਾ ਹੈ। ਇਕ ਹੋਰ ਦਾਨ ਵੀ ਮੰਗਿਆ ਜਾਂਦਾ ਹੈ ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ। ਅਠਾਰਵੀਂ ਸਦੀ ਦੇ ਦਰਮਿਆਨ

ਵਿਚ ਇਸ ਦੀ ਮਹੱਤਤਾ ਬੜੀ ਵਧੀ। ਅਬਦਾਲੀ ਦੇ ਹਮਲਿਆਂ ਤੇ ਜੱਸਾ ਸਿੰਘ ਆਹਲੂਵਾਲੀਏ ਦੇ ਜਵਾਬੀ ਟਾਕਰੇ ਅੰਮ੍ਰਿਤਸਰ ਦੇ ਨਾਲ ਬਹੁਤ ਜੁੜਦੇ ਸਨ। ਸਿੱਖਾਂ ਵਿਚ ਸ੍ਰੀ ਦਰਬਾਰ ਸਾਹਿਬ ਕੇਵਲ ਇਕ ਕੇਂਦਰ ਹੀ ਨਹੀਂ ਸੀ ਬਲਕਿ ਸਰਬਤ ਖਾਲਸੇ ਲਈ ਸੰਗਤ ਦੀ ਧੂੜੀ ਵਿਚ ਤੇ ਤਨ ਦੇ ਖਿੜਾ ਦੀ ਖ਼ਾਤਰ ਟੂਬੀ ਲਾਣ ਲਈ, ਅਤਿ ਲੋੜੀਂਦਾ ਸਰੋਵਰ ਸੀ। ਹਰੀ ਮੰਦਰ ਕੀਰਤਨ ਸੁਣ ਕੇ ਹਿਰਦਾ ਸਵੱਛ ਕਰਨ ਦਾ ਪ੍ਰਤੀਕ ਸੀ। ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ ਮੰਗ ਨਾਲ ਸਰਬਤ 'ਖਾਲਸਾ ਆਪਣੇ ਕੇਂਦਰ ਨਾਲ ਜੁੜਦਾ ਹੈ ਪਰ ਜਿਥੇ ਜਿਥੇ ਵੀ ਸਿੱਖ ਵਸਦਾ ਹੈ ਉਸ ਦੇ ਅਗੋਂ ਵਸੇਬੇ ਦੀ ਫਰਿਆਦ ਵੀ ਕੀਤੀ ਜਾਂਦੀ ਹੈ। 'ਹਰ ਸਿੰਘ ਅਰਜੋਈ ਕਰਦਾ ਹੈ 'ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ।' ਫੇਰ ਉਹ ਮੰਗਦਾ ਹੈ 'ਦੇਗ ਤੇਗ ਫਤਹ' ਇਹ ਨਗਾਰੇ ਦੀ ਚੋਟ ਤੇ ਐਲਾਨ ਦਾ ਇਕਰਾਰ ਹੈ। ਕਿਸੇ ਪੜੋਸੀ ਨੂੰ ਭੁਖਿਆਂ ਨਹੀਂ ਸੌਣ ਦਿਤਾ ਜਾਏਗਾ। ਕਿਸੇ ਦੁਬੇਲ ਨੂੰ ਜਾਬਰ ਦੇ ਤਰਸ ਤੇ ਨਹੀਂ ਛਡਿਆ ਜਾਵੇਗਾ। ਉਸਦੀ ਰਾਖੀ ਕੀਤੀ ਜਾਏਗੀ। ਇਸ ਤਰ੍ਹਾਂ ਫਿਰ ਰਵਾਇਤਾਂ ਤੇ ਮਰਯਾਦਾਵਾਂ ਦੀ ਸਫਲਤਾ ਲਈ ਅਰਦਾਸ ਹੁੰਦੀ ਹੈ ਤੇ ਅਖੀਰ ਵਿਚ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਉਚਾਰਨ ਕੀਤਾ ਜਾਂਦਾ ਹੈ ਤੇ ਸਮਾਪਤੀ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ' ਕਹਿਕੇ ਹੁੰਦੀ ਹੈ। ਇਸ ਵਿਚੋਂ ਸਿੱਖ ਫਿਲਾਸਫੀ ਦੀ ਗੂਹੜੀ ਪਹਿਚਾਨ ਹੈ। ਸੰਤ-ਸਿਪਾਹੀ ਦੀ ਰਚਨਾ ਤੇ ਮੋਹਰ ਲਗੀ ਪਈ ਹੈ। 'ਸਚਹੁ ਉਰੈ ਸਬਕੋ, ਉਪਰ ਸੱਚ-ਅਚਾਰ' ਦੀ ਪੂਰੀ ਤਸਵੀਰ ਹੈ। 'ਮਨ ਨੀਵਾਂ ਮਤ ਉਚੀ' ਦੀ ਗਵਾਹੀ ਹੈ ਤੇ ਮੱਤ ਪੱਤ ਦੇ ਰਾਖੇ ਦੀ ਓਟ ਤੇ ਆਸਰਾ ਹੈ। ਜਦ ਤਕ ਖਾਲਸਾ ਅਟਲ ਹੈ ਅਤੇ ਖਾਲਸੇ ਦੀ ਅਰਦਾਸ ਜੁਗੋ ਜੁਗ ਕਾਇਮ ਹੈ ਇਖਲਾਕ ਦਾ ਬੋਲ ਬਾਲਾ ਹੈ। ਪੀੜਤ ਦੁਨੀਆਂ ਦੇ ਛਾਲਿਆਂ ਲਈ ਮਲ੍ਹਮ ਹੈ। ਅਰਦਾਸ ਦਾ ਇਕਰਾਰਨਾਮਾ ਸਾਰੀ ਕਾਇਨਾਤ ਦੀ ਭਲਾਈ ਦਾ ਸਾਖੀ ਹੈ।

ਨੋਟ : ਜਦ ਅਰਦਾਸ ਸੰਬੰਧੀ ਇਹ ਲੇਖ ਮੇਰੇ ਮੂੰਹੋਂ ਡਿਕਟੇਟ ਹੋਇਆ ਤਾਂ ਮੈਂ ਅਜੇ ਪੂਰਾ ਰੰਗਿਆ ਪਿਆ ਸਾਂ ਮਹਾਨ ਨਾਮ ਰਸੀਏ ਸ੍ਰ: ਰਘੁਬੀਰ ਸਿੰਘ ਜੀ 'ਬੀਰ' ਦੀ ਅਦੁਤੀ ਰਚਨਾ 'ਅਰਦਾਸ ਸ਼ਕਤੀ' ਦੇ ਸਵਾਦ ਵਿਚ। ਇਸ ਰਚਨਾ ਦੀ ਬਣਤਰ (Analysis) ਤੇ ਸਾਖੀਆਂ ਮੇਰੇ ਮਨ ਵਿਚ ਹੀ ਸਨ। ਆਪਣੀ ਇਸ ਲਿਖਤ ਨੂੰ ਬੋਲਦਿਆਂ, ਬੀਰ ਸਾਹਿਬ ਦੀ ਪਸੁਤਕ ਦੇ ਕਈ ਖਿਆਲ ਤੇ ਕਈ ਅੰਗ ਸਹਿਵਨ ਹੀ ਇਥੇ ਰੂਪਵਾਨ ਹੋ ਗਏ ਹਨ, ਸ਼ੀਸ਼ੇ ਦੇ ਅਕਸ ਵਾਂਗ। ਮਨ ਵਿਚ ਬੈਠ ਗਏ ਵਿਚਾਰ, ਆਪਣੇ ਹੀ ਬਣ ਗਏ ਲਗਦੇ ਹਨ, ਇਹ ਅਹਿਸਾਨ ਹੈ ਮਹਾਨ ਲਿਖਾਰੀਆਂ ਦਾ, ਗੁਣਹੀਨ ਵੀ ਟੁੰਬੇ ਜਾਂਦੇ ਹਨ। ਪਤਾ ਹੀ ਨਹੀਂ ਲਗਦਾ ਬੀਰ ਜੀ ਕਿੰਨਾ ਕੁਝ ਬਖਸ਼ ਗਏ ਹਨ।

ਜੇ ਇਹ 'ਅਰਦਾਸ' ਚੰਗੀ ਲਗੇ ਤਾਂ ਬੀਰ ਜੀ ਦੀ ਪੂਰੀ ਕਿਤਾਬ 'ਅਰਦਾਸ ਸ਼ਕਤੀ' ਪੜ੍ਹਨਾ। ਚਟਾਨ ਨਹੀਂ, ਪੂਰੀ ਖਾਨ ਦੇ ਝਲਕੇ ਪੈਣਗੇ।

# ਰਮਜ਼ੀ ਕਹਾਣੀਆਂ

ਭੂਮਿਕਾ ਲਿਖਣ ਲਗਿਆਂ ਮੈਨੂੰ ਬੀਰ ਜੀ ਦੀ ਰਚਨਾ 'ਰਮਜ਼ੀ ਕਹਾਣੀਆਂ' ਦਾ ਚਿਤ ਚੇਤਾ ਵੀ ਨਹੀਂ ਸੀ, ਨਾ ਇਹ ਕਿਤਾਬ ਕਦੇ ਦੇਖੀ ਹੀ ਸੀ। ਜਿਉਂ ਜਿਉਂ ਇਹਨਾਂ ਦੀਆਂ ਰਚਨਾਵਾਂ ਵਾਚ ਰਿਹਾ ਹਾਂ, ਹੋਰਨਾਂ ਕਿਤਾਬਾਂ ਦਾ ਨਾ ਸਿਰਫ ਪਤਾ ਹੀ ਲੱਗ ਰਿਹਾ ਹੈ ਬਲਕਿ ਉਹਨਾਂ ਨੂੰ ਦੇਖਣ ਪੜ੍ਹਨ ਦਾ ਸ਼ੌਕ ਮਨ ਵਿੱਚ ਘਰ ਕਰ ਗਿਆ ਹੈ। ਦਿਲ ਵਿੱਚ ਇੱਕ ਤੀਬਰਤਾ ਉਠ ਰਹੀ ਹੈ ਕਿ ਇਸ ਤੋਂ ਵੀ ਕਿਉਂ ਵਾਂਜਿਆਂ ਰਹਾਂ ਅਤੇ ਜਿਨ੍ਹਾਂ ਲਈ ਇਸ ਮਹਾਨ ਜੀਵਨੀ ਦਾ ਨਿਚੋੜ ਜਿਹਾ ਵਿਖਾਣ ਦਾ ਮਨ ਨੂੰ ਸਵਾਦ ਆ ਰਿਹਾ ਹੈ, ਉਹਨਾਂ ਨੂੰ ਕੁਝ ਤੱਤ ਇਸ ਕਿਤਾਬ ਦੇ ਭੀ ਕੱਢ ਕੇ ਦੇਣ ਦੀ ਕੋਸ਼ਸ਼ ਤਾਂ ਕਰਾਂ।

ਸੋ ਕਲ ਮੈਂ ਬੀਰ ਜੀ ਦੀ ਇਹ ਕਿਤਾਬ 'ਰਮਜ਼ੀ ਕਹਾਣੀਆਂ' ਮੰਗਵਾਈ ਤੇ ਪੜ੍ਹੀ। ਸੋਚਿਆ ਤਾਂ ਇਹ ਸੀ ਜਿਵੇਂ ਹੋਰ ਲਿਖਾਰੀਆਂ ਦੀ ਜੀਵਨੀ ਸੰਬੰਧੀ ਸਿਰਫ ਚੋਣਵੀਆਂ ਕਿਤਾਬਾਂ ਵਿੱਚੋਂ ਨਵੇਂ ਖਿਆਲ ਪੇਸ਼ ਕਰ ਦਿੱਤੇ ਜਾਂਦੇ ਹਨ, ਉਸੇ ਤਰ੍ਹਾਂ ਇਸ ਜੀਵਨੀ ਨਾਲ ਇਨਸਾਫ ਕਰ ਸਕਾਂਗਾ ਪਰ ਇਹ ਅਨੋਖਾ ਰਚਈਆ ਹੈ। ਸਾਹਿਤ ਦੇ ਸਾਰੇ ਰੰਗਾਂ ਦੀ ਵਰਤੋਂ ਕਰਦਾ ਹੈ। ਸਾਰੇ ਸਰੂਪਾਂ ਨੂੰ ਅਪਨਾਉਂਦਾ ਹੈ। ਹੈਰਾਨ ਹਾਂ ਆਪਣੀ ਕੋਤਾਹੀ ਤੇ, ਸੰਗਤਾਂ ਦੀ ਤਾਲੀਮ ਵਿੱਚ ਦਿਲਚਸਪੀ ਦੀ ਘਾਟ ਤੇ। ਮੇਰੇ ਮਨ ਨੂੰ ਇੰਜ ਠੋਕਰ ਲੱਗੀ ਹੈ ਕਿ ਮੈਂ ਇੱਕ ਰਿਵਾਜਨ ਜਹੀ ਜੀਵਨੀ ਦੇ ਕੁਝ ਅੰਸ਼ ਲਿਖ ਕੇ ਆਪਣੇ ਵਲੋਂ ਅੱਧੀ ਕਿਤਾਬ ਮੁਕਾ ਚੁੱਕਾ ਸਾਂ ਤੇ ਹੁਣ ਕੀ ਆਖਾਂ ਜਦੋਂ 'ਰਮਜ਼ੀ ਕਹਾਣੀਆਂ' ਪੜ੍ਹ ਬੈਠਾ ਹਾਂ ਤੇ ਨਮੂਨਾ ਦਿਖਾਣ ਖਾਤਰ, ਕਹਾਣੀਆਂ ਦਾ ਇੱਕ ਉਦਾਹਰਣ ਪੇਸ਼ ਕਰਨ ਖਾਤਰ, ਜੋ ਦੋ ਤਿੰਨ ਅੰਕ ਚੁਕ ਕੇ ਪਾਠਕਾਂ ਦੀਆਂ ਅੱਖਾਂ ਸਾਹਮਣੇ ਰੱਖਕੇ ਉਹਨਾਂ ਦੇ ਮਨ ਵਿੱਚ ਇਕ ਹੋਰ ਉਛਾਲਾ ਉਛਾਲ ਦੇਵਾਂ। ਬਾਰਸ਼ਾਂ ਦੇ ਦਿਨਾਂ ਵਿੱਚ ਬਾਗ ਦੀ ਵਾੜ ਦੇ ਆਸਪਾਸ ਜਿਹੜੇ ਝੁਰਮਟ ਟਟੈਹਣਿਆਂ ਦੇ ਲਗੇ ਹਨ, ਉਹਨਾਂ ਦੀ ਰੋਸ਼ਨੀ ਨਾਲ ਕਿਸੇ ਰਾਹੀ ਦੇ ਹਨੇਰੇ ਰਸਤੇ ਵਿੱਚ ਕੋਈ ਮਦਦ ਦਿਲਵਾ ਸਕਾਂ।

ਇਸ ਸੋਚ ਵਿਚ ਹੀ ਸਾਂ, ਲਿਖਾਣ ਦੀ ਤਿਆਰੀ ਵਿਚ ਹੀ ਸਾਂ ਕਿ ਕਿਤਾਬ ਦੀ ਜਿਲਦ ਤੇ ਆਤਮ ਸਾਇੰਸ ਟਰਸਟ ਵਲੋਂ ਦਿਤੀ ਗਈ ਬੀਰ ਜੀ ਰਚਿਤ ਪੰਦਰਾਂ ਕਿਤਾਬਾਂ ਦੀ ਸੂਚੀ ਅੱਖਾਂ ਅਗੇ ਆ ਗਈ।

ਯਾਦ ਆ ਗਿਆ ਬਚਪਨ ਵਿਚ ਪੜ੍ਹਿਆ ਸੀ ਕਿ ਕਵੀ Wordsworth ਬੇਓੜਕਾ ਲਿਖਦਾ ਸੀ ਤੇ ਸਾਰੇ ਦਾ ਸਾਰਾ ਛਪਵਾ ਦੇਂਦਾ ਸੀ। ਅਲੋਚਕ ਇਸ ਗਲ ਤੋਂ ਦੁਖੀ ਹੋਂਦੇ ਸਨ ਪਰ Wordsworth ਤੇ ਅਲੋਚਨਾ ਅਜੇ ਵੀ ਨਹੀਂ ਮੁਕੀ। ਹਰ "ਦਿਲ ਵਾਲੇ" ਪਾਠਕ ਨੂੰ Wordsworth ਦਾ Pathos ਹੋਰ ਹੀ ਹੋਰ ਕਦਰਦਾਨ ਬਣਾ ਦੇਂਦਾ ਹੈ ਤੇ ਜਿਥੇ ਕਦਰ ਹੋਏਗੀ ਉਥੇ ਸਾਹਿਤਕ ਉਸਤਤੀ ਆਪ ਤੋਂ ਆਪ ਨਿਕਲੇਗੀ ਪਰ ਮੈਂ ਅਫ਼ਰੀਨ ਕਹਿੰਦਾ ਹਾਂ ਅੰਗਰੇਜ਼ਾਂ ਦੇ ਸਮਾਜ ਨੂੰ ਤੇ ਉਹਨਾਂ ਦੀਆਂ ਸਾਹਿਤਕ ਰੁਚੀਆਂ ਨੂੰ। ਅਜ ਤੋੜੀ ਸਾਹਿਤਕ ਰੁਚੀਆਂ ਵਾਲੇ ਲੋਕ, ਪੈਸੇ ਖਰਚ ਕੇ ਕਿਤਾਬ ਖ਼ਰੀਦ ਕੇ ਸਵਾਦ ਲੈਣ ਵਾਲੇ ਲੋਕ ਗਿਣਤੀ ਵਿਚ ਇਤਨੇ ਜ਼ਿਆਦਾ ਹਨ ਕਿ ਆਮ ਸਾਹਿਤਕਾਰ ਭੀ ਆਪਣੀ ਸਾਹਿਤ ਦੀ ਬੋਲੀ ਦਵਾਰਾ ਰਜ ਕੇ ਰੋਟੀ ਖਾ ਸਕਦੇ ਹਨ। ਕਈ ਪਛਮੀ ਦੇਸ਼ਾਂ ਵਿਚ ਅਜ ਵੀ ਲੋਕ ਪੈਸੇ ਪਹਿਲਾਂ ਜਮ੍ਹਾ ਕਰਾ ਦੇਂਦੇ ਹਨ ਤੇ ਕਿਤਾਬ ਅਜੇ ਛੱਪ ਰਹੀ ਹੋਂਦੀ ਹੈ। ਸਾਰੇ ਹਿੰਦੁਸਤਾਨ ਵਿਚ ਸਿਰਫ ਇਕ ਮਲਿਆਲਮ ਹੀ ਐਸੀ ਬੋਲੀ ਹੈ, ਜਿਸ ਵਿਚ ਕਵਿਤਾ ਜਾਂ ਸਾਹਿਤ ਦਾ ਕੋਈ ਰੂਪ ਰੋਟੀ ਰੋਜ਼ੀ ਦਾ ਸਾਧਨ ਬਣ ਸਕਦਾ ਹੈ। ਇਕ ਪ੍ਰੋਫੈਸਰ ਪੂਰਨ ਸਿੰਘ ਸੀ, ਜਿਸਨੇ ਸਾਹਿਤ ਨੂੰ ਬਹੁਤ ਯੋਗਦਾਨ ਦਿਤਾ। ਪੰਜਾਬੀ ਬੋਲੀ ਦੀ ਤਾਂ ਰਜ ਕੇ ਸੇਵਾ ਕੀਤੀ ਪਰ ਉਹ ਆਪਣੇ ਜਿਉਂਦਿਆਂ ਜੀਅ ਸਾਹਿਤਕ ਨੁਕਤੇ ਤੋਂ ਓਨੀ ਪ੍ਰਸੰਸਾ ਹਾਸਲ ਨਹੀਂ ਕਰ ਸਕਿਆ ਜਿਤਨਾ ਮਾਣ ਤੇ ਸਤਿਕਾਰ ਉਹਦੇ ਅਕਾਲ ਚਲਾਣੇ ਦੇ ਕਈ ਸਾਲ ਮਗਰੋਂ ਉਸਨੂੰ ਮਿਲਿਆ . . . . ਉਹ ਭੀ ਤਾਂ ਕਿ ਇਕ ਪਰਖਣ ਵਾਲੀ ਅੱਖ ਦੀ ਨਜ਼ਰ ਵਿਚ ਉਹ ਖ਼ਜ਼ਾਨਾ ਪੈ ਗਿਆ ਜੋ ਪ੍ਰੋ. ਪੂਰਨ ਸਿੰਘ ਨੇ ਦਾਨ ਕੀਤਾ ਸੀ। ਖ਼ਜ਼ਾਨੇ ਨੂੰ ਚੁੰਮਿਆ ਚਟਿਆ, ਸਾਫ ਕੀਤਾ ਐਮ. ਐਸ. ਰੰਧਾਵਾ ਨੇ ਤੇ ਇਸ ਉਪਕਾਰ ਲਈ ਮਦਦ ਲੀਤੀ ਸ੍ਰਦਾਰਨੀ ਪੂਰਨ ਸਿੰਘ ਤੇ ਉਹਨਾਂ ਦੇ ਹੋਣਹਾਰ ਲੜਕੇ ਦੀ। ਉਹਨਾਂ ਦੀ ਪਤਨੀ ਮਾਇਆ ਦੇਵੀ ਤਾਂ ਉਹਨਾਂ ਦਾ ਦੂਸਰਾ ਰੂਪ ਹੀ ਬਣ ਗਈ ਸੀ। ਉਹਨਾਂ ਦੇ ਜੀਵਨ ਫਲਸਫੇ ਨੂੰ ਏਡਾ ਘੁਟ ਕੇ ਆਪਣੇ ਅੰਦਰ ਪਾਇਆ ਸੀ ਕਿ ਉਹ ਆਪ ਹੀ ਉਹਨਾਂ ਦਾ ਜ਼ਿੰਦਾ ਜੀਵਨ ਫਲਸਫਾ ਬਣ ਗਈ ਸੀ।

ਜਦ ਮੈਂ ਬੀਰ ਜੀ ਦੀਆਂ ਰਚਨਾਵਾਂ ਦੀ ਫੈਹਰਿਸਤ (ਸੂਚੀ) ਦੇਖਦਾ ਹਾਂ—ਆਪਣਾ ਸ਼ੌਕ ਜਾਗਦਾ ਦੇਖਦਾ ਹਾਂ ਤੇ ਇਹ ਤੀਬਰਤਾ ਕਿ ਮੈਂ ਆਪਣੇ ਪਾਠਕਾਂ ਨੂੰ ਉਹਨਾਂ ਦੇ ਮਹਾਨ ਵਿਰਸੇ ਨਾਲ ਜੇ ਕੇਵਲ ਜਾਣ ਪਛਾਣ ਹੀ ਕਰਾਵਾਂ ਤਾਂ ਮੈਨੂੰ ਆਪ ਨੂੰ ਏਨੇ ਸਾਲ ਚਾਹੀਦੇ ਹਨ, ਜਿੰਨੇ ਮੈਨੂੰ ਬਨਾਣ ਵਾਲੇ, ਮੰਗੇ ਭੀ ਨਹੀਂ ਦੇਣੇ ਤੇ ਮੇਰਾ ਆਸ਼ਾ ਜੋ ਕੇਵਲ ਉਹਨਾਂ ਦੀ ਜੀਵਨੀ ਨਾਲ ਨਜ਼ਰ ਪਵਾਣ ਦਾ ਹੈ ਉਹ ਬਹੁਤ ਵਿਸਥਾਰ ਲੈ ਜਾਵੇਗਾ। ਕਿਤਾਬ ਇਕ ਗਰੰਥ ਬਣ ਜਾਵੇਗੀ। ਗਿਣੇ ਮਿਥੇ ਕਰੀਬਨ ਇਕ ਸੌ ਵੀਹ ਪੰਝੀ ਸਫੇ ਜੋ ਇਕ ਆਮ ਕਿਤਾਬ ਦੇ ਹੋਂਦੇ ਹਨ, ਉਸਦੀਆਂ ਕਈ ਜਿਲਦਾਂ ਬਣ ਜਾਣਗੀਆਂ। ਮੈਂ ਇਹ ਸਭ ਇਹ ਦਿਖਾਣ ਵਾਸਤੇ

ਲਿਖ ਰਿਹਾ ਹਾਂ ਕਿ ਗੁਣ ਜੋ ਬੀਰ ਜੀ ਸਾਨੂੰ ਦੇ ਗਏ ਉਹਨਾਂ ਦੀ ਚਮਕ ਤਾਂ ਭਲਾ ਕੁਝ ਦਿਖਾ ਸਕਾਂ — ਚੁੰਧਿਆ ਦੇਣ ਲਈ. ਸ਼ੌਕ ਵਧਾ ਦੇਣ ਲਈ. ਰੂਪ ਰੰਗ ਦੇ ਮਗਰ ਲਗਾਣ ਲਈ। ਇਕ ਪਕੀ ਸੁਚਜੀ ਪਗਡੰਡੀ ਦੇ ਉਪਰ ਟੂਰਾ ਦੇਣ ਲਈ ਕਿ ਗੁਰੂ ਨੇ ਜਿਹੜਾ ਪੰਥ ਬਣਾਇਆ ਹੈ ਉਸਤੇ ਚਲਿਆ ਜਾਣਾ ਅਸਾਨ ਹੋ ਜਾਵੇ ਪਰ ਜੋ ਆਕਾਰ ਉਹਨਾਂ ਛਡਿਆ ਹੈ ਸਾਹਿਤਿਕ ਰਚਨਾਵਾਂ ਦਾ, ਸੁਪਨਿਆਂ ਦੀਆਂ ਗਲਾਂ ਨੂੰ ਜਿਉਂਦਾ ਜਾਗਦਾ ਰੂਪ ਦੇ ਕੇ ਉਸਦਾ ਕਿਡਾ ਛੋਟਾ ਭਾਗ ਮੈਂ ਆਪਣੀ ਪੁਸਤਕ ਵਿਚ ਦੇ ਰਿਹਾ ਹਾਂ। ਮੈਂ ਇਹ ਪ੍ਰਸੰਸਾ ਭੀ ਕੀਤੇ ਬਗੈਰ ਨਹੀਂ ਰਹਿ ਸਕਦਾ ਕਿ ਇੰਨੀਆਂ ਕਿਤਾਬਾਂ ਏਨੀ ਵਾਰ ਛਪਣੀਆਂ ਸੱਚ ਦੇ ਮਾਰਗ ਸੰਬੰਧੀ ਜੋ ਇਕ ਆਮ ਪਾਠਕ ਆਮ ਫੈਹਮ ਹਾਲਤਾਂ ਵਿਚ ਆਮ ਜਹੇ ਵਰਨਣ ਢੰਗ ਵਿਚ ਕਦੇ ਨਹੀਂ ਅਪਣਾਂਦਾ। ਇਸਤੋਂ ਅੰਦਾਜ਼ਾ ਲਗਾਣਾ ਚਾਹੁੰਦਾ ਹਾਂ ਕਿ ਬੀਰ ਜੀ ਨੇ ਕਿਤਨੀਆਂ ਵਡੀਆਂ ਸੰਗਤਾਂ ਨੂੰ ਪ੍ਰਭਾਵਤ ਕੀਤਾ ਹੈ। ਕਿੰਨੀਆਂ ਵਡੀਆਂ ਧੜਕਦੀਆਂ ਜੀਵਨੀਆਂ ਉਤੇ ਆਪਣੀ ਛਾਪ ਲਗਾਈ ਹੈ। ਕਿਤਨੇ ਲਖਾਂ ਲੋਕਾਂ ਦੀਆਂ ਅਹਿਰਨ ਵਾਂਗ ਮਤਾਂ ਤੇ ਹਥੌੜੀਆਂ ਲਾਈਆਂ ਹਨ। ਕਿਤਨਿਆਂ ਨੂੰ ਨੀਂਦ ਵਿਚੋਂ ਜਗਾ ਲਿਆ ਹੈ, ਕਿਤਨਿਆਂ ਦੇ ਰਾਹ ਰੋਸ਼ਨ ਕੀਤੇ ਹਨ, ਕਿਤਨਿਆਂ ਨੂੰ ਉਹਨਾਂ ਪਹਾੜੀ ਰਸਤਿਆਂ ਤੇ ਤੁਰਾ ਦਿਤਾ ਹੈ, ਜਿਹਦਾ ਅੰਤ ਕਾਦਰ ਨਾਲ ਮੇਲ ਹੋਂਦਾ ਹੈ।

ਲਿਖਣ-ਸ਼ੈਲੀ ਰੋਮਾਂਚਿਕ ਹੀ ਨਹੀਂ, ਰੰਗ ਏਨਾ ਹੈ ਕਿ ਲੋਕ ਖਿਚੇ ਜਾਣ ਪਰ ਦਲੀਲ ਭੀ ਇਤਨੀ ਹੈ ਕਿ ਲੋਕ ਤਰਾਜ਼ੂ ਲੈ ਕੇ ਤੋਲ ਕੇ ਸਚ ਨੂੰ ਸਮਝ ਲੈਣ ਤੇ ਸਚ ਦੀ ਸਫਾਰਸ਼ ਕਰਣ। ਦੇਖੋ ਤਾਂ ਭਲਾ ਕਿੰਨਾ ਢੁਕਦਾ ਹੈ, ਇਹ ਸਭ ਕੁਝ ਜੋ ਲਿਖਿਆ ਗਿਆ ਹੈ ਬੀਰ ਜੀ ਦੀਆਂ 'ਰਮਜ਼ੀ ਕਹਾਣੀਆਂ' ਵਿਚ।

## ਰਮਜ਼ੀ ਕਹਾਣੀਆਂ

ਇਸ ਰਚਨਾ ਦੀ ਹਰ ਇੱਕ ਕਹਾਣੀ ਇਨਸਾਨ ਦੇ ਮਨ ਦੇ ਕਿਸੇ ਨਾ ਕਿਸੇ ਕੋਨੇ ਜਾਂ ਭਾਵ ਨੂੰ ਟੁੰਭ ਜਾਂਦੀ ਹੈ। ਤੇ ਬੜੇ ਹੀ ਸਹਿਜ ਤਰੀਕੇ ਨਾਲ ਪੋਲੇ ਜਹੇ ਕੋਈ ਜੀਵਨ ਦੇ ਬਹੁਤ ਹੀ ਅਹਿਮ ਸੰਦੇਸ਼ ਦੀ ਅਮਿਟ ਛਾਪ ਤੁਹਾਡੇ ਮਨ ਤੇ ਛੱਡ ਜਾਂਦੀ ਹੈ। ਕਹਾਣੀਆਂ ਦੀ ਭਾਸ਼ਾ ਬੜੀ ਸਰਲ ਹੈ ਪਰ ਭਾਵ ਅਰਥਾਂ ਵਿੱਚ ਬੜੀ ਡੂੰਘਾਈ ਹੈ। ਕੁਝ ਹੀ ਕਹਾਣੀਆਂ ਦਾ ਜ਼ਿਕਰ ਇਥੇ ਕੀਤਾ ਹੈ, ਜਿਨ੍ਹਾਂ ਨੇ ਮੈਨੂੰ ਬਹੁਤ ਪਿਆਰੇ ਤਰੀਕੇ ਨਾਲ ਛੋਹਿਆ ਹੈ।

ਉਹਨਾਂ ਦੀ ਪਹਿਲੀ ਕਹਾਣੀ ਬਹੁਤ ਹੀ ਭਾਵ ਪੂਰਣ ਹੈ ਤੇ ਬੜੇ ਹੀ ਸਹਿਜ ਤਰੀਕੇ ਨਾਲ ਇਨਸਾਨ ਨੂੰ ਮੁਕਤੀ ਦੇ ਰਾਹ ਤੇ ਲੈ ਜਾਣ ਲਈ ਪ੍ਰੇਰਣਾ ਬਣਨ ਦਾ ਜਤਨ ਕਰਦੀ ਹੈ। ਨਗਰੀ ਹੈ ਤ੍ਰਿਸ਼ਨਾ ਗੜ੍ਹ, ਯਾਨੀ ਕਿ ਇਹ ਸੰਸਾਰ, ਮਿੱਤਰ ਹੈ ਮਨਮੁਖ ਸਿੰਘ ਭਾਵ ਕਿ ਇਨਸਾਨ, ਮੰਤ੍ਰੀ ਸੰਤ ਸਿੰਘ, ਭਾਵ ਕਿ ਸਮੇਂ ਸਮੇਂ ਤੇ ਸੰਸਾਰ ਵਿੱਚ ਆਏ ਪੈਗੰਬਰ ਤੇ ਮੰਜ਼ਲ ਹੈ ਅਨੰਦਪੁਰ, ਰੱਬ ਦਾ ਘਰ।

ਇਨਸਾਨ ਆਪਣੀ ਰੋਜ਼ ਦੀ ਜ਼ਿੰਦਗੀ ਵਿੱਚ ਰੁਝਿਆ ਇਹ ਭੁੱਲ ਜਾਂਦਾ ਹੈ ਕਿ ਇਹ ਸਭ ਮੋਹ ਮਾਇਆ ਹੈ, ਜੀਵ ਲਈ ਕੁਝ ਨਾ ਕੁਝ ਤਾਂ ਕਰਨਾ ਹੀ ਹੈ ਪਰ ਉਹ ਹੋਰ ਅਤੇ ਹੋਰ ਦੇ ਚਕੱਰ ਵਿੱਚ ਐਸਾ ਘਿਰ ਜਾਂਦਾ ਹੈ ਕਿ ਮਨ ਦੀ ਸ਼ਾਂਤੀ ਭੀ ਗਵਾ ਬੈਠਦਾ ਹੈ, ਤਨਾਵ ਦਾ ਸ਼ਿਕਾਰ ਹੁੰਦਾ ਹੈ ਤੇ ਹੋੜ ਵਿਚ ਲੱਗੇ ਦੂਸਰੇ ਆਦਮੀਆਂ ਵੱਲ ਈਰਖਾ ਭੀ ਪਾਲ ਲੈਂਦਾ ਹੈ ਤੇ ਇਹ ਭੁੱਲ ਜਾਂਦਾ ਹੈ ਕਿ ਉਸਦੀ ਅਸਲੀ ਮੰਜ਼ਲ ਕੀ ਹੈ।

ਗਾਹੇ-ਬ-ਗਾਹੇ ਇਸ ਸੰਸਾਰ ਵਿੱਚ ਐਸੇ ਅਵਤਾਰ ਤੇ ਮਹਾਂਪੁਰਸ਼ ਪੈਦਾ ਹੁੰਦੇ ਹਨ ਜੋ ਭਟਕੇ ਹੋਏ ਇਨਸਾਨ ਨੂੰ ਉਸਦੀ ਅਸਲੀ ਮੰਜ਼ਲ ਦਾ ਰਾਹ ਦਿਖਾਣ ਦਾ ਜਤਨ ਕਰਦੇ ਹਨ ਪਰ ਕਿੰਨੇ ਕੁ ਅਜਿਹੇ ਲੋਕ ਹੁੰਦੇ ਹਨ ਜੋ ਉਹਨਾਂ ਦੀ ਉਂਗਲੀ ਫੜ ਲੈਂਦੇ ਹਨ ਜਾਂ ਸੁਝਾਏ ਰਸਤੇ ਤੇ ਚਲਣ ਦਾ ਜਤਨ ਕਰਦੇ ਹਨ ਅਤੇ ਕਿੰਨੇ ਕੁ ਅਜਿਹੇ ਹਨ ਜੋ ਕੁਝ ਦੂਰ ਚਲ ਕੇ ਪਹਿਲੇ ਪੜਾ ਨੂੰ ਹੀ ਬੜਾ ਲੁਭਾਵਣਾ ਵੇਖ ਉਸੇ ਨੂੰ ਆਪਣੀ ਮੰਜ਼ਲ ਸਮਝ ਲੈਂਦੇ ਹਨ।

ਅਨੰਦਪੁਰ ਦੇ ਰਾਜੇ ਪ੍ਰਭੂ ਸਿੰਘ ਨੇ ਆਪਣੇ ਮਿੱਤਰ ਮਨਮੁਖ ਸਿੰਘ ਨੂੰ ਭੀ ਭੀੜ ਵਿੱਚ ਵੇਖ ਆਪਣੇ ਮੰਤ੍ਰੀ ਸੰਤ ਸਿੰਘ ਨੂੰ ਭੇਜਿਆ ਜਾ ਭਾਈ ਮੇਰਾ ਮਿੱਤਰ ਭੀੜ ਵਿੱਚ ਹੈ ਤੇ ਉਸਦੀ ਅਣੱਖ ਨੂੰ ਠੇਸ ਪੁਚਾਏ ਬਿਨਾ ਬੜੇ ਪਿਆਰ ਨਾਲ ਉਸ ਨੂੰ ਅਨੰਦਪੁਰ ਲੈ ਆ।

ਸੰਤ ਸਿੰਘ ਮਨਮੁਖ ਸਿੰਘ ਨੂੰ ਸਮਝਾਉਂਦੇ ਹਨ ਕਿ ਮੁਸੀਬਤਾਂ ਤਦ ਤੱਕ ਹੀ ਮੁਸੀਬਤਾਂ ਹੁੰਦੀਆਂ ਹਨ ਜਦ ਤੱਕ ਇਨਸਾਨ ਉਸਦੀ ਹਸਤੀ ਨੂੰ ਮੰਨੇ ਤੇ ਜਦ ਇਨਸਾਨ ਉਸਦੀ ਹਸਤੀ ਨੂੰ ਤਸਲੀਮ ਹੀ ਨਾ ਕਰੇ, ਉਹਨਾਂ ਨੂੰ ਤੁੱਛ ਸਮਝੇ ਤਾਂ ਮੁਸੀਬਤਾਂ, ਮੁਸੀਬਤਾਂ ਨਹੀਂ ਰਹਿੰਦੀਆਂ। ਇਹ ਸਭ ਕੁਝ ਇਨਸਾਨ ਦੇ ਆਪਣੇ ਦ੍ਰਿਸ਼ਟੀਕੋਣ ਵਿੱਚ ਹੀ ਸਮਾਇਆ ਹੈ। ਮਨਮੁਖ ਸਿੰਘ ਨੂੰ ਦੁਨਿਆਵੀ ਔਕੜਾਂ ਤੋਂ ਕੱਢਣ ਲਈ ਸ਼ਾਹੂਕਾਰ ਸੰਤ ਸਿੰਘ ਦੇ ਕਹੇ ਉਸ ਨੂੰ ਮਨ ਚਾਹਿਆ ਪੈਸਾ ਦੇਣ ਲਈ ਤਿਆਰ ਹੈ। ਕਿਉਂ ? ਸੰਤ ਸਿੰਘ ਦਾ ਲੱਖਾਂ ਰੁਪਿਆ ਸ਼ਾਹੂਕਾਰ ਪਾਸ ਜਮਾ ਹੈ। ਜੇਕਰ ਤੈਨੂੰ ਘਾਟਾ ਵੀ ਪਵੇਗਾ ਤਾਂ ਕੋਈ ਗੱਲ ਨਹੀਂ। ਸੰਤ ਸਿੰਘ ਦਾ ਉਪਕਾਰ ਮੰਨ ਤੇ ਉਸ ਨੂੰ ਹੀ ਧੰਨਵਾਦ ਦੇ। ਸੰਤ ਪੁਰਸ਼ ਦੂਸਰਿਆਂ ਦੇ ਭਲੇ ਲਈ ਆਪ ਸਦਾ ਉਹਨਾਂ ਦੇ ਦੁੱਖ ਭੀ ਆਪਣੇ ਸਿਰ ਲੈਣ ਲਈ ਤਿਆਰ ਰਹਿੰਦੇ ਹਨ। ਮਨਮੁਖ ਸਿੰਘ ਜਾਂਦਾ ਹੈ ਸੰਤ ਸਿੰਘ ਦਾ ਧੰਨਵਾਦ ਕਰਨ ਤਾਂ ਇਹੋ ਸ਼ਬਦ ਪੈਂਦਾ ਹੈ ਉਸਦੇ ਕੰਨਾਂ ਵਿੱਚ :

"ਆਪਨੇ ਲੋਭ ਕਉ ਕੀਨੋ ਮੀਤ।। ਸਗਲ ਮਨੋਰਥ ਮੁਕਤ ਪਦੁ ਚੀਤੁ।।
ਐਸਾ ਮੀਤ ਕਰਹੁ ਸਭ ਕੋਇ।। ਜਾ ਤੇ ਬਿਰਥਾ ਕੋਇ ਨ ਹੋਇ।। ਰਹਾਉ।।
ਅਪੁਨੈ ਸੁਆਇ ਰਿਦੈ ਲੈ ਧਾਰਿਆ।।
ਦੂਖ ਦਰਦ ਰੋਗ ਸਗਲ ਬਿਦਾਰਿਆ।।

ਰਸਨਾ ਸੀਧੀ ਬੋਲਤ ਰਾਮ।। ਪੂਰਨ ਹੋਏ ਸਗਲੇ ਕਾਮ।।
ਅਨਿਕ ਬਾਰ ਨਾਨਕ ਬਲਿਹਾਰਾ।। ਸਫਲ ਦਰਸ਼ਨ ਗੋਬਿੰਦ ਹਮਾਰਾ।।"

ਮਨੁਮਖ ਸਿੰਘ ਨੇ ਜਦ ਅਤਿ ਧੰਨਵਾਦ ਕੀਤਾ — ਸੰਸਾਰੀ ਨੂੰ ਸਹੀ ਰਾਹ ਬਾਰੇ ਗਿਆਨ ਹੋਣਾ ਸ਼ੁਰੂ ਹੋਇਆ ਤਾਂ ਉਸ ਨੂੰ ਦੱਸਿਆ ਗਿਆ ਕਿ ਉਹ ਤਾਂ ਆਪਣੇ ਅਸਲੀ ਸਾਥੀ ਪ੍ਰਭੂ ਨੂੰ ਭੁੱਲ ਗਿਆ ਹੈ ਪਰ ਉਸਨੇ ਤਾਂ ਤੈਨੂੰ ਨਹੀਂ ਭੁਲਾਇਆ। ਪਰ ਆਦਮੀ ਨੂੰ ਪਰਮਾਤਮਾ ਤੋਂ ਵਿਛੁੜ ਕੇ ਜੱਦ ਸੰਸਾਰ ਵਿੱਚ ਆਉਣਾ ਪਿਆ ਤਾਂ ਉਹ ਆਪਣੇ ਦੁਨਿਆਵੀ ਪਿਤਾ ਹੰਕਾਰ ਅਤੇ ਮਾਤਾ ਮਾਯਾ ਦੇ ਮੋਹ ਜਾਲ ਵਿੱਚ ਐਸਾ ਫਾਥਾ ਕਿ ਆਪਣਾ ਮੂਲ ਹੀ ਭੁੱਲ ਗਿਆ ਪਰ ਉਸਦੀ ਆਤਮਾ ਦੇ ਕਿਸੇ ਕਿਣਕੇ ਵਿੱਚ ਉਸ ਅਰਸ਼ੀ ਮਿੱਤਰ ਦਾ ਅਜੇ ਭੀ ਕੁਝ ਝੌਲਾ ਜਿਹਾ ਬਾਕੀ ਰਹਿੰਦਾ ਹੈ, ਇਹ ਹੈ ਸਾਡੇ ਆਪਣੇ ਜੀਵਨ ਦੀ ਕਥਾ।

# ਮਾਸਿਕ "ਆਤਮ ਸਾਇੰਸ" ਅਤੇ ਹੋਰ ਰਚਨਾਵਾਂ
## (ਛੋਟੀਆਂ ਕਿਤਾਬਾਂ ਦੇ ਆਧਾਰ ਤੇ)

ਬੀਰ ਜੀ ਨੇ ਆਪਣੇ ਜੀਵਨ ਕਾਲ ਵਿੱਚ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ। ਦੇਸ਼ ਭਗਤੀ ਦੀਆਂ ਕਵਿਤਾਵਾਂ ਲਿਖ ਲਿਖ ਕੇ ਸੁੱਤੇ ਸ਼ੇਰਾਂ ਨੂੰ ਜਗਾਇਆ ਹੈ ਕਿ ਆਪਣੀ ਬੰਦੀ ਬਣਾਈ ਗਈ ਮਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤੀ ਦਿਲਾਓ ਤੇ ਫਿਰ ਭਗਤੀ ਭਾਵ ਦੀਆਂ ਪੁਸਤਕਾਂ ਭੀ ਬਹੁਤ ਹਨ। ਇੱਕ ਜਾਨ ਨੇ ਐਨੇ ਸਾਰੇ ਕੰਮ ਛੋਹ ਲਏ ਕਿ ਉਹ ਇੱਕ ਵਿਅਕਤੀ ਨਾ ਰਹਿ ਕੇ ਜਿਵੇਂ ਇੱਕ ਸੰਸਥਾ ਸਨ — ਸੰਸਥਾ ਵੀ ਇਹੋ ਜਹੀ ਜਿਸ ਵਿੱਚ ਹਰ ਕੋਈ ਵਰਸਾਂਦਾ ਸੀ।

"ਹਰ ਕੰਮ ਕਰਨ ਲਈ ਸਭ ਤੋਂ ਪਹਿਲਾਂ ਤਾਂ ਸਵਸਥ ਸਰੀਰ ਦੀ ਲੋੜ ਹੈ ਆਤਮ ਸਾਇੰਸ (ਗੁਰਮਤ) ਦੇ ਵਿਦਿਆਰਥੀ ਦਾ ਜੀਵਨ ਆਦਰਸ਼ ਸਦੀਵੀ ਤੇ ਅਬਿਨਾਸ਼ੀ ਸੁਖ ਦੀ ਪਰਾਪਤੀ ਹੈ। ਇਹ ਸੁਖ ਗੁਰਬਾਣੀ ਦੀ ਵਿਚਾਰ ਅਤੇ ਕਮਾਈ ਤੋਂ ਹਾਸਲ ਹੁੰਦਾ ਹੈ। ਇਸ ਲਈ ਗੁਰਸਿੱਖ ਦੇ ਰੋਜ਼ਾਨਾ ਪ੍ਰੋਗਰਾਮ ਵਿੱਚ ਗੁਰਬਾਣੀ ਦੀ ਵਿਚਾਰ ਅਤੇ ਨਾਮ ਸਿਮਰਨ, ਪਹਿਲੇ ਦਰਜੇ ਦੀ ਜ਼ਰੂਰੀ ਚੀਜ਼ ਹੁੰਦੀ ਹੈ। ਦੂਸਰੇ ਦਰਜੇ ਦੀ ਜ਼ਰੂਰੀ ਚੀਜ਼ ਗੁਰਸਿੱਖ ਲਈ ਸੇਹਤ ਹੈ, ਤੰਦਰੁਸਤੀ ਹੈ। ਅਗਰ ਸੇਹਤ ਠੀਕ ਹੋਵੇ ਤਾਂ ਗੁਰਬਾਣੀ ਦੀ ਵਿਚਾਰ ਤੇ ਸਿਮਰਨ ਚੰਗੀ ਤਰ੍ਹਾਂ ਹੋ ਸਕਦਾ ਹੈ। ਤੀਸਰੀ ਜ਼ਰੂਰੀ ਚੀਜ਼ ਜੋ ਗੁਰਸਿਖ ਦੇ ਰੋਜ਼ਾਨਾ ਜੀਵਨ ਵਿੱਚ ਥਾਂ ਲੈਂਦੀ ਹੈ, ਉਹ ਹੈ ਦਸਾਂ ਨੌਹਾਂ ਅਤੇ ਹੱਕ ਹਲਾਲ ਦੀ ਕਮਾਈ। ਚੌਥੇ ਦਰਜੇ ਤੇ ਗੁਰਸਿੱਖ, ਭਾਈਚਾਰਕ ਮੇਲ ਮਿਲਾਪ ਤੇ ਸੁਸਾਇਟੀ ਵਿੱਚ ਉਠਣਾ ਬੈਠਣਾ ਰੱਖਦਾ ਹੈ ਅਤੇ ਪੰਜਵੇਂ ਦਰਜੇ ਉਤੇ ਉਹ ਸ਼ੁਭ ਸੰਸਾਰਕ ਸ਼ੁਗਲ ਹੱਸਣਾ ਖੇਡਣਾ ਤੇ ਸ਼ੁਭ ਰੰਗ ਤਮਾਸ਼ਾ ਰਖਦਾ ਹੈ।

'ਰੋਜ਼ਾਨਾ ਪ੍ਰੋਗਰਾਮ' ਵਿੱਚ ਉਹਨਾਂ ਨੇ ਇੱਕ ਗੁਰਸਿੱਖ ਦੀ ਜੀਵਨ-ਚਰਿਆ ਦਾ ਨਕਸ਼ਾ ਖਿਚਿਆ ਹੈ। ਗੁਰਬਾਣੀ ਤਾਂ ਮਾਰਗ ਦਰਸ਼ਕ ਹੈ ਹੀ, ਜੀਵਨ ਦੇ ਹਰ ਪਹਿਲੂ ਨੂੰ ਸੁੱਚਜੇ ਰੂਪ ਵਿੱਚ ਜੀਉਣ ਲਈ ਤੇ ਨਾਲ ਹੀ ਹਰ ਕੰਮ ਨੂੰ ਨਿਪਟਾਉਣ ਲਈ ਸਵਸਥ ਰਹਿਣਾ ਭੀ ਉਤਨਾ ਹੀ ਜ਼ਰੂਰੀ ਹੈ, ਜਿੰਨਾ ਕਿ ਦਸਾਂ ਨੌਹਾਂ ਦੀ ਕਮਾਈ ਕਰਨਾ ਹੈ। ਇਨਸਾਨ ਤੱਦ ਤਕ ਹੀ ਸਵਸਥ ਮਨ ਦਾ ਮਾਲਕ ਹੈ ਜਦ

ਤੱਕ ਉਸਦੇ ਉਦਰ ਦੀ ਪੂਰਤੀ, ਪਰਿਵਾਰ ਦੀ ਪਰਵਰਿਸ਼ ਤੇ ਦਿੱਤੇ ਗਏ ਦਾਨ ਦਾ ਮੂਲ ਜ਼ਰੀਆ ਉਹ ਆਪਣੇ ਹੱਥਾਂ ਦੀ ਮੁਸ਼ਕਤ ਨਾਲ ਪੂਰਣ ਇਮਾਨਦਾਰੀ ਨਾਲ ਕਮਾਂਦਾ ਹੈ ਨਹੀਂ, ਤਾਂ ਦੇਖਣ ਵਿੱਚ ਆ ਰਿਹਾ ਹੈ ਕਿ ਗਲਤ ਤਰੀਕੇ ਨਾਲ ਕੀਤੀ ਗਈ ਕਮਾਈ ਕਿੰਜ ਦਿਮਾਗ ਭ੍ਰਸ਼ਟ ਕਰਦੀ ਹੈ ਤਾਂ ਨਾ ਕੇਵਲ ਉਹ ਆਪਣੇ ਪਰਿਵਾਰ ਦਾ ਹੀ ਨੈਤਿਕ ਤੇ ਆਤਮਕ ਨਾਸ਼ ਕਰਦਾ ਹੈ ਬਲਕਿ ਆਪਣੇ ਨਾਲ ਹੋਰ ਭੀ ਬਹੁਤ ਸਾਰੇ ਆਸ਼ਰਿਤਾਂ ਦਾ ਸ਼ੋਸ਼ਣ ਕਰਦਾ ਹੈ ਤੇ ਫਿਰ ਭੀ ਉਹ ਕਦੀ ਸ਼ਾਂਤੀ ਦਾ ਅਨੁਭਵ ਨਹੀਂ ਕਰ ਸਕਿਆ ਤੇ ਲਾਗ ਪਾਸ ਦੇ ਲੋਕਾਂ ਨੂੰ ਭੀ ਉਸਦਾ ਸ਼ਿਕਾਰ ਬਣਨਾ ਪੈਂਦਾ ਹੈ। ਚੌਥੇ ਦਰਜੇ ਤੇ ਹੈ ਭਾਈਚਾਰਾ ਜਿਸ ਨਾਲ ਉਹ ਆਪਣੇ ਉਚ ਵਿਚਾਰਾਂ ਦਾ ਖਲੇਰਾ ਕਰਦਾ ਹੈ ਤੇ ਸ਼ਾਇਦ ਕਈ ਵਾਰੀ ਦੂਸਰਿਆਂ ਦੇ ਸ਼ੁਧ ਵਿਚਾਰਾਂ ਤੇ ਮਸ਼ਵਰਿਆਂ ਨੂੰ ਆਪ ਗ੍ਰਹਿਣ ਕਰਦਾ ਹੈ ਤੇ ਇਸ ਤਰ੍ਹਾਂ ਸੁਬੁਧੀ ਦਾ ਫੈਲਾਅ ਹੁੰਦਾ ਹੈ। ਇਸ ਦੇ ਨਾਲ ਹੀ ਜ਼ਰੂਰੀ ਹੈ ਜੀਵਨ ਵਿੱਚ ਸ਼ੁਗਲ, ਹੱਸਣਾ ਖੇਡਣਾ, ਜਿਸ ਨਾਲ ਸ਼ਰੀਰਕ ਤੇ ਮਾਨਸਿਕ ਚੁਸਤੀ ਵਧਦੀ ਹੈ, ਮਨ ਪ੍ਰਫੁਲਿਤ ਰਹਿੰਦਾ ਹੈ ਤੇ ਦੂਸਰਿਆਂ ਦੇ ਮਨਾਂ ਨੂੰ ਭੀ ਖੁਸ਼ੀ ਪ੍ਰਾਪਤ ਹੁੰਦੀ ਹੈ।

'ਸੰਤ ਧੂੜੀ' ਵਿੱਚ ਉਹਨਾਂ ਇਹ ਦਰਸਾਣ ਦੀ ਚੇਸ਼ਟਾ ਕੀਤੀ ਹੈ ਕਿ ਧੂੜ ਤਾਂ ਧੂੜ ਹੀ ਰਹਿਣੀ ਹੈ ਚਾਹੇ ਉਸਤੇ ਆਮ ਇਨਸਾਨ ਚੱਲੇ ਜਾਂ ਸਾਧੂ ਸੰਤ, ਉਸ ਵਿੱਚ ਕੋਈ ਅੰਤਰ ਨਹੀਂ ਆਉਂਦਾ। ਤੁਸੀਂ ਉਸਨੂੰ ਸਿਰ ਮੱਥੇ ਲਾਓ ਜਾਂ ਨਾ ਲਾਓ ਧੂੜੀ ਦੀ ਨਾ ਕੋਈ ਸ਼ਾਨ ਹੈ ਤੇ ਨਾ ਕੋਈ ਨਿਰਾਦਰੀ, ਸਿਰਫ ਆਪਣੇ ਮਨ ਦੀ ਆਸਥਾ ਦਾ ਹੀ ਫਰਕ ਹੈ।" ਫਿਰ ਸੰਤ ਧੂੜੀ ਦੀ ਗੁਰੂ ਗਰੰਥ ਸਾਹਿਬ ਅਤੇ ਹੋਰ ਪੁਰਾਤਨ ਗਰੰਥਾਂ ਵਿੱਚ ਇਤਨੀ ਮਹਿਮਾ ਕਿਉਂ ਲਿਖੀ ਹੈ ? ਕੀ ਇਹ ਮਹਿਮਾ ਮੁਗਾਲਤੇ ਦੇ ਤੌਰ ਤੇ ਯਾ ਸ਼ਾਇਰਾਨਾ ਹੈਸੀਅਤ ਵਿੱਚ ਹੈ।" ਨਹੀਂ ਐਸਾ ਨਹੀਂ ਹੈ। ਇੱਕ ਤਾਂ ਨਿਰਾਸ਼ ਹੋ ਕੇ ਆਪਣੀ ਹਾਰ ਮੰਨ ਕੇ, ਦੂਸਰੇ ਦਾ ਮੁਕਾਬਲਾ ਨਾ ਕਰ ਪਾਉਣ ਦੀ ਹਾਲਤ ਵਿੱਚ ਪੁੱਜ ਕੇ ਦੂਸਰੇ ਅੱਗੇ ਨਿਵਣਾ ਹੈ ਤੇ ਉਸ ਵਿੱਚ ਸ਼ਰਧਾ ਦਾ ਭਾਵ ਨਹੀਂ, ਕੇਵਲ ਬੇਬਸੀ ਦਾ ਭਾਵ ਹੀ ਹੈ ਤੇ ਦੂਸਰੇ ਪਾਸੇ ਸ਼ਰਧਾ ਦਾ ਉਬਾਲ ਇਤਨਾ ਪ੍ਰਬਲ ਹੈ, ਪ੍ਰੇਮ ਦਾ ਸਾਗਰ ਅਜੇਹੀਆਂ ਠਾਠਾਂ ਮਾਰਦਾ ਹੈ ਕਿ ਨਿਮਰਤਾ ਦੇ ਸ੍ਰੋਤ ਫੁਟ ਪੈਂਦੇ ਹਨ ਤੇ ਮਨ ਬੇਹਬਲ ਹੋ ਕੇ ਆਪਣੇ ਮਨ ਦੇ ਵਲਵਲੇ ਨੂੰ ਪ੍ਰਗਟ ਕਰਨ ਲਈ ਉਸ ਦੇ ਚਰਨਾਂ ਨੂੰ ਲੱਗੀ ਧੂੜ ਦਾ ਭੀ ਇਤਨਾ ਮਾਣ ਕਰਦਾ ਹੈ ਕਿ ਸਿਰ ਮੱਥੇ ਤੇ ਛੁਹਾ ਲੈਂਦਾ ਹੈ।

**'ਇਛਿਆ ਰਹਿਤ ਅਵਸਥਾ'** ਵਿੱਚ ਉਹਨਾਂ ਦਰਸਾਇਆ ਹੈ ਕਿ ਸਿਵਾਏ ਪਰਮਾਤਮਾ ਦੇ ਹੋਰ ਕੋਈ ਭੀ ਐਸਾ ਨਹੀਂ ਹੈ ਜਿਸਦੇ ਅੰਦਰ ਕਿਸੇ ਭੀ ਕਿਸਮ ਦੀ ਇਛਿਆ ਨਹੀਂ ਹੈ। ਜੀਵਨ ਜੀਵੰਦਿਆਂ ਇਨਸਾਨ ਨੂੰ ਬਹੁਤ ਸਾਰੀਆਂ ਚੀਜ਼ਾਂ ਦੀ ਲੋੜ ਹੁੰਦੀ ਹੈ। ਕੇਵਲ ਦੁਨਿਆਵੀ ਹੀ ਨਹੀਂ, ਰੂਹਾਨੀ ਤੇ ਆਤਮਕ ਭੀ ਤੇ ਉਸ ਦਾ ਸੁਭਾ ਬਣ ਗਿਆ ਹੈ ਕਿਸੇ ਸਰਬਸ਼ਕਤੀਮਾਨ ਤਾਕਤ ਨੂੰ ਉਹਨਾਂ ਮੰਗਾਂ

ਨੂੰ ਪੂਰਾ ਕਰਨ ਲਈ ਪ੍ਰਾਰਥਨਾ ਕਰਨੀ। ਇਸ ਲਈ ਗੁਰੂ ਗਰੰਥ ਜੀ ਦੀ ਸਿਖਸ਼ਾ ਆਮ ਗੁਰਸਿੱਖਾਂ ਨੂੰ ਆਪਣੀਆਂ ਸਭ ਜ਼ਰੂਰਤਾਂ, ਸਭ ਲੋੜਾਂ (ਦੁਨਿਆਵੀ ਤੇ ਆਤਮਕ) ਅਕਾਲ ਪੁਰਖ ਪਾਸੋਂ ਮੰਗਣ ਦੀ ਸਿਫਾਰਸ਼ ਕਰਦੀ ਹੈ। ਪਰ ਇਸ ਚੀਜ਼ ਤੇ ਭੀ ਜ਼ੋਰ ਦਿੰਦੀ ਹੈ ਕਿ ਇਨਸਾਨ "ਇਛਿਆ ਦਾ ਦੀਵਾਨਾ ਜਾਂ ਗੁਲਾਮ ਵੀ ਨਾ ਹੋਵੇ, ਐਪਰ ਇਛਿਆ ਦਾ ਉਕਾ ਤਿਆਗੀ ਵੀ ਨਾ ਬਣੇ, ਕੇਵਲ ਉਤਨੀ ਇਛਿਆ ਕਰੇ ਜਿਤਨੀ ਕਿ ਉਸਦੇ ਜੀਵਨ ਨੂੰ ਥੋਹੜ ਦੀ ਅਸਾਂਤੀ ਤੇ ਦੁਖਾਂ ਤੋਂ ਆਜ਼ਾਦ ਰੱਖ ਸਕੇ।" ਬੀਰ ਜੀ ਦਾ ਕਹਿਣਾ ਹੈ ਕਿ "ਸ੍ਰੀ ਗੁਰੂ ਗਰੰਥ ਜੀ ਦੀ ਸਿਖਸ਼ਾ ਸਾਨੂੰ ਦੁਨੀਆਂਦਾਰੀ ਦੇ ਸਭ ਜ਼ਰੂਰੀ ਫਰਜ਼ ਨਿਭਾਦਿਆਂ ਹੋਇਆਂ ਆਪਣੀ ਅਸਲੀਅਤ ਆਪਣੇ ਕਰਤਾਰ ਨੂੰ ਦੇਖਣ ਮਿਲਣ, ਸਮਝਣ ਤੇ ਉਸ ਵਰਗਿਆਂ ਬਣ ਜਾਣ ਦੀ ਪਰੇਰਨਾ ਕਰਦੀ ਹੈ।" ਇਛਿਆ ਅਤੀ ਸੁਭਾਵਕ ਹੈ ਪਰ ਇਛਿਆ ਕੇਵਲ ਆਪਣੇ ਲਈ ਹੀ ਨਹੀਂ ਰਹਿਣੀ ਚਾਹੀਦੀ ਇਸ ਬਾਰੇ ਉਹ ਲਿਖਦੇ ਹਨ "ਗੁਰਮਤ ਵਿੱਚ ਜਿੱਥੇ ਮਾੜੀ ਇਛਿਆ ਦੇ ਤਿਆਗ ਤੇ ਜ਼ੋਰ ਹੈ ਉਥੇ ਚੰਗੀ ਤੇ ਸ਼ੁਭ ਇਛਿਆ ਧਾਰਨ ਕਰਨ ਦੀ ਖੁਲ੍ਹ ਹੈ। ਏਥੇ ਹੀ ਬਸ ਨਹੀਂ ਗੁਰਮਤਿ ਵਿੱਚ ਆਖਰੀ ਟੀਸੀ ਨਿਰ-ਇਛਿਆ ਅਵਸਥਾ ਤਕ ਪਹੁੰਚਣ ਵਾਸਤੇ ਪਹਿਲੇ ਸ਼ੁਭ ਇਛਿਆ ਦੀ ਅਵਸਥਾ ਵਿੱਚੋਂ ਲੰਘਣਾ ਜ਼ਰੂਰੀ ਹੈ। ਸਾਧਾਰਣ ਆਦਮੀ ਨੂੰ ਇਛਿਆ ਤੇ ਜਿਤ ਪ੍ਰਾਪਤ ਕਰਨ ਲਈ ਬੜੇ ਸੰਘਰਸ਼ ਤੇ ਔਖੇ ਰਸਤੇ ਪਾਰ ਕਰਨੇ ਹੁੰਦੇ ਹਨ ਤੇ ਬੜੀਆਂ ਘਾਲਣਾਂ ਘਾਲਣ ਤੋਂ ਬਾਅਦ ਹੀ ਉਹ ਕਿਤੇ ਨਿਰ-ਇਛਿਆ ਦੀ ਅਵਸਥਾ ਤੇ ਪੁਜਦਾ ਹੈ ਤੇ 'ਭਾਣੇ' ਦੀ ਅਵਸਥਾ ਨੂੰ ਕਬੂਲ ਕਰਦਾ ਹੈ ਤੇ "ਤੇਰਾ ਭਾਣਾ ਮੀਠਾ ਲਾਗੇ। ਨਾਮ ਪਦਾਰਥ ਨਾਨਕ ਮਾਂਗੇ।" ਦੇ ਸਹੀ ਅਰਥ ਸਮਝ ਪਾਉਂਦਾ ਹੈ।

'ਸਿੱਖ ਹਿੰਦੂ ਮਿਲਾਪ' ਵਿੱਚ ਇਹ ਗੱਲ਼ ਸਾਫ ਕੀਤੀ ਹੈ ਕਿ ਇਹ ਸਾਰੇ ਧਰਮਾਂ ਦਾ ਮੂਲ ਤੇ ਜੜ੍ਹ ਇੱਕੋ ਹੀ ਹਨ। ਸਦੀਆਂ ਦੀਆਂ ਇੱਕ ਜੁੱਟ ਜੜ੍ਹਾਂ ਕਿਵੇਂ ਨਿਖੜ ਸਕਦੀਆਂ ਹਨ, ਨੌਂਹ ਤੇ ਮਾਸ ਦੋ ਅਲਗ ਅਲਗ ਚੀਜ਼ਾਂ ਹੁੰਦਿਆਂ ਭੀ ਇੱਕ ਮਿੱਕ ਹਨ, ਵੱਖ ਵੱਖ ਨਹੀਂ ਕੀਤੇ ਜਾ ਸਕਦੇ। ਇਸੇ ਤਰ੍ਹਾਂ ਹਿੰਦੂ ਹਿੰਦੂ ਅਤੇ ਸਿੱਖ ਸਿੱਖ ਹੁੰਦੇ ਹੋਏ ਵੀ ਇਕ ਭਾਈਚਾਰਤ ਹਨ। ਇੱਕ ਦੀ ਪੀੜ ਦੂਜੇ ਨੂੰ ਸਦਾ ਹੁੰਦੀ ਰਹੇਗੀ। ਜੋ ਹਿੰਦੂ ਇਹ ਚਾਹੁੰਦੇ ਹਨ ਕਿ ਸਿੱਖ ਆਪਣੇ ਆਪ ਨੂੰ ਸਿੱਖ ਆਖਣਾ ਛੱਡ ਦੇਣ ਤੇ ਹਿੰਦੂ ਅਖਾਣ ਲੱਗ ਪੈਣ, ਤਾਂ ਉਹ ਗਲਤੀ ਵਿਚ ਹਨ। ਉਹ ਦੋਹਾਂ ਦੇ ਰੂਪ ਅਲਗ ਅਲਗ ਹਨ। ਸਿੱਖਾਂ ਦੀ ਪੂਜਨੀਕ ਬਾਣੀ ਦੇ ਸ੍ਰੋਤ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਵੀ ਸਿੱਖ ਗੁਰੂਆਂ ਤੇ ਅਨੇਕ ਮਹਾਤਮਾਂ ਭਗਤਾਂ ਫਕੀਰਾਂ ਦੀ ਪਰਮਾਤਮਾ ਸੰਬੰਧੀ ਖੋਜ ਤੇ ਉਪਦੇਸ਼ ਪਰਮਾਤਮਾ ਦੇ ਸਰਗੁਣ ਸਰੂਪ ਦੀ ਪੂਜਾ ਤੋਂ ਸ਼ੁਰੂ ਹੋ ਕੇ ਪਰਮਾਤਮਾ ਦੇ ਨਿਰਗੁਣ ਸਰੂਪ ਦੀ ਪੂਜਾ ਅਤੇ ਪਰਾਪਤੀ ਵਿੱਚ ਖਤਮ ਹੁੰਦੇ ਹਨ। ਗੁਰੂ ਗਰੰਥ ਵਿੱਚ ਤਾਂ ਮੁਸਲਮਾਨ ਫਕੀਰਾਂ ਦੀ ਬਾਣੀ ਭੀ ਦਰਜ ਹੈ, ਸਿੱਖ ਧਰਮ ਵਿੱਚ ਸਹਿਨਸ਼ੀਲਤਾ ਹੈ ਤੇ

ਫਿਰ ਹਿੰਦੂ ਤੇ ਸਿੱਖ ਇਕੋ ਧਰਤੀ ਦੇ ਜਾਏ ਹਨ।

ਗੁਰੂ ਗਰੰਥ ਸਾਹਿਬ ਦੀਆਂ ਬਾਣੀਆਂ ਦੇ ਰਚੈਤਾ ਨੇ ਵੇਦਾਂ ਸ਼ਾਸਤਰਾਂ ਵਿਚ ਹੋਈ ਆਤਮਕ ਖੋਜ ਨੂੰ ਸੰਪੂਰਣ ਹੀ ਨਹੀਂ ਕੀਤਾ, ਦਰੁਸਤ ਭੀ ਕੀਤਾ ਹੈ, ਉਸ ਨੂੰ ਆਸਾਨ ਬਣਾਇਆ ਹੈ, ਉਸ ਵਿਚੋਂ ਵਿੰਗ ਟੇਢ ਤੇ ਤਰੁਟੀਆਂ ਸੋਧ ਕੇ ਉਸ ਨੂੰ ਦੁਹਰਾਇਆ (Revise) ਹੈ, ਪੰਜਾਬੀ ਮਾਤ ਭਾਸ਼ਾ ਅਤੇ ਅਲੌਕਿਕ ਕਵਿਤਾ ਵਿੱਚ ਇਕੱਤਰ ਕੀਤਾ ਹੈ। ਉਸ ਪੁਰਾਤਨ ਆਤਮਕ ਖੋਜ ਵਿੱਚ ਕਈ ਅਖੀਰੀ ਵਾਧੇ ਕਰ ਕੇ ਇੱਕ ਵਿਗਿਆਨਕ ਰੂਪ ਦਿੱਤਾ ਹੈ, ਸਿਮਰਨ ਦੀ ਪਰੀਭਾਸ਼ਾ ਨੂੰ ਜਿਸ ਦੀ ਕਾਢ ਭਾਵੇਂ ਪੁਰਾਤਨ ਰਿਸ਼ੀਆਂ ਦੀ ਸੀ, ਮੁੜ ਕੇ ਸੁਰਜੀਤ ਕੀਤਾ ਹੈ :

ਸਿਮਰਤ ਵੇਦ ਪੁਰਾਨ ਪੁਕਾਰਨ ਪੋਥੀਆਂ।।
ਨਾਮ ਬਿਨਾ ਸਭ ਕੂੜ ਗਾਲੀ ਹੋਛੀਆਂ।।

ਦੋਹਾਂ ਧਰਮਾਂ ਦੇ ਮੁਢਲੇ ਅਸੂਲ ਇੱਕ ਹਨ।

ਬੀਰ ਜੀ ਨੇ ਸਪਸ਼ਟ ਕੀਤਾ "ਮੈਂ ਜਿਉਂ ਜਿਉਂ ਵੇਦਾਂ ਸ਼ਾਸਤਰਾਂ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਮੁਤਾਲਿਆ ਕੀਤਾ ਹੈ ਤਿਉਂ ਤਿਉਂ ਸੰਤ ਬੰਨਾ ਸਿੰਘ ਜੀ (ਜੋ ਲਾਹੌਰ ਪਹਿਲੀ ਪਾਤਸ਼ਾਹੀ ਵਾਲੇ ਚੁਹੱਟਾ ਮੁਫਤੀ ਬਾਕਰ ਦੇ ਗੁਰਦਵਾਰੇ ਦੇ ਸੇਵਾਦਾਰ ਸਨ ਅਤੇ ਜਿਨ੍ਹਾਂ ਨੇ ਸੌ ਸਾਲ ਤੋਂ ਉੱਤੇ ਭਜਨ ਬੰਦਗੀ ਦੀ ਜ਼ਿੰਦਗੀ ਬਤੀਤ ਕੀਤੀ) ਦੇ ਬਚਨ ਦੀ ਸਚਾਈ ਨੂੰ ਦੇਖਿਆ ਹੈ, ਆਪ ਆਖਦੇ ਹੁੰਦੇ ਸਨ ਕਿ ਵੇਦਾਂਤ ਤੇ ਉਪਨਿਸ਼ਦਾ ਅਤੇ ਗੁਰੂ ਗਰੰਥ ਸਾਹਿਬ ਦੇ ਉਪਦੇਸ਼ਾਂ ਵਿਚ ਉਹੋ ਫਰਕ ਹੈ, ਜਿਹੜਾ ਬਦਾਮ ਦਾ ਤੇ, ਬਦਾਮ ਦਾ ਛਿਲੜ ਤੋੜ ਕੇ ਕਢੀ ਗਿਰੀ ਵਿੱਚ ਹੁੰਦਾ ਹੈ।" ਉਹਨਾਂ ਦਾ ਤਾਂ ਇਹ ਕਹਿਣਾ ਹੈ "ਜਿਵੇਂ ਮੈਨੂੰ ਵੇਦਾਂ ਸ਼ਾਸਤਰਾਂ ਤੇ ਮਾਣ ਹੈ ਉਸੇ ਤਰ੍ਹਾਂ ਹਰ ਇੱਕ ਹਿੰਦੂ ਦਾ ਸਿੱਖ ਗੁਰੂਆਂ ਅਤੇ ਗੁਰੂ ਗਰੰਥ ਜੀ ਉਤੇ ਮਾਣ ਕਰਨ ਦਾ ਜਮਾਂਦਰੂ ਹੱਕ ਹੈ।" ਇਸ ਤਰ੍ਹਾਂ ਉਹਨਾਂ ਹਿੰਦੂ ਸਿੱਖਾਂ ਨੂੰ ਆਪਸੀ ਭਾਈਚਾਰੇ ਤੇ ਪ੍ਰੇਮ ਪਿਆਰ ਨਾਲ ਇੱਕ ਜੁੱਟ ਰਹਿਣ ਦਾ ਸੰਦੇਸ਼ਾ ਦੇ ਕੇ ਦੇਸ਼ ਦੀ ਬਹੁਤ ਸੇਵਾ ਕੀਤੀ ਹੈ।

ਆਪਣੀ ਕਹਾਣੀ 'ਦਸ਼ਮੇਸ਼ ਆਗਮਨ' ਵਿੱਚ ਉਹਨਾਂ ਇਹ ਦਰਸਾਇਆ ਹੈ ਕਿ ਇਨਸਾਨ ਦੇ ਅੰਦਰ ਹਿੰਮਤ ਅਤੇ ਕੁਝ ਕਰਨ ਦੀ ਗਰਮਾਹਟ ਦਾ ਹੋਣਾ ਅਤੀ ਆਵਸ਼ਕ ਹੈ ਤੇ ਉਸਦੇ ਅੱਗੇ ਜਿਸਮਾਨੀ ਘੜਤ ਕੋਈ ਮੈਹਨੇ ਨਹੀਂ ਰੱਖਦੀ। ਉਹ ਲਿਖਦੇ ਹਨ "ਗੁਰੂ ਗੋਬਿੰਦ ਸਿੰਘ ਜੀ ਕੋਈ ਵਡੇ ਲੰਬੇ ਚੌੜੇ ਕਦ ਦੇ ਮਨੁੱਖ ਨਹੀਂ ਸਨ। ਆਪ ਦੀਆਂ ਤਸਵੀਰਾਂ ਅਤੇ ਇਤਿਹਾਸ ਨੂੰ ਖੋਜਣ ਤੋਂ ਪਤਾ ਲਗਦਾ ਹੈ ਕਿ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲੋਂ ਗੁਰੂ ਗੋਬਿੰਦ ਸਿੰਘ ਜੀ ਛੁਟੇਰੇ ਤੇ ਹਲਕੇ ਸਰੀਰ ਦੇ ਸਨ। ਆਪ ਦੇ ਬਹੁਤ ਸਿੱਖ ਆਪ ਤੋਂ ਸਰੀਰਕ ਅਵਸਥਾ ਵਿਚ ਘਟ ਨਹੀਂ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਜਾਂ ਸਿਫਤ

ਉਹਨਾਂ ਦੇ ਸਰੀਰ ਵਿੱਚ ਨਹੀਂ ਸੀ ਬਲਕਿ ਆਪ ਦੇ ਮਨ ਜਾਂ ਵਿਚਾਰ ਵਿੱਚ ਸੀ — ਹੱਥ ਮੂੰਹ, ਪੈਰ, ਅੱਖਾਂ ਤਕਰੀਬਨ ਸਭ ਇਨਸਾਨਾਂ ਦੀਆਂ ਇਕੋ ਜਹੀਆਂ ਹੁੰਦੀਆਂ ਹਨ। ਇੱਕ ਇਨਸਾਨ ਨੂੰ ਦੂਸਰੇ ਇਨਸਾਨਾਂ ਨਾਲੋਂ ਵਡਾ ਬਨਾਣ ਵਾਲੀ ਕੇਵਲ ਇੱਕੋ ਚੀਜ਼ ਹੈ ਜੋ ਕਿ 'ਮਨ' ਜਾਂ ਵਿਚਾਰ ਸ਼ਕਤੀ ਕਹੀ, ਜਾ ਸਕਦੀ ਹੈ।" ਇਹ ਜੋ ਫਰਕ ਅਲਗ ਅਲਗ ਇਨਸਾਨਾਂ ਵਿਚ ਆਉਂਦਾ ਹੈ ਉਸਦੇ ਭੀ ਕਈ ਕਾਰਣ ਤੇ ਵਜੂਹਾਤ ਹੁੰਦੇ ਹਨ ਤੇ ਉਹਨਾਂ ਵਿਚੋਂ ਇੱਕ ਹੈ ਰੱਬ ਦੀ ਲਗਨ। ਜਿਸ ਇਨਸਾਨ ਦਾ ਮਨ ਰੱਬ ਦੇ ਵਧੇਰੇ ਨੇੜੇ ਹੁੰਦਾ ਹੈ ਉਹ ਦੂਸਰੇ ਲੋਕਾਂ ਨਾਲੋਂ ਵੱਖਰਾ ਹੁੰਦਾ ਹੈ। ਬੀਰ ਜੀ ਲਿਖਦੇ ਹਨ "ਅਕਾਲ ਪੁਰਖ ਦੇ ਅੰਦਰੋਂ ਇਤਨੇ ਨਜ਼ਦੀਕ ਸਨ ਕਿ ਆਪ ਅਤੇ ਅਕਾਲ ਪੁਰਖ ਵਿੱਚ ਕੋਈ ਵਰਨ ਜਾਂ ਭੇਦ ਨਹੀਂ ਸੀ — ਅਕਾਲ ਪੁਰਖ ਅਤੇ ਜੀਵ ਦੇ ਇੱਕ ਦੂਸਰੇ ਦੇ ਨਜ਼ਦੀਕ ਹੋ ਜਾਣ ਨਾਲ ਅਕਾਲ ਪੁਰਖ ਦੀਆਂ ਜੀਵ ਵਿੱਚ ਉਸੇ ਤਰ੍ਹਾਂ ਸਭ ਸਿਫਤਾਂ ਆ ਜਾਂਦੀਆਂ ਹਨ ਜਿਵੇਂ ਨਦੀ ਕਿਨਾਰੇ ਖੜੇ ਦਰਖਤ ਦੀਆਂ ਜੜ੍ਹਾਂ ਵਿੱਚ ਨਦੀ ਦਾ ਪਾਣੀ ਨਜ਼ਦੀਕ ਹੋਣ ਕਰਕੇ ਆ ਜਾਂਦਾ ਹੈ ਤੇ ਦਰਖ਼ਤ ਨੂੰ ਹਰਿਆਂ ਭਰਿਆਂ ਕਰ ਦਿੰਦਾ ਹੈ — ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਰੂਪੀ ਸਾਗਰ ਦੇ ਸਦਾ ਕਿਨਾਰੇ ਤੇ ਰਹਿਣ ਕਰਕੇ ਆਪਣੀਆਂ ਸਭ ਸ਼ਕਤੀਆਂ ਅਕਾਲ ਪੁਰਖ ਵਿੱਚੋਂ ਖਿਚਦੇ ਸਨ ਤੇ ਸਦਾ ਸਰਸ਼ਾਰ ਰਹਿੰਦੇ ਸਨ।" ਇਨਸਾਨ ਜਿਸ ਕਿਸਮ ਦੀ ਸੋਹਬਤ ਵਿੱਚ ਰਹਿੰਦਾ ਹੈ, ਉਸ ਤਰ੍ਹਾਂ ਦੇ ਗੁਣ ਦੋਸ਼ ਸੁਭਾਵਕ ਹੀ ਉਸਦੇ ਅੰਦਰ ਆ ਜਾਂਦੇ ਹਨ, ਇਸੇ ਲਈ ਵੱਡੇ ਬਜ਼ੁਰਗ ਤੇ ਸਿਆਣੇ ਲੋਕ ਸਦਾ ਹੀ ਸੰਗਤ ਦੇ ਮਹੱਤਵ ਤੇ ਜ਼ੋਰ ਦਿੰਦੇ ਸਨ ਭੈੜੀ ਸੰਗਤ ਇਨਸਾਨ ਦਾ ਨਾਸ ਕਰ ਸਕਦੀ ਹੈ ਤੇ ਭਲੀ ਸੰਗਤ ਵਿੱਚ ਉਸ ਦੀ ਆਤਮਾ ਨਿਰਮਲ ਬਣਦੀ ਹੈ। ਇਸੇ ਲਈ ਬੀਰ ਜੀ ਕਹਿੰਦੇ ਹਨ "ਆਪ ਦੀ ਦਰਿਸ਼ਟੀ ਈਸ਼ਵਰੀ ਹੋਣ ਕਰਕੇ ਆਪ ਦੇ ਕਰਮ ਵੀ ਈਸ਼ਵਰੀ ਸਨ।" ਆਪ ਦੇ ਮਹਾਂਵਾਕ :— "ਸਾਚੁ ਕਹੁ ਸੁਨ ਲੇਹੋ **ਸਭੈ, ਜਿਨ** ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਉਸਦੇ ਦਰਬਾਰ ਵਿੱਚ ਸਭ ਇੱਕ ਹਨ ਤੇ ਕੇਵਲ ਉਹ ਪੁਰਸ਼ ਪਰਮਾਤਮਾ ਨੂੰ ਪਾ ਸਕਦਾ ਹੈ, ਜਿਹੜਾ ਪ੍ਰਭੂ ਨਾਲ ਪਿਆਰ ਕਰ ਸਕਦਾ ਹੋਵੇ। ਬੀਰ ਜੀ ਨੇ ਸੁਝਾਇਆ ਹੈ "ਆਪ ਸਿੱਖਾਂ ਦੀ ਰਹਿਨੁਮਾਈ ਵਾਸਤੇ ਸਭ ਕੁਝ ਦਸ ਗਏ ਹਨ। ਅਸੀਂ ਉਸ ਰਹਿਨੁਮਾਈ ਨੂੰ ਪੂਜਦੇ ਰਹੀਏ ਤੇ ਉਸਤੋਂ ਕੋਈ ਨਿਗੱਰ ਲਾਭ ਨਾ ਉਠਾਈਏ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਕੀ ਕਸੂਰ ?"

ਇਸ ਤੋਂ ਉਹਨਾਂ ਦੀ ਕਹਾਣੀ 'ਖੋਜੀ' ਦਾ ਖਿਆਲ ਆ ਜਾਂਦਾ ਹੈ। ਇਨਸਾਨੀ ਫਿਤਰਤ ਹੀ ਅਜਿਹੀ ਹੈ ਕਿ ਉਹ ਖੋਜੀਆਂ ਦੇ ਲੱਭੇ ਹੋਏ ਖਜ਼ਾਨੇ ਦੀ ਪਰਵਾਹ ਨਾ ਕਰਕੇ, ਉਸ ਤੋਂ ਲਾਭ ਨਾ ਉਠਾ ਕੇ, ਆਪਣਾ ਜੀਵਨ ਨਾ ਸੁਧਾਰ ਕੇ ਸਿਰਫ ਖੋਜੀ ਦੀ ਹੀ ਪੂਜਾ ਕਰਦੇ ਰਹਿੰਦੇ ਹਨ ਤੇ ਸਾਰਾ ਜੀਵਨ ਵਿਅਰਥ ਗੁਆ ਦਿੰਦੇ ਹਨ। "ਸਾਡੇ ਪਵਿਤਰ ਗਰੰਥ ਸਾਹਿਬ ਜੀ ਦੀ (ਜੋ ਕਿ ਸਿੱਖ ਗੁਰੂਆਂ ਦੀ ਸ਼ਿਖਸ਼ਾ

ਦਾ ਨਚੋੜ ਹੈ) ਸਤਰ ਸਤਰ ਵਿੱਚ ਸਿਮਰਨ ਕਮਾਈ ਕਰਕੇ ਸਿੱਖਾਂ ਨੂੰ ਪ੍ਰਭੂ ਜੇਡੇ ਸ਼ਕਤੀਮਾਨ ਨਿਰਭੈ. ਨਿਰਵੈਰ ਤੇ ਸੁਖੀ ਹੋ ਜਾਣ ਦਾ ਉਪਦੇਸ਼ ਹੈ। ਸਿਮਰਨ ਕਮਾਈ ਨਾਲ ਹੀ ਮਾਨਸ ਤੋਂ ਦੇਵਤਾ, ਗਿੱਦੜ ਤੋਂ ਸ਼ੇਰ ਤੇ ਚਿੜੀ ਤੋਂ ਬਾਜ਼ ਬਣ ਸਕਦਾ ਹੈ।" ਸਾਰੇ ਮਹਾਨ ਪੁਰਸ਼ ਸਦੀਆਂ ਤੋਂ ਇਹੋ ਉਪਦੇਸ਼ ਦਿੰਦੇ ਆਏ ਹਨ ਪਰ ਸਿਰਫ 'ਖੋਜੀ' ਦੀ ਹੀ ਪੂਜਾ ਕਰਕੇ ਅਸੀਂ ਖੁਸ਼ ਹੋ ਜਾਂਦੇ ਹਾਂ ਤੇ ਕੋਈ ਵਿਰਲਾ ਹੈ ਜੋ ਟੀਸੀ ਤੇ ਪੁੱਜਦਾ ਹੈ।

ਉਹਨਾਂ ਦੀ ਕਹਾਣੀ **'ਸਿੱਖ ਦਾ ਇਮਤਿਹਾਨ'** ਵਿੱਚ ਸਿੱਖ ਦੇ ਅਸਲ ਅਰਥ ਤੇ ਕੰਮ ਦਰਸਾਏ ਗਏ ਹਨ। ਉਹਨਾਂ ਅਨੁਸਾਰ ਪੰਜਾਬੀ ਬੋਲੀ ਦਾ ਸਿੱਖ, ਜਿਸਦਾ ਮਤਲਬ ਵਿਦਿਆਰਥੀ ਹੈ, ਕੇਵਲ ਵਿਦਿਆਰਥੀ ਨਾ ਹੋ ਕੇ ਐਸਾ ਸ਼ਖਸ ਹੈ ਜੋ ਗੁਰੂ ਨਾਨਕ ਤੋਂ ਲੈ ਕੇ ਦਸਾਂ ਪਾਤਸ਼ਾਹੀਆਂ ਦੇ ਉਪਦੇਸ਼ਾਂ ਨੂੰ ਮੰਨਣ ਵਾਲਾ ਹੈ ਅਤੇ ਉਹਨਾਂ ਉਪਦੇਸ਼ਾਂ ਅਨੁਸਾਰ ਆਪਣੀ ਜ਼ਿੰਦਗੀ ਢਾਲਣ ਵਾਲਾ ਪੁਰਖ ਹੈ। ਧਰਮ ਦੀ ਮਾਨਤਾ ਬਾਰੇ ਉਹ ਕਹਿੰਦੇ ਹਨ ਕਿ ਜਿਸ ਤਰ੍ਹਾਂ ਹਰ ਇੱਕ ਇਲਮ ਦੇ ਦੋ ਪਾਸੇ ਹਨ, ਇੱਕ ਕਿਤਾਬੀ ਤੇ ਦੂਸਰਾ ਅਮਲੀ, ਉਸੇ ਪ੍ਰਕਾਰ ਧਰਮ ਜਾਂ ਆਤਮਕ ਇਲਮ ਦੇ ਭੀ ਦੋ ਹਿੱਸੇ ਹਨ। ਇਕ ਕਿਤਾਬੀ ਤੇ ਦੂਸਰਾ ਅਮਲੀ। ਇਹਨਾਂ ਦੋਹਾਂ ਤੋਂ ਬਿਨਾ ਆਦਮੀ ਅਸਲ ਅਰਥਾਂ ਵਿਚ ਧਾਰਮਿਕ ਨਹੀਂ ਕਿਹਾ ਜਾ ਸਕਦਾ, ਇੱਕ ਪਾਸਾ ਦੂਸਰੇ ਪਾਸੇ ਨੂੰ ਸਹਾਇਤਾ ਦਿੰਦਾ ਤੇ ਪੂਰਨ ਕਰਦਾ ਹੈ। ਉਹ ਇਸ ਚੀਜ਼ ਨੂੰ ਸਪਸ਼ਟ ਕਰਦੇ ਹਨ ਕਿ ਜੋ ਕੇਵਲ ਪੰਜ ਕੱਕੇ ਗ੍ਰਹਿਣ ਕਰਕੇ ਤੇ ਪਾਠ ਪੂਜਾ ਕਰਕੇ ਹੀ ਆਪਣੇ ਆਪ ਨੂੰ ਗੁਰਸਿੱਖ ਸਮਝਦੇ ਹਨ, ਉਹਨਾਂ ਨੂੰ ਜਾਣ ਲੈਣ ਚਾਹੀਦਾ ਹੈ ਕਿ ਗੁਰਸਿੱਖੀ ਉਤੇ ਵਿਦਵਤਾ ਭਰੇ ਲੰਬੇ ਚੌੜੇ ਲੇਖ ਲਿਖ ਜਾਂ ਪੜ੍ਹ ਲੈਣੇ ਕੇਵ੍ਲ ਗੁਰਸਿੱਖੀ, ਸਿੱਖ ਧਰਮ ਜਾਂ ਗੁਰੂ ਗਰੰਥ ਸਾਹਿਬ ਜੀ ਦੀ ਤਾਲੀਮ ਦਾ ਇੱਕ ਪਹਿਲੂ ਹੈ, ਜਿਸ ਦਾ ਜ਼ਿਆਦਾ ਜ਼ਰੂਰੀ ਪਹਿਲੂ ਗੁਰਸਿਖੀ ਦਾ ਅਮਲੀ ਜੀਵਨ ਜਾਂ ਗੁਰੂ ਨਾਨਕ ਦੀ ਤਾਲੀਮ ਦਾ ਆਪਣੇ ਜੀਵਨ ਵਿਚੋਂ ਲਿਸ਼ਕਾਰਾ ਵਜਣਾ ਹੈ। ਨਿਸਵਾਰਥ, ਲੋਕਾਂ ਦੀ ਭੀੜ ਵੇਲੇ ਸੇਵਾ ਕਰਨਾ ਗੁਰਸਿਖੀ ਹੈ ਤੇ ਅਸਲੀ ਧਾਰਮਕ ਪੁਰਸ਼ ਉਹ ਹੈ ਜੋ ਮਨ ਦੇ ਅਸਾਧ ਰੋਗਾਂ ਨੂੰ ਆਤਮਕ ਗਿਆਨ ਦੀ ਤਲਵਾਰ ਨਾਲ ਪਹਿਲੇ ਆਪਣੇ ਆਪ ਨੂੰ ਫਤਹਿ ਕਰੇ, ਫਿਰ ਆਪਣੇ ਦਵਾਲੇ ਦੇ ਇਨਸਾਨਾਂ ਨੂੰ ਨਫਸ ਦੇ ਰੋਗਾਂ ਤੋਂ ਛੁਟਕਾਰਾ ਪਾਉਣ ਦਾ ਵਲ ਦੱਸੇ।

ਆਪਣੀ ਕਹਾਣੀ **'ਪਾਪ-ਪੁੰਨ ਜਾਂ ਨੇਕੀ ਬਦੀ"** ਵਿੱਚ ਭੈੜੇ ਕੰਮਾਂ ਤੋਂ ਦੂਰ ਰਹਿਣ ਦਾ ਜਤਨ ਕਰਨ ਲਈ ਸਲਾਹ ਦਿੱਤੀ ਹੈ ਤੇ ਕੀ ਮੰਦਾ ਹੈ ਤੇ ਕੀ ਅੱਛਾ ਹੈ ਇਸਤੇ ਰੋਸ਼ਨੀ ਪਾਈ ਹੈ। ਕਹਿੰਦੇ ਹਨ ਕਿ "ਆਮ ਤੌਰ ਤੇ ਖੁਦਗਰਜ਼ੀ, ਝੂਠ ਬੋਲਣਾ, ਧੋਖਾ ਦੇਣਾ, ਬੇਇਨਸਾਫੀ ਕਰਨਾ, ਚੋਰੀ, ਡਾਕਾਂ, ਜ਼ਨ੍ਹਾ, ਖ਼ੂਨ, ਮੁਕੱਰ ਜਾਣਾ, ਨਫਰਤ ਕਰਨੀ, ਪਰਾਇਆ ਹੱਕ ਮਾਰਨਾ ਆਦਿ ਪਾਪ ਅਤੇ ਸੱਚ ਬੋਲਣਾ, ਪਿਆਰ ਕਰਨਾ, ਇਨਸਾਫ ਕਰਨਾ, ਕੌਲ ਕਰਕੇ ਨਿਭਾਣਾ, ਸੰਤੋਖ, ਦਇਆ, ਉਪਕਾਰ ਆਦਿ

ਪੁੰਨ ਜਾਂ ਨੇਕੀ ਦੇ ਕਰਮ ਗਿਣੇ ਜਾਂਦੇ ਹਨ।" ਪਰ ਕਦੇ ਕਦੇ ਇੱਕੋ ਕੰਮ ਅਲਗ -ਅਲਗ ਭਾਵਨਾ ਨਾਲ ਕਰਨ ਦੇ ਕਾਰਣ ਉਸਦਾ ਸਰੂਪ ਤੇ ਗੁਣ ਹੀ ਬਦਲ ਜਾਂਦੇ ਹਨ। ਉਹ ਇੱਕ ਡਾਕੂ ਤੇ ਡਾਕਟਰ ਦੀ ਮਿਸਾਲ ਦਿੰਦੇ ਹਨ ਕਿ ਦੋਨੋਂ ਹੀ ਆਦਮੀ ਦੇ ਸਰੀਰ ਤੇ ਚਾਕੂ ਚਲਾਉਂਦੇ ਹਨ ਪਰ ਭਾਵਨਾ ਦੇ ਅਨੁਸਾਰ ਉਸਦੇ ਗੁਣ ਦੋਸ਼ ਬਦਲ ਜਾਂਦੇ ਹਨ। ਡਾਕੂ ਚਾਕੂ ਚਲਾਂਦਾ ਹੈ ਆਦਮੀ ਨੂੰ ਨਿਰਬਲ ਕਰਕੇ ਉਸ ਦੀ ਕਮਾਈ ਲੁੱਟਣ ਲਈ ਤੇ ਡਾਕਟਰ ਚਾਕੂ ਦਾ ਇਸਤੇਮਾਲ ਕਰਦਾ ਹੈ ਮਰੀਜ਼ ਦੇ ਸਰੀਰ ਨੂੰ ਦੁੱਖ ਦੇਣ ਵਾਲੇ ਕਾਰਣਾਂ ਨੂੰ ਠੀਕ ਕਰਕੇ, ਉਸਨੂੰ ਮੁੜ ਕੇ ਸੇਹਤ ਮੰਦ ਜ਼ਿੰਦਗੀ ਗੁਜ਼ਾਰਣ ਦੇ ਲਾਇਕ ਬਨਾਉਣਾ। ਇਸ ਤਰ੍ਹਾਂ ਹਰ ਕੰਮ ਦੀ ਚੰਗਿਆਈ ਬੁਰਾਈ ਦਾ ਫੈਸਲਾ ਸਿਰਫ ਕੁਝ ਗਿਣੇ ਚੁਣੇ ਲਫਜ਼ਾਂ ਦੇ ਅਧਾਰ ਤੇ ਹੀ ਕਿਸੇ ਕੰਮ ਨੂੰ ਅੱਛਾ ਜਾਂ ਬੁਰਾ ਕਿਹਾ ਜਾ ਸਕਦਾ ਹੈ। ਇਸ ਲਈ ਬੀਰ ਜੀ ਦਾ ਵਿਸ਼ਵਾਸ ਹੈ ਕਿ ਗੁਰਸਿੱਖ ਲਈ ਹਰ ਕਰਮ ਜੋ ਉਸ ਨੂੰ ਨਿਰਭੈ ਅਤੇ ਨਿਰਵੈਰਤਾ ਵੱਲ ਲੈ ਜਾਵੇ, ਪੁੰਨ ਹੈ ਅਤੇ ਹਰ ਉਹ ਕਰਮ ਜੋ ਡਰ ਅਤੇ ਵੈਰ ਵਲ ਲੈ ਜਾਵੇ ਉਹ ਪਾਪ ਹੈ। ਇਸ ਤਰ੍ਹਾਂ ਉਹਨਾਂ ਨੇ ਚੰਗੇ ਮਾੜੇ ਦਾ ਨਿਸਤਾਰਾ ਕਰ ਦਿੱਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ : "ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੇ ਹੈ ਸੰਸਾ ਰੋਵਾ" ਦੇ ਸਿਰਲੇਖ ਹੇਠ ਲਿਖੀ ਕਹਾਣੀ ਦਾ ਮੰਤਵ ਭੀ ਗੁਰੂ ਨਾਨਕ ਦੇਵ ਜੀ ਦੀ ਇਸ ਲਾਈਨ ਵਿੱਚ ਛੁਪਿਆ ਹੈ "ਇਕਨਾ ਲਾਹਾ ਖੱਟਿਆ ਇਕ ਚਲੇ ਮੂਲ ਗਵਾਏ ਜੀਉ।।" ਇਨਸਾਨ ਨੂੰ ਰੱਬ ਦੀ ਦਰਗਾਹ ਤੋਂ ਧਰਤੀ ਤੇ ਆਪਣਾ ਜੀਵਨ ਸੁਚੱਜੇ ਤਰੀਕੇ, ਗੁਰਬਾਣੀ ਤੇ ਹੋਰ ਧਾਰਮਿਕ ਗਰੰਥਾਂ ਵਿੱਚ ਦੱਸੇ ਗਏ ਚੰਗੇ ਗੁਣਾਂ ਅਨੁਸਾਰ ਗੁਜ਼ਾਰ ਕੇ ਮੁੜ ਆਪਣੇ ਮੂਲ ਯਾਨੀ ਕਿ ਕਰਤਾਰ ਪਾਸ ਵਾਪਸ ਪੁਜੱਣਾ ਹੈ। ਇਸ ਧਰਤੀ ਤੇ ਬਹੁਤ ਸਾਰੀਆਂ ਲੁਭਾਵਣੀਆਂ, ਮੋਹਣੀਆਂ ਤੇ ਸੁਖ ਦੇ ਸਾਧਨ ਹਨ ਪਰ ਇਹਨਾਂ ਸਭਨਾਂ ਨੂੰ ਨਿਰਲੇਪ ਹੋ ਕੇ ਭੋਗਦਿਆਂ ਉਸ ਨੂੰ ਆਪਣੀ ਮੰਜ਼ਲ ਦਾ ਭੀ ਪੂਰਾ ਧਿਆਨ ਰੱਖਣਾ ਹੈ। ਲਿਖਦੇ ਹਨ, "ਜੀਵ ਰਸੀਆ ਹੈ। ਰਸ ਮਾਣ ਕੇ ਸੁਖੀ ਹੁੰਦਾ ਹੈ ਇਸ ਦੀ ਸਭ ਕ੍ਰਿਆ (ਕਰਮ) ਰਸਾਂ ਦੀ ਭਾਲ ਵਿਚ ਹੈ, ਅਨੰਦ ਦੀ ਭਾਲ, ਸੁਖਾਂ ਦੀ ਭਾਲ ਵਿੱਚ ਹੈ। ਜੀਵ ਜੋ ਕਰਦਾ ਹੈ, ਕਿਸੇ ਸੁਖ ਵਾਸਤੇ, ਕਿਸੇ ਰਸ ਜਾਂ ਅਨੰਦ ਵਾਸਤੇ ਕਰਦਾ ਹੈ।" ਬੀਰ ਜੀ ਦਾ ਕਹਿਣਾ ਹੈ ਕਿ ਜੀਵ ਦੇ ਈਸ਼ਵਰ ਤੱਕ ਦੇ ਸਫਰ ਵਿੱਚ ਇਹ ਸੰਸਾਰ, ਇਹ ਇੰਦਰੀਆਂ ਦਾ ਜੀਵਨ ਇੱਕ ਪੜਾ ਹੈ, ਜਿੱਥੇ ਉਹ ਹਰ ਪਰਕਾਰ ਦੇ ਤਜਰਬਿਆਂ ਵਿੱਚੋਂ ਲੰਘਦਾ ਹੈ।

ਇੰਦਰੀਆਂ ਦੇ ਜੀਵਨ ਵਿਚ ਇਕ ਅਤੀ ਭਾਵਪੂਰਕ ਤਬਦੀਲੀ ਦੀ ਸ਼ਕਲ ਭਾਈ ਵੀਰ ਸਿੰਘ ਜੀ ਦੀ ਇਕ ਪਿਆਰੀ ਜਿਹੀ ਕਵਿਤਾ ਵਿਚ ਖਿਚੀ ਗਈ ਹੈ। ਜੋ ਉਨ੍ਹਾਂ ਦੀ ਪੁਰਾਤਨ ਕਿਤਾਬ ਵਿਚੋਂ ਇਕ —"ਲੈਹਰਾਂ ਦੇ

ਹਾਰ" ਵਿਚ ਮੁਦੱਤ ਹੋਈ ਛਪੀ ਸੀ।

ਸਦੀਵੀ ਤੇ ਪੱਕੇ ਸੁਖਾਂ ਦੀ ਤਲਾਸ਼ ਵਿੱਚ ਜੀਵ ਦੀ, ਧਾਰਮਿਕ ਗਰੰਥ, ਗੁਰੂ ਅਤੇ ਸਾਧ ਸੰਗਤ ਬਹੁਤ ਮਦਦ ਕਰਦੇ ਹਨ। ਤਰ੍ਹਾਂ ਤਰ੍ਹਾਂ ਦੇ ਆਤਮਿਕ ਤਜਰਬੇ ਜੀਵ ਨੂੰ ਕਈ ਹੋਰ ਸੰਸਾਰਾਂ ਜਾਂ ਖੰਡਾਂ ਵਿੱਚੋਂ ਲੰਘਾ ਕੇ ਅਖੀਰ ਸੱਚਖੰਡ ਤੱਕ ਪੁਚਾਂਦੇ ਹਨ, ਜਿੱਥੋਂ ਆਪਣੇ ਮੂਲ ਵਿੱਚੋਂ ਇਸ ਨੂੰ ਉਹ ਸਦੀਵੀ ਪਰਮ ਅਨੰਦ, ਜਾਂ ਮਹਾਂਰਸ ਪਰਾਪਤ ਹੁੰਦਾ ਹੈ, ਜਿਸ ਭਾਲ ਵਿੱਚ ਇਹ ਅਨੇਕਾਂ ਜਨਮ ਭਟਕਿਆ ਹੁੰਦਾ ਹੈ। ਗੁਰਬਾਣੀ ਵਿੱਚ ਭੀ ਤਾਂ ਇਹ ਹੀ ਲਿਖਿਆ ਹੈ—

ਭਈ ਪਰਾਪਤ ਮਾਨੁਖ ਦੇਹੁਰਿਆ।
ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ।।
ਅਵਰ ਕਾਜ ਤੇਰੇ ਕਿਤੇ ਨਾ ਕਾਮ।। ਮਿਲਿ ਸਾਧ ਸੰਗਤ ਭਜ ਕੇਵਲ ਨਾਮ।।
ਹਰਿ ਚੇਤਹੁ ਅੰਤਿ ਹੋਇ ਸਖਾਈ।

ਮਨੁੱਖ ਦੀ ਮੁਕਤੀ ਇਸੇ ਤਰ੍ਹਾਂ ਹੋ ਸਕਦੀ ਹੈ।

ਸ. ਰਘਬੀਰ ਸਿੰਘ ਜੀ 'ਬੀਰ' ਦੀ ਇੱਕ ਹੋਰ ਕਹਾਣੀ 'ਸਿਪਾਹੀ' ਦੇ ਜ਼ਰੀਏ ਉਹ ਖਾਲਸਾ ਦੇ ਨਿਰਭੈ ਆਚਰਣ ਦਾ ਵੇਰਵਾ ਦਿੰਦੇ ਹਨ। ਆਖਦੇ ਹਨ ਕਿ ਜਿਵੇਂ ਇਕ ਮਾਮੂਲੀ ਸਿਪਾਹੀ ਵੱਡੇ ਤੋਂ ਵੱਡੇ ਔਹਦੇਦਾਰ ਤੇ ਭੀ ਕਨੂੰਨ ਦੇ ਉਲੰਘਣ ਲਈ ਕਾਰਵਾਈ ਕਰ ਸਕਦਾ ਹੈ, ਕਿਉਂਕਿ ਉਸ ਦੇ ਪਿੱਛੇ ਨਾ ਸਿਰਫ ਸਾਰਾ ਪੁਲਿਸ ਦਾ ਮਹਿਕਮਾ, ਬਲਕਿ ਸਰਕਾਰ ਦੀ ਭੀ ਹਮੈਤ ਹੁੰਦੀ ਹੈ ਤੇ ਉਹ ਕਿਸੇ ਤੋਂ ਭੈਅ ਨਹੀਂ ਖਾਂਦਾ, ਸਗੋਂ ਆਪਣਾ ਕਰਤਵ ਸਹੀ ਤਰ੍ਹਾਂ ਨਿਭਾਉਂਦਾ ਹੈ ਉਵੇਂ ਹੀ ਵਾਹਿਗੁਰੂ ਦੇ ਖਾਲਸਾ ਨੂੰ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਸਿੱਖ ਨੂੰ ਪਤਾ ਹੁੰਦਾ ਹੈ ਕਿ ਉਸਦੇ ਪਿੱਛੇ ਜੀਉਂਦਾ ਜਾਗਦਾ, ਸਰਬਸ਼ਕਤੀਮਾਨ ਅਤੇ ਨਿਰਭੈ ਵਾਹਿਗੁਰੂ ਅਤੇ ਉਸ ਦੀਆਂ ਸਾਰੀਆਂ ਸ਼ਕਤੀਆਂ ਹਨ ਅਤੇ ਵਾਹਿਗੁਰੂ ਦੇ ਖਾਲਸੇ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਵਾਹਿਗੁਰੂ ਦੀ ਕਿਰਪਾ ਨਾਲ ਹਰ ਕੰਮ ਵਿੱਚ ਫਤਹਿ ਹੀ ਫਤਹਿ ਹੁੰਦੀ ਹੈ। ਵਾਹਿਗੁਰੂ ਫਤਹਿ ਰੂਪ ਹੋਣ ਕਰਕੇ ਉਸਦਾ ਖਾਲਸਾ ਵੀ ਫਤਹਿ ਰੂਪ ਹੁੰਦਾ ਹੈ।

"ਜਾਕੈ ਭਗਤ ਅਨੰਦ ਮੈ।। ਜਾਕੇ ਭਗਤ ਕਉ ਨਾਹੀਂ ਖੈ।।
ਜਾਕੈ ਭਗਤ ਕਉ ਨਾਹੀ ਭੈ।। ਜਾਕੇ ਭਗਤ ਕਉ ਸਦਾ ਜੈ।।"

ਸਿਪਾਹੀ ਵਾਂਗ ਸਿੱਖ ਨੂੰ ਭੀ ਭਰੋਸਾ ਹੁੰਦਾ ਹੈ ਕਿ ਉਸ ਨੇ ਨੇਕ ਨੀਤੀ ਦੇ ਕੀਤੇ ਹੋਏ ਕੰਮ ਦੀ ਵਾਹਿਗੁਰੂ ਦੀ ਦਰਗਾਹ ਤੋਂ ਪਰੋੜਤਾ ਅਤੇ ਸਹਾਇਤਾ ਹੋਣੀ ਹੈ। ਉਹ ਇਸ ਵਿਸ਼ਵਾਸ ਨਾਲ ਅੱਗੇ ਚਲਦਾ ਹੈ — ਜਾਕਾ ਕੀਆ ਦਰਗਹ ਚਲੈ।। ਸੋ ਕਿਸ ਕਉ ਨਦਰਿ ਲੈ ਆਵੈ ਤਲੈ।।

## "ਨਿਰਾਸਤਾ ਪਾਪ ਹੈ"

ਕਹਿੰਦੇ ਹਨ 'ਜਬ ਤਕ ਸਾਂਸ ਤਬ ਤਕ ਆਸ।' ਆਸ ਦਾ ਪੱਲਾ ਛੱਡ ਦੇਣਾ ਮੌਤ ਦੇ ਬਰਾਬਰ ਹੈ। ਇੱਕ ਗੀਤ ਹੈ "ਕਹੋ ਨਾ ਆਸ ਨਿਰਾਸ ਭਈ" ਸੋ ਆਸ ਦੇ ਸਿਰ ਤੇ ਹੀ ਸੰਸਾਰ ਚਲਦਾ ਹੈ ਤੇ ਇਸੇ ਦੇ ਸਹਾਰੇ ਜੀਵ ਚਲਦਾ ਹੈ। ਆਪਣਾ ਕਰਮ ਕਰੋ ਤੇ ਜੇ ਫ਼ੇਲ੍ਹ ਹੋ ਜਾਵੋ ਤਾਂ ਮੁੜ ਕੇ ਕੋਸ਼ਿਸ਼ ਕਰੋ, ਸ਼ਾਇਦ ਕਿਤੇ ਖਾਮੀ ਰਹਿ ਗਈ ਹੋਵੇ। ਇਸੇ ਸੰਦਰਬ ਵਿੱਚ ਬੀਰ ਜੀ ਦੀ ਕਹਾਣੀ "ਨਿਰਾਸਤਾ ਪਾਪ ਹੈ" ਪੜ੍ਹ ਕੇ ਮਨ ਮੁੜ ਕੇ ਸੁਰਜੀਤ ਹੋ ਜਾਂਦਾ ਹੈ ਤੇ ਕੰਮ ਨੂੰ ਪੂਰਾ ਕਰਨ ਦੀ ਲਗਨ ਲੈ ਕੇ ਜੁਟ ਜਾਂਦਾ ਹੈ। ਇਸਦੀ ਲੋੜ ਨੂੰ ਉਹਨਾਂ ਨੇ ਬਿਜਲੀ ਦੇ ਮਿਸਤਰੀ ਦੀ ਮਿਸਾਲ ਦੇ ਕੇ ਬੜੇ ਸਹਿਜ ਤਰੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਉਹ ਕਹਿੰਦੇ ਹਨ ਕਿ ਭਾਵੇਂ ਬਿਜਲੀ ਨੂੰ ਪ੍ਰਤਖ ਰੂਪ ਵਿੱਚ ਮਿਸਤਰੀ ਨਹੀਂ ਦੇਖ ਪਾਂਦਾ ਪਰ ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਹੋਂਦ ਹੈ ਤੇ ਮੈਂ ਅਸਲੀ ਗਲਤੀ ਨੂੰ ਪਕੜ ਨਹੀਂ ਪਾ ਰਿਹਾ ਹਾਂ, ਇਸੇ ਕਾਰਣ ਰੋਸ਼ਨੀ ਨਹੀਂ ਹੋ ਰਹੀ। ਉਸ ਨੂੰ ਬਿਜਲੀ ਦੇ ਅਟੱਲ ਨਿਯਮਾਂ ਦੀ ਭੀ ਜਾਣਕਾਰੀ ਹੁੰਦੀ ਹੈ ਤੇ ਉਹ ਸਦੀਵੀ ਹਨ, ਬਦਲਦੇ ਨਹੀਂ ਰਹਿੰਦੇ ਇਸ ਲਈ ਉਹ ਆਪਣੀ ਅਸਮਰਥਾ ਨੂੰ ਸਮਰਥ ਬਨਾਣ ਲਈ ਜਤਨ ਜਾਰੀ ਰੱਖਦਾ ਹੈ ਤੇ ਬਿਜਲੀ ਦੇ ਅਟਲ ਨਿਯਮਾਂ ਕਰਕੇ ਸਫਲਤਾ ਜ਼ਰੂਰ ਪਾਂਦਾ ਹੈ। ਮਹਾਂਪੁਰਖਾਂ ਨੂੰ ਭੀ ਰੱਬ ਦੇ ਅਟੱਲ ਸੁਭਾ ਦਾ ਗਿਆਨ ਹੁੰਦਾ ਹੈ ਤੇ ਉਹ ਉਸਦੇ ਸੁਭਾ ਸੰਬੰਧੀ ਇੱਕਮਿੱਕ ਹੋਏ ਹੁੰਦੇ ਹਨ ਕਿ ਉਹ ਅਰਦਾਸਾਂ ਸੁਣਦਾ ਹੈ ਤੇ ਮੰਨਜ਼ੂਰ ਕਰਦਾ ਹੈ। ਲੋਕਾਂ ਦੇ ਔਗੁਣ ਭੁਲਾ ਕੇ ਆਪਣੇ ਦਿਆਲੂ, ਕ੍ਰਿਪਾਲੂ, ਦੁੱਖ ਦਰਦ ਨੂੰ ਨਵਿਰਤ ਕਰਨ ਵਾਲਾ, ਅਰਦਾਸਾਂ ਬੇਨਤੀਆਂ ਸੁਣਨ ਵਾਲਾ, ਆਪਣੇ ਸਦੀਵੀ ਗੁਣਾਂ ਕਰਕੇ ਮੁਰਾਦਾਂ ਪੂਰੀਆਂ ਕਰਦਾ ਹੈ ਪਰ ਸਿੱਖ ਨੂੰ ਭੀ ਮਿਸਤਰੀ ਵਾਂਗ ਅਡੋਲ ਰਹਿਣਾ ਹੋਵੇਗਾ। ਡੋਲਣ ਦਾ ਮਤਲਬ ਹੈ ਆਸਥਾ ਦੀ ਕਮੀ, ਇਸ ਤੋਂ ਪਰੇ ਹਟ ਕੇ ਅਰਦਾਸ ਕਰੋ ਤਾਂ ਮੰਨਜ਼ੂਰ ਜ਼ਰੂਰ ਹੁੰਦੀ ਹੈ। ਅਸਫਲ ਹੋਣ ਤੇ ਅਰਦਾਸ ਵਿੱਚ ਸੁਧਾਰ ਕਰਨਾ ਚਾਹੀਦਾ ਹੈ ਤੇ ਪੂਰੀ ਤਰ੍ਹਾਂ ਸੋਧ ਕੇ ਮੁੜ ਅਰਦਾਸ ਕਰਨ ਦੀ ਲੋੜ ਹੈ। ਜਿਵੇਂ ਬਿਜਲੀ ਦੇ ਨਿਯਮ ਤਿਵੇਂ ਅਰਦਾਸ ਦੇ ਨਿਯਮ ਹਨ। ਉਹ ਗੁਰਸਿੱਖ ਅਸਲ ਅਰਥਾਂ ਵਿੱਚ ਗੁਰੂ ਦਾ ਸਿੱਖ ਨਹੀਂ, ਜੋ ਕਰਤਾਰ ਦੀ ਜਾਤ ਅਤੇ ਕਰਤਾਰ ਦੇ ਸੁਭਾਓ ਉੱਤੇ ਸ਼ੱਕ ਕਰੇ। ਬਿਜਲੀ ਤੋਂ ਨਿਰਾਸ ਹੋਣਾ, ਬਿਜਲੀ ਦੇ ਸੁਭਾ ਨੂੰ ਨਾ ਸਮਝਣਾ ਹੈ, ਕਰਤਾਰ ਤੋਂ ਨਿਰਾਸ਼ ਹੋਣਾ ਕਰਤਾਰ ਦੇ ਸੁਭਾ ਨੂੰ ਨਾ ਸਮਝਣਾ ਹੈ। ਇਸ ਲਈ ਬਿਜਲੀ ਤੋਂ ਨਿਰਾਸ਼ ਹੋਣਾ ਮਿਸਤਰੀ ਲਈ ਅਤੇ ਕਰਤਾਰ ਤੋਂ ਨਿਰਾਸ਼ ਹੋਣਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿੱਖ ਲਈ ਪਾਪ ਹੈ।

## 'ਗੁਰਮੁਖ ਅਤੇ ਕਿਸਮਤ"

ਗੁਰਬਾਣੀ ਵਿੱਚ ਲਿਖਿਆ ਹੈ "ਸਚੇ ਮਾਰਗਿ ਚਲਦਿਆ ਉਸਤਤਿ ਕਰੇ ਜਹਾਨ" "ਮੰਦੀ ਕੰਮੀ ਨਾਨਕਾ ਜਦ ਕਦ ਮੰਦ ਹੋਇ।।" ਇਹ ਬਿਲਕੁਲ ਸੱਚ ਹੈ ਕਿ ਜਿਸ ਤਰ੍ਹਾਂ ਦੇ ਕਰਮ ਇਨਸਾਨ ਕਰਦਾ ਹੈ ਉਸ ਨੂੰ ਉਸੇ ਅਨੁਸਾਰ ਫਲ ਮਿਲਦਾ ਹੈ। ਇਸ ਕਥਨੀ ਦੀ ਸਚਾਈ ਦੱਸਣ ਲਈ ਹੀ ਰਘਬੀਰ ਸਿੰਘ 'ਬੀਰ' ਜੀ ਨੇ '**ਗੁਰਮੁਖ ਅਤੇ ਕਿਸਮਤ**' ਜਹੀ ਕਹਾਣੀ ਲਿਖੀ ਹੈ। ਉਹ ਕਹਿੰਦੇ ਹਨ ਕਿ ਕਰਮ ਕੇਵਲ ਸਰੀਰ ਨਾਲ ਹੀ ਨਹੀਂ ਹੁੰਦਾ, ਉਸ ਤੋਂ ਪਹਿਲਾਂ ਉਸ ਕਰਮ ਨੂੰ ਕਰਨ ਦੀ ਵਿਉਂਤ ਮਨ ਵਿੱਚ ਪੈਦਾ ਹੁੰਦੀ ਤੇ ਫਲਦੀ ਹੈ। ਕਰਮ ਭਾਵੇਂ ਹੱਥਾਂ ਪੈਰਾਂ ਨਾਲ ਕੀਤਾ ਜਾਵੇ ਜਾਂ ਮਨ ਦੁਆਰਾ, ਹਰ ਕਰਮ ਦਾ ਕੋਈ ਨਾ ਕੋਈ ਫਲ ਜਾਂ ਨਤੀਜਾ ਜ਼ਰੂਰ ਹੁੰਦਾ ਹੈ। ਜੋ ਮਨੁੱਖ ਦਿਲੋਂ ਕਿਸੇ ਦਾ ਭਲਾ ਚਾਹੁਣ ਲੱਗ ਜਾਂਦਾ ਹੈ ਤੇ ਭਾਵੇਂ ਉਸ ਨੂੰ ਤਨ ਨਾਲ ਉਸ ਦੀ ਭਲਾਈ ਕਰਨ ਦਾ ਮੌਕਾ ਨਾ ਵੀ ਮਿਲੇ, ਤੱਦ ਭੀ ਉਸ ਨੇ ਮਨ ਨਾਲ ਇੱਕ ਸ਼ੁਭ ਕੰਮ ਕੀਤਾ ਹੈ, ਜਿਸ ਦਾ ਫਲ ਮਨ ਦੀ ਨਿਰਮਲਤਾ ਤੇ ਮਜ਼ਬੂਤੀ ਵਿੱਚ ਜ਼ਰੂਰ ਨਿਕਲਦਾ ਹੈ। ਭਾਵ ਕਿ ਕਿਸੇ ਲਈ ਅੱਛਾ ਸੋਚਣਾ ਭੀ ਇੱਕ ਸ਼ੁਭ ਕਰਮ ਹੈ। ਕਰਮਾਂ ਦਾ ਫਲ ਝਟਪਟ ਹੀ ਨਿਕਲ ਆਵੇ ਇਹ ਜ਼ਰੂਰੀ ਨਹੀਂ। ਕੁਝ ਕਰਮਾਂ ਦੇ ਫਲ ਦੇਰ ਨਾਲ ਨਿਕਲਦੇ ਹਨ ਤੇ ਕਈਆਂ ਦੇ ਜਲਦੀ ਹੀ। ਜਿਵੇਂ ਕਈ ਬੀਜ ਐਸੇ ਹਨ ਜੋ ਜਲਦੀ ਫੁੱਟ ਪੈਂਦੇ ਹਨ ਤੇ ਕਈ ਕੁਝ ਦੇਰ ਨਾਲ ਤੇ ਇਸੇ ਤਰ੍ਹਾਂ ਕੁਝ ਦਰਖਤ ਜਲਦੀ ਫਲ ਦੇਣ ਲੱਗ ਪੈਂਦੇ ਹਨ ਤੇ ਕਈ ਕਾਫੀ ਸਾਲਾਂ ਬਾਅਦ, ਪਰ ਬੀਜ ਬੋਇਆਂ ਫਲ ਮਿਲਦਾ ਜ਼ਰੂਰ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਹ ਮੰਨਿਆ ਹੈ ਕਿ ਕਿਸਮਤ ਜਾਂ ਲੇਖ ਅੱਟਲ ਹੁੰਦੇ ਹਨ, ਕਿਸਮਤ (ਪਿਛਲੇ ਕਰਮਾਂ ਦੀ ਲੜੀ ਤੋਂ ਪੈਦਾ ਹੋਏ ਨਤੀਜਿਆਂ ਦਾ ਸਮੂਚਾ ਸੰਗ੍ਰਹਿ) ਟਲ ਜਾਂ ਮਿਟ ਨਹੀਂ ਸਕਦੀ, ਇਸ ਨੂੰ ਭੁਗਤਣਾ ਹੀ ਪੈਂਦਾ ਹੈ। ਇਹ ਕਰਤਾਰ ਦਾ ਅਟੱਲ ਕਾਨੂੰਨ ਹੈ। ਬੀਰ ਜੀ ਕਹਿੰਦੇ ਹਨ ਕਿ ਜੋ ਇਨਸਾਨ ਪਰਮਾਤਮਾ ਦੀ ਦਿਆਲੂ ਬਿਰਤੀ ਤੇ ਔਗੁਣ ਮਾਫ ਕਰਨ ਵਾਲੇ ਸੁਭਾਵ ਤੇ ਭਰੋਸਾ ਰੱਖਦੇ ਹਨ, ਉਹ ਸੱਚੇ ਦਿਲ ਨਾਲ ਪਸ਼ਚਾਤਾਪ ਕਰਕੇ ਨਿਰੰਕਾਰ ਤੋਂ ਆਪਣੇ ਮਾੜੇ ਕਰਮਾਂ ਨੂੰ ਬਖ਼ਸ਼ਵਾ ਭੀ ਸਕਦੇ ਹਨ ਤੇ ਕਰਤਾਰ ਬਖ਼ਸ਼ਦਾ ਕੇਵਲ ਉਸ ਨੂੰ ਹੈ, ਜਿਸਦੇ ਦਿਲ ਵਿੱਚ ਅੱਗੇ ਲਈ ਔਗੁਣਾਂ ਨਾਲ ਘ੍ਰਿਣਾ ਅਤੇ ਨੇਕ ਤੇ ਉੱਚਾ ਜੀਵਨ ਬਤੀਤ ਕਰਨ ਦਾ ਦ੍ਰਿੜ ਇਰਾਦਾ ਪੈਦਾ ਹੋ ਜਾਵੇ। ਆਮ ਸੰਸਾਰੀ ਲੋਕ ਤਾਂ ਆਪਣੀ ਕਿਸਮਤ ਜਾਂ ਕਰਮਾਂ ਦੀ ਚੱਕੀ ਵਿਚ ਪਿਸਦੇ ਰਹਿੰਦੇ ਹਨ ਅਤੇ ਜੋ ਗੁਰਮੁਖ ਹੈ, ਉਹ ਪਿਛਲੇ ਮੰਦੇ ਕਰਮਾਂ ਦੇ ਦੁਖ ਰੂਪੀ ਨਤੀਜਿਆਂ ਤੋਂ ਬਚਦਾ ਅਤੇ ਅਗੇ ਨੂੰ ਸ਼ੁਭ ਅਮਲ ਕਰਕੇ ਆਪਣੀ ਆਉਣ ਵਾਲੀ ਕਿਸਮਤ ਨੂੰ ਸੁਖਾਂ ਦਾ ਸੋਮਾਂ ਬਣਾਂਦਾ ਹੈ। ਉਹ ਕਰਤਾਰ ਨੂੰ ਆਪਣੇ ਤੋਂ ਅਲਗ ਨਹੀਂ ਮੰਨਦਾ ਅਤੇ ਕਰਤਾਰ ਦੇ ਰਚੇ ਅਸੂਲਾਂ ਦੀ ਪੂਰੀ ਵਰਤੋਂ ਕਰਦਾ, ਆਪਣੀ ਮਰਜ਼ੀ ਅਨੁਸਾਰ ਆਪਣੀ ਕਿਸਮਤ

ਘੜਦਾ ਹੈ। ਗੁਰਮੁਖ ਕਿਸਮਤ ਅੱਗੇ ਬੇ-ਬਸ ਤੇ ਲਾਚਾਰ ਹੋ ਕੇ ਨਹੀਂ ਖਲੋਂਦਾ, ਸਗੋਂ ਕਰਤਾਰ ਦੇ ਸੁਭਾਵ ਨੂੰ ਸਮਝ ਕੇ ਉਸਦੇ ਸੁਭਾਵ ਤੋਂ ਲਾਭ ਉਠਾਂਦਾ ਹੋਇਆ ਕਿਸਮਤ ਦਾ ਮਾਲਕ ਜਾਂ ਕਿਸਮਤ ਦਾ ਕਰਤਾ ਬਣ ਕੇ ਸੰਸਾਰ ਵਿੱਚ ਵਿਚਰਦਾ ਹੈ।

**'ਦੁਖ ਦਾਰੂ'**

ਸ਼ਾਸਤਰਾਂ ਅਨੁਸਾਰ ਸੰਸਾਰੀ ਤ੍ਰੈਮੂਰਤੀ ਰਾਹੀਂ ਚਲਾਇਆ ਜਾਂਦਾ ਹੈ। ਬ੍ਰਹਮਾ ਉਤਪਤੀ ਕਰਦਾ ਹੈ, ਵਿਸ਼ਨੂੰ ਪਾਲਣਾ ਕਰਦਾ ਹੈ ਤੇ ਮਹੇਸ਼ ਵਿਨਾਸ਼ ਕਰਦਾ ਹੈ, ਅੰਤ ਕਰਦਾ ਹੈ। ਆਮ ਇਨਸਾਨ ਜ਼ਰੂਰ ਇਹ ਸੋਚੇਗਾ ਕਿ ਆਖਰ ਬੀਮਾਰੀ ਕਿਉਂ ਹੈ ? ਰੱਬ ਦੇ ਬਣਾਏ ਜਗਤ ਵਿੱਚ ਸਭ ਚੀਜ਼ਾਂ ਚੰਗੀਆਂ ਹੋਣੀਆਂ ਚਾਹੀਦੀਆਂ ਹਨ। ਇਥੇ ਬੀਮਾਰੀ, ਚਿੰਤਾ, ਸ਼ੋਕ, ਬੁੜਾਪਾ ਅਤੇ ਮੌਤ ਕਿਉਂ ਹੈ ? ਇਹਨਾਂ ਸਵਾਲਾਂ ਦਾ ਜਵਾਬ ਦੇਣ ਦੀ ਚੇਸ਼ਟਾ ਬੀਰ ਜੀ ਨੇ ਆਪਣੀ ਕਹਾਣੀ 'ਦੁਖ ਦਾਰੂ' ਵਿੱਚ ਕੀਤੀ ਹੈ। ਉਹ ਕਹਿੰਦੇ ਹਨ ਕਿ ਹਸਪਤਾਲਾਂ ਵਿੱਚ ਮਰੀਜ਼ ਤਰ੍ਹਾਂ ਤਰ੍ਹਾਂ ਦੀਆਂ ਬੀਮਾਰੀਆਂ ਵੇਖਕੇ ਘਬਰਾ ਜਾਂਦੇ ਹਨ ਪਰ ਇਸ ਪਾਸੇ ਗਹੁ ਨਹੀਂ ਕਰਦੇ ਕਿ ਹਸਪਤਾਲ ਉਹਨਾਂ ਰੋਗਾਂ ਨੂੰ ਦੂਰ ਕਰਨ ਲਈ ਬਣਾਏ ਗਏ ਹਨ, ਇਸੇ ਤਰ੍ਹਾਂ ਸੰਸਾਰ ਵਿੱਚ ਦੁਖ ਸੰਤਾਪ, ਬੀਮਾਰੀ, ਚਿੰਤਾ ਆਦਿ ਮਾੜੀਆਂ ਘਟਨਾਵਾਂ ਦੀ ਬੁਨਿਆਦ ਵਿੱਚ ਵੀ ਕੁਦਰਤ ਦੀ ਸ਼ੁਭ ਇੱਛਾ ਅਤੇ ਹਮਦਰਦੀ ਪ੍ਰਤੀਤ ਹੁੰਦੀ ਹੈ। ਇਹਨਾਂ ਰਾਹੀਂ ਕੁਦਰਤ ਕੇਵਲ ਬੇਪਰਵਾਹ ਇਨਸਾਨ ਨੂੰ ਤਾੜਨਾ ਕਰਦੀ ਹੈ। ਜਿਹੜਾ ਆਦਮੀ ਕੁਦਰਤ ਦੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਦੇ ਹਨ ਤੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਪੰਜੇ ਵਿੱਚ ਬੇ-ਬਸ ਹੋ ਕੇ ਨਾ ਖੇਡੇ, ਉਸ ਵਾਸਤੇ ਜੀਵਨ ਇੱਕ ਖੇਡ ਹੈ, ਇੱਕ ਕੰਢਿਆਂ ਤੋਂ ਰਹਿਤ ਗੁਲਜ਼ਾਰ ਹੈ। ਉਹ ਸੰਸਾਰ ਵਿੱਚ ਇੰਜ ਮੌਜਾਂ ਮਾਣਦਾ ਹੈ, ਜਿਵੇਂ ਕਿਸੇ ਜੰਞ ਨਾਲ ਆਇਆ ਜਾਂਞੀ। ਪਰ ਕੁਦਰਤ ਦੇ ਅਸੂਲਾਂ ਤੋਂ ਬੇਮੁਖ ਹੋ ਕੇ ਤਾਂ ਆਪ ਦੁੱਖਾਂ ਨੂੰ ਬੁਲਾਵਾ ਦੇਣਾ ਹੈ।

ਸੰਸਾਰ ਵਿੱਚ ਦੋ ਵਿਪਰੀਤ ਤਾਕਤਾਂ ਕੰਮ ਕਰ ਰਹੀਆਂ ਹਨ। ਇੱਕ ਦਾ ਕੰਮ ਉਸਾਰੀ ਕਰਨਾ ਹੈ ਤੇ ਦੂਸਰੀ ਢਾਹੁੰਦੀ ਹੈ। ਦਿਸਣ ਨੂੰ ਤਾਂ ਇਹ ਇੱਕ ਦੂਸਰੇ ਦੇ ਉਲਟ ਕੰਮ ਕਰਦੀਆਂ ਹਨ ਪਰ ਅਸਲ ਵਿੱਚ ਇੱਕ ਹੀ ਸ਼ਕਤੀ ਦੇ ਦੋ ਰੂਪ ਹਨ। ਜਿਵੇਂ ਬਿਜਲੀ ਜਿੱਥੇ ਗਰਮੀ ਦਾ ਸ੍ਰੋਤ ਬਣ ਕੇ ਚੀਜ਼ਾਂ ਗਰਮ ਕਰਨ ਦੀ ਸ਼ਕਤੀ ਰੱਖਦੀ ਹੈ, ਉੱਥੇ ਉਹ ਚੀਜ਼ਾਂ ਠੰਡੀਆਂ ਰੱਖਣ ਅਤੇ ਬਰਫ ਜਮਾਉਣ ਵਿੱਚ ਭੀ ਸਹਾਇਕ ਹੈ। ਬੀਰ ਜੀ ਸਮਝਾਉਂਦੇ ਹਨ ਕਿ ਸੰਸਾਰ ਵਿਚ ਸ਼ਕਤੀ ਤਾਂ ਇੱਕੋ ਹੀ ਹੈ ਪਰ ਉਸਦੀ ਇੱਕ ਪਾਸੇ ਦੀ ਵਰਤੋਂ ਨੂੰ ਉਸਾਰੂ ਆਖਦੇ ਹਨ ਅਤੇ ਦੂਜੇ ਪਾਸੇ ਦੀ ਵਰਤੋਂ ਨੂੰ ਢਾਹੂ ਆਖਦੇ ਹਨ। ਪਰ ਅਸਲ ਵਿੱਚ (ਇੱਕ ਪੱਛਮੀ ਖੋਜੀ ਦੇ ਵਿਚਾਰ ਅਨੁਸਾਰ) ਬੁਰਾਈ ਨਾਂ ਦੀ ਕੋਈ ਚੀਜ਼ ਨਹੀਂ, ਸਿਰਫ ਉਸ ਚੀਜ਼ ਦਾ ਖਾਤਮਾ ਕੀਤਾ ਜਾਂਦਾ ਹੈ, ਜਿਸਦੀ ਹੋਂਦ ਨੁਕਸਾਨ ਪੁਚਾ ਸਕਦੀ ਹੈ। ਇਸ ਭਾਵ

ਅਰਥ ਨੂੰ ਉਸ ਇੰਜ ਸੁਖਾਲਾ ਕੀਤਾ ਹੈ "ਸੰਸਾਰ ਵਿੱਚ ਅਰਬਾਂ ਖਰਬਾਂ ਐਟਮਜ਼ ਤੇ ਇਲੈਕਟ੍ਰੋਨਜ਼ ਹਨ ਜੋ ਸਥਾਈ ਰੂਪ ਵਿੱਚ ਆਤਮਾ ਤੇ ਘੜਤ ਦੇ ਮਸਾਲੇ ਦੇ ਨਿਰਮਾਣ ਦਾ ਦੋਹਰਾ ਕੰਮ ਕਰਦੇ ਹਨ — ਇਸ ਦਾ ਮਤਲਬ ਹੈ, ਦੋ ਪ੍ਰਕਾਰ ਦੇ ਜਿਹੜੇ ਕਿ ਸਮਾਨਤਾ ਦੀ ਸੰਭਾਲ ਕਰਦੇ ਹਨ ਤੇ ਦੂਸਰੇ ਜਿਨ੍ਹਾਂ ਦਾ ਕੰਮ ਹੈ ਨਿਖੇੜਨਾ ਯਾਨੀ ਕਿ ਖਤਮ ਕਰਨਾ, ਤਾਂ ਜੋ ਮੁੜ ਕੇ ਉਸਾਰੀ ਕੀਤੀ ਜਾ ਸਕੇ। ਜਿਵੇਂ ਇਹ ਸਾਰੀ ਕਾਇਨਾਤ ਤੇ ਲਾਗੂ ਹੈ, ਉਸੇ ਹੀ ਤਰ੍ਹਾਂ ਜੀਵਧਾਰੀਆਂ ਤੇ ਇਨਸਾਨਾਂ ਤੇ ਭੀ ਲਾਗੂ ਹੈ।" ਇਸੇ ਤਰ੍ਹਾਂ ਸਾਡੇ ਸਰੀਰ ਵਿੱਚ ਵੀ ਦੋ ਵਿਰੋਧੀ ਤਾਕਤਾਂ ਕੰਮ ਕਰਦੀਆਂ ਹਨ। ਇੱਕ ਦੀ ਅਣਗਹਿਲੀ ਦੂਸਰੀ ਲਈ ਵਰਦਾਨ ਸਿੱਧ ਹੁੰਦੀ ਹੈ। ਜੇਕਰ ਕੋਈ ਚੀਜ਼ ਖਰਾਬ ਹੋਣੀ ਸ਼ੁਰੂ ਹੋ ਹੀ ਜਾਵੇ ਤਾਂ ਉਸ ਦਾ ਖਤਮ ਹੋਣਾ ਲਾਜ਼ਮੀ ਹੈ ਤੇ ਇੱਕ ਤਰ੍ਹਾਂ ਨਾਲ ਸਹੀ ਭੀ ਹੈ। ਬੀਮਾਰੀਆਂ ਤਾਂ ਤੁਹਾਨੂੰ ਖਬਰਦਾਰ ਕਰਨ ਦਾ ਵਸੀਲਾ ਹਨ। ਢਹਿ ਜਾਣ ਤੋਂ ਬਾਅਦ ਮੁੜ ਨਿਰਮਾਣ ਹੋਣਾ ਭੀ ਉਤਨਾ ਹੀ ਅਟਲ ਹੈ, ਜਿਵੇ ਅਣਗਹਿਲੀ ਨਾਲ ਕਿਸੇ ਵਸਤੂ ਦਾ ਖਤਮ ਹੋਣਾ ਅਟਲ ਹੈ ਤੇ ਇੰਜ ਇਹ ਚੱਕਰ ਚਲਦਾ ਰਹਿੰਦਾ ਹੈ।

## ਧਰਮ ਦੀ ਜ਼ਰੂਰਤ

ਬੀਰ ਜੀ ਦੀ ਕਹਾਣੀ **'ਧਰਮ ਦੀ ਜ਼ਰੂਰਤ'** ਇਨਸਾਨ ਦੀ ਬੁਨਿਆਦੀ ਜ਼ਰੂਰਤ ਹੈ। ਉਹਨਾਂ ਅਨੁਸਾਰ ਜੇਕਰ ਇਹ ਸੋਚਿਆ ਜਾਵੇ ਕਿ ਧਰਮ ਸਿਰਫ ਮਰਨ ਪਿੱਛੋਂ ਹੀ ਕੰਮ ਆਉਂਦਾ ਹੈ। ਉਕਾ ਗਲਤ ਹੈ ਬਲਕਿ ਇਸ ਤੋਂ ਉਲਟ ਸਚਾਈ ਇਹ ਹੈ ਕਿ ਧਰਮ ਜਿਸਦੇ ਸਹੀ ਅਰਥ ਆਤਮ-ਸਾਇੰਸ ਹਨ। ਆਦਮੀ ਦੀ ਹਰ ਵੇਲੇ, ਹਰ ਕੰਮ ਵਿੱਚ, ਹਰ ਤਰੀਕੇ ਨਾਲ ਸਹਾਇਤਾ ਕਰਦਾ ਹੈ। ਜਿਵੇਂ ਸਰੀਰਕ ਕਸਰਤ ਸਰੀਰ ਨੂੰ ਤੰਦਰੁਸਤ ਬਣਾ ਦਿੰਦੀ ਹੈ, ਉਸੇ ਤਰ੍ਹਾਂ ਮਨ ਦੀ ਵਰਜ਼ਿਸ਼ ਜਾਂ ਆਤਮ ਅਭਿਆਸ, ਇਨਸਾਨ ਦੇ ਸਫਲ ਜੀਵਨ ਬਤੀਤ ਕਰਨ ਦੇ ਵਧੇਰੇ ਯੋਗ ਕਰ ਦਿੰਦਾ ਹੈ। ਮਜ਼ਬੂਤ ਸਰੀਰ ਨਾਲੋਂ ਮਜ਼ਬੂਤ ਮਨ ਆਦਮੀ ਦੇ ਜੀਵਨ ਨੂੰ ਸਫਲ ਬਨਾਉਣ ਵਿੱਚ ਜ਼ਿਆਦਾ ਸਹਾਇਕ ਹੁੰਦਾ ਹੈ। ਆਤਮ ਸਾਇੰਸ ਮਨੁੱਖ ਨੂੰ ਜਗਤ ਰਚਨਾ ਦੀ ਤਹਿ ਵਿੱਚ ਲੁਕੀ ਚੇਤਨਾ ਸ਼ਕਤੀ ਨਾਲ ਜੋੜ ਕੇ ਤੰਦਰੁਸਤ ਤੇ ਸ਼ਕਤੀਵਾਨ ਬਣਾ ਦਿੰਦੀ ਹੈ। ਇਸ ਧਰਤੀ ਤੇ ਜੀਵਨ ਜੁਗਾਂਤਰਾਂ ਤੱਕ ਕਾਇਮ ਰੱਖਿਆ ਜਾ ਸਕਦਾ ਹੈ, ਜੇਕਰ ਆਦਮੀ ਇਹ ਗੱਲ ਸਮਝ ਲਵੇ ਕਿ ਉਹ ਆਪਣਾ ਜੀਵਨ ਦੁਨੀਆਂ ਵਿੱਚ ਲੰਬਾ ਕਰ ਸਕਦਾ ਹੈ ਅਤੇ ਅਤੇ ਤੰਦਰੁਸਤੀ ਨੂੰ ਬਹੁਤ ਸਮੇਂ ਤੱਕ ਕਾਇਮ ਰੱਖਿਆ ਜਾ ਸਕਦਾ ਹੈ, ਦਿਨਾਂ ਤੇ ਸਾਲਾਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ, ਉਹ ਇੱਕ ਖੁਸ਼ੀ ਤੋਂ ਬਾਅਦ ਹੋਰ ਖੁਸ਼ੀਆਂ ਮਾਣ ਸਕਦਾ ਹੈ, ਜਿਵੇਂ ਖੁੱਲ੍ਹੀ ਹਵਾ ਵਿੱਚ ਸਾਹ ਲੈ ਰਿਹਾ ਹੋਵੇ।

ਹਰ ਇੱਕ ਜੀਵ ਦੇ ਰਿਜ਼ਕ ਦਾ ਪ੍ਰਬੰਧ ਕਰਤਾਰ ਉਸਦੀ ਪੈਦਾਇਸ਼ ਤੋਂ ਪਹਿਲਾਂ ਹੀ ਕਰ ਦਿੰਦਾ ਹੈ। "ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੈ ਰਿਜਕੁ

ਸਮਾਹਾ।।' ਉਦਮ ਕਰਨਾ ਜੀਵ ਦਾ ਫਰਜ਼ ਹੈ ਤੇ ਫਲ ਦੇਣਾ ਪ੍ਰਮਾਤਮਾ ਦੀ ਦਾਤ ਹੈ। ਆਮ ਲੋਕਾਂ ਦਾ ਖਿਆਲ ਹੈ ਕਿ ਧਾਰਮਿਕ ਪੁਰਸ਼ ਗਰੀਬ ਰਹਿੰਦਾ ਹੈ ਪਰ ਇਹ ਸੱਚ ਨਹੀਂ ਹੈ। ਸ਼ੁਧ ਵਿਚਾਰ ਰੱਖਣ ਵਾਲਾ ਭੀ ਧਨ ਕਮਾ ਸਕਦਾ ਹੈ ਪਰ ਤ੍ਰਿਸ਼ਨਾ ਤੋਂ ਦੂਰ ਰਹਿਣਾ ਧਾਰਮਿਕ ਪੁਰਸ਼ ਦਾ ਹੀ ਕੰਮ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਲਿਖਿਆ ਹੈ —

"ਗਹੁ ਕਰਿ ਪਕਰੀ ਨ ਆਈ ਹਾਥਿ। ਪ੍ਰੀਤਿ ਕਰੀ ਚਾਲੀ ਨਹੀ ਸਾਥਿ।।
ਕਹੁ ਨਾਨਕ ਜਉ ਤਿਆਗ ਦਈ। ਤਉ ਓਹ ਚਰਣੀ ਆਇ ਪਈ।।"

ਗੁਰਮੁਖ ਜਾਂ ਹਰੀ-ਭਗਤ ਮਾਇਆ ਵਲ ਉਸ ਨਿਗਾਹ ਨਾਲ ਕਦੀ ਨਹੀਂ ਦੇਖਦੇ, ਜਿਸ ਭੁੱਖੀ ਨਿਗਾਹ ਨਾਲ ਦੁਨੀਆ ਦਾ ਦੀਵਾਨਾ ਤਕਦਾ ਹੈ। ਜਦ ਗੁਰਮੁਖ ਪਾਸ ਧਨ ਹੋਵੇ ਤਾਂ ਉਹ ਆਪਣੀ ਜ਼ਰੂਰਤ ਅਨੁਸਾਰ ਆਪਣੇ ਸੁਖਾਂ ਨੂੰ ਵਧਾਣ ਵਾਲੇ ਪਦਾਰਥ ਖਰੀਦ ਕੇ ਆਪਣੀ ਸੰਸਾਰਕ ਯਾਤਰਾ ਨੂੰ ਪੂਰੇ ਆਰਾਮ ਤੇ ਸੁਖਾਂ ਵਾਲੀ ਬਣਾਂਦਾ ਹੈ। ਵਪਾਰਕ ਮੰਡਲਾਂ ਵਿੱਚ ਦੇਖਿਆ ਗਿਆ ਹੈ ਕਿ ਉਹ ਆਦਮੀ ਪੱਕੇ ਤੌਰ ਤੇ ਕਾਮਯਾਬ ਹੁੰਦੇ ਹਨ, ਜਿਨ੍ਹਾਂ ਦੇ ਕਾਰੋਬਾਰ ਸੱਚ ਦੇ ਅਸੂਲਾਂ ਤੇ ਕਾਇਮ ਹੋਣ। ਇਹ ਆਤਮ ਸਾਇੰਸ ਦਾ ਹੀ ਕੰਮ ਹੈ ਜੋ ਜੀਵ ਨੂੰ ਸੁਚੇਤ ਕਰਦੀ ਹੈ ਕਿ ਤੂੰ ਈਸ਼ਵਰ ਰੂਪੀ ਅਥਾਹ ਸਾਗਰ ਵਿੱਚ ਇੱਕ ਲਹਿਰ ਹੈਂ ਤੇ ਉਸ ਤੋਂ ਕਦੀ ਅਲਗ ਨਹੀਂ ਹੋ ਸਕਦਾ। ਸਾਗਰ ਅਮਰ ਹੈ ਤੇ ਇਸ ਲਈ ਤੂੰ ਭੀ ਅਮਰ ਹੈਂ। ਧਰਮ ਹੀ ਇਨਸਾਨ ਨੂੰ ਉਸ ਦੀ ਅਸਲੀਅਤ ਤੋਂ ਵਾਕਿਫ ਕਰਾ ਕੇ ਐਸੀ ਨਿਰਭੈ ਅਵਸਥਾ ਵਿੱਚ ਪੁਚਾ ਦਿੰਦਾ ਹੈ, ਜਿੱਥੇ ਉਹ ਭਰੋਸੇ ਨਾਲ ਆਖ ਸਕਦਾ ਹੈ :—

"ਮ੍ਰਨ ਹ੍ਰਾਰ ਇਹ ਜਿਊਰਾ ਨਾਹਿ।"

ਅਤੇ

"ਨਾ ਜੀਉ ਮਰੈ ਨਾ ਮਾਰਿਆ ਜਾਈ। ਕਰਿ ਦੇਖੈ ਸਬਦਿ ਰਜਾਈ ਹੇ।"

ਉਹ ਅੱਗੇ ਲਿਖਦੇ ਹਨ ਕਿ ਧਾਰਮਿਕ ਸ਼ਿਕਸ਼ਾ ਇਨਸਾਨ ਨੂੰ ਸ੍ਵੈਕਾਬੂ ਸਿਖਾਉਂਦੀ ਹੈ ਤੇ ਘਟ ਖਾਣ ਵਾਲਾ ਇਨਸਾਨ ਖਾਣੇ ਦਾ ਸਵਾਦ ਜ਼ਿਆਦਾ ਖਾਣ ਵਾਲੇ ਨਾਲੋਂ ਵਧੇਰੇ ਉਠਾਂਦਾ ਹੈ ਤੇ ਉਸੇ ਤਰ੍ਹਾਂ ਨਿਜ ਕਾਬੂ ਰੱਖਣ ਵਾਲਾ ਪੁਰਸ਼ ਲਿੰਗ ਚੇਸ਼ਟਾ ਦਾ ਜ਼ਿਆਦਾ ਸਵਾਦ ਮਾਣਦਾ ਹੈ। ਇਸ ਲਈ ਗੁਰਮੁਖ ਨਾ ਤੇ ਵਿਸ਼ਈ ਹੁੰਦਾ ਹੈ, ਨਾ ਸੰਨਯਾਸੀ। ਉਹ ਜਗਤ ਰਚਨਾ ਸਬੰਧੀ ਕੁਦਰਤ ਦੇ ਮਨਸ਼ੇ ਨੂੰ ਸਮਝਦਾ ਹੈ ਅਤੇ ਉਸ ਅਨੁਸਾਰ ਆਪਣਾ ਜੀਵਨ ਕੁਦਰਤੀ ਰੰਗ ਦਾ ਬਣਾਂਦਾ ਹੈ। ਜਿਵੇਂ ਬੀਜ ਆਪਣੇ ਆਪ ਨੂੰ ਦਰਖਤ ਵਿੱਚ ਦੇਖਦਾ ਹੈ, ਇਨਸਾਨ ਆਪਣੇ ਆਪ ਨੂੰ ਆਪਣੀ ਸੰਤਾਨ ਵਿੱਚ ਸਮਾਇਆ ਪਰਤੀਤ ਕਰਦਾ ਹੈ। ਆਤਮ ਸਾਇੰਸ ਦਾ ਵਿਦਿਆਰਥੀ ਆਪਣੇ ਆਪ ਨੂੰ ਹਕੀਰ, ਆਜਿਜ਼ ਜਾਂ ਸਿਫਰ ਨਹੀਂ ਸਮਝਦਾ

ਬਲਕਿ ਕਰਤਾਰ ਦੀ ਰਚਨਾ ਦਾ ਬੜਾ ਜ਼ਰੂਰੀ ਅੰਗ ਮੰਨਦਾ ਹੈ। ਉਹ ਅਭਿਮਾਨੀ ਨਹੀਂ ਹੁੰਦਾ, ਕਿਉਂਕਿ ਉਹ ਆਪਣੀ ਬਨਾਵਟ ਵਿੱਚ ਆਪਣੀ ਵਡਿਆਈ ਨਹੀਂ ਦੇਖਦਾ, ਸਗੋਂ ਆਪਣੇ ਮਾਲਕ ਦੀ ਕਾਰੀਗਰੀ ਦੇਖਦਾ ਹੈ। ਉਹ ਆਪਣੀ ਮਹਤਤਾ ਨੂੰ ਪੂਰੀ ਤਰ੍ਹਾਂ ਜਾਣਦਾ ਹੈ, ਇਸ ਲਈ ਹੀਨ ਭਾਵਨਾ ਦਾ ਸ਼ਿਕਾਰ ਨਹੀਂ ਬਣਦਾ। ਇਹਨਾਂ ਦੇ ਸਾਹਮਣੇ ਰਾਓ ਤੇ ਰੰਕ ਇੱਕ ਸਮਾਨ ਹਨ ਤੇ ਨਾ ਉਹ ਰਾਓ ਤੋਂ ਡਰਦਾ ਹੈ ਤੇ ਨਾ ਰੰਕ ਨੂੰ ਡਰਾਂਦਾ ਹੈ।

ਕਹਾਣੀ **"ਮਜ਼ਬ ਨਾਲ ਬੇ-ਇਨਸਾਫੀ"** ਵਿੱਚ ਧਰਮ ਨੂੰ ਗਲਤ ਤਰੀਕੇ ਨਲ ਵਰਤੋਂ ਵਿੱਚ ਲਿਆਉਣਾ ਤੇ ਨਿਜ-ਲਾਭ ਲਈ ਬੇ-ਇਨਸਾਫੀ ਕਰਨਾ, ਬੜੀ ਭਾਰੀ ਮੂਰਖਤਾ ਹੈ। ਕਿਹਾ ਹੈ "ਮਜ਼ਬ ਆਪਣੇ ਸਹੀ ਅਰਥਾਂ ਵਿੱਚ ਰੂਹ ਦੇ ਇਲਮ ਜਾਂ ਆਤਮਾ ਦੇ ਗਿਆਨ, ਦਾ ਨਾਮ ਹੈ।" ਜੇਕਰ ਆਦਮੀ ਮਜ਼ਬ ਦੇ ਸਹੀ ਅਰਥਾਂ ਨੂੰ ਆਪਣੇ ਮਨ ਵਿੱਚ ਰਖਦਾ ਹੈ ਤਾਂ ਆਪਸ ਵਿੱਚ ਮਤਭੇਦ ਨਾ ਹੁੰਦੇ, ਮਾਰਕਾਟ ਨਾ ਹੁੰਦੀ, ਸਗੋਂ ਆਪਸ ਵਿੱਚ ਮਿਲ ਕੇ ਭਾਈਚਾਰੇ ਨਾਲ ਰਹਿੰਦੇ ਤੇ ਪ੍ਰੇਮ ਦਾ ਬੋਲਬਾਲਾ ਹੁੰਦਾ। ਇਸ ਇਲਮ ਨੂੰ ਸਮਝਣ ਲਈ ਜੋ ਕਿ ਬਾਕੀ ਦੇ ਸਾਰੇ ਇਲਮਾਂ ਤੋਂ ਮੁਸ਼ਕਲ ਇਲਮ ਹੈ, ਤੇ ਮਾਹਰ ਬਣਨ ਵਾਸਤੇ ਸਾਰੇ ਇਲਮਾਂ ਤੋਂ ਜ਼ਿਆਦਾ ਸਮਾਂ ਤੇ ਕੋਸ਼ਿਸ਼ ਦਰਕਾਰ ਹੈ। ਇਹ ਇਲਮ ਆਦਮੀ ਦੀ ਆਪਣੀ ਖ਼ਸਲਤ, ਆਪਣੀ ਆਤਮਕ ਬਣਾਵਟ, ਆਪਣੇ ਅਸਲ, ਆਪਣੇ ਮੂਲ ਦੀ ਖੋਜ ਹੈ, ਇਸ ਵਾਸਤੇ ਦੂਸਰੇ ਇਲਮਾਂ ਨਾਲੋਂ ਜ਼ਿਆਦਾ ਮੇਹਨਤ, ਜ਼ਿਅਦਾ ਉਡੀਕ ਤੇ ਜ਼ਿਆਦਾ ਹੌਸਲਾ ਮੰਗਦਾ ਹੈ। ਆਦਮੀ ਜੋ ਆਪ ਨਹੀਂ ਹੈ, ਉਸ ਤੋਂ ਬੇਪਰਵਾਹ ਹੁੰਦਾ ਹੈ ਤੇ ਨੁਕਤਾਚੀਨੀ ਕਰਦਾ ਹੈ। ਇਸੇ ਤਰ੍ਹਾਂ ਮਜ਼ਬ ਦੀ ਅਸਲੀਅਤ ਨੂੰ ਜੋ ਆਦਮੀ ਨਹੀਂ ਵੀ ਜਾਣਦੇ, ਉਹ ਵੀ ਇਸ ਨੂੰ ਕੋਸਣਾ ਤੇ ਭੰਡਣਾ ਆਪਣਾ ਪੈਦਾਇਸ਼ੀ ਹੱਕ ਸਮਝਦੇ ਹਨ। ਬੀਰ ਜੀ ਲਿਖਦੇ ਹਨ : "ਜੋ ਮਿੱਤਰ ਮਜ਼ਬ ਨੂੰ ਇਸ ਵਾਸਤੇ ਮਾੜਾ ਆਖਦੇ ਹਨ ਕਿ ਕਈ ਨਕਲੀ ਮਜ਼ਬੀ ਲੋਕਾਂ ਨੇ ਦੁਨੀਆਂ ਨੂੰ ਧੋਖਾ ਦਿੱਤਾ ਹੈ, ਉਹ ਅਸਲ ਮਜ਼ਬ ਨਾਲ ਬੇ-ਇਨਸਾਫੀ ਕਰਦੇ ਹਨ। ਇੱਕ ਸਜੱਣ, ਜੋ ਰੱਬ ਨੂੰ ਬਹੁਤ ਬੁਰਾ ਭਲਾ ਕਿਹਾ ਕਰਦੇ ਸਨ, ਇਸਦਾ ਸਬੱਬ ਪੁਛੱਣ ਤੇ ਆਖਣ ਲਗੇ ਕਿ ਉਹਨਾਂ ਦੇ ਪਿੰਡ ਦਾ ਗਰੰਥੀ ਚੋਰੀ ਕਰਦਾ ਪਕੜਿਆ ਗਿਆ ਸੀ, ਜਿਸ ਰੱਬ ਦੇ ਏਜੰਟ (ਭਾਈ, ਮੁੱਲਾਂ, ਗਰੰਥੀ) ਇਤਨੇ ਮਾੜੇ ਹੋਣ ਉਹ ਆਪ ਖਵਰੇ ਕਿੱਡਾ ਮਾੜਾ ਹੋਵੇਗਾ, ਇਸ ਕਰਕੇ ਮੈਂ ਮਜ਼ਬ ਨੂੰ ਮਾੜੇ ਕੰਮ ਕਰਨ ਦੀ ਆੜ, ਤੇ ਦੁਨੀਆਂ ਨੂੰ ਧੋਖਾ ਦੇਣ ਦਾ ਅੱਡਾ ਸਮਝਦਾ ਹਾਂ।" ਪਰ ਇਸ ਪਾਸੇ ਵੀ ਧਿਆਨ ਦੇਣਾ ਜ਼ਰੂਰੀ ਹੈ ਕਿ ਹਰ ਚੀਜ਼ ਦੇ ਦੋ ਪਹਿਲੂ ਹੁੰਦੇ ਹਨ। ਮਜ਼ਬ ਦੇ ਨਾਂ ਉਤੇ ਜੇਕਰ ਕਈ ਜ਼ੁਲਮ ਹੋਏ ਹਨ ਤਾਂ ਮਜ਼ਬ ਦੇ ਨਾਂ ਉਤੇ ਕਰੋੜਾਂ ਨੇਕ ਕੰਮ ਵੀ ਹੋਏ ਹਨ। ਮਜ਼ਬ ਦੀ ਆੜ ਹੇਠਾਂ ਜੇ ਕਿਸੇ ਵੇਲੇ ਦੁਨੀਆਂ ਨੂੰ ਧੋਖਾ ਦਿੱਤਾ ਗਿਆ ਹੈ ਤਾਂ ਮਜ਼ਬ ਦੇ ਸਾਏ ਹੇਠ ਕਰੋੜਾਂ ਦੁਖੀਆਂ ਤੇ ਨਿਆਸਰਿਆਂ ਨੂੰ ਤਸੱਲੀ ਤੇ ਆਸ ਵੀ ਮਿਲੀ ਹੈ, ਬੇਅੰਤ ਅਸੰਤੁਸ਼ਟ

ਰੂਹਾਂ ਨੂੰ ਸੱਚੀ ਰਾਹਤ ਵੀ ਹਾਸਲ ਹੋਈ ਹੈ। ਬੀਰ ਜੀ ਦਾ ਤੱਤ ਹੈ ਕਿ ਜੇਕਰ ਇਹ ਕਿਹਾ ਜਾਵੇ ਕਿ ਮਜ਼ਬ ਨਾਲ ਬੇ-ਇਨਸਾਫੀ ਹੋਈ ਹੈ, ਉਸ ਦਾ ਨਤੀਜਾ ਅੱਜ ਸਾਰੀ ਦੁਨੀਆਂ ਅਸ਼ਾਂਤੀ, ਈਰਖਾ, ਬੇਸਬਰੀ, ਨਫ਼ਰਤ ਅਤੇ ਖ਼ੂਨ ਖਰਾਬੇ ਦੀ ਸ਼ਕਲ ਵਿੱਚ ਭੁਗਤ ਰਹੀ ਹੈ। ਸਾਡੇ ਅੱਗੇ ਇੱਕੋ ਰਾਹ ਰਹਿ ਗਿਆ ਹੈ ਕਿ ਅਸੀਂ ਦ੍ਰਿੜ੍ਹ ਨਿਸਚੇ ਨਾਲ ਮਜ਼ਬ ਦੇ ਅਸਲੀ ਅਰਥਾਂ ਨੂੰ ਸਮਝੀਏ ਤੇ ਉਸਦਾ ਪਾਲਣ ਕਰੀਏ, ਤਦੇ ਹੀ ਸੰਸਾਰ ਵਿੱਚ ਸੁਖ ਦਾ ਵਾਸ ਹੋ ਸਕੇਗਾ।

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਂਵਾਕ ਹੈ :—

"ਪਰ ਕਾ ਬੁਰਾ ਨਾ ਰਾਖਹੁ ਚੀਤ। ਤੁਮ ਕਉ ਦੁਖ ਨਹੀਂ ਭਾਈ ਮੀਤ।"

ਮਨ ਦਾ ਸਰੀਰ ਨਾਲ ਬਹੁਤ ਗੂੜ੍ਹਾ ਸੰਬੰਧ ਹੈ। ਚਿਹਰਾ ਮਨ ਦਾ ਆਈਨਾ ਹੈ। ਜੇ ਮੰਨ ਪ੍ਰਸੰਨ ਹੈ ਤਾਂ ਚਿਹਰਾ ਵੀ ਦਮਕਦਾ ਹੈ। ਦੁਖੀ ਮਨ ਦਾ ਅਕਸ ਭੀ ਚਿਹਰੇ ਤੇ ਪੈਂਦਾ ਹੈ। ਇਸੇ ਵਿਸ਼ੇ ਦੇ ਬਾਰੇ ਬੀਰ ਜੀ ਨੇ **'ਖਿਆਲ ਦਾ ਅਸਰ ਸਿਹਤ ਅਤੇ ਸਰੀਰ ਪਰ'** ਵਿੱਚ ਕੀਤਾ ਹੈ। ਲਿਖਦੇ ਹਨ "ਭੈ ਨਾਲ ਹਜ਼ਾਰਾਂ ਆਦਮੀ ਹੌਲੀ ਹੌਲੀ ਚੁੜ ਚੁੜ ਕੇ, ਝੂਰ ਝੂਰ ਕੇ, ਮਰਦੇ ਖਪਦੇ ਹਨ। ਭੈ ਅਨੇਕ ਪ੍ਰਕਾਰ ਦਾ ਹੈ। ਜਿਹਨਾਂ ਨੂੰ ਬੀਮਾਰੀ, ਡਰ-ਭੈ ਚੰਬੜਿਆ ਹੈ, ਉਹ ਉਸ ਡਰ ਦਾ ਸਦਕਾ ਬੀਮਾਰੀ ਦਾ ਸ਼ਿਕਾਰ ਹੁੰਦੇ ਹਨ : ਜਿਨ੍ਹਾਂ ਦੇ ਮਨ ਵਿੱਚ ਗੰਦੇ, ਮਾੜੇ, ਅਪਵਿੱਤਰ ਖਿਆਲ ਵਸਦੇ ਹੋਣ, ਉਹਨਾਂ ਦੇ ਸਰੀਰ ਵਿੱਚ ਲਹੂ ਗੰਦਾ, ਰੋਗੀ ਹੋਣਾ ਅੱਵਸ਼ ਹੈ। ਜੇ ਹਿਰਦਾ ਸ਼ੁਧ ਹੋਵੇ ਤਾਂ ਜੀਵਨ ਸ਼ੁਧ ਹੋਵੇਗਾ ਤੇ ਦੇਹ ਨਰੋਈ ਤੇ ਅਰੋਗ ਹੋਵੇਗੀ। ਅਰੋਗ ਮਨ ਦੇ ਮਾਲਕ ਚਾਹੇ ਕਿਤਨੇ ਭੀ ਬਿਰਧ ਕਿਉਂ ਨਾ ਹੋ ਜਾਣ, ਉਹਨਾਂ ਦਾ ਚਿਹਰਾ ਹਸੂੰ ਹਸੂੰ ਕਰਦਾ ਚਮਕਦਾ ਰਹਿੰਦਾ ਹੈ ਤੇ ਭੈੜੇ ਵਿਚਾਰ ਰੱਖਣ ਵਾਲੇ ਅਧੇੜ ਉਮਰ ਵਿੱਚ ਭੀ ਬੁੱਢੇ ਨਜ਼ਰ ਆਉਂਦੇ ਹਨ। ਚਿਹਰੇ ਤੇ ਕਰੂਪਤਾ ਤੇ ਕੁਟਿਲਤਾ ਝਾਕਦੀ ਦਿਸਦੀ ਹੈ। ਸਰਬੱਤ ਦਾ ਭਲਾ ਚਾਹੁਣਾ, ਸਭ ਨਾਲ ਹੱਸਣਾ ਖੇਡਣਾ, ਸਭ ਦੇ ਗੁਣ ਜਾਨਣ ਦਾ ਯਤਨ ਕਰਨਾ, ਧੀਰਜ ਧਾਰਨਾ — ਇਹ ਹੈ ਸਵਰਗ ਦਾ ਮਾਰਗ, ਤੇ ਜੋ ਵਡਭਾਗਾ ਦਿਨ ਰਾਤ ਸਭ ਦਾ ਭਲਾ ਮੰਗਣ ਵਾਲਾ ਹੈ, ਸਭ ਨਾਲ ਪ੍ਰੇਮ ਕਰਦਾ ਹੈ, ਉਹ ਤਾਂ ਅਵੱਸ਼ ਹੀ ਸ਼ਾਂਤ ਤੇ ਆਨੰਦ ਰਹੇਗਾ।

## ਸਭ ਤੋਂ ਪਹਿਲਾ ਮਿੱਤਰ

ਕੋਮਲ ਮਨਾਂ ਦੇ ਮਾਲਕ ਅਕਸਰ ਅਜਿਹੇ ਕੁਝ ਅਨੁਭਵ ਆਪਣੇ ਅੰਦਰ ਸਮੇਟੀ ਰਖਦੇ ਹਨ ਜੋ ਆਦਮੀ ਦੇ ਕਿਸੇ ਨਾ ਕਿਸੇ ਛਿੰਨ ਉਹਨਾਂ ਨੂੰ ਮੁੜ ਮੁੜ ਯਾਦ ਆਉਂਦੇ ਹਨ, ਜਦ ਇਨਸਾਨ ਨੂੰ ਕਠਨਾਈ ਦੀਆਂ ਘੜੀਆਂ ਵਿੱਚੋਂ ਲੰਘਣਾ ਪੈਂਦਾ ਹੈ। ਬੀਰ ਜੀ ਨੂੰ ਭੀ ਅਜਿਹੇ ਕਿਸੇ ਛਿੰਨ, ਸੋਚਦਿਆਂ ਆਪਣੇ ਪਿਆਰੇ ਮਿੱਤਰ ਕਬੂਤਰ ਦੀ ਯਾਦ ਆਈ, ਜਿਸ ਉਹਨਾਂ ਦੇ ਮਨ ਦੇ ਕਿਸੇ ਕੋਮਲ ਸਥਾਨ ਨੂੰ ਛੋਹ ਕੇ ਇੱਕ ਅਮਿੱਟ ਛਾਪ ਛਡੀ ਸੀ। ਕਹਿੰਦੇ ਹਨ "ਉਹ ਕੈਸਾ ਅਜੀਬ ਸਮਾਂ ਸੀ ਜਦ

ਕਿ ਸਿਰਫ ਇੱਕ ਜ਼ਖ਼ਮੀ ਕਬੂਤਰ ਨੂੰ ਫੜ ਕੇ ਮੇਰੇ ਦਿਲ ਅੰਦਰ ਖੁਸ਼ੀ, ਅਨੰਦ ਅਤੇ ਉਤਸ਼ਾਹ ਦੀਆਂ ਉਹ ਠਾਠਾਂ ਵੱਜੀਆਂ।" ਇੱਕ ਬਾਲ ਮਨ ਦਾ ਪਹਿਲਾ ਤਜਰਬਾ ਕਿਸੇ ਦੂਸਰੇ ਜੀਵ ਨੂੰ ਆਪਣੇ ਨੇੜੇ ਲਿਆਉਣ ਦਾ ਤੇ ਉਸ ਤਰ੍ਹਾਂ ਦਾ ਅਦਭੁਤ ਅਨੁਭਵ ਕਿੰਨਾ ਸੁਖਾਵਾਂ ਹੈ ਤੇ ਨਾਲ ਹੀ ਪਤਾ ਨਹੀਂ ਕਿੰਨੇ ਹੋਰ ਭੀ ਕਈ ਤਰ੍ਹਾਂ ਦੇ ਸੁਆਦ ਤੇ ਭਾਵਨਾਵਾਂ ਭੀ ਉਜਾਗਰ ਹੁੰਦੀਆਂ ਹਨ।

ਸੱਚ ਹੈ : "ਉਮਰ ਦਾ ਵਾਧਾ, ਅਕਲ ਦੀ ਵਰਤੋਂ, ਜ਼ਿੰਦਗੀ ਦੇ ਤਜਰਬੇ, ਦੂਰ ਅੰਦੇਸ਼ੀ ਨੇ ਮੈਥੋਂ ਮੇਰੀ ਬਾਲ ਅਵਸਥਾ ਦੀ ਨਾਵਾਕਫੀ ਦੇ ਅਨੰਦ ਅਤੇ ਭੋਲੇਪਨ ਦੀ ਬੇਹਦ ਖੁਸ਼ੀ ਨੂੰ ਕਿਉਂ ਖੋਹ ਲਿਆ ਹੈ"। ਬੀਰ ਜੀ ਦੇ ਏਸ ਤਜਰਬੇ ਨੂੰ ਹੋਰ ਭੀ ਬਹੁਤ ਸਾਰਿਆਂ ਨੇ ਮਹਿਸੂਸ ਕੀਤਾ ਹੋਵੇਗਾ ਤੇ ਇਸ ਵੇਦਨਾਂ ਦੀ ਡੂੰਘਾਈ ਨੂੰ ਸਮਝ ਸਕਦੇ ਹੋਣਗੇ, ਬਾਲਕ ਸਦਾ ਹੀ ਵਾਹਿਗੁਰੂ ਦੀ ਹਸਤੀ ਦੇ ਨੇੜੇ ਹੁੰਦੇ ਹਨ। ਉਹਨਾਂ ਦੀਆਂ ਭਾਵਨਾਵਾਂ ਬੇਲਾਗ, ਸੁਚੀਆਂ ਤੇ ਸੱਚੀਆਂ ਹੁੰਦੀਆਂ ਹਨ, ਜਿਵੇਂ ਉਹ ਕਹਿੰਦੇ ਹਨ ਕਿ ਕੀ ਹੋਇਆ ਜੇਕਰ ਉਹ ਆਦਮੀ ਤੇ 'ਮੋਤੀ' ਕਬੂਤਰ ਸੀ। ਉਹ ਜਦ ਭੀ ਮੋਤੀ ਨੂੰ ਚੁੱਕ ਕੇ ਛਾਤੀ ਨਾਲ ਲਾਉਂਦੇ ਜਾਂ ਚੁੰਮਦੇ ਸਨ ਤਾਂ ਉਹਨਾਂ ਨੇ ਸਦਾ ਇਹ ਹੀ ਮਹਿਸੂਸ ਕੀਤਾ ਸੀ ਕਿ ਉਹਨਾਂ ਦੇ ਅਤੇ ਮੋਤੀ ਦੇ ਅੰਦਰ ਰਹਿਣ ਵਾਲੀ ਹਸਤੀ ਇੱਕੋ ਹੀ ਹੈ। ਇਸ ਭਾਵਨਾ ਨੂੰ ਵੱਡੇ ਹੋ ਕੇ ਸਮਝਣ ਲਈ ਬੜੀ ਤਪਸਿਆ ਦੀ ਲੋੜ ਹੈ ਤੇ ਵੱਡਿਆਂ ਨੂੰ ਸਮਝਣ ਲਈ ਕਿਸੇ ਮਹਾਂਪੁਰਖ ਦੇ ਮੂੰਹੋਂ ਇਹ ਸ਼ਬਦ ਸੁਣਨੇ ਜ਼ਰੂਰੀ ਹਨ।

ਉਹ ਕਹਿੰਦੇ ਹਨ ਕਿ ਪਸ਼ੂ ਪੰਛੀ ਤੇ ਆਦਮੀ ਦੇ ਜੀਵਨ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਤੇ ਫਸੌਣੀਆਂ ਇੱਕੋ ਹੀ ਕਿਸਮ ਦੀਆਂ ਹੁੰਦੀਆਂ ਹਨ ਤੇ ਉਹਨਾਂ ਤੋਂ ਉਭਰਨ ਲਈ ਉਹ ਕੋਈ ਖ਼ਾਸ ਘਟੀਆ ਤਰੀਕੇ ਨਹੀਂ ਵਰਤਦੇ। ਸਗੋਂ ਇਹ ਕਿਹਾ ਜਾ ਸਕਦਾ ਹੈ ਕਿ ਬਹੁਤ ਸਾਰੀਆਂ ਗੱਲਾਂ ਵਿੱਚ ਉਹਨਾਂ ਦਾ ਵਤੀਰਾ ਸਾਥੋਂ ਚੰਗਾ ਹੈ। ਮੋਤੀ ਆਪਣੀ ਜੀਵਨ ਸਾਥਣ ਦਾ ਬੜੇ ਚਾਅ ਨਾਲ ਸਵਾਗਤ ਕਰਦਾ ਹੈ। ਉਸ ਦੇ ਵਤੀਰੇ ਵਿੱਚ ਕੋਈ ਦਿਖਾਵਾ ਨਹੀਂ, ਧੋਖਾ ਨਹੀਂ ਤੇ ਨਾ ਹੀ ਉਹ ਉਸ ਨੂੰ ਆਪਣੇ ਪੈਰਾਂ ਦੀ ਜੁੱਤੀ ਸਮਝਦਾ ਹੈ, ਨਾ ਹੀ ਉਸਦੀ ਉਪਾਸਨਾ ਕਰਦਾ ਹੈ ਤੇ ਨਾ ਹੀ ਕੇਵਲ ਉਸ ਨੂੰ ਆਪਣੀ ਕਾਮ ਵਾਸਨਾ ਦਾ ਵਸੀਲਾ ਸਮਝਦਾ ਹੈ। ਉਹ ਉਸਨੂੰ ਆਪਣੀ ਖੁਸ਼ੀ ਦਾ ਸੋਮਾ ਤੇ ਜੀਵਨ ਦਾ ਆਧਾਰ ਸਮਝਦਾ ਸੀ ਤੇ ਇਸ ਪਰਕਾਰ ਉਹ ਮਨੁੱਖ ਨਾਲੋਂ ਕਿਤੋਂ ਉੱਚਾ ਤੇ ਸੱਚਾ ਹੈ।

ਉਹ ਆਪਣੀ ਸਾਥਣ ਦੀ ਸੁਰਖਿਆ ਲਈ ਕਿਸੇ ਵੀ ਜਵਾਂ ਮਰਦ ਤੋਂ ਘੱਟ ਹਿੰਮਤ ਤੇ ਦਲੇਰੀ ਦਾ ਪਰਿਚੈ ਨਹੀਂ ਦਿੰਦਾ।

ਬੱਚਾ ਆਪਣੀ ਰੋਜ਼ ਦੀ ਜ਼ਿੰਦਗੀ ਵਿੱਚ ਮਾਤਾ ਪਿਤਾ ਨੂੰ ਕੰਮ ਕਰਦੇ ਦੇਖਦਾ ਹੈ, ਪੜੋਸੀਆਂ ਜਾਂ ਰਿਸ਼ਤੇਦਾਰਾਂ ਦੇ ਘਰ ਨਵੇਂ ਜੰਮੇ ਬੱਚੇ ਵੇਖ ਸੁਣ ਦੇ ਸ਼ਾਇਦ ਉਸ ਨੂੰ ਐਨਾ ਅਚੰਭਾ ਨਹੀਂ ਹੁੰਦਾ, ਜਿਨਾਂ ਕਿ ਇਹ ਜਾਣ ਕੇ ਕਿ ਸਾਡੇ ਪਾਲਤੂ

ਜਾਨਵਰ ਭੀ ਘਰ ਬਣਾਉਂਦੇ ਹਨ ਤੇ ਉਹਨਾਂ ਦੇ ਬੱਚੇ ਹੁੰਦੇ ਹਨ। ਮੋਤੀ ਦਾ ਤੀਲੇ ਕੱਠੇ ਕਰਨਾ ਤਾਂ ਹੈਰਾਨੀ ਸੀ ਹੀ ਪਰ ਜਦੋਂ ਮੋਤੀ ਦੇ ਹੇਠਾਂ ਆਂਡੇ ਪਏ ਦੇਖੇ ਤਾਂ ਉਹ ਇੱਕ ਅਜੀਬ ਹੀ ਅਨੁਭਵ ਸੀ ਤੇ ਫਿਰ ਦੋਹਾਂ ਦਾ ਮਿਲ ਕੇ ਬੱਚਿਆਂ ਨੂੰ ਪਾਲਣਾ ਤੇ ਆਪਣੇ ਆਪ ਨੂੰ ਉਹਨਾਂ ਦੇ ਮੋਹ ਤੋਂ ਨਿਰਲੇਖ ਵੀ ਰੱਖਣਾ ਕਿਸੇ ਮਹਾਂਪੁਰਖ ਦੀ ਝਲਕ ਦਿੰਦਾ ਹੈ। ਰਹਿੰਦਾ ਭਾਂਵੇਂ ਉਹ ਜ਼ਮੀਨ ਦੇ ਛੋਟੇ ਜਿਹੇ ਟੁਕੜੇ ਤੇ ਸੀ ਪਰ ਨਜ਼ਰ ਸਦਾ ਆਸਮਾਨ ਵੱਲ ਰਹਿੰਦੀ ਸੀ। ਉਹ ਇੱਜ਼ਤ ਯੋਗ ਹੈ।

ਜਿਸ ਤਰ੍ਹਾਂ ਮੋਤੀ ਦੀ ਮੌਤ ਦਾ ਜ਼ਿਕਰ ਬੀਰ ਜੀ ਨੇ ਕੀਤਾ ਹੈ, ਕਿਸੇ ਵੀ ਸੰਵੇਦਨਸ਼ੀਲ ਇਨਸਾਨ ਦੀਆਂ ਅੱਖਾਂ ਵਿੱਚ ਸਹਿਜੇ ਹੀ ਅਥਰੂ ਭਰ ਜਾਂਦੇ ਹਨ। ਜੇਕਰ ਕਿਸੇ ਇਨਸਾਨ ਨੇ ਇਸ ਤਰੀਕੇ ਨਾਲ ਮੌਤ ਦਾ ਸਾਹਮਣਾ ਕੀਤਾ ਹੁੰਦਾ ਤਾਂ ਉਸਦੀ ਪ੍ਰਸ਼ੰਸਾ, ਬਹਾਦਰੀ ਤੇ ਤਿਆਗ ਦੀਆਂ ਕਹਾਣੀਆਂ ਲਿਖੀਆਂ ਜਾਂਦੀਆਂ, ਲੇਖ ਛਪਦੇ ਤੇ ਸ਼ਾਇਦ ਕੋਈ ਸਮਾਰਕ ਭੀ ਬਣ ਜਾਂਦਾ। ਨਵੇਂ ਨਿਕਲੇ ਬੱਚੇ ਨੂੰ ਉਹ ਆਪਣੀ ਚੁੰਝ ਵਿੱਚ ਉਸਦੀ ਚੁੰਝ ਪਾ ਕੇ ਦਾਣੇ ਕੱਢ ਕੱਢ ਖਿਲਾ ਰਿਹਾ ਸੀ ਕਿ ਮਲਕੇ ਜਹੇ ਪਿੱਛੋਂ ਥਾਣੀ ਦੋਹਾਂ ਨੂੰ ਮੂੰਹ ਵਿੱਚ ਦਬੋਚ ਲਿਆ ਤੇ ਮੋਤੀ ਨੇ ਕਾਲ ਦਾ ਗ੍ਰਾਸ ਬਣਕੇ ਭੀ ਆਪਣਾ ਫਰਜ਼ ਨਹੀਂ ਭੁਲਿਆ ਤੇ ਐਸਾ ਫੜਫੜਾਇਆ ਕਿ ਬਿੱਲੀ ਨੂੰ ਬੱਚਾ ਤਾਂ ਛੱਡਣਾ ਹੀ ਪਿਆ ਤੇ ਉਸਨੂੰ ਲੈ ਕੇ ਨਸ ਗਈ। ਬੱਚਿਆਂ ਦੇ ਰੌਲਾ ਪਾਣ ਤੇ ਬਿੱਲੀ ਨੇ ਮੋਤੀ ਨੂੰ ਛੱਡ ਤਾਂ ਦਿੱਤਾ ਪਰ ਉਹ ਬਹੁਤ ਹੀ ਜ਼ਿਆਦਾ ਜ਼ਖ਼ਮੀ ਹੋ ਚੁੱਕਾ ਸੀ। ਫਿਰ ਭੀ ਆਪਣੀਆਂ ਅਧਮੀਟੀਆਂ ਅੱਖਾਂ ਨਾਲ ਆਪਣੇ ਪਰਿਵਾਰ ਨੂੰ ਵੇਖ ਰਿਹਾ ਸੀ ਤੇ ਉਹਨਾਂ ਦੀ ਸਲਾਮਤੀ ਲਈ ਦੁਆਵਾਂ ਕਰਦਾ ਉਹਨਾਂ ਤੋਂ ਰੁਖਸਤ ਹੋ ਗਿਆ। ਤੱਦ ਭੀ ਉਸਦੇ ਚਿਹਰੇ ਤੇ ਨਿਰਾਸਤਾ ਦਾ ਨਿਸ਼ਾਨ ਤੱਕ ਨਹੀਂ ਸੀ। ਉਹ ਮੌਤ ਤੋਂ ਇਨਸਾਨ ਦੀ ਤਰ੍ਹਾਂ ਡਰਦਾ ਨਹੀਂ ਸੀ। ਅਜਿਹੇ ਮਿੱਤਰ ਦੀ ਯਾਦ ਕੋਈ ਸਦ ਪੁਰਖ ਭਲਾ ਕਿਵੇਂ ਭੁਲਾ ਸਕਦਾ ਹੈ, ਜਿਸਦੇ ਜੀਵਨ ਅੱਗੇ ਇਨਸਾਨ ਦਾ ਜੀਵਨ ਭੀ ਤੁੱਛ ਲੱਗੇ ਤੇ ਜੋ ਐਨੀਆਂ ਸਾਰੀਆਂ ਸੁਖਦਾਇਕ ਤਜਰਬੇਕਾਰੀਆਂ ਤੋਂ ਤੁਹਾਨੂੰ ਜਾਣੂੰ ਕਰਾ ਦੇਵੇ। ਯਕੀਨਨ ਉਹ ਇਨਸਾਨ ਤੋਂ ਕਿਤੇ ਉੱਚਾ ਹੈ, ਇਹ ਬੀਰ ਜੀ ਨੇ ਸੱਭ ਨੂੰ ਅਨੁਭਵ ਕਰਾ ਦਿੱਤਾ।

## ਖੋਜੀ ਦੀ ਨਿਰਾਸਤਾ

ਸਮੇਂ ਸਮੇਂ ਤੇ ਅਵਤਾਰ ਇਸ ਸੰਸਾਰ ਵਿੱਚ ਆਉਂਦੇ ਹਨ, ਜੋ ਬੜੀ ਖੋਜ-ਬੀਨ ਤੇ ਘਾਲਣਾ ਘਾਲ ਕੇ ਮੁਕਤੀ ਦੇ ਰਾਹ ਦੇ ਖਜ਼ਾਨੇ ਨੂੰ ਖੋਜ ਲੈਂਦੇ ਹਨ - ਇਕ ਅਮੁੱਲ ਖ਼ਜ਼ਾਨੇ ਨੂੰ। ਉਹ ਸਵਾਰਥੀ ਨਹੀਂ ਹੁੰਦੇ ਏਸ ਲਈ "ਜਦ ਖੋਜੀ ਨੂੰ ਯਕੀਨ ਹੋ ਜਾਂਦਾ ਹੈ ਕਿ ਇਹ ਖ਼ਜ਼ਾਨਾ ਵਰਤਿਆਂ ਮੁੱਕ ਨਹੀਂ ਸਕਦਾ ਅਤੇ ਇਸ ਵਿੱਚੋਂ ਜਿੰਨੇ ਜਵਾਹਰ ਕੱਢੀਏ ਮੁੜ ਆਪਣੇ ਆਪ ਭਰ ਜਾਂਦਾ ਹੈ।" ਕਿੱਡੇ ਸੋਹਣੇ ਢੰਗ ਨਾਲ ਬੀਰ ਜੀ ਨੇ ਖੋਜੀ ਦੀ ਮਾਨਸਕ ਪ੍ਰਵਰਤੀ ਨੂੰ ਬਿਆਨਿਆ ਹੈ।

ਖ਼ਜ਼ਾਨਾ ਲਭਣ ਤੋਂ ਬਾਅਦ ਖੋਜੀ ਦਾ ਅਗਲਾ ਕਦਮ ਕੀ ਹੁੰਦਾ ਹੈ ਉਹ

ਇੰਜ ਬਿਆਨ ਕਰਦੇ ਹਨ "ਖੋਜੀ ਨੂੰ ਖਜ਼ਾਨੇ ਤੱਕ ਸੜਕ ਬਨਾਣ ਤੇ ਉਸ ਸੰਬੰਧੀ ਪੁਸਤਕ ਛਪਵਾ ਕੇ ਵੰਡਣ ਵਿੱਚ ਕਈ ਸਾਲ ਲਗ ਗਏ। ਇਤਨੀ ਮੇਹਨਤ ਨਾਲ ਕੀਤੇ ਕੰਮ ਨੂੰ ਸਿਰੇ ਚੜ੍ਹਾ ਕੇ, ਹੁਣ ਆਰਾਮ ਤੇ ਸ਼ਾਂਤੀ ਦਾ ਜੀਵਨ ਬਤੀਤ ਕਰਨ ਦੇ ਖਿਆਲ ਨਾਲ ਉਸ ਨੇ ਖਜ਼ਾਨੇ ਦੇ ਨਜ਼ਦੀਕ ਆਪਣੇ ਲਈ ਇੱਕ ਘਰ ਬਣਵਾਇਆ ਤੇ ਆਪਣੇ ਮਿਤਰਾਂ ਸਮੇਤ ਉਥੇ ਬੜੀ ਦੇਰ ਤੱਕ ਰਹਿੰਦਾ ਰਿਹਾ।" ਪੈਗੰਬਰ ਲੋਕਾਂ ਨੂੰ ਰੱਬ ਤੱਕ ਪੁਜਣ ਦਾ ਰਸਤਾ ਦਿਖਾ ਕੇ ਸਮਝਦੇ ਹਨ ਕਿ ਹੁਣ ਉਹ ਆਪਣੇ ਉਦਮ ਨਾਲ ਘਟੋ ਘੱਟ ਮੁਕਤੀ ਦੇ ਰਾਹ ਤੇ ਚਲ ਕੇ ਆਪਣਾ ਜੀਵਨ ਸਫਲ ਜ਼ਰੂਰ ਕਰਨਗੇ। ਇਕ ਗੱਲ ਤੇ ਨਿਸਚਿੰਤ ਹੈ ਕਿ ਉਹ ਆਪਣੇ ਜੀਵਨ ਨੂੰ ਆਪਣੀ ਤਰ੍ਹਾਂ ਬਿਤਾਉਣ ਵਿੱਚ ਮਸਰੂਫ ਹੋ ਜਾਂਦੇ ਹਨ।

ਪਰ ਕਦੇ ਭੀ ਸੰਸਾਰੀ ਲੋਕ ਉਸ ਸਹਿਜ ਮਿਲੇ ਖਜ਼ਾਨੇ ਦੀ ਵਰਤੋਂ ਕਰ ਪਾਉਂਦੇ ਹਨ ? ਨਹੀਂ ਉਹ ਤਾਂ ਇਤ੍ਹਨੇ ਆਲਸੀ ਹੁੰਦੇ ਹਨ ਕਿ ਥੋੜ੍ਹੀ ਜਹੀ ਤਕਲੀਫ ਕਰਨਾ ਭੀ ਗਵਾਰਾ ਨਹੀਂ ਕਰਦੇ ਤੇ ਮੋਹ ਮਾਇਆ ਦੇ ਜਾਲ ਵਿੱਚ ਫਾਥੇ ਰਹਿੰਦੇ ਹਨ।

ਕਾਫੀ ਸਮਾਂ ਬੀਤ ਗਿਆ ਤਾਂ ਖੋਜੀ ਨੇ ਸੋਚਿਆ ਕਿ ਚੱਲ ਕੇ ਦੇਖਾਂ ਤਾਂ ਸਹੀ ਕਿ ਲੋਕਾਂ ਦਾ ਹੁਣ ਕੀ ਹਾਲ ਹੈ। ਉਹ ਜ਼ਰੂਰ ਬੜੇ ਸੁਖੀ ਤੇ ਚਰਿਤਰ ਵੱਲੋਂ ਅਮੀਰ ਬਣ ਚੁੱਕੇ ਹੋਣੇ ਹਨ ਪਰ ਉਸਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸ ਨੂੰ ਕਿਸੇ ਭੀ ਕਿਸਮ ਦਾ ਕੋਈ ਪਰੀਵਰਤਨ ਨਾ ਡਿੱਠਾ, ਸਗੋਂ ਲੋਕਾਂ ਨੇ ਕਿਹਾ "ਸੱਚ ਪੁਛੋ ਤਾਂ ਸਾਡੇ ਵਿੱਚੋਂ ਬਹੁਤ ਸਾਰਿਆਂ ਦਾ ਨਿਸਚਾ ਹੈ ਕਿ ਤੁਸੀਂ ਖ਼ੁਦ ਈਸ਼ਵਰ ਹੋ ਅਤੇ ਸਾਨੂੰ ਪਾਪੀਆਂ ਨੂੰ ਅਮੁੱਕ ਖਜ਼ਾਨੇ ਦਾ ਪਤਾ ਦੇ ਕੇ ਤਾਰਨ ਆਏ ਹੋ।" ਪਰ ਆਪ ਉਸ ਖਜ਼ਾਨੇ ਤੋਂ ਲਾਭ ਉਠਾਉਣ ਦਾ ਕੋਈ ਉਦਮ ਨਹੀਂ ਕੀਤਾ।

ਖੋਜੀ ਲਈ ਲੜ ਮਰਨ ਨੂੰ ਉਹ ਤਿਆਰ ਹਨ ਅਤੇ ਉਸ ਨੂੰ ਸਦੀਵ ਪੂਜਨੀਕ ਬਣਾਉਣ ਵਿੱਚ ਹੀ ਉਹ ਆਪਣੀ ਸਾਰਥਕਤਾ ਸਮਝੇ ਹਨ।" ਸਾਡੇ ਖੋਜੀ ਜੀ ਜ਼ਰੂਰ ਬੋਲਣ, ਅਸੀਂ ਖੋਜੀ ਜੀ ਦੀ ਗੱਲ ਸੁਣਨ ਲਈ ਤਰਸ ਰਹੇ ਹਾਂ।" ਕੇਵਲ ਉਪਦੇਸ਼ ਸੁਣਨ ਵਿੱਚ ਹੀ ਉਹਨਾਂ ਦੀ ਆਤਮਾ ਨੂੰ ਤ੍ਰਿਪਤੀ ਹੋ ਜਾਂਦੀ ਹੈ ਤੇ ਸਮਝਦੇ ਹਨ ਕਿ ਖੋਜੀ ਨੂੰ ਸੁਣ ਕੇ ਹੀ ਉਹਨਾਂ ਦਾ ਇਸ਼ ਪਾਸੇ ਦਾ ਕਰਤਵ ਪੂਰਾ ਹੋ ਗਿਆ, ਉਹਨਾਂ ਰੱਬ ਨੂੰ ਖੁਸ਼ ਕਰ ਦਿੱਤਾ ਹੈ।

ਖੋਜੀ ਨੂੰ ਆਪਣੀ ਸਾਰੀ ਮੇਹਨਤ ਸਾਰਾ ਤਿਆਗ, ਦੇਸ਼ ਵਾਸੀਆਂ ਲਈ ਪਿਆਰ, ਸੱਭ ਕੁਝ ਕਰਨਾ ਵਿਅਰਥ ਲਗਦਾ ਹੈ। ਉਸਨੂੰ ਉਹ ਸਾਰੀਆਂ ਕਠਿਨਾਈਆਂ ਸਹਿਣੀਆਂ ਫਜ਼ੂਲ ਲਗਦੀਆਂ ਹਨ।

ਖੋਜੀ ਤਾਂ ਜਾਣੋਂ ਆਪਣੇ ਵੱਲੋਂ ਆਪਣਾ ਫਰਜ਼ ਪੂਰਾ ਕਰਕੇ ਆਪਣੀ ਜ਼ਿੰਦਗੀ ਨੂੰ ਆਪਣੇ ਤੌਰ ਤੇ ਬਤੀਤ ਕਰਦਾ ਹੈ ਪਰ ਸਰੀਰ ਤਿਆਗਣ ਤੋਂ ਪਹਿਲਾਂ ਉਹ ਆਪਣੀ ਅੱਖੀਂ ਆਪਣੇ ਦੇਸ਼ ਵਾਸੀਆਂ ਨੂੰ ਸੁਖੀ ਜੀਵਨ ਬਤੀਤ ਕਰਦੇ ਦੇਖਣ

ਦੀ ਤਾਂਘ ਹੈ। ਪਰ ਜਦ ਉਹ ਦੇਖਦਾ ਹੈ ਕਿ ਉਹ ਉਸਦੇ ਮੇਹਨਤ ਨਾਲ ਤਿਆਰ ਕੀਤੇ ਮਾਰਗ ਨੂੰ ਇਸਤੇਮਾਲ ਹੀ ਨਹੀਂ ਕਰ ਰਹੇ. ਸਗੋਂ ਉਸ ਪੁਸਤਕ ਦੀ ਪੂਜਾ ਕਰ ਰਹੇ ਹਨ ਜਿਸ ਵਿੱਚ ਉਸਨੇ ਉਸ ਮਾਰਗ ਦੀ ਪਹੁੰਚ ਬਾਰੇ ਹਿਦਾਇਤਾਂ ਲਿਖੀਆਂ ਸਨ। ਉਹਨਾਂ ਦਾ ਮਨੋਰਥ ਮੇਰੇ ਦੱਸੇ ਖਜ਼ਾਨੇ ਤੋਂ ਲਾਭ ਉਠਾਣ ਦੀ ਬਜਾਏ, ਇਹ ਕਰਨਾ ਹੈ ਕਿ ਮੈਂ ਇੱਕ ਆਮ ਆਦਮੀ ਨਹੀਂ, ਸਗੋਂ ਅਵਤਾਰ ਹਾਂ, ਈਸ਼ਵਰ ਹਾਂ ਅਤੇ ਮੇਰੀ ਖੁਸ਼ੀ ਵਾਸਤੇ ਮੇਰੀ ਪੂਜਾ ਹੋਣੀ ਚਾਹੀਦੀ ਹੈ ਤੇ ਜੋ ਐਸਾ ਨਾ ਕਰੇ. ਉਸਦਾ ਸਿਰ ਤੋੜਨ ਤੱਕ ਤਿਆਰ. ਪਰ ਅਫਸੋਸ, ਕੀ ਮੈਂ ਇਹ ਸਾਰੀ ਘਾਲਣਾ ਇਸ ਵਾਸਤੇ ਘਾਲੀ ਸੀ ਕਿ ਮੇਰੀ ਪੁਸਤਕ ਜਾਂ ਮੇਰੀ ਮੂਰਤੀ ਦੀ ਪੂਜਾ ਹੋਵੇ। ਬੀਰ ਜੀ ਦੇ ਇਹਨਾਂ ਸ਼ਬਦਾਂ ਵਿੱਚ ਇੱਕ ਨਿਰਾਸ਼ ਮਨ ਦੀ ਵੇਦਨਾ ਦੀ ਤਸਵੀਰ ਹੈ। ਜਿਵੇਂ ਉਹਨਾਂ ਦਾ ਮਨ ਚੀਖ ਚੀਖ ਕੇ ਕਹਿ ਰਿਹਾ ਹੋਵੇ ਕਿ ਕੀ ਹੋ ਗਿਆ ਹੈ. ਸੰਸਾਰ ਦੇ ਲੋਕਾਂ ਨੂੰ ਜੋ ਸਾਹਮਣੇ ਲਿਆ ਕੇ ਧਰੇ ਖਜ਼ਾਨੇ ਵੱਲ ਤੱਕਣ ਨੂੰ ਤਿਆਰ ਨਹੀਂ ਤੇ ਲਭੱਣ ਵਾਲੇ ਲਈ ਮਰਨ ਮਾਰਨ ਨੂੰ ਤਿਆਰ ਹਨ। ਉਹਨਾਂ ਦੀ ਮਾਨਸਿਕਤਾ ਤੇ ਤਰਸ ਆਉਂਦਾ ਹੈ। ਕਹਿੰਦੇ ਹਨ "ਮੇਰੇ ਦੇਸ਼ ਵਾਸੀਆਂ ਨੂੰ ਮੇਰੇ ਨਾਲ ਪਿਆਰ ਹੈ ਅਤੇ ਉਹਨਾਂ ਦੇ ਦਿਲ ਵਿੱਚ ਮੇਰੀ ਇੱਜ਼ਤ ਹੈ ਪਰ ਮੈਂ ਇਹ ਕਹਿਣੋਂ ਵੀ ਨਹੀਂ ਰਹਿ ਸਕਦਾ ਕਿ ਉਹਨਾਂ ਨੇ ਇਸ ਪਿਆਰ ਤੇ ਇਜ਼ਤ ਨੂੰ ਐਸੇ ਤਰੀਕੇ ਨਾਲ ਜ਼ਾਹਿਰ ਕੀਤਾ ਹੈ, ਜਿਸ ਤੋਂ ਨਾ ਮੈਨੂੰ ਤੇ ਨਾ ਉਹਨਾਂ ਨੂੰ ਕੋਈ ਲਾਭ ਪਹੁੰਚਿਆ। ਕਿਆ ਸਰਲ ਤਰੀਕੇ ਨਾਲ ਲੋਕਾਂ ਦੀ ਸਮਝ ਤੇ ਮਾਨਸਿਕਤਾ ਨੂੰ ਸਮਝਿਆ ਤੇ ਬਿਆਨਿਆ ਹੈ।

# ਜਿਹਦੇ ਸੁਪਨੇ ਵਿੱਚ ਹੋਂਦ ਪੈ ਗਈ

"ਇੱਕ ਸੀ ਬੁਤ ਘਾੜਾ, ਇੱਕ ਸੁਪਨਿਆਂ ਵਾਲਾ।
ਓਹਨੇ ਤਰਾਸ਼ ਤਰਾਸ਼ ਇੱਕ ਬੁਤ ਬਣਾਇਆ।
ਓਹਨੇ ਸੋਚ ਸੋਚ ਇੱਕ ਸੁਪਨਾ ਘੜਿਆ।
ਫੇਰ ਬਣਦੇ ਬਣਦੇ ਤੇ ਘੜਦੇ ਘੜਦੇ।
ਇੱਕ ਵਲਾ ਆਇਆ ਜਦ ਪੱਥਰ ਦੇ ਬੁਤ ਵਿੱਚ।
ਓਹਦੇ ਘੜਨਹਾਰੇ ਨੂੰ ਜਿੰਦ ਪੈਂਦੀ ਜਾਪੀ।
ਤੇ ਉਹਨੂੰ ਪਿਆਰ ਹੋ ਗਿਆ ਪੱਥਰ ਦੇ ਬੁੱਤ ਨਾਲ।
ਇਕ ਵੇਲਾ ਆਇਆ ਜਦ ਸੁਪਨੇ ਦੇ ਬੁਤ ਵਿੱਚ।
ਓਹਦੇ ਰਚਨਹਾਰੇ ਨੂੰ ਹੋਂਦ ਬਣਦੀ ਜਾਪੀ।
ਤੇ ਉਹਨੂੰ ਪਿਆਰ ਹੋ ਗਿਆ ਸੁਪਨੇ ਦੇ ਬੁਤ ਨਾਲ।
ਓਹਦਾ ਪੱਥਰ ਦਾ ਬੁਤ ਨਾ ਹਿਲੇ ਨਾ ਬੋਲੇ।
ਓਹਦਾ ਸੁਪਨੇ ਦਾ ਬੁਤ ਨਾ ਦਿਸੇ ਨਾ ਜਾਪੇ।
ਓਹ ਪੱਥਰ ਦਾ ਬੁਤ ਸੀ ਓਹਦੀ ਜਿੰਦ ਕੋਈ ਨਾ।
ਓਹ ਸੁਪਨੇ ਦਾ ਬੁਤ ਸੀ ਓਹਦੀ ਹੋਂਦ ਕੋਈ ਨਾ।
ਵਿਚਾਰਾ ਪੱਥਰ ਘਾੜਾ ਓਹਦੇ ਬੁਤ ਦੀ ਜਿੰਦ ਕੋਈ ਨਾ।
ਵਿਚਾਰਾ ਸੁਪਨਿਆਂ ਵਾਲਾ ਉਹਦੇ ਬੁਤ ਦੀ ਹੋਂਦ ਕੋਈ ਨਾ।"

ਅਹਿਸਾਸਾਂ ਭਰੀ, ਅਮ੍ਰਿਤਾ ਪ੍ਰੀਤਮ ਦੀ ਇਸ ਨਜ਼ਮ ਵਿੱਚ ਸੁਪਨੇ ਲੈਣ ਵਾਲਿਆਂ ਦਾ ਜ਼ਿਕਰ ਹੈ ਤੇ ਉਹਦੇ ਸੁਪਨੇ ਲੈਣ ਵਾਲੇ ਵਿਚਾਰੇ ਐਸੇ ਸੁਪਨੇ ਹੀ ਲੈਂਦੇ ਹਨ ਜਿਹਦੇ ਸੁਪਨਿਆਂ ਦੇ ਬੁੱਤਾਂ ਦੀ ਹੋਂਦ ਹੀ ਕੋਈ ਨਹੀਂ ਹੁੰਦੀ ਪਰ ਰਘਬੀਰ ਸਿੰਘ 'ਬੀਰ' ਨੇ ਕਈ ਐਸੇ ਸੁਪਨੇ ਲਏ ਜਿਨ੍ਹਾਂ ਦੇ ਨਕਸ਼ੇ ਸਾਕਾਰ ਹੋ ਗਏ। ਅੱਜ ਸ਼ਿਮਲਾ ਹਿਲਜ਼ ਵਿੱਚ ਡਿਗਸ਼ਈ ਨਾਂ ਦੇ ਹਿਲ ਸਟੇਸ਼ਨ ਤੇ ਆਓ ਇੱਕ ਸਾਕਾਰ ਸੁਪਨਾ ਦਿਖਾਵਾਂ। ਇਹ ਪਥੱਰਾਂ ਨੂੰ ਘੜ ਘੜ, ਇਟਾਂ ਨੂੰ ਤਰਾਸ਼ ਤਰਾਸ਼, ਮੇਹਨਤੀ ਕਾਰੀਗਰਾਂ ਨੇ ਅੱਛੀਆਂ ਪਾਏਦਾਰ ਖ਼ੂਬਸੂਰਤ ਬਿਲਡਿੰਗਾਂ ਬਣਾਈਆਂ ਹਨ। ਬੀਰ ਜੀ ਦੇ ਸੁਪਨੇ ਦੀ ਤਾਮੀਰ ਲਈ ਤੇ ਕੀ ਸੀ ਸੁਪਨਾ ਜੋ

ਬੀਰ ਜੀ ਨੂੰ ਆਇਆਂ ਤੇ ਜਿਸ ਦੇ ਲਈ ਘੁੰਮ ਘੁੰਮ ਫਿਰ ਫਿਰ ਹਿੰਦੁਸਤਾਨ ਨੂੰ ਗਾਹ ਗਾਹ ਕੇ ਇੱਕ ਨਿਸਚਾ ਲਿਆ। ਇੱਕ ਲਈ ਭਟਕਣਾ ਤੇ ਆਸ, ਦੋਹਾਂ ਮਿਲ ਲੱਭੀ ਦਿਵਯ ਜਗਹ ਸੁਝਾਈ — ਡਿਗਸ਼ਈ, ਰਾਜਾਂ ਮਜ਼ਦੂਰਾਂ ਨੂੰ ਢੂੰਡਿਆ। ਇੱਕ ਮਨ ਵਿੱਚ ਵਸਦੇ ਨਕਸ਼ੇ ਅਨੁਸਾਰ ਬਿਲਡਿੰਗ ਬਣਵਾਈ ਪਰ ਇਹ ਬਿਲਡਿੰਗ, ਤਰਾਸ਼ੇ ਹੋਏ ਪੱਥਰਾਂ, ਇਟਾਂ ਤੇ ਰੋੜਿਆਂ ਦਾ ਸੰਗ੍ਰਹਿ ਨਹੀਂ ਸੀ, ਇਸਦੇ ਵਿੱਚ ਜਿੰਦ ਸੀ ਤੇ ਇਹ ਜਿੰਦ ਹੀ ਅੱਜ ਵੀ ਬੀਰ ਸਾਹਿਬ ਦੀ ਆਤਮਾ ਨੂੰ — ਸਮੁਚੀ ਖਾਲਸਾ ਕੌਮ ਦੇ ਮਨ ਨੂੰ ਸਰਸ਼ਾਰ ਕਰਦੀ ਹੈ। ਇਸਦੀ ਨਿਗਰੱਤਾ ਬਿਲਡਿੰਗ ਦੀ ਠੋਸਤਾ ਤੋਂ ਕਿਤੇ ਮਹਾਨ ਹੈ। ਇਹ ਇੱਕ ਸੁਪਨੇ ਦੀ ਤਾਬੀਰ ਹੈ। ਉਚੇ 6,000 ਫੁੱਟ ਤੋਂ ਭੀ ਉਚੇ ਖਾਲਸਈ ਸ਼ਾਨ ਦਾ ਝੰਡਾ ਗੁਰੂ ਕਲਗੀਧਰ ਦੀ ਅਜ਼ਮਤ ਦਿਖਾਣ ਵਾਲਾ ਬੁਲੰਦ ਨਿਸ਼ਾਨ ਸਾਹਿਬ, ਜਿਸਦੀ ਛੱਤਰ ਛਾਇਆ ਹੇਠ ਸੈਂਕੜਿਆਂ ਦੀ ਗਿਣਤੀ ਵਿੱਚ ਵਿਦਿਆ ਹਾਸਲ ਕਰਦੇ ਹਨ। ਇਹ ਸੋਚ ਕੇ ਕਿ ਜਦ ਤੱਕ ਸਮਝ ਸ਼ਕਤੀ ਠੀਕ ਨਾ ਹੋਵੇ, ਗਿਆਨ ਪ੍ਰਾਪਤ ਨਾ ਹੋਵੇ, ਇਨਸਾਨ ਦੇ ਕਰਮ ਠੀਕ ਤੌਰ ਤੇ ਦਰੁਸਤ ਨਹੀਂ ਹੋ ਸਕਦੇ। ਇਸ ਵਾਸਤੇ ਉਹ ਗੁਰੂ ਦੇ ਬਚਨਾਂ ਦੀ ਸਚਾਈ ਨੂੰ ਅਟਲ ਮੰਨਦਾ ਹੋਇਆ ਵੀ ਉਨ੍ਹਾਂ ਨੂੰ ਸਮਝਣ ਦੀ, ਵਰਤੋਂ ਵਿੱਚ ਲਿਆਉਣ ਦੀ ਅਜ਼ਮਾਇਸ਼ ਦੀ ਕਸੌਟੀ ਤੇ ਲਾ ਕੇ ਦੇਖਣ ਦੀ ਦਿਲੇਰੀ ਰੱਖਦਾ ਹੈ। ਉਸਦੇ ਮਨ ਵਿੱਚ ਉਠਦੇ ਸ਼ੰਕਿਆਂ ਦੇ ਨਿਵਾਰਣ ਦਾ ਸਿੱਖਾਂ ਵਿੱਚ ਕੋਈ ਤਸੱਲੀਬਖ਼ਸ਼ ਪ੍ਰਬੰਧ ਨਹੀਂ। ਗੁਰਬਾਣੀ ਅਤੇ ਨਾਮ ਦੇ ਅਭਿਆਸੀ ਕਈ ਹਨ ਪਰ ਪਛਮੀ ਵਿਦਿਆ ਪੜ੍ਹੇ ਲਿਖੇ ਦੀਆਂ ਮੁਸ਼ਕਲਾਂ ਨੂੰ, ਉਹ ਖੁਦ ਨਾ ਸਮਝਣ ਕਰਕੇ ਦੂਰ ਨਹੀਂ ਕਰ ਸਕਦੇ। ਇਥੇ ਹੀ ਉਹ ਮਹਾਨ ਵਿਦਿਆ ਜਿਸ ਵਿੱਚ ਗੁਣ ਤੇ ਉਪਕਾਰ ਰਲਦੇ ਹਨ, ਚਾਲ-ਚਲਨ ਦੀ ਉਚੱਤਾ ਸਿਖਾਈ ਜਾਂਦੀ ਹੈ। ਦਿਮਾਗੀ ਵਿਦਿਆ ਦੀ ਤੀਖਣਤਾ ਹੈ। ਜਿਸਮਾਨੀ ਜਵਾਂ-ਮਰਦੀ ਦੀ ਘੋੜ ਦੌੜ ਪ੍ਰਤੀਕ ਹੈ। ਖੇਲਾਂ ਹਨ, ਹਾਸੇ ਹਨ, ਸੁਚੱਤਾ ਹੈ, ਸੇਹਤ ਹੈ, ਜਵਾਨੀ ਹੈ ਪਰ ਸਭ ਸ੍ਵੈ-ਕਾਬੂ ਵਿੱਚ ਹਨ। ਗੁਰਮਤ ਦੀ ਲੋਅ ਲਗੀ ਹੈ। ਜਿਸਦੇ ਅਸਰ ਨਾਲ ਮਨ ਦੀ ਖੁਸ਼ਹਾਲੀ ਹੈ, ਅਕੀਦੇ ਦੀ ਪਹਿਚਾਨ ਹੈ, ਸੱਚ ਦੀ ਤਲਾਸ਼ ਹੈ। ਵਿਦਿਆ ਗ੍ਰਹਿਣ ਕਰਨ ਦਾ ਮਹਾਨ ਉਪਰਾਲਾ ਹੈ। ਇਹੋ ਸੀ ਸੁਪਨਾ ਸੁਪਨਿਆਂ ਵਾਲੇ ਦਾ ਜਿਹੜਾ ਐਥੇ ਸਾਕਾਰ ਹੈ, ਪੱਥਰਾਂ ਵਿੱਚ ਉਕਰਿਆ ਹੈ। ਦੁਨਿਆਵੀ ਵਿਦਿਆ ਦੇ ਨਾਲ ਰੱਬੀ ਦਰਗਾਹ ਦਾ ਵੀ ਮੇਲ ਹੈ। ਗੁਰਬਾਣੀ ਸ਼ਬਦ ਗਾਏ ਜਾਂਦੇ ਹਨ, ਮਨ ਵਿੱਚ ਉਭਰਦੇ ਸ਼ੰਕਿਆਂ ਦਾ ਨਿਵਾਰਣ ਕੀਤਾ ਜਾਂਦਾ ਹੈ, ਜਿਗਿਆਸੂਆਂ ਦੀ ਪੂਰਣ ਤਸਲੀ ਕੀਤੀ ਜਾਂਦੀ ਹੈ। ਨਵਿਰਿਤ ਮਨ ਸ਼ਬਦ ਬੜੀ ਸ਼ਰਧਾ ਨਾਲ, ਪਿਆਰ ਨਾਲ, ਸੁਰ ਨਾਲ ਤੇ ਨਿਸਚੇ ਨਾਲ ਗਾਉਂਦੇ ਹਨ ਤੇ ਸਾਰੇ ਸ਼ਹਿਰ ਦੀ ਫਿਜ਼ਾ ਸਰੂਰ ਵਿੱਚ ਮਹਿਕ ਉਠਦੀ ਹੈ।

ਇਸਦੇ ਨਾਲ ਹੀ ਸ਼ੈਕਸਪੀਅਰ ਡਰਾਮੇ ਭੀ ਸਟੇਜ ਤੇ ਖੇਲੇ ਜਾਂਦੇ ਹਨ ਤੇ ਐਸਾ ਚੰਗਾ ਅੰਗਰੇਜ਼ੀ ਤੱਲਫਜ਼ ਤੇ ਬੋਲੀ ਐਡੀ ਸੁਘੜਤਾ ਪੂਰਨ ਤੇ ਗੂਹੜੀ, ਐਨੀ

ਸਿਆਣਪ, ਐਡੀ ਲਿਆਕਤ ਕਿ ਸ਼ੈਕਸਪੀਅਰ ਆਪ ਭੀ ਅਸਮਾਨ ਤੇ ਬੈਠਾ ਗਦ-ਗਦ ਹੋ ਜਾਵੇ। ਉਹੀ ਛਾਤਰ ਹਨ ਜੋ ਕੀਰਤਨ ਦੀ ਧੁੰਨ ਵਿੱਚ ਅਸਮਾਨ ਨੂੰ ਛੋਹ ਲੈਂਦੇ ਹਨ। ਰੰਗੇ ਹੋਏ ਮਨ ਸਰੋਤਿਆਂ ਦੇ ਮਨ ਨੂੰ ਭੀ ਰੰਗ ਦਿੰਦੇ ਹਨ ਤੇ ਉਹੀ ਛਾਤਰ ਜਦ ਮੰਚ ਤੇ ਡਰਾਮਾ ਖੇਡਦੇ ਹਨ ਤਾਂ ਮਨ ਮੋਹ ਲੈਂਦੇ ਹਨ। ਉਸ ਕਾਬਲੀਅਤਂ ਤੋਂ ਸ੍ਰੋਤੇ ਸਦਕੇ ਹੋ ਜਾਂਦੇ ਹਨ। ਬਸ ਇਹੋ ਸੀ ਸੁਪਨਾ ਕਿ ਐਸੀ ਵਿਦਿਅਕ ਸੰਸਥਾ ਬਣਾਵਾਂ ਜਿੱਥੇ ਬੱਚੇ ਦੁਨਿਆਵੀ ਸਿਖਿਆ ਲੈਣ, ਉੱਚ ਦਰਜੇ ਦੀ ਤੇ ਧਰਮ ਦੀ ਭੀ ਐਸੀ ਰੌ ਚੱਲੇ ਜਿਸ ਵਿੱਚ ਬੱਚੇ ਨਹਾ ਨਹਾ ਕੇ ਕਾਗੋਂ ਹੰਸ ਬਣ ਜਾਣ।

"ਬੰਦਗੀ ਨਾਮਾ" ਦਾ ਰਚੱਈਆ ਰਘਬੀਰ ਸਿੰਘ 'ਬੀਰ' ਬੰਦਗੀ ਦੇ ਅਨੰਦ ਵਿਚ ਲਹਿਰਾਂ ਲੈਂਦਾ ਜੀਅ ਫੁਰਨੇ ਫੁਰਦਾ ਰਿਹਾ, ਕਿੰਨਾ ਚਿਰ ਤੇ ਢੂੰਡਦਾ ਰਿਹਾ ਸਾਰਾ ਆਲਮ। ਲੱਭਦਿਆਂ ਲੱਭਦਿਆਂ ਬੇਨਤੀਆਂ ਕਰਦਾ ਕਰਦਾ ਉਹ ਰੁਕ ਗਿਆ। ਉਸਦੇ ਪੈਰ ਅਟਕ ਗਏ ਜਦ ਉਹ ਸ਼ਿਮਲੇ ਦੀਆਂ ਪਹਾੜੀਆਂ ਵਾਲੀ ਸ਼ਾਹ ਰਾਹ ਤੇ ਕੁਮਾਰ ਹੱਟੀ ਦੇ ਸੱਜੇ ਬੰਨੇ ਚੜ੍ਹਦੀ ਸੜਕ ਤੇ ਪਹੁੰਚ ਗਿਆ। ਥਾਂ ਦੀ ਤਲਾਸ਼ ਪੂਰਨ ਹੋ ਗਈ। ਉਹਨੂੰ ਜਾਪਿਆ ਉਹਦੇ ਗੁਰੂ ਨੇ ਉਹਦੇ ਜਨਮ ਦਾ. ਉਹਦੀ ਜ਼ਿੰਦਗੀ ਦਾ ਇੱਕ ਵੱਡਾ ਮੀਲ ਪੱਥਰ ਇਥਾਂਈ ਰੱਖਿਆ ਹੋਇਆ ਸੀ। ਉਹਨੂੰ ਇੰਜ ਲੱਗਾ ਕਿ ਉਹਦਾ ਗੁਰੂ ਓਹਦੇ ਪਾਸੋਂ ਇਹ ਸੇਵਾ ਮੰਗ ਰਿਹਾ ਹੈ। ਉਹਨਾਂ ਨੂੰ ਝੂਣ ਝੂਣ ਕੇ ਕਹਿ ਰਿਹਾ ਹੈ ਕਿ ਤੇਰੀ ਮੰਜ਼ਿਲ ਇਹੋ ਹੈ, ਤੇਰੀ ਸੇਵਾ ਦਾ ਅੰਤ ਹੈ, ਬੱਚਿਆਂ ਦੀ ਬਿਰਤੀ ਬਦਲਣਾ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਮਿਸ਼ਨ ਦਾ ਝੰਡਾ ਗੱਡਣਾ ਤੇਰਾ ਕਰਤਵ ਹੈ। ਅਗੋਂ ਝੰਡੇ ਬਰਦਾਰ ਨਿੱਕੇ ਨਿੱਕੇ ਬੱਚੇ ਸਾਰੀ ਦੁਨੀਆਂ ਤੇ ਮਿਸ਼ਾਲ ਲੈ ਕੇ ਜਾਣਗੇ — ਗੁਰੂ ਦਾ ਸੁਨੇਹਾ ਘਰ ਘਰ ਪਹੁੰਚਾਣਗੇ। ਗੁਰਮਤ ਦਾ ਰੰਗ ਮਜੀਠ ਰੰਗ ਵਿੱਚ ਆਪ ਰੰਗੀਜ ਕੇ, ਲੁਕਾਈ ਨੂੰ ਭੀ ਰੰਗਣ ਦਾ ਉਪਰਾਲਾ ਕਰਨਗੇ — ਸਾਰੇ ਨਹੀਂ ਤਾਂ ਬਾਹਲੇ ਇਸ ਯੋਗ ਹੋਣਗੇ, ਇਸ ਫਿਜ਼ਾ ਨੂੰ ਵੰਡਣ ਦੇ, ਇਸ ਖੁਸ਼ਬੂ ਨਾਲ ਖਿਲਾਰਨ ਦੇ। ਦੁਨੀਆਵੀ ਜੀਵਨ ਨੂੰ ਖੁਸ਼ਹਾਲ ਕਰਦਿਆਂ ਕਰਦਿਆਂ ਫੈਲਾ ਸਕਣਗੇ, ਇਹ ਉਪਦੇਸ਼ ਕਿ "ਏਕ ਪਿਤਾ ਏਕਸ ਕੇ ਹਮ ਬਾਰਿਕ" ਉਹਨਾਂ ਦੀਆਂ ਅੱਖਾਂ ਵਿੱਚੋਂ ਨੂਰ ਵਰਸੇਗਾ ਤੇ ਲੋਕ ਪੜ੍ਹ ਸਕਣਗੇ ਮਹਾਨ ਉਪਦੇਸ਼ "ਸਭੈ ਸਾਂਝੀ ਵਾਲ ਸਦਾਇਨ, ਕੋਈ ਨਾ ਦਿਸੈ ਬਾਹਿਰਾ ਜੀਓ।" ਜਿਸਮ ਦੇ ਮਜ਼ਬੂਤ ਇਹ ਬੱਚੇ ਰਾਖੇ ਬਣ ਬਹਿਣਗੇ ਜੇਕਰ ਕੋਈ ਕਿਸੇ ਨੂੰ ਕਮਜ਼ੋਰ ਸਮਝ ਕੇ ਸਤਾਏਗਾ ਤੇ ਜਦ ਸਕੂਲ ਵਿੱਚ ਕਾਮਯਾਬ ਹੋ ਕੇ ਨਿਕਲਣਗੇ ਕਮਾਈ ਕਰਨ ਦੇ ਯੋਗ ਹੋਣਗੇ ਤਾਂ ਇਹ ਹਮੇਸ਼ਾ ਹਮੇਸ਼ਾ ਸਿੱਖੀ ਆਦਰਸ਼ ਸਿਖਾਣਗੇ ਦੁਨੀਆਂ ਨੂੰ "ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ।"

ਤਾਂ ਫਿਰ ਕਾਲੇ ਹੋਏ ਹੋਏ ਮਨ ਇਹਨਾਂ ਆਦਰਸ਼ਕ ਨੌਜਵਾਨਾਂ ਨੂੰ ਤੱਕ ਤੱਕ

ਹੈਰਾਨ ਹੋਣਗੇ ਕਿ ਕਿਉਂ ਇਹ ਬੱਚੇ ਕਿਸੇ ਓਸ ਪੈਸੇ ਵੱਲ ਵੀ ਲਲਚਾਏ ਨਹੀਂ ਜਾ ਸਕਦੇ, ਜਿਹੜਾ ਹੱਕ ਹਲਾਲ ਦੀ ਕਮਾਈ ਨਾ ਹੋਵੇ। ਦੁਨੀਆਂ ਪਸੀਜੇਗੀ, ਇਹਨਾਂ ਦੇ ਦਰਸ਼ਨ ਕਰਕੇ ਡਰੇਗੀ ਜਦ ਇਹ ਦੋਨੋਂ ਤੇਗ ਦੇ ਫਤਹ ਦੇ ਅਸੂਲ ਨੂੰ ਆਪਣੀ ਜ਼ਿੰਦਗੀ ਵਿੱਚ ਵਰਤਦੇ ਨਜ਼ਰ ਆਉਣਗੇ। ਸੱਚਖੰਡ ਵਿੱਚ ਸ. ਰਘਬੀਰ ਸਿੰਘ ਜੀ 'ਬੀਰ' ਦੀ ਆਤਮਾ ਡਰਦੀ ਹੋਵੇਗੀ, ਜਿਵੇਂ ਕਿ ਆਪਣੇ ਜੀਵਨ ਦੇ ਪਿਛਲੇਰੇ ਸਾਲਾਂ ਵਿੱਚ ਉਹ ਇਸੇ ਡਿਗਸ਼ਈ ਵਿੱਚ ਇਸੇ ਸਕੂਲ ਦੇ ਆਸੇ ਪਾਸੇ ਦੀਆਂ ਕੋਠੀਆਂ ਵਿੱਚ ਬਣਾਈਆਂ ਹੋਈਆਂ ਛੋਟੀਆਂ ਛੋਟੀਆਂ ਸੁਹਾਵੀ ਛਾਪਰੀਆਂ, ਜਿਨ੍ਹਾਂ ਵਿੱਚ ਬੈਠ ਕੇ ਉਹ ਹਰੀ ਦੇ ਗੁਣ ਗਾਉਂਦੇ ਹੁੰਦੇ ਸਨ। ਨਾਮ ਅਭਿਆਸੀ, ਸਦਾਚਾਰਕ, ਪਰਉਪਕਾਰੀ, ਸੇਵਾ ਤੇ ਸਿਮਰਨ ਦੇ ਸੰਗਮ ਸ. ਰਘਬੀਰ ਸਿੰਘ ਜੀ 'ਬੀਰ' ਇੱਕ ਸਦੀਵੀ ਨਾਂ ਤੇ ਅਮਰ-ਕਹਾਣੀ, ਆਪਣੇ ਪਿੱਛੇ ਛੱਡ ਗਏ, ਇਸ ਸਕੂਲ ਦੀ ਸ਼ਕਲ ਵਿੱਚ।

ਇਹ ਚੱਟਾਨ ਜਿਡਾ ਪੁਖ਼ਤਾ ਸੁਪਨਾ ਕਾਇਮ ਰਹੇਗਾ ਤੇ ਇਸ ਨਾਲ ਓਹਦੀ ਯਾਦ ਕਾਇਮ ਰਹੇਗੀ, ਜਿਸਨੇ ਸੁਪਨਾ ਲਿਆ ਤੇ ਸਾਕਾਰ ਕੀਤਾ। ਮੈਨੂੰ ਤਾਂ ਇੰਜ ਲਗਦਾ ਹੈ ਕਿ ਕੁਬਲਾ ਖਾਨ ਨੇ ਸੁਪਨਾ ਲਿਆ ਤਾਂ ਕੀ ਲਿਆ, ਅਰਥਾਤ S. T. Coleridge ਨੇ ਜੋ ਮਹਿਲ ਉਸਾਰਿਆ "ਕੁਬਲਾ ਖਾਨ" ਲਈ, ਓਹ ਕੀ ਉਸਾਰਿਆ, ਝੂਠਾ ਸੁਪਨਾ, ਝੂਠੇ ਮਹਿਲ ਤੇ ਵਿੱਚ ਵਗਦੇ ਝੂਠੇ ਦਰਿਆ। ਉਹ ਤਾਂ ਮਾਤਰ ਧੂੰਏ ਦੇ ਪਹਾੜ ਹਨ। ਡਿਗਸ਼ਈ ਪਬਲਿਕ ਸਕੂਲ ਉਹਨਾਂ ਨੂੰ ਪੁਕਾਰ ਪੁਕਾਰ ਕੇ ਨਾਪਾਏਦਾਰੀ ਦਿਖਾ ਰਿਹਾ ਹੈ। ਸ਼ਾਇਸਤਗੀ ਨਾਲ ਅਸਮਾਨੀ, ਰੂਹਾਨੀ ਤੇ ਆਤਮਿਕ ਦੁਨੀਆਂ ਦੇ ਝੌਲੇ ਦਿਖਾ ਕੇ ਮਾਇਕ ਪਦਾਰਥਾਂ ਦੀ ਛੁਟਿਤਨ ਵਾਲਾ ਧਿਆਨ ਦਿਲਾਉਂਦੇ ਹਨ। ਸਲਾਮਤ ਰਹਿਣ ਇਹ ਉਚੇ ਨਿਸ਼ਾਨ ਸਾਹਿਬਾਂ ਵਾਲੇ ਸਕੂਲ ਰੂਪੀ ਸੁਪਨਾ, ਜਿਹੜਾ ਰਘਬੀਰ ਸਿੰਘ 'ਬੀਰ' ਦੀ ਯਾਦ ਤਾਜ਼ਾ ਕਰਾਉਂਦਾ ਹੈ।

ਇਹ ਤਾਂ ਸੀ ਇੱਕ ਸੁਪਨਾ ਜੋ ਆਤਮ ਸਾਇੰਸ ਟ੍ਰਸਟ ਦੀ ਛਤਰ ਛਾਇਆ ਹੇਠ ਪਲਦਾ ਰਿਹਾ ਤੇ ਪਲਦਾ ਰਹੇਗਾ। ਇਸੇ ਆਤਮ ਸਾਇੰਸ ਟ੍ਰਸਟ ਨੇ ਕਲਕਤੇ ਦੀ ਸਾਰੀ ਭੂਮੀ ਨੂੰ ਆਪਣੀ ਨਾਮ ਰੰਗਣ ਨਾਲ ਲਾਲੋ ਲਾਲ ਰੰਗ ਦਾਨ ਕੀਤਾ ਹੈ – ਪੱਕਾ ਲਾਲ ਰੰਗ, "ਨਾ ਮੈਲਾ, ਨਾ ਧੁੰਦਲਾ, ਨਾ ਭਗਵਾ ਨਾ ਕੱਚਾ।" ਆਤਮ ਸਾਇੰਸ ਟ੍ਰਸਟ ਵਾਲਿਆਂ ਬੜੇ ਹਿਰਦੇ ਠਾਰੇ ਹਨ, ਸਤਿਸੰਗਾਂ ਰਾਹੀਂ, ਸ਼ਬਦਾਂ ਦੀ ਗੁੰਜਾਰ ਰਾਹੀਂ ਤੇ ਸਿੱਖ ਹੱਕਾਂ ਦੀ ਰਾਖੀ ਦਿਆਂ ਉਦਮਾਂ ਰਾਹੀਂ। ਚਾਹੇ ਉਹ ਸਿੱਖ ਆਤਮ ਸਾਇੰਸ ਟ੍ਰਸਟ ਦੇ ਬਾਗ ਦੇ ਫੁਲੇ ਹੋਣ ਚਾਹੇ ਨਾ ਹੋਣ, ਜਿਹੜੀ ਬੀਰ ਜੀ ਦੇ ਪਰਿਵਾਰ ਨੇ "ਸਿੱਖ ਰਿਵੀਊ" ਰਸਾਲੇ ਦੀ ਵਾਗ ਡੋਰ ਸੰਭਾਲ ਕੇ ਡਗਮਗਾਂਦੀ ਬੇੜੀ ਨੂੰ ਥੰਮ੍ਹ ਕੇ, ਜੋ ਸੇਵਾ ਨਿਭਾਈ ਹੈ ਉਹ ਭੀ ਬੀਰ ਜੀ ਦੇ ਅਹਿਸਾਨਾਂ ਦਾ ਇੱਕ ਰੋਸ਼ਨ ਸਿਤਾਰਾ ਗਿਣਿਆ ਜਾਏਗਾ।

ਇੱਕ ਹੋਰ ਅਜ਼ੀਮ ਸੁਪਨਾ ਬੀਰ ਜੀ ਦੀ ਸੋਚਣੀ ਤੋਂ ਸਾਕਾਰ ਹੋਇਆ। ਇਨਸਾਨ ਨਾਲ, ਨਿਰਪੱਖਤਾ ਨਾਲ ਇਸ ਸੁਪਨੇ ਦਾ ਵੀ ਸਾਨੀ ਲਭਣਾ ਮੁਸ਼ਕਲ ਹੈ। ਅਨੂਪ ਤੇ ਬੇਮਿਸਾਲ ਹੈ, ਇਸ ਸੋਚਨੀ ਦਾ ਕ੍ਰਿਸ਼ਮਾ : "ਗੁਰਮਤ ਪ੍ਰਚਾਰ ਟ੍ਰਸਟ"। ਕਿਤਨੀਆਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ, ਕਿਤਨੀਆਂ ਸਿੰਘ ਸਭਾਵਾਂ, ਕਿਤਨੇ ਸਿੱਖ ਸਕੂਲ ਕਾਲਜਾਂ, ਐਜੂਕੇਸ਼ਨਲ ਕਾਨਫ੍ਰੈਂਸਾਂ ਤੇ ਕਿਤਨੇ ਹੀ ਮਹਾਨ ਸਕਾਲਰ, ਸੰਤ, ਮਹੰਤ, ਸਿੱਖ ਰਾਜੇ ਤੇ ਮਹਾਰਾਜੇ, ਕਿਤਨੀਆਂ ਉੱਚ ਹਸਤੀਆਂ, ਕਿਤਨੇ ਉਦਾਸੀ, ਕਿਤਨੇ ਸਿੱਖ ਸੌਦਾਗਰ ਤੇ ਕਿਤਨੇ ਮਹਿਮਾਂ ਵਰਨਣ ਕਰਣ ਵਾਲੇ ਮਹਾਨ ਰਾਗੀ, ਮਹਾਨ ਗਰੰਥੀ, ਸਿੱਖ ਘਰਾਂ ਵਿੱਚ ਜਨਮ ਉੱਚ ਕੋਟੀਆਂ ਤੇ ਪਹੁੰਚੇ। ਕਈ ਬਹੁਤ ਯੋਗ ਪੁਰਸ਼ ਤੇ ਇਸਤਰੀਆਂ, ਕਈ ਬੜੇ ਉੱਚ ਪਾਏ ਦੇ ਪ੍ਰੋਫੈਸਰ ਤੇ ਸੋਚਵਾਨ ਪਰ ਮੈਂ ਸਦਕੇ ਹੁੰਦਾ ਹਾਂ ਬੀਰ ਜੀ ਦੀ ਮਹਾਨਤਾ ਦੇ। ਉਨ੍ਹਾਂ ਗੁਰਮਤ ਪ੍ਰਚਾਰ ਵਰਗੀ ਲੋੜੀਂਦੀ ਸੇਵਾ ਨੂੰ ਅੱਤ ਦਰਜੇ ਦਾ ਉਤਮ ਰੂਪ ਦਿੱਤਾ. ਮਾਣ ਦਿੱਤਾ ਪਰਚਾਰਕਾਂ ਨੂੰ, ਸਤਿਕਾਰ ਦਿੱਤਾ ਲਾਇਕ ਵਿਅਕਤੀਆਂ ਨੂੰ, ਤੇ ਉਹਨਾਂ ਨੂੰ ਸੁਝਿਆ, ਕੇਵਲ ਉਹਨਾਂ ਨੂੰ ਸਾਰੇ ਆਲਮਾਂ, ਫਾਜ਼ਲਾਂ, ਅਦੀਬਾਂ ਤੇ ਕਵੀਆਂ ਵਿੱਚੋਂ ਉਹਨਾਂ ਨੂੰ ਸੁਝਿਆ, ਧਨਾਡਾਂ, ਵਪਾਰੀਆਂ ਤੇ ਰਾਜੇ ਮਹਾਰਾਜਿਆਂ ਵਿੱਚੋਂ ਜਿਨ੍ਹਾਂ ਵਿੱਚੋਂ ਕਈ ਸਿਦਕੀ ਵੀ ਸਨ, ਗੁਰੂ ਪ੍ਰੇਮੀ ਵੀ ਸਨ ਪਰ ਸਾਰਿਆਂ ਵਿੱਚੋਂ ਸੁਝਿਆ ਕੇਵਲ ਬੀਰ ਜੀ ਨੂੰ, ਪ੍ਰਚਾਰਕਾਂ ਦੀ ਸਾਰ ਲੈਣੀ। ਉਹਨਾਂ ਨੂੰ ਮਾਣ ਤੇ ਵਡਿਆਈ ਦੇਣਾ, ਓਹਨਾਂ ਪਾਸੋਂ ਲਿਆਕਤ ਤੇ ਸਦਾਕਤ ਦੀ ਆਸ ਕਰਨਾ ਤੇ ਇੰਜ ਘੜਿਆ ਸੁਪਨਾ ਉਹਨਾਂ ਨੇ ਗੁਰਮਤ ਪ੍ਰਚਾਰ ਟ੍ਰਸਟ ਦਾ। ਇੱਕ ਨਕਸ਼ਾ ਉਲੀਕਿਆ, ਰੰਗ ਭਰਿਆ, ਸ਼ੁਰੂਆਤ ਕੀਤੀ ਤੇ ਫਿਰ ਛੱਡ ਦਿੱਤਾ ਇਹ ਭਾਰ ਸਾਡੇ ਮਾੜੇ ਜਹੇ ਮੋਢਿਆਂ ਤੇ, ਆਪਣੇ ਨਾਲੋਂ ਬਹੁਤ ਛੋਟੀ ਸਾਡੀ ਲਿਆਕਤ, ਸਾਡੇ ਸਿਦਕ ਤੇ ਵਿੱਤ ਉੱਤੇ। ਬੀਰ ਜੀ ਦਾ ਇਹ ਸੁਪਨਾ ਵੀ ਬਹੁਤ ਮਹਿਨਿਆਂ ਭਰਪੂਰ ਸੀ। ਜੇਕਰ ਕੁਝ ਸਜੱਣ ਸ਼ਖ਼ਸੀਅਤਾਂ ਵਿੱਚ ਫਬਤ ਵਾਲੇ, ਗੱਲਾਂ ਬਾਤਾਂ ਵਿੱਚ ਯਕੀਨ ਦਿਲਾ ਸਕਣ ਵਾਲੇ, ਜ਼ਬਾਨ ਦੇ ਰਸੀਲੇ, ਦੁਨਿਆਵੀ ਤਾਲੀਮ ਵਿੱਚ ਲਾਇਕ ਹੋਣ ਤੇ ਗੁਰੂ ਘਰ ਨਾਲ ਵਾਕਫੀਅਤ ਰੱਖਦੇ ਹੋਣ, ਸਵਛ ਆਲੇ ਦੁਆਲੇ ਵਿੱਚ, ਸਿੱਖੀ ਘਰਾਣੇ ਵਿਚ ਪਲੇ ਹੋਏ ਹੋਣ ਤਾਂ ਉਹਨਾਂ ਨੂੰ ਬਾਣੀ ਦੀ ਗਿਆਤ ਕਰਵਾ ਕੇ, ਕੁਝ ਲੈਕਚਰ ਕਰਨ ਯੋਗ ਬਣਾ ਕੇ, ਕੁਝ ਕਿਤਾਬਾਂ ਰਾਹੀਂ ਤੇ ਕੁਝ ਮਿਸਾਲਾਂ ਰਾਹੀਂ ਹੋਰ ਸੰਵਾਰ ਕੇ "ਬੰਦਗੀ-ਨਾਮਾ", "ਸਿਮਰਨ ਮਹਿਮਾ" ਤੇ "ਚੜ੍ਹਦੀ ਕਲਾ" ਦੇ ਚੰਗੇ ਜਾਣੂ ਕਰਵਾ ਕੇ, ਨਾਮ ਦੀ ਮਹਿਮਾਂ ਵਿੱਚ ਲਗਾ ਕੇ, ਉਹਨਾਂ ਦੇ ਅੰਦਰਲਾ ਉਤਸ਼ਾਹ ਤੇ ਰੰਗ ਜਗਾ ਸਕੀਏ ਤਾਂ ਉਹ ਲਾਇਕ ਉਪਦੇਸ਼ਕ ਬਣ ਸਕਦੇ ਹਨ — ਸ਼ਰਤ ਇਹ ਹੈ ਕਿ ਗੁਣਾਂ ਤੇ ਉਪਕਾਰਾਂ ਦਾ ਜੀਵਨ ਉਹਨਾਂ ਆਪੀ ਗ੍ਰਹਿਣ ਕੀਤਾ ਹੋਵੇ, ਅੰਦਰ ਕੁਝ ਲੋਅ ਸੁਲਘਦੀ ਹੋਵੇ ਤੇ ਫਿਰ ਉਹ ਆਪਣੇ ਆਪ ਨੂੰ ਸ੍ਵੈ-ਕਾਬੂ ਵਿੱਚ ਰੱਖਣ, ਜਿਸ ਕਾਰਣ ਉਹਨਾਂ ਨੂੰ ਉੱਚ ਕੋਟੀ ਦੀਆਂ ਸਰਕਾਰੀ ਨੌਕਰੀਆਂ ਦੇ ਮੁਕਾਬਲੇ ਤੇ ਤਨਖਾਹ ਮਿਲੇ

ਤਾਂ ਜੋ ਉਹ ਆਪਣੇ ਵਾਸਤੇ ਕਿਸੇ ਅੱਗੇ ਹੱਥ ਟੱਡਣ ਦੀ ਮਜਬੂਰੀ ਨਾ ਮਹਿਸੂਸ ਕਰਨ। ਜਿਸ ਸੰਗਤ ਵਿੱਚ ਜਾਣ ਗੁਰੂ ਦੇ ਉਪਦੇਸ਼ ਨਾਲ ਉਹ ਸੁੱਕੀਆਂ ਜਿੰਦਾਂ ਨੂੰ ਹਰਿਆ ਕਰ ਸਕਣ। ਆਪਣੇ ਕੋਲੋਂ ਕਿਸੇ ਯੋਗ ਸੇਵਾ ਵਿੱਚ ਇਮਾਨਦਾਰੀ ਦਾ ਇੱਕ ਟਕਾ ਹਿੱਸੇ ਵੱਲੋਂ ਪਾ ਸਕਣ ਤੇ ਆਪ ਸੰਗਤ ਪਾਸੋਂ ਕੁਝ ਨਾ ਲੈਣ। ਯਕੀਨਨ ਉਹ ਮਾਣ ਦੇ ਸਤਿਕਾਰ ਦੇ ਅਧੀਕਾਰੀ ਹੋ ਜਾਣਗੇ। ਜਿੱਥੇ ਖਲੋ ਕੇ ਕੋਈ ਗੱਲ ਕਹਿਣਗੇ, ਉਹ ਗੱਲ ਸੁਣੀ ਜਾਵੇਗੀ। ਉਸ ਗਲ ਦਾ ਅਸਰ ਪਵੇਗਾ। ਲੋਕ ਉਹਨਾਂ ਵੱਲ ਖਿਚੇ ਜਾਣਗੇ ਤੇ ਉਹਨਾਂ ਦੇ ਦਸੇ ਅਸੂਲਾਂ ਤੇ, ਵਿਆਖਿਆ ਤੇ, ਉਤਸ਼ਾਹ ਨਾਲ ਰੰਗੇ ਬਿਆਨ ਤੇ ਸੰਗਤ ਕੀਤੀ ਜਾਵੇਗੀ।

ਬੱਸ ਇਹ ਇੱਕ ਸ਼੍ਰੇਣੀ ਸਿੱਖਾਂ ਵਿੱਚ ਉਭਰਨੀ ਚਾਹੀਦੀ ਹੈ ਜੋ ਮਾਣ ਨਾਲ ਜੀਵਣ, ਚੰਗਾ ਰਹਿਣ, ਆਪ ਨਾਮ ਜਪਣ ਤੇ ਸਿੱਖ ਸੰਗਤਾਂ ਨੂੰ ਜਪਾਣ। ਇਸ ਸ਼੍ਰੇਣੀ ਨੂੰ ਕਾਇਮ ਕਰਣ ਵਾਸਤੇ ਮਹਾਨ ਚਿੰਤਕ ਰਘਬੀਰ ਸਿੰਘ 'ਬੀਰ' ਨੂੰ ਇਹ ਫੁਰਿਆ ਕਿ ਇੱਕ ਵੱਡੀ ਰਕਮ ਜਮ੍ਹਾਂ ਕੀਤੀ ਜਾਵੇ ਤੇ ਕੇਵਲ ਉਸਦੇ ਸੂਦ ਤੋਂ ਹੀ ਇਹ ਸਕੀਮ ਚਾਲੂ ਕੀਤੀ ਜਾਵੇ। ਇਹ ਮੰਨਦਿਆਂ ਲਾਜ ਆਉਂਦੀ ਹੈ ਕਿ ਬੀਰ ਸਾਹਿਬ ਦੇ ਅਕਾਲ ਚਲਾਣੇ ਮਗਰੋਂ ਕਿਸੇ ਪ੍ਰਸ਼ੰਸ਼ਾਂ ਯੋਗ ਉਦੱਮ ਨਾਲ ਇਸ ਰਕਮ ਨੂੰ ਵਧਾਇਆ ਨਹੀਂ। ਵੱਧਦੀ ਮਹਿੰਗਾਈ ਦੇ ਮੁਤਾਬਿਕ ਸਾਨੂੰ ਉਸੇ ਤੇਜ ਰਫ਼ਤਾਰ ਨਾਲ ਰਕਮ ਨੂੰ ਸੌ ਗੁਣਾਂ ਕਰਨ ਦਾ ਯਤਨ ਕਰਨਾ ਚਾਹੀਦਾ ਸੀ, ਜੋ ਨਹੀਂ ਹੋ ਸਕਿਆ ਤੇ ਸਕੀਮ ਦਾ ਮੌਲਿਕ ਰੰਗ ਨਹੀਂ ਬੱਝਾ। ਕਮਜ਼ੋਰੀਆਂ ਸਾਰੀਆਂ ਸਾਡੀਆਂ ਹਨ, ਸ਼ਕਤੀ ਸਾਰੀ ਬੀਰ ਸਾਹਿਬ ਵਿੱਚ ਸੀ, ਔਗੁਣ ਸਾਡੇ ਹਨ, ਗੁਣ ਉਹਨਾਂ ਦੇ ਹਿੱਸੇ ਆਏ ਸਨ, ਇਸੇ ਕਰ ਕੇ ਤਾਂ ਇਹ ਮਹਾਨ ਵਿੱਥ ਹੈ, ਉਹਨਾਂ ਵਿੱਚ ਤੇ ਸਾਡੇ ਵਿੱਚ। ਮੈਂ ਉਹਨਾਂ ਦੀ ਜ਼ਿੰਦਗੀ ਦੀ ਇਹ ਤੁਛ ਜਹੀ ਸ਼ਰਧਾਂਜਲੀ ਇਸ ਕਿਤਾਬ ਦੀ ਸ਼ਕਲ ਵਿੱਚ ਦੇਣ ਦਾ ਮਾਣ ਇਸੇ ਲਈ ਤਾਂ ਲੈ ਰਿਹਾ ਹਾਂ ਕਿ ਉਹ ਅਰਸ਼ੀ ਸਨ ਤੇ ਅਸੀਂ ਫਰਸ਼ੀ ਹੀ ਰਹੇ ਹਾਲਾਂਕਿ ਸਾਡਾ ਨਾਂ ਉਹਨਾਂ ਦੀ ਮਹਾਨ ਸ਼ਖਸੀਅਤ ਨਾਲ ਕਿਸੇ ਤਰ੍ਹਾਂ ਜੁੜ ਹੀ ਗਿਆ ਹੈ।

ਇਸ ਘਾਟ ਦੇ ਹੁੰਦਿਆਂ ਭੀ ਗੱਲ ਕਰਨੀ ਚਾਹੀਦੀ ਹੈ ਚੜ੍ਹਦੀ ਕਲਾ ਦੀ, ਤਾਂ ਜੋ ਕੋਈ ਪਾਠਕ ਉਤਸਾਹਿਤ ਹੋ ਸਕਣ। ਜੇ ਮੈਂ ਇਹ ਜ਼ਿਕਰ ਕਰਾਂ ਕਿ ਅਸੀਂ ਨਿਮਾਣੇ ਜਿਹੇ ਉੱਦਮ ਨਾਲ ਤੇ ਟਾਂਵੇ ਟਾਂਵੇਂ ਕਦਮ ਪੁੱਟਕੇ ਜੋ ਕੁਝ ਕਰ ਸਕੇ ਹਾਂ ਤਾਂ ਕਈ ਨੌਜਵਾਨ ਪਾਠਕ ਸ਼ਾਇਦ ਨਿੱਤਰ ਪੈਣ। ਜਦ ਤਕ ਤਨ ਵਿੱਚ ਜਾਨ ਹੈ, ਜਦ ਤੱਕ ਸਰੀਰ ਤੇ ਆਤਮਾ ਇਕੱਠੇ ਹਨ, ਜਦ ਤੱਕ ਅੱਖਾਂ ਵਿੱਚ ਰੌਸ਼ਨਾਈ ਹੈ, ਸੋਚਣ ਵਿੱਚ ਦਲੇਰੀ ਹੈ, ਸਾਡਾ ਤਜਰਬਾ, ਸਾਡੀ ਥੋਹੜੀ ਬਹੁਤ ਅਗਵਾਈ ਦੀ ਕਾਬਲੀਅਤ ਉਹਨਾਂ ਨੌਜਵਾਨਾਂ ਤੋਂ ਸਦਕੇ ਹਾਂ ਜੋ ਇਸ ਨੂੰ ਪੜ੍ਹ ਕੇ ਕਲਮ ਚੁੱਕਣਗੇ ਤੇ ਜੋ ਲਿਖਕੇ ਭੇਜਣਗੇ ਤਾਂ ਉਹਨਾਂ ਦੀ ਕਮਦ-ਬੋਸੀ ਕਰਨ, ਤਨੋਂ ਮਨੋਂ ਆਖ ਰਿਹਾ ਹਾਂ ਉਹਨਾਂ ਦੀ ਹਾਜਰੀ ਭਰਾਂਗੇ ਤੇ ਉਹਨਾਂ ਦਾ ਉਤਸ਼ਾਹ ਵਧੇਰੇ

ਜਗਾਵਾਂਗੇ। ਸੋ ਥੋੜ੍ਹੇ ਲਫਜ਼ਾਂ ਵਿੱਚ ਆਪਣੀਆਂ ਚਾਲੂ ਕਾਰਵਾਈਆਂ, ਗੁਰਮੱਤ ਪ੍ਰਚਾਰ ਟ੍ਰਸਟ ਦੀਆਂ ਥੋੜ੍ਹੀਆਂ ਲਾਈਨਾਂ ਵਿੱਚ ਥੱਲੇ ਦਰਜ ਹਨ।

ਅਜ਼ੀਜ਼ੋ ! ਨਗਾਰੇ ਦੀ ਚੋਟ ਸਮਝਣਾ, ਚੁਨੌਤੀ ਪ੍ਰਵਾਨ ਕਰਨਾ, ਅਜੇ ਤੁਹਾਡੇ ਬਾਹੂ-ਬਲ ਕਰਨ ਵਿੱਚ, ਪੈਰਾਂ ਵਿੱਚ, ਘੁੰਮਣ ਫਿਰਨ ਦੀ ਸ਼ਕਤੀ ਕਾਰਨ ਆਸ ਲਗਾਂਦੇ ਹਾਂ ਕਿ ਅਸੀਂ ਜਿੱਥੇ ਖਿੜਕੇ ਹਾਂ, ਜਿੱਥੇ ਬੀਰ ਜੀ ਦੇ ਸੁਪਨੇ ਦੀ ਪੂਰਤੀ ਵਿੱਚ ਨਾਕਾਮਯਾਬ ਰਹੇ ਹਾਂ, ਉਹ ਵਿੱਥ ਉਹ ਖ਼ਲਾਅ ਤੁਸੀਂ ਪੂਰੋ। ਐਹੋ ਜਹੀਆਂ ਸੰਸਥਾਵਾਂ ਤੇ ਐਹੋ ਜਹੇ ਸੁਪਨੇ ਪੂਰਤੀ ਲਈ ਕਈ ਕਈ ਦਹਾਕੇ ਲੈ ਲੈਂਦੇ ਹਨ। ਇਹ ਤਾਂ ਨਦੀਆਂ ਹਨ, ਵਗਦੀਆਂ ਰਹਿਣਗੀਆਂ। ਸੋ ਫਿਰ ਸੁਣੋ :—

੧. ਅਸੀਂ ਚੰਗੇ ਸੁਚੱਜੇ ਇੱਕ ਪ੍ਰਚਾਰਕ ਨਾਲ ਤਜਰਬਾ ਕੀਤਾ ਹੈ, ਗੁਰਦੁਆਰੇ ਵਿੱਚ, ਦੇਸ ਤੇ ਪ੍ਰਦੇਸ ਵਿੱਚ ਉਸ ਪ੍ਰਚਾਰਕ ਨੇ ਫਰਜ਼ ਭੀ ਨਿਭਾਇਆ ਹੈ ਤੇ ਗੁਰੂ ਘਰ ਦਾ ਸੁਨੇਹਾ ਭੀ ਅਪੜਾਇਆ ਹੈ। ਇਸ ਤੋਂ ਇਲਾਵਾ ਚੋਟੀ ਦੇ ਸਿੱਖਾਂ ਨੇ ਸਰਦਾਰ ਭਗਵੰਤ ਸਿੰਘ ਦਿਲਾਵਰੀ, ਸਾਬਿਕਾ ਇੰਡੀਆ ਫੌਰਨ ਸਰਵਿਸ ਦੇ ਮੁਲਾਜ਼ਮ ਸਨ ਪਰ ਕੁਝ ਸਾਲਾਂ ਤੋਂ ਕੁਸ਼ਟੀਆਂ, ਜਿਸਮਾਨੀ ਕੋਹੜ ਦੇ ਮਰੀਜ਼ਾਂ ਦੀ ਸੇਵਾ ਵਿੱਚ ਅਮਰਾਵਤੀ, ਮਹਾਰਸ਼ਟਰਾ ਵਿੱਚ ਜੁੱਟੇ ਪਏ ਹਨ, ਉਸ ਆਸ਼ਰਮ ਵਿੱਚ ਕਦੇ ਕੋਈ ਪੰਜਾਬੀ ਭੀ ਨਹੀਂ ਸੀ ਗਿਆ, ਕੋਈ ਹੋਰ ਸਿੱਖ ਭੀ ਨਹੀਂ, ਇਹਨਾਂ ਸਾਡੀ ਮੰਗ ਤੇ ਥਾਂ ਪਰ ਥਾਂ ਗੁਰਪੁਰਬਾਂ ਉੱਤੇ ਪ੍ਰਚਾਰ ਦੀ ਸੇਵਾ ਨਿਭਾਈ ਹੈ। ਗੁਰੂ ਦੀਆਂ ਸੰਗਤਾਂ ਨੂੰ ਜਗਾਣ ਦਾ ਹੀਆ ਕੀਤਾ ਹੈ, ਸਾਹਸ ਦਿਖਾਇਆ ਹੈ। "ਗੁਰਮੱਤ ਪ੍ਰਚਾਰ ਟ੍ਰਸਟ" ਪਾਸੋਂ ਉਨ੍ਹਾਂ ਸਫਰ ਖਰਚ ਵਜੋਂ ਜਾਂ ਰੇਲ ਦੇ ਭਾੜੇ ਵਜੋਂ ਭੀ ਇੱਕ ਪੈਸਾ ਨਹੀਂ ਲਿਆ। ਇਸ ਤਰ੍ਹਾਂ ਪ੍ਰੇਰਿਆ ਹੈ ਜੇ. ਪੀ. ਨੰਦਾ ਤੇ ਉਨ੍ਹਾਂ ਦੀ ਧਰਮ ਪਤਨੀ ਸ਼ਕੁੰਤਲਾ ਨੂੰ। ਨੰਦਾ ਜੀ ਤੇ ਉਨ੍ਹਾਂ ਦਾ ਪਰਿਵਾਰ ਗੁਰੂ ਘਰ ਦੇ ਕੀਰਤਨੀਏ ਹਨ, ਹਮੇਸ਼ਾ ਰਹੇ ਹਨ ਪਰ ਇਕ ਆਤਮਿਕ ਅਨੰਦ ਲਈ। ਗੁਰੂ ਦੇ ਬਖ਼ਸ਼ੇ ਹੁਨਰ ਦੇ ਦਾਨ ਦੇ ਰਿਣ ਦੀ ਅਦਾਇਗੀ ਵਜੋਂ। ਅਸਲ ਵਿੱਚ ਉਹ ਬਿਹਾਰ ਵਿਖੇ ਸਿੰਦਰੀ ਫਰਟੇਲਾਈਜ਼ਰ ਦੇ ਡਿਪਟੀ ਜਨਰਲ ਮੈਨੇਜਰ ਸਨ। ਹੁਣ ਉਹ ਦੇਹਰਾਦੂਨ ਵਿੱਚ ਆਪਣਾ ਟਿਕਾਣਾ ਆਸ਼ਰਮ ਬਣਾ ਕੇ ਮਰੀਜ਼ਾਂ ਦੀ ਸੇਵਾ ਕਰਦੇ ਹਨ ਤੇ ਇਸ ਰਾਹੀਂ ਗੁਰੂ ਨਾਨਕ ਦੇਵ ਜੀ ਦੀ ਖੁਸ਼ੀ ਦੇ ਪਾਤਰ ਹਨ। ਇਹਨਾਂ ਅਕੋਲੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਥਾਂ ਥਾਂ ਤੇ ਸਫਰ ਕੀਤੇ, ਕੀਰਤਨ ਕੀਤੇ, ਜਪੁਜੀ ਸਾਹਿਬ ਦੀਆਂ ਕਲਾਸਾਂ ਲਗਾਈਆਂ। ਛੋਟਿਆਂ ਛੋਟਿਆਂ ਬੱਚਿਆਂ ਨੂੰ ਗੁਰੂ ਨਾਨਕ ਦੇ ਚਰਨੀ ਲਾਇਆ, ਜਿਹੜੇ ਯੰਤਰ ਇਹ ਸੱਦਾ ਨਿਭਾਣ ਲਈ ਅਸਾਂ ਤਿਆਰ ਕੀਤੇ ਹਨ, ਉਹਨਾਂ ਦੀ ਭੇਟਾ ਕੀਤੇ ਉਹਨਾਂ ਦੀ ਪੂਰੀ ਵਰਤੋਂ ਕਰਕੇ ਉਹਨਾਂ ਨੇ ਸੰਗਤਾਂ ਦਾ ਤੇ ਬੱਚਿਆਂ ਦਾ ਮਨ ਜਗਾਇਆ। ਇਹ ਯੰਤਰ ਧੰਨਤਾ ਦਾ ਕਾਰਣ ਹਨ — ਸਾਨੂੰ ਸੁਝੇ ਤੇ ਅਸੀਂ ਇਹਨਾਂ ਨੂੰ ਸ਼ਕਲ ਦੇ ਸਕੇ, ਲੱਖ ਸ਼ੁਕਰ ਗੁਰੂ ਨਾਨਕ ਦਾ ਇਹ ਕੁਝ ਦਿਲਕਸ਼ ਸਲਾਈਡਾਂ ਰਾਹੀਂ ਰੂਹਾਨੀ ਕੀਰਤਨ ਤੇ ਚੰਗੀ ਜੋੜਨ ਵਾਲੀ

ਸ਼ਬਦਾਵਲੀ ਦੇ ਰਲਵੇਂ ਸਮੂਹ ਹਨ। ਪ੍ਰੋਜੈਕਟਰ ਤੇ ਚਲਦੇ ਹਨ ਤੇ ਖ਼ੂਬਸੂਰਤ ਤੇ ਦਿਲਖਿਚਵੇਂ ਹਨ। ਕੋਈ ਵੀਹ ਹਜ਼ਾਰ ਜਨ-ਸਮੂਹ ਨੇ ਇਨ੍ਹਾਂ ਨੂੰ ਦੇਖਿਆ ਹੈ ਤੇ ਗਦਗਦ ਹੋਏ ਹਨ। ਹਰ ਤਰ੍ਹਾਂ ਦੇ ਲੋਕਾਂ ਨੇ, ਬੱਚਿਆਂ ਨੂੰ, ਬੁੱਢਿਆਂ ਨੂੰ, ਪ੍ਰੋਫੈਸਰਾਂ ਨੂੰ ਤੇ ਸੌਦਾਗਰਾਂ ਨੂੰ, ਧਨਾਢਾਂ ਤੇ ਗਰੀਬਾਂ ਨੂੰ, ਵਿਦਿਆਰਥੀਆਂ ਤੇ ਉਦਯੋਗਪਤੀਆਂ ਨੂੰ, ਸਭ ਨੂੰ ਪਸੰਦ ਆਏ ਹਨ।

੨. ਕੁਝ Audio Cassette ਬਣਾ ਕੇ ਚੰਗੀ ਆਵਾਜ਼ ਵਿੱਚ ਰਿਕਾਰਡ ਕਰਾਕੇ ਉੱਚ ਮਿਆਰ ਦੇ ਸਟੂਡੀਓ ਤੋਂ ਯੋਗ ਮਦਦ ਲੈ ਕੇ ਉਨ੍ਹਾਂ ਨੂੰ ਮੁਫਤ ਵੰਡੇ ਹਨ, ਜਿਨ੍ਹਾਂ ਨੂੰ ਗੁਰੂ ਜੀ ਦੀ ਸਾਖੀ ਸੁਨਣ ਦੀ ਇੱਛਾ ਪ੍ਰਬਲ ਹੈ ਪਰ ਵਕਤ ਨਹੀਂ ਮਿਲਦਾ ਕਿਉਂਕਿ ਆਪਣੇ ਕੰਮ ਵਿੱਚ ਇਤਨੇ ਮਸਰੂਫ ਹਨ ਕਿ ਸਿਵਾਏ ਸਵੇਰੇ ਨਹਾ ਧੋ ਕੇ ਤਿਆਰ ਹੋਣ ਵਿੱਚ ਜੇਹੜਾ ਸਮਾਂ ਲਗਦਾ ਹੈ, ਨਾਲੋ ਨਾਲ ਕੈਸਟ ਸੁਣ ਸਕਦੇ ਹਨ।

੩. "ਗੁਰਮਤ ਪ੍ਰਚਾਰ ਟ੍ਰਸਟ" ਵਾਲਿਆਂ ਨੂੰ ਦੇਖੋ ਕਿ ਜਿਨ੍ਹਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਹੈ, ਉਹਨਾਂ ਭਗਤਾਂ ਨੂੰ ਮੰਨਣ ਵਾਲਿਆਂ ਦੀ ਸਾਡੇ ਨਾਲ ਕੋਈ ਸਾਂਝ ਨਹੀਂ ਰਹੀ, ਸੋ ਅਸੀਂ ਹੱਥ ਵਧਾਇਆ ਹੈ ਪਿਆਰ ਨਾਲ, ਦੋਸਤੀ ਦਾ, ਭਰਾਤਰੀ ਪ੍ਰੇਮ ਦਾ ਤੇ ਸਾਨੂੰ ਨਾਮਦੇਵ ਜੀ ਦੇ ਮਿਸ਼ਨ ਵਾਲਿਆਂ ਨਾਲ ਬੜਾ ਲਗਾਓ ਉਤਪੰਨ ਹੋਇਆ। ਓਹਨਾਂ ਦੇ ਮੰਦਰ ਤੋਂ ਬਾਹਰ ਤੰਬੂ ਕਨਾਤਾਂ ਵਿੱਚ ਵੀ ਜਿੱਥੇ ਸ਼ਾਂਤੀ ਹੁੰਦੀ ਹੈ ਤੇ ਓਹਨਾਂ ਦੀ ਸੰਗਤ ਬੈਠਦੀ ਹੈ ਓਥੇ ਨਾਮਦੇਵ ਜੀ ਦੀ ਬਾਣੀ ਦਾ ਕੀਰਤਨ ਕਰਾਣ ਦਾ, ਵਿਆਖਿਆ ਕਰਨ ਦਾ, ਓਹਨਾ ਦੀ ਜੀਵਨ-ਵਿਧੀ ਤੇ ਕਵਿਤਾ ਕਹਿਣ ਦਾ ਅਵਸਰ ਮਿਲਿਆ। ਉਹਨਾਂ ਨਾਲ ਜੋੜ ਪਿਆ ਹੈ। ਵਾਹਿਗੁਰੂ ਕਰੇ ਹੋਰ ਵਧੇ ਤੇ ਇਸ ਤਰ੍ਹਾਂ ਕਬੀਰ ਪੰਥੀ, ਰਵਿਦਾਸ ਜੀ ਦੇ ਭਗਤ ਸਾਰੇ ਸਾਡੇ ਨਾਲ ਬਾਂਹ ਵਿੱਚ ਬਾਂਹ ਪਾਉਣ।

੪. ਗੁਰਮਤ ਪ੍ਰਚਾਰ ਟ੍ਰਸਟ ਵਾਲੇ ਅੱਠ-ਦਸ ਟ੍ਰੈਕਟ ਤਾਂ ਸਾਲ ਵਿੱਚ ਲਿਖ ਕੇ, ਛਪਵਾ ਕੇ, ਮੈਂਬਰਾਂ ਦੀ ਸੇਵਾ ਵਿੱਚ ਮੁਫਤ ਘਲੱਦੇ ਹਨ। ਕੋਈ ਤਿੰਨ ਸੌ ਕਾਪੀਆਂ ਬਾਹਰ ਭੀ ਮੁਫਤ ਵੰਡੀਆਂ ਜਾਂਦੀਆਂ ਹਨ। ਸਾਡੀਆਂ ਪ੍ਰਕਾਸ਼ਤ ਛੋਟੀਆਂ ਕਿਤਾਬਚੀਆਂ ਜਾਂ ਟ੍ਰੈਕਟ ਦੀ ਚੰਗੇ ਲੇਖਕਾਂ ਨੇ ਪ੍ਰਸ਼ੰਸਾ ਕੀਤੀ ਹੈ, ਮੂਲ ਸੋਚਣੀ ਸੰਬੰਧੀ ਤੇ ਸ਼ੈਲੀ ਸੰਬੰਧੀ।

## ਕੁਝ ਗੁਰਮਤ ਪ੍ਰਚਾਰ ਟ੍ਰਸਟ ਬਾਰੇ

ਉਹ ਆਪਣੇ ਵਰਗੇ ਦੂਸਰੇ ਉੱਚ ਵਰਗ ਦੇ ਲੋਕਾਂ ਵਾਂਗ ਆਸਾਨੀ ਨਾਲ ਸੁੱਖ ਤੇ ਆਰਾਮ ਦਾ ਜੀਵਨ ਬਤੀਤ ਕਰ ਸਕਦੇ ਸਨ ਪਰ ਉਹਨਾਂ ਦੇ ਮਨ ਵਿੱਚ ਤਾਂ ਹੋਰ ਹੀ ਵਿਚਾਰ ਸਨ। ਉਹ ਆਪਣੀ ਸੰਸਾਰਿਕ ਪੂੰਜੀ ਦਾ ਇੱਕ ਵੱਡਾ ਹਿੱਸਾ ਲੋਕਾਂ ਦੇ ਗਿਆਨ ਦੀ ਬੜ੍ਹੋਤਰੀ ਤੇ ਤਰੱਕੀ ਲਈ ਖਰਚ ਕਰਨਾ ਚਾਹੁੰਦੇ ਸਨ ਤੇ ਇਸ ਅਕਲ ਤੇ ਗੁਰਮਤ ਪ੍ਰਚਾਰ ਟ੍ਰਸਟ ਦੀ ਅਲਗ ਸਥਾਪਨਾ ਕੀਤੀ। ਇਹ

ਸੰਸਥਾਨ ਸਾਡੇ ਦੇਸ ਦੀ ਧਰਮ ਨਿਰਪੇਖ ਸਾਸ਼ਨ ਪ੍ਰਣਾਲੀ ਦੇ ਆਧਾਰ ਦੀ ਬੜ੍ਹੋਤਰੀ ਕਰਦੇ ਹਨ।

ਦਸਾਂ ਗੁਰੂਆਂ ਅਤੇ ਗੁਰੂ ਗਰੰਥ ਸਾਹਿਬ ਦੀ ਸਿਖਿਆ ਤੇ ਚਲਣ ਦੀ ਅੱਜ ਇਸ ਦੇਸ ਨੂੰ ਬਹੁਤ ਲੋੜ ਹੈ। ਇਸ ਲੋੜ ਨੂੰ ਪੂਰਾ ਕਰਨ ਲਈ ਅੱਛੇ ਮਿਆਰ ਦੇ ਉਪਦੇਸ਼ਕਾਂ ਦੀ ਲੋੜ ਹੈ, ਜੋ ਕਿ ਆਪਣੀ ਖੁਦ ਹੀ ਮਿਸਾਲ ਕਾਇਮ ਕਰਕੇ, ਪੂਰੀ ਤਰ੍ਹਾਂ ਸਿਕਸ਼ਾ ਪਾ ਕੇ ਨਾ ਕੇਵਲ ਜਾਗਰੂਕ ਸਿੱਖ ਸਮੂਹ ਬਲਕਿ ਦੂਸਰੇ ਲੋਕਾਂ ਦੀ ਇਜ਼ੱਤ ਤੇ ਭਰੋਸੇ ਦੇ ਪਾਤਰ ਬਣ ਸਕਣ।

ਇਸੇ ਵਿਚਾਰ ਨੂੰ ਮੁੱਖ ਰੱਖਦੇ ਹੋਏ ਬੀਰ ਜੀ ਨੇ ੧੯੬੦ ਵਿੱਚ ਗੁਰਮੱਤ ਪ੍ਰਚਾਰ ਟ੍ਰਸਟ ਦੀ ਸਥਾਪਨਾ ਕੀਤੀ। ਸੰਤ ਨਿਸਚਲ ਸਿੰਘ ਜਮਨਾ ਨਗਰ ਵਾਲੇ ਤੇ ਪਟਿਆਲੇ ਦੇ ਸੰਤ ਨਿਰੰਜਨ ਸਿੰਘ ਭੀ ਇਸ ਦੇ ਬਾਨੀ ਮੈਂਬਰ ਹਨ।

ਬੀਰ ਸਾਹਿਬ ਨੇ ਨਿਮੰਤ੍ਰਣ ਦਿੱਤਾ ਕਿ ਜੋ ਕੋਈ ਭੀ ਇਸ ਟ੍ਰਸਟ ਨੂੰ ੨੫੦੦ ਰੁਪਏ ਦਾ ਦਾਨ ਦੇਵੇਗਾ, ਉਹ ਇਸਦਾ ਬਾਨੀ ਮੈਂਬਰ ਬਣ ਸਕਦਾ ਹੈ। ਇਸ ਦੀ ਜਨਰਲ ਕੌਂਸਲ ਵਿੱਚ ਚੋਣਵੇਂ ਮੈਂਬਰ ਭੀ ਹੋਣਗੇ, ਬਗੈਰ ਕਿਸੇ ਧਰਮ, ਜ਼ਾਤ ਜਾਂ ਰੰਗ ਭੇਦ ਦੇ ਹਰ ਉਹ ਆਦਮੀ ਇਸ ਦਾ ਮੈਂਬਰ ਬਣ ਸਕਦਾ ਹੈ, ਜਿਸ ਦੀ ਮਾਨਤਾ ਗੁਰੂ ਗਰੰਥ ਸਾਹਿਬ ਦੇ ਉਪਦੇਸ਼ਾਂ ਵਿੱਚ ਹੈ। ਸਾਧਾਰਣ ਮੈਂਬਰ ਬਣਨ ਲਈ ੧੦੦ ਰੁਪਏ ਦੇਣੇ ਹੋਣਗੇ। (ਕੀਮਤਾਂ ਵਿਚ ਬਹੁਤ ਵਾਧਾ ਹੋ ਜਾਣ ਕਰਕੇ ੧੯੯੨ ਦੇ ਅਧ ਵਿਚ ਕਿਤੇ ੧੦੦ ਰੁਪਏ ਤੋਂ ਵਧਾਕੇ ੨੫੦ ਰੁਪਏ ਲਾਈਫ ਮੈਂਬਰਸ਼ਿਪ ਦੇ ਹੋ ਗਏ।)

ਟ੍ਰਸਟ ਦੇ ਰੂਲਜ਼ ਤੇ ਰੈਗੂਲੇਸ਼ਨਜ਼ ਦੇ ਮੁਤਾਬਕ ਵੱਧ ਤੋਂ ਵੱਧ ੧੫ ਤੇ ਘਟ ਤੋਂ ਘਟ ੧੧ ਮੈਂਬਰ ਮਿਲ਼ਕੇ ਕੰਮ ਚਲਾਉਂਦੇ ਹਨ। ਕੰਮ ਚਲਾਉਣ ਵਾਲੇ ਮੈਂਬਰਾਂ ਨੂੰ ਸਲਾਹ ਮਸ਼ਵਰਾ ਦੇਣ ਲਈ ਇੱਕ ਸਲਾਹ ਬੋਰਡ ਹੈ। ਇਸ ਬੋਰਡ ਵਿੱਚ ਦੇਸ ਵਿਦੇਸ਼ ਦੇ ਲੋਕ ਸ਼ਾਮਲ ਹਨ ਤੇ ਸਾਰੇ ਮੰਨੇ ਹੋਏ ਧਰਮਾਂ ਤੇ ਸੰਸਕ੍ਰਿਤੀ ਦੀਆਂ ਸੰਸਥਾਵਾਂ, ਜਿਨ੍ਹਾਂ ਦੀ ਮਾਨਤਾ ਗੁਰਬਾਣੀ ਵਿੱਚ ਹੈ, ਦੀ ਨੁਮਾਇੰਦਗੀ ਕਰਦੇ ਹਨ।

## ਮੁਦੇ ਤੇ ਧਾਰਣਾਂ

ਗੁਰਮਤ ਪ੍ਰਚਾਰ ਟ੍ਰਸਟ ਦਾ ਤਿਆਰ ਕੀਤਾ ਪੱਤਰ ਇਸ ਪ੍ਰਕਾਰ ਹੈ :

੧. ਸਾਰੀ ਮਨੁੱਖ ਜਾਤੀ ਨੂੰ ਇਖਲਾਕੀ ਤੇ ਸਮਾਜਿਕ ਗਿਆਨ ਦੇ ਵਾਧੇ ਲਈ ਉਪਦੇਸ਼, ਮਾਨਤਾ, ਸਿਖਲਾਈ ਤੇ ਧਰਮ ਬਾਰੇ ਜਾਗਰੂਕ ਕਰਨਾ।

੨. ਗੁਰੂ ਨਾਨਕ ਦੇ ਉਪਦੇਸ਼ਾਂ ਨੂੰ, ਆਪ ਮਿਸਾਲ ਕਾਇਮ ਕਰਕੇ, ਨੇਕ ਵਿਚਾਰ, ਸਿੱਖੀ ਸਭਿਅਤਾ ਤੇ ਸੰਸਕ੍ਰਿਤੀ ਦੀ ਬੜ੍ਹੋਤਰੀ ਲਈ ਜੋ ਕੁਝ ਦੂਸਰੇ ਸੰਤਾਂ ਤੇ ਗੁਰੂਆਂ ਨੇ ਸੇਵਾ ਕੀਤੀ ਹੈ, ਉਸ ਸੱਭ ਤੋਂ ਦੁਨੀਆਂ ਵਾਲਿਆਂ ਨੂੰ ਜਾਣਕਾਰ ਕਰਾਣਾ।

੩. ਮਨੁੱਖਤਾ ਦੀ ਭਲਾਈ ਲਈ ਉਹਨਾਂ ਵਾਸਤੇ ਹਰ ਤਰ੍ਹਾਂ ਦੀ ਇਖ਼ਲਾਕੀ

ਸਮਾਜੀ ਤੇ ਆਤਮਿਕ ਜਾਣਕਾਰੀ ਦੇਣ ਲਈ ਮਦਦ, ਪ੍ਰੇਰਣਾ ਤੇ ਅਪਨਾਉਣ ਦੇ ਤਰੀਕਿਆਂ ਦਾ ਪ੍ਰਬੰਧ ਕਰਨਾ।

੪. ਟ੍ਰਸਟ ਦੀ ਮਾਨਤਾ ਅਨੁਸਾਰ ਆਮ ਜਨਤਾ ਦੇ ਸੌਖ ਲਈ ਕੀਰਤਨ ਲਈ, ਸਮਾਜਕ ਤੇ ਫਲਸਫੇ ਦੀ ਅੱਗੇ ਖੋਜ ਲਈ, ਲਾਇਬਰੇਰੀਆਂ ਤੇ ਪੜ੍ਹਨ ਦੇ ਕਮਰਿਆਂ ਆਦਿ ਲਈ ਇਮਾਰਤਾਂ ਦਾ ਪ੍ਰਬੰਧ ਕਰਨਾ।

੫. ਗੁਰਮੱਤ ਪ੍ਰਚਾਰ ਟ੍ਰਸਟ ਨੂੰ, ਸਾਰੇ ਦੇਸ਼ ਦੀ ਸੇਵਾ ਲਈ ਤੇ ਆਤਮਿਕ ਮੁੱਲਾਂ ਨੂੰ ਜੀਵਨ ਵਿੱਚ ਢਾਲਣ ਲਈ ਚੁਣੀਂਦੇ ਲੋਕਾਂ ਦੀ ਸਿਖਲਾਈ ਆਪਣੇ ਮਿੱਥੇ ਅਸੂਲਾਂ ਮੁਤਾਬਕ ਚਲਾਉਣਾ।

੬. ਉਪਦੇਸ਼ਕਾਂ, ਸਕੱਤਰਾਂ, ਮੈਨੇਜਰਾਂ ਅਤੇ ਬਾਕੀ ਦੇ ਕਾਮਿਆਂ ਦੀ ਭਰਤੀ ਕਰਨਾ ਅਤੇ ਉਹਨਾਂ ਦੀਆਂ ਸੇਵਾਵਾਂ ਲਈ ਤਨਖਾਹ, ਮਜ਼ੂਦਗੀ, ਪੈਨਸ਼ਨ ਤੇ ਗ੍ਰੈਚੁਟੀ ਦੇਣਾ।

## ਟ੍ਰਸਟ ਦਾ ਸਰਮਾਇਆ

ਟ੍ਰਸਟ ਵਿੱਚ ਇੱਕ ਕਰੋੜ ਰੁਪਏ ਦਾ ਸਰਮਾਇਆ ਇਕੱਠਾ ਕਰਨ ਦਾ ਨਿਸ਼ਾਨਾ ਹੈ ਅਤੇ ਇਸ ਨੂੰ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ। ਇਸ ਵਿੱਚ ਵਾਧਾ ਕੋਈ ਇੱਕ ਜਣਾਂ ਜਾਂ ਕਈ ਜਣੇ ਮਿਲ ਕੇ ਕਰ ਸਕਦੇ ਹਨ। ਇਸ ਸਰਮਾਏ ਦੀ ਅਸਲ ਦੀ ਰਕਮ ਵਿੱਚੋਂ ਕੋਈ ਖਰਚਾ ਨਹੀਂ ਕੀਤਾ ਜਾਵੇਗਾ। ਸਿਰਫ ਸੂਦ ਦੇ ਤੌਰ ਤੇ ਮਿਲੀ ਰਕਮ ਵਿਚੋਂ ਹੀ ਖਰਚਾ ਕੀਤਾ ਜਾਵੇਗਾ।

# ਆਤਮ ਸਾਇੰਸ

ਸ. ਰਘਬੀਰ ਸਿੰਘ 'ਬੀਰ' ਜੀ ਨੂੰ, ਪਾਠਕਾਂ ਨੂੰ, ਯਾਦ ਹੋਵੇਗਾ ਕਿ ਦਿੱਲੀ ਵਿੱਚ ਇੱਕ ਬੀਬੀ ਨੇ ਆਪਣੇ ਬੱਚਿਆਂ ਦੀ ਸਿੱਖੀ ਵੱਲੋਂ ਉਪਰਾਮਤਾ ਦਾ ਰੋਣਾ ਰੋਇਆ ਸੀ ਕਿ ਉਹ ਅੰਗਰੇਜ਼ੀ ਕਾਨਵੈਂਟ ਸਕੂਲਾਂ ਵਿੱਚ ਪੜ੍ਹ ਕੇ ਆਪਣੇ ਧਰਮ ਬਾਰੇ ਸਭ ਕੁਝ ਭੁੱਲ ਗਏ ਹਨ ਤੇ ਕੇਸ ਵੀ ਕਟਾ ਲਈ ਹਨ। ਜਲੰਧਰ ਸ਼ਹਿਰ ਵਿੱਚ ਦੋ ਬੀਬੀਆਂ ਨੇ ਉਹਨਾਂ ਨੂੰ ਹਿਮਾਚਲ ਵਿਚ ਡਿਗਸ਼ਈ ਦਾ ਸਥਾਨ ਸੁਝਾਇਆ ਸੀ ਤੇ ਉਹਨਾਂ ਨੇ ਉਥੇ ਅਜਿਹਾ ਪਬਲਿਕ ਸਕੂਲ ਸਥਾਪਿਤ ਕੀਤਾ ਜਿੱਥੇ ਅੱਜ ਦੀ ਲੁੜੀਂਦੀ ਪੜ੍ਹਾਈ ਦੇ ਨਾਲ ਨਾਲ ਬੱਚੇ ਸਿੱਖ ਧਰਮ ਤੇ ਗੁਰਬਾਣੀ ਦਾ ਵੀ ਗਿਆਨ ਪ੍ਰਾਪਤ ਕਰ ਸਕਣ। ਨਾਲ ਹੀ ਉਹਨਾਂ ਇੱਕ ਮਾਸਕ ਪਤ੍ਰਿਕਾ 'ਆਤਮ ਸਾਇੰਸ' ਵੀ ਕਲਕਤੇ ਤੋਂ ਪ੍ਰਕਾਸ਼ਤ ਕਰਨੀ ਅਰੰਭ ਕੀਤੀ ਤਾਂ ਜੋ ਸਿੱਖ ਸੰਗਤਾਂ ਨੂੰ ਆਤਮਕ ਗਿਆਨ ਮਿਲੇ ਤੇ ਆਪਣੀਆਂ ਜੜ੍ਹਾਂ ਨੂੰ ਪਛਾਣ ਸਕਣ ਤੇ ਉਸ ਤੇ ਮਾਣ ਕਰ ਸਕਣ। ਬੀਰ ਜੀ ਦੀ ਅਗਵਾਈ ਹੇਠ ਤੇ ਉਹਨਾਂ ਦੀ ਬੇਓੜਕ ਮੇਹਨਤ ਤੇ ਉਦਮ ਤੇ ਕਾਰਣ ਇਸ ਪਤ੍ਰਿਕਾ ਦੇ ਬਹੁਤ ਸਾਰੇ ਪਾਠਕ ਬਣੇ ਜਿਸ ਕਾਰਣ ਬਹੁਤ ਸਾਰੇ ਸਿੱਖਾਂ ਤੇ ਦੂਜੇ ਲੋਕਾਂ ਨੂੰ ਗੁਰਬਾਣੀ ਲਈ ਪਿਆਰ ਤੇ ਸਮਝ ਵਿੱਚ ਬਹੁਤ ਵਾਧਾ ਹੋਇਆ।

## ਆਤਮ ਸਾਇੰਸ ਲਹਿਰ ਦਾ ਆਦਰਸ਼

ਭਾਈ ਰਘਬੀਰ ਸਿੰਘ ਜੀ 'ਬੀਰ' ਨੇ ਹੇਠ ਲਿਖੇ ੧੨ ਮੁਖ ਮਕਸਦਾਂ ਨੂੰ ਮਨ ਵਿੱਚ ਵਿਚਾਰ ਕੇ ਇਸ ਮਾਸਕ ਪਤ੍ਰਿਕਾ ਨੂੰ ਕਢੱਣ ਦੀ ਲੋੜ ਮਹਿਸੂਸ ਕੀਤੀ।

੧. ਆਸਤਕਤਾ ਦਾ ਪ੍ਰਚਾਰ।

੨. ਧਰਮ (Religion) ਦਾ ਉੱਚਾ ਤੇ ਸੁਚਾ ਪਹਿਲੂ ਪੇਸ਼ ਕਰਨਾ।

੩. ਧਰਮ (Religion) ਬਾਰੇ ਗਲਤਫਹਿਮੀਆਂ ਦੂਰ ਕਰਨੀਆਂ।

੪. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਵਿਤਰ ਉਪਦੇਸ਼ਾਂ ਦਾ ਪਰਚਾਰ ਕਰਨਾ।

੫. ਸਿਮਰਨ ਅਭਿਆਸ ਸਬੰਧੀ ਲੋਕਾਂ ਦੇ ਭੁਲੇਖੇ ਦੂਰ ਕਰਨੇ ਤੇ ਉਤਸ਼ਾਹ ਵਧਾਣਾ।

੬. ਧਰਮ (Religion) ਨੂੰ ਉਸ ਤੰਗ ਦਾਇਰੇ ਵਿਚੋਂ ਕਢੱਣਾ ਜਿਸ ਵਿੱਚ ਅਣਜਾਣ ਆਸਤਕ ਨੇ ਇਸ ਨੂੰ ਕੈਦ ਕਰੀ ਰੱਖਿਆ ਹੈ।

੭. ਧਰਮ (Religion) ਨੂੰ ਚਲਾਕ ਨਾਸਤਕ ਦੇ ਹਮਲਿਆਂ ਤੋਂ ਬਚਾਣਾਂ।

੮. ਸ਼ੁਰਾ (ਕਰਮ ਕਾਂਡ) ਦਾ ਜਿਤਨਾ ਕੂ ਸਬੰਧ ਆਤਮਕ ਉਨੱਤੀ ਵਾਸਤੇ ਜਰੂਰੀ ਹੈ, ਉਤਨੇ ਉਤੇ ਹੀ ਜ਼ੋਰ ਦੇ ਕੇ ਇਸ ਨੂੰ ਨੁਕਤਾਚੀਨੀਆਂ ਦੇ ਹਮਲੇ ਤੋਂ ਬਚਾਣਾ।

੯. ਆਤਮ ਵਿਦਿਆ ਦੀ ਰੋਸ਼ਨੀ ਵਿੱਚ ਇਨਸਾਨ ਦੀਆਂ ਸ਼ਖ਼ਸੀ, ਭਾਈਚਾਰਕ, ਮੁਲਕੀ ਤੇ ਕੌਮਾਂਤਰੀ ਮੁਸ਼ਕਲਾਂ ਦਾ ਹਲ ਪੇਸ਼ ਕਰਨਾ।

੧੦. ਸੱਚੇ ਧਰਮ ਦੀ ਇਨਸਾਨੀ ਜ਼ਿੰਦਗੀ ਨੂੰ ਕਾਮਯਾਬ ਅਤੇ ਸੁਖੀ ਬਨਾਉਣ ਵਿਚ ਸਹਾਇਤਾ ਕਰਨੀ।

੧੧. ਆਤਮਕ ਅਸੂਲਾਂ ਦੀ ਵਰਤੋਂ ਨਾਲ ਸਰੀਰਕ ਤੰਦਰੁਸਤੀ ਕਾਇਮ ਰਖੱਣ ਅਤੇ ਬਿਮਾਰੀਆਂ ਨੂੰ ਆਤਮਕ ਇਲਾਜ ਨਾਲ ਰਾਜੀ ਕਰਨ ਦੇ ਤਰੀਕਿਆਂ ਦਾ ਪ੍ਰਚਾਰ।

੧੨. ਪਰਮ ਸੁਖ (Supereme Bliss) ਸਬੰਧੀ ਜਿਸ ਨੂੰ ਹਰ ਇਕ ਆਦਮੀ ਜਾਣਦਾ, ਨਾ-ਜਾਣਦਾ, ਢੂੰਡ ਰਿਹਾ ਹੈ, ਧਰਮ (Religion) ਦੀ ਸਹਾਇਤਾ ਅਤੇ ਜਰੂਰਤ ਵਰਣਨ ਕਰਨੀ।

'ਆਤਮ ਸਾਇੰਸ' ਵਰਗੇ ਰਸਾਲੇ ਦੀ ਲੋੜ ਬੀਤ ਰਹੇ ਵਰ੍ਹੇ ਨਾਲ ਹੋਰ ਵੀ ਜ਼ਿਆਦਾ ਮਹਿਸੂਸ ਹੋ ਰਹੀ ਹੈ। ਦਿਨ ਪਰ ਦਿਨ ਇਨਸਾਨ ਦੇ ਅਖ਼ਲਾਕੀ ਮਿਆਰ ਦੀ ਗਿਰਾਵਟ, ਨਮੋਹਰਾਪਨ, ਵੱਡਿਆਂ ਦਾ ਅਨਾਦਰ, ਔਰਤ ਦੀ ਦੁਰਦਸ਼ਾ, ਬੇਇੰਤਹਾ ਸਵਾਰਥ ਤੇ ਉਪਰਾਮਤਾ ਨੂੰ ਧਿਆਨ ਵਿੱਚ ਰੱਖਦਿਆਂ ਇਸ ਦੀ ਮੁੜ ਬਹਾਲੀ ਲਈ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਅਜ ਦੇ ਮਸ਼ੀਨੀ ਜੁਗ ਤੇ ਤੇਜ਼ ਰਫਤਾਰ ਜਿੰਦਗੀ ਦੇ ਕਾਰਣ ਆਦਮੀ ਕੁਦਰਤ ਤੋਂ ਪਰੇ ਹੁੰਦਾ ਜਾ ਰਿਹਾ ਹੈ, ਰੋਜ਼ੀ ਰੋਟੀ ਤੇ ਵੱਧ ਤੋਂ ਵੱਧ ਸੁਖ ਸੁਵਿਧਾ ਦੇ ਸਾਧਨ ਜੁਟਾਣ ਦੀ ਹੋੜ ਵਿਚ ਉਹ ਆਪਣੇ ਰਚਨਹਾਰੇ ਤੋਂ ਬੇਮੁਖ ਹੁੰਦਾ ਜਾ ਰਿਹਾ ਹੈ ਤੇ ਅਜ ਦਾ ਨੌਜਵਾਨ ਪੱਛਮੀ ਫਿਲਮਾਂ, ਸੰਗੀਤ, ਡਿਸਕੋ ਡਾਂਸ ਵਿਚ ਇਤਨਾ ਡੁੱਬ ਗਿਆ ਹੈ ਕਿ ਸ਼ਾਇਦ ਮਾਤਾ ਪਿਤਾ ਨੂੰ ਉਹਨਾਂ ਦੀ ਰੁਚੀ ਨੂੰ ਮੋੜਨਾ ਬਹੁਤ ਮੁਸ਼ਕਲ ਹੋਵੇਗਾ ਪਰ ਫਿਰ ਭੀ ਜਦ ਉਸਦੀ ਨਿਗਾਹ ਵਿੱਚ ਅਜੇਹਾ ਰਸਾਲਾ ਆਵੇਗਾ ਤਾਂ ਕਦੇ ਨਾ ਕਦੇ ਕਿਸੇ ਔਖੀ ਘੜੀ ਵਿੱਚ ਉਮੀਦ ਹੈ, ਉਹ ਇਸ ਪਾਸੇ ਖਿੱਚ ਮਹਿਸੂਸ ਕਰੇ ਤੇ ਮਨ ਦੀ ਸ਼ਾਂਤੀ ਪਾ ਸਕੇ।

ਇਸ ਰਸਾਲੇ ਵਿਚ ਕੁਝ ਫੀਚਰ ਤਾਂ ਸਥਾਈ ਹੁੰਦੇ ਸਨ ਜਿਵੇਂ ਕਿ ਗੁਰਬਾਣੀ ਦੇ ਕਿਸੇ ਇਕ ਸ਼ਬਦ ਨੂੰ ਲੈ ਕੇ ਉਸਦੀ ਵਿਸਥਾਰ ਨਾਲ ਵਿਆਖਿਆ ਕਰਕੇ ਆਮ ਆਦਮੀ ਨੂੰ ਉਸ ਵਿਚ ਦਿਤੇ ਸੰਦੇਸ਼ ਨੂੰ ਸਮਝਾਇਆ ਜਾਂਦਾ ਸੀ। ਅਕਸਰ ਜ਼ਿਆਦਾਤਰ ਲੋਕ ਕੇਵਲ ਤੋਤੇ ਵਾਂਗ ਹੀ ਬਾਣੀ ਦਾ ਪਾਠ ਕਰ ਛੱਡਦੇ ਹਨ ਤੇ ਅਰਥਾਂ ਦੀ ਜਾਣਕਾਰੀ ਨਾ ਹੋਣ ਕਰਕੇ ਉਹ ਉਸਦਾ ਲਾਭ ਨਹੀਂ ਉਠਾ

ਸਕਦੇ। ਚਿਕਨੇ ਘੜੇ ਤੋਂ ਪਾਣੀ ਦੀ ਬੂੰਦ ਵਾਂਗ ਬਸ ਤਿਲਕ ਜਾਂਦੇ ਹਨ ਤੇ ਨਿਸਚਿੰਤ ਹੋ ਜਾਂਦੇ ਹਨ ਕਿ ਬਸ ਪਾਠ ਕਰ ਲਿਆ ਹੈ ਤੇ ਆਪਣਾ ਰੱਬ ਵਲ ਫਰਜ਼ ਪੂਰਾ ਕਰ ਲਿਆ ਹੈ, ਪਰ ਜਦੋਂ ਉਹ ਸ਼ਬਦਾਂ ਦੇ ਅਰਥ ਪੜ੍ਹਦਾ ਹੈ ਤਾਂ ਉਸ ਨੂੰ ਪੂਰਾ ਗਿਆਨ ਪ੍ਰਾਪਤ ਹੁੰਦਾ ਹੈ ਤੇ ਸੋਚਣ ਤੇ ਮਜਬੂਰ ਕਰਦਾ ਹੈ ਤੇ ਸ਼ਾਇਦ ਆਪਣੀ ਰੋਜ਼ ਦੀ ਜ਼ਿੰਦਗੀ ਵਿਚ ਉਸਦੀ ਵਰਤੋਂ ਕਰਨ ਦਾ ਵਿਚਾਰ ਉਸਦੇ ਮਨ ਵਿਚ ਜਨਮ ਲੈ ਲਵੇ।

ਬੀਰ ਜੀ ਦੀਆਂ ਕਵਿਤਾਵਾਂ ਤੇ ਲੇਖ ਅਸੀਂ ਜਾਣਦੇ ਹੀ ਹਾਂ ਕਿ ਬਹੁਤ ਪ੍ਰਭਾਵ-ਸ਼ਾਲੀ ਹੁੰਦੇ ਹੀ ਹਨ ਜੋ ਹਰ ਪਾਠਕ ਨੂੰ ਕਿਤੇ ਨਾ ਕਿਤੇ ਜਰੂਰ ਟੁੰਬਦੇ ਹਨ ਤੇ ਦਿਲਾਂ ਤੇ ਆਪਣੀ ਛਾਪ ਛਡ ਜਾਂਦੇ ਹਨ। ਪਤਾ ਨਹੀਂ ਕਿਨੇ ਕੁ ਲੋਕ ਉਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰਭਾਵਿਤ ਹੋ ਕੇ ਆਪਣੀ ਸ਼ੈਲੀ ਨੂੰ ਸਵਾਰਣ ਵਿਚ ਕਾਮਯਾਬ ਹੋਏ ਹੋਣਗੇ। ਉਹਨਾਂ ਤੋਂ ਇਲਾਵਾ ਹੋਰ ਭੀ ਬਹੁਤ ਸਾਰੇ ਪ੍ਰਮੁਖ ਲਿਖਾਰੀਆਂ ਦਾ ਰਚਨਾਵਾਂ ਉਸ ਵਿੱਚ ਸ਼ਾਇਆ ਹੁੰਦੀਆਂ ਸਨ, ਜੋ ਜੀਵਨ ਦੀਆਂ ਉਲਝਨਾਂ, ਔਕੜਾਂ, ਦੁਖ ਤਕਲੀਫਾਂ ਤੇ ਮਨ ਦੇ ਅਸੰਜਮ ਨੂੰ ਹੌਲਾ ਕਰਨ ਵਿੱਚ ਸਹਾਈ ਹੁੰਦੀਆਂ ਰਹੀਆਂ, ਹਰ ਦਿਨ ਜੀਵਨ ਦੀਆਂ ਔਕੜਾਂ ਵਿੱਚ ਵਾਧਾ ਕਰ ਰਿਹਾ ਹੈ ਤੇ ਮਨੁੱਖ ਅਸ਼ਾਂਤੀ ਤੇ ਦਿਮਾਗੀ ਬੋਝ ਦਾ ਸ਼ਿਕਾਰ ਹੋ ਰਿਹਾ ਹੈ ਤੇ ਐਸੇ ਸਮੇਂ ਵਿੱਚ 'ਆਤਮ-ਸਾਇੰਸ' ਵਰਗੀ ਲੇਖ ਸਮਗ੍ਰੀ ਹੀ ਇਨਸਾਨ ਦੇ ਦਿਮਾਗ ਤੋਂ ਬੋਝ ਲਾਹ ਕੇ ਕੁਝ ਸ਼ਾਂਤੀ ਪ੍ਰਦਾਨ ਕਰ ਸਕਦੀ ਹੈ।

ਲੋਕਾਂ ਦੇ ਦਿਲਾਂ ਵਿੱਚ ਕਈ ਪ੍ਰਕਾਰ ਦੇ ਸੰਸੇ ਉਭਰਦੇ ਹਨ ਤੇ ਉਸ ਨੂੰ ਸਮਝ ਨਹੀਂ ਆਉਂਦੀ ਕਿ ਉਨ੍ਹਾਂ ਦਾ ਨਿਵਾਰਣ ਉਹ ਕਿਸ ਤੋਂ ਕਰਾਵੇ, ਸ਼ਾਇਦ ਇਸੇ ਭਾਵ ਨੂੰ ਸਮਝਦੇ ਹੋਏ ਇਸ ਪਤ੍ਰਿਕਾ ਵਿੱਚ ਸਵਾਲ-ਜਵਾਬ ਦਾ ਕਾਲਮ ਵੀ ਸੀ ਤੇ ਲੋਕਾਂ ਨੂੰ ਵਿਤ ਮੁਤਾਬਕ ਜਵਾਬ ਦਿੱਤੇ ਜਾਂਦੇ ਸਨ ਜਿਸ ਨਾਲ ਉਹਨਾਂ ਨੂੰ ਮਾਨਸਕ ਸ਼ਾਂਤੀ ਜ਼ਰੂਰ ਮਿਲਦੀ ਹੋਵੇਗੀ, ਜਾਂ ਉਹ ਜੋ ਕੁਝ ਹੋਰ ਜਾਨਣਾ ਜਾਂ ਪੜ੍ਹਨਾ ਚਾਹੁੰਦੇ ਸਨ, ਫਰਮਾਇਸ਼ ਪੂਰੀ ਕੀਤੀ ਜਾਂਦੀ ਸੀ।

'ਵਡੇ ਮਾਂ ਜੀ ਨੇ ਸਾਖੀ ਸੁਣਾਈ' ਦੇ ਸਿਰਲੇਖ ਹੇਠ ਬੜੀ ਸਰਲ ਭਾਸ਼ਾ ਵਿੱਚ, ਸੁਆਦਲੇ ਤਰੀਕੇ ਨਾਲ ਭਗਤਾਂ ਦੀ ਜੀਵਨ ਕਥਾ ਜਾਂ ਅਨਮੋਲ ਅਨੁਭਵ, ਕਿਸ਼ੋਰ ਅਵਸਥਾ ਦੇ ਪਾਠਕਾਂ ਤੱਕ ਪੁਚਾਏ ਜਾਂਦੇ ਸਨ। 'ਕੀ ਤੁਹਾਨੂੰ ਪਤਾ ਹੈ ?' ਬੱਚਿਆਂ ਨੂੰ ਆਪਣੇ ਦੇਸ਼ ਬਾਰੇ, ਜੀਵ ਜੰਤੂਆਂ ਬਾਰੇ ਤੇ ਹੋਰ ਭੀ ਕਈ ਪ੍ਰਕਾਰ ਦੀਆਂ ਜਾਣਕਾਰੀਆਂ ਦਿੰਦੀ ਸੀ। 'ਹੱਸਣਾ ਮਨ੍ਹਾ ਨਹੀਂ' ਵਿੱਚ ਹਲਕੇ ਫੁਲਕੇ ਚੁਟਕਲੇ ਭੀ ਉਸ ਨੂੰ ਸਵਾਦਲਾ ਬਣਾ ਦਿੰਦੇ ਸਨ। ਆਦਮੀ ਦੇ ਅਨੇਕ ਸ਼ੰਕਿਆਂ, ਜਿਗਿਆਸਾ ਤੇ ਆਤਮਕ ਲੋੜਾਂ ਦੀ ਪੂਰਤੀ ਲਈ ਗੁਰਬਾਣੀ, ਸਾਖੀਆਂ, ਜਗਬੀਤੀ, ਆਪਬੀਤੀ, ਕਵਿਤਾ, ਉਲਥੇ ਤੇ ਹੋਰ ਭੀ ਬਹੁਤ ਸਾਰੀ ਸਮਗਰੀ ਪਾਠਕਾਂ ਤੱਕ ਪੁਚਾਈ ਜਾਂਦੀ ਸੀ, ਜਿਸ ਨਾਲ ਉਹਨਾਂ ਨੂੰ ਮਨ ਦੀ ਸ਼ਾਂਤੀ ਤੇ ਜਿਗਿਆਸਾ ਦੀ ਪੂਰਤੀ ਦੋਵੇਂ ਪ੍ਰਾਪਤ

ਹੁੰਦੇ ਸਨ ਤੇ ਇਸੇ ਲਈ ਬਹੁਤ ਸਾਰੇ ਪਾਠਕ ਜੀਵਨ ਭਰ ਲਈ ਮੈਂਬਰ ਬਣਦੇ ਸਨ ਤੇ ਬੜੀ ਤਾਂਘ ਨਾਲ ਪਤ੍ਰਿਕਾ ਦੇ ਪੁਜੱਣ ਦਾ ਇੰਤਜ਼ਾਰ ਕਰਦੇ ਸਨ ਤੇ ਪੜ੍ਹ ਕੇ ਨਿਹਾਲ ਹੁੰਦੇ ਸਨ। ਬਹੁਤ ਕੁਝ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਸੰਵਾਰਦੇ ਸਨ ਤੇ ਸ਼ਾਇਦ ਇਕ ਦੀ ਲਾਗ ਤੋਂ ਦੂਜੇ ਭੀ ਕਈ ਤਰੀਕਿਆਂ ਨਾਲ ਪ੍ਰਭਾਵਿਤ ਹੋ ਕੇ ਇੱਕ ਸੋਹਣੀ ਜੀਵਨ ਸ਼ੈਲੀ ਦਾ ਨਿਰਮਾਣ ਕਰਦੇ ਸਨ।

ਸਵਾਲ-ਜਵਾਬ ਦੀ ਸ਼ੈਲੀ ਵਿੱਚ 'ਐਡੀਟੋਰੀਅਲ' ਲਿਖਣ ਦਾ ਬੀਰ ਜੀ ਦਾ ਬਹੁਤ ਪ੍ਰਭਾਵਸ਼ਾਲੀ ਨਜਰੀਆ ਦਰਸਾਂਦਾ ਹੈ। ਉਹਨਾਂ ਦੇ ਉਦੱਮ ਤੇ ਸੂਝ ਬੂਝ ਦੇ ਕਾਰਨ ਬੰਗਾਲ ਵਿੱਚ ਸਿੱਖੀ ਦੇ ਪਰਚਾਰ ਨੂੰ ਬਲ ਮਿਲਿਆ। ਇਸ ਪਤ੍ਰਿਕਾ ਵਿੱਚ ਸਚਖੰਡਵਾਸੀ ਸ. ਲਹਿਣਾ ਸਿੰਘ ਜੀ, ਸ. ਬਿਸ਼ਨ ਸਿੰਘ ਪਲਤਾ, ਪ੍ਰੋਫੈਸਰ ਸਾਹਿਬ ਸਿੰਘ ਜੀ, ਸ. ਹਜ਼ੂਰਾ ਸਿੰਘ ਜੀ 'ਮੌਜੀ', ਸ. ਸੇਵਾ ਸਿੰਘ ਪਸਰੀਚਾ, ਡਾਕਟਰ ਗੁਰਬਖਸ਼ ਸਿੰਘ, ਸ ਹਰਸਾ ਸਿੰਘ ਚਾਤਰ, ਸ. ਭਗਤ ਸਿੰਘ ਜੀ ਨਾਗਪੁਰ, ਸ. ਕਿਰਪਾਲ ਸਿੰਘ 'ਪਾਲ', ਸੰਤ ਸੁੰਦਰ ਸਿੰਘ ਜੀ ਉਪਦੇਸ਼ਕ ਅਤੇ ਸ. ਪ੍ਰੀਤਮ ਸਿੰਘ ਜੀ ਨਵੀਂ ਦਿੱਲੀ ਅਤੇ ਹੋਰ ਭੀ ਕਈ ਉਘੇ ਲੇਖਕ ਆਪਣਾ ਯੋਗਦਾਨ ਦਿੰਦੇ ਸਨ। 'ਆਤਮ ਸਾਇੰਸ' ਲਹਿਰ ਵਲੋਂ ਹੋਰ ਭੀ ਕਈ ਪੁਸਤਕਾਂ ਸਮੇਂ ਸਮੇਂ ਤੇ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਦਾ ਮੰਤਵ ਗੁਰਸਿੱਖਾਂ ਨੂੰ ਇਸ ਸੰਸਾਰ ਰੂਪੀ ਬਦੀ ਦੇ ਸੁਫਨੇ ਤੋਂ ਜਗਾ ਕੇ ਸਦੀਵੀ ਖੁਸ਼ੀਆਂ, ਸਦੀਵੀ ਅਨੰਦ ਤੇ ਅਟੱਲ ਸੁਖ ਦੇਣਾ ਹੈ।

ਬੀਰ ਜੀ ਦੀਆਂ ਕੁਝ ਪੁਸਤਕਾਂ ਨਾਲ ਅਸੀਂ ਪਾਠਕਾਂ ਦਾ ਸੰਖੇਪ ਪਰੀਚੇ ਕਰਾਉਣ ਦੀ ਚੇਸ਼ਟਾ ਕੀਤੀ ਹੈ। ਉਂਜ ਤਾਂ ਉਨ੍ਹਾਂ ਦੀ ਹਰ ਕਿਤਾਬ ਲਾਸਾਨੀ ਹੈ ਪਰ ਸਾਰੀਆਂ ਕ਼ਿਤਾਬਾਂ ਨੂੰ ਟੋਹਣਾ ਬੜਾ ਲੰਬਾ ਕੰਮ ਹੈ, ਇਸ ਲਈ ਵਿਚੋਂ ਵਿਚੋਂ ਕੁਝ ਮੁਦਿਆਂ ਨਾਲ ਤੁਹਾਨੂੰ ਜਾਣੂੰ ਕਰਾਉਣ ਦਾ ਉਪਰਾਲਾ ਕੀਤਾ ਹੈ। ਬਾਕੀ ਤਾਂ ਉਹਨਾਂ ਦੀਆਂ ਪੁਸਤਕਾਂ ਆਪ ਪੜ੍ਹ ਕੇ ਹੀ ਪੂਰਾ ਅਨੰਦ ਉਠਾਇਆ ਜਾ ਸਕਦਾ ਹੈ। ਉਨ੍ਹਾਂ ਤੋਂ ਇਲਾਵਾ ਉਹਨਾਂ ਦੀਆਂ ਕੁਝ ਹੋਰ ਪੁਸਤਕਾਂ ਇਹ ਹਨ : ਬੀਰ ਦੇ ਤੀਰ, ਖਾਲਸਾਈ ਸ਼ਾਨ, ਰਮਜ਼ਾਂ, ਸਰਬ ਰੋਗ ਕਾ ਅਉਖਧ ਨਾਮ, ਸਾਡੇ ਵਿਚਾਰ, ਸਾਡੀ ਵਰਤਮਾਨ ਦਸ਼ਾ, ਅਨੁਭਵ ਪ੍ਰਕਾਸ਼ ਅਤੇ ਗੁਰਮੱਤ ਚਾਨਣ।

# ਨਿਜੀ ਜੀਵਨ ਦਾ ਨਿਚੋੜ
## (ਧਰਮ ਬਾਰੇ ਵਿਚਾਰ)

ਉਹ ਆਤਮਾ ਵਿੱਚ ਵਿਸ਼ਵਾਸ ਰੱਖਦੇ ਹਨ। ਅਸੀਂ ਆਤਮ ਸ਼ਕਤੀ ਨਾਲ ਸਭ ਕਾਸੇ ਤੇ ਕਾਬੂ ਪਾ ਸਕਦੇ ਹਾਂ। ਇਤਿਹਾਸ ਵਿੱਚ ਅਜਿਹੀਆਂ ਕਈ ਮਿਸਾਲਾਂ ਮਿਲ ਜਾਣਗੀਆਂ ਜਿਨ੍ਹਾਂ ਤੋਂ ਇਹ ਸਾਬਤ ਹੋ ਗਿਆ ਹੈ ਕਿ ਆਤਮ ਸ਼ਕਤੀ ਦੇ ਸਾਹਮਣੇ ਜ਼ੁਲਮ ਦੀ ਤਾਕਤ ਟਿਕ ਨਾ ਸਕੀ। ਖੁਸ਼ੀ ਦੀ ਪ੍ਰਾਪਤੀ ਤਾਂ ਹੀ ਹੁੰਦੀ ਹੈ ਜੇਕਰ ਤੁਹਾਡੀ ਆਤਮਾ ਪਵਿੱਤਰ ਹੈ। "ਆਮ ਜੀਵਨ ਵਿੱਚ ਗੁਣਵਾਨ ਬਣੋ ਤੇ ਸੁਖ ਦੀ ਪ੍ਰਾਪਤੀ ਕਰੋ।" ਉਹ ਸਦਾ ਇਹ ਹੀ ਸਭਨਾਂ ਨੂੰ ਸਮਝਾਉਂਦੇ ਸਨ।

ਉਹਨਾਂ ਨੇ ਆਪਣੀ ਮਸ਼ਹੂਰ ਕਿਤਾਬ 'ਬੰਦਗੀਨਾਮਾ' ਵਿੱਚ ਸਿੱਖ ਧਰਮ ਤੇ ਮਰਯਾਦਾ ਦੇ ਕਈ ਪਹਿਲੂਆਂ ਤੇ ਰੋਸ਼ਨੀ ਪਾਈ ਹੈ। ਇੱਕ ਸੱਚੇ ਸਿੱਖ ਦੀ ਪਛਾਣ ਤੋਂ ਲੈ ਕੇ ਗੁਰੂ ਅਤੇ ਸਿੱਖ ਦੇ ਆਪਸੀ ਸਬੰਧ ਦਾ ਬਿਓਰਾ ਦਿੱਤਾ ਹੈ। ਉਨ੍ਹਾਂ ਨੇ ਗੁਰੂ ਗਰੰਥ ਸਾਹਿਬ ਦਾ ਅਧਿਅਨ ਵੱਖ ਵੱਖ ਮੁੱਦੇ ਨੂੰ ਲੈ ਕੇ ਕੀਤਾ ਹੈ ਤੇ ਬੜੀ ਸੂਖਸ਼ਮ ਰੁਚੀ ਨਾਲ ਕੀਤਾ ਹੈ ਤੇ ਉਸ ਦਾ ਤੱਤ ਕੱਢ ਕੇ ਇਸ ਕਿਤਾਬ ਵਿੱਚ ਦਰਜ ਕੀਤਾ ਹੈ। ਉਨ੍ਹਾਂ ਨੇ ਗੁਰਬਾਣੀ ਦੇ ਮਹੱਤਵ ਦੇ ਨਾਲ ਨਾਲ ਅਰਦਾਸ, ਸਿਮਰਨ, ਗੁਰੂ, ਤਿਆਗ ਦਾ ਮਹੱਤਵ, ਅਰਦਾਸ ਤੇ ਸਿਮਰਨ ਦਾ ਆਪਸੀ ਸਬੰਧ ਅਤੇ ਰੱਬ ਦੀ ਹੋਂਦ ਦੇ ਬਾਰੇ ਵਿੱਚ ਭੀ ਲਿਖਿਆ ਹੈ। ਉਨ੍ਹਾਂ ਨੇ ਇਸ ਕਿਤਾਬ ਦੇ ਖੰਡ 'ਗਿਆਨ' ਵਿੱਚ ਸਾਫ ਲਿਖਿਆ ਹੈ ਕਿ ਗਿਆਨ ਦੀ ਪ੍ਰਾਪਤੀ ਕੇਵਲ ਗੁਰੂ ਗਰੰਥ ਸਾਹਿਬ ਜਾਂ ਹੋਰ ਧਾਰਮਿਕ ਕਿਤਾਬਾਂ ਦੇ ਪੜ੍ਹਨ ਨਾਲ ਨਹੀਂ ਹੁੰਦੀ। ਜਿਵੇਂ ਵਿਗਿਆਨ ਦੀ ਕੋਈ ਭੀ ਧਾਰਣਾ ਪ੍ਰਯੋਗਸ਼ਾਲਾ ਵਿੱਚ ਖੋਜ ਬੀਨ ਤੋਂ ਬਗੈਰ ਸਮਝੀ ਤੇ ਬਿਆਨ ਨਹੀਂ ਕੀਤੀ ਜਾ ਸਕਦੀ, ਉਸੇ ਤਰ੍ਹਾਂ ਗੁਰੂ ਦਾ ਗਿਆਨ ਧਾਰਮਿਕ ਪੁਸਤਕਾਂ ਪੜ੍ਹ ਕੇ ਨਹੀਂ ਹੁੰਦਾ, ਜਦੋਂ ਤੱਕ ਕਿ ਉਨ੍ਹਾਂ ਦੀ ਸਿਖਿਆ ਨੂੰ ਅਸੀਂ ਆਪਣੀ ਰੋਜ਼ ਦੀ ਜ਼ਿੰਦਗੀ ਵਿੱਚ ਅਮਲੀ ਜਾਮਾ ਨਾ ਪਹਿਨਾਈਏ। ਉਹਨਾਂ ਨੇ ਗੁਰੂ ਗਰੰਥ ਸਾਹਿਬ ਦਾ ਅਧਿਅਨ ਇੱਕ ਖੋਜੀ ਦੇ ਨਜ਼ਰੀਏ ਨਾਲ ਕੀਤਾ ਹੈ, ਜਿਸ ਦਾ ਸਬੂਤ ਸਾਨੂੰ ਉਨ੍ਹਾਂ ਹੀ ਕਿਤਾਬ ਤੋਂ ਮਿਲਦਾ ਹੈ। ਆਪਣੀ ਕਿਤਾਬ ਦੇ 'ਗੁਰਬਾਣੀ' ਦੇ ਭਾਗ ਵਿੱਚ ਉਹਨਾਂ ਨੇ ਇਸ ਵਿਸ਼ੇ ਬਾਰੇ ਕਈ ਪਹਿਲੂਆਂ ਤੋਂ ਰੋਸ਼ਨੀ ਪਾਈ ਹੈ, ਜਿਸ ਬਾਰੇ ਅਸੀਂ ਮੁਖਤਸਰ ਰੂਪ ਵਿੱਚ ਜਾਣਕਾਰੀ ਦੇਵਾਂਗੇ।

ਹੈ 'ਸਿਮਰਨ'। ਗੁਰਬਾਣੀ ਵਿੱਚ ਸੱਚੀ ਤੇ ਸੁੱਚੀ ਜ਼ਿੰਦਗੀ ਦੀ ਝਲਕ ਹੈ, ਜਿਸ ਦਾ ਸਮਰਪਣ ਆਤਮਾ, ਗੁਰੂ ਨਾਨਕ ਦੇਵ ਤੇ ਹੋਰ ਸੰਤ ਪੁਰਖਾਂ ਦੀ ਸਿਖਿਆ ਨੂੰ ਹੈ। ਗੁਰਬਾਣੀ ਇੱਕ ਅਜਿਹਾ ਪੜਾਓ ਹੈ ਜਿੱਥੇ ਇਨਸਾਨੀ ਕਮਜ਼ੋਰੀਆਂ ਨੂੰ ਤਿਆਗ ਕੇ ਗਿਆਨ ਦੀ ਪਗਡੰਡੀ ਫੜਨੀ ਹੈ। ਭਟਕੀ ਹੋਈ ਆਤਮਾ ਗੁਰਬਾਣੀ ਪੜ੍ਹ ਕੇ, ਸੁਣ ਕੇ ਤੇ ਅਮਲ ਵਿੱਚ ਲਿਆ ਕੇ ਹੀ ਸ਼ਾਂਤੀ ਪਾ ਸਕਦੀ ਹੈ। ਸਫਾ ੩੪ ਵਿੱਚ ਉਹਨਾਂ ਜ਼ਿਕਰ ਕੀਤਾ ਹੈ ਕਿ ਜਿਸ ਤਰ੍ਹਾਂ Materia Medica ਹਰ ਕਿਸਮ ਦੇ ਦੁੱਖਾਂ ਦਾ ਨਿਵਾਰਣ ਕਰਨ ਲਈ ਨੁਸਖਾ ਹੈ, ਉਸੇ ਤਰ੍ਹਾਂ ਹਰ ਕਿਸਮ ਦੀ ਭਟਕਣ ਤੋਂ ਰਾਹਤ ਤੇ ਸੰਤੋਖ ਗੁਰਬਾਣੀ ਰਾਹੀਂ ਮਿਲ ਸਕਦਾ ਹੈ। ਜੋ ਗੁਰਬਾਣੀ ਦਾ ਪਾਠ ਇਸ ਨੂੰ ਗੁਰੂਆਂ ਦਾ ਸਰੂਪ ਮੰਨ ਕੇ ਕਰਦੇ ਹਨ, ਉਹ ਭਾਵੇਂ ਕਿਸੇ ਭੀ ਉਮਰ ਦੇ ਹੋਣ ਤੇ ਜੀਵਨ ਦੇ ਕਿਸੇ ਭੀ ਪੜਾਓ ਤੇ ਹੋਣ, ਉਨ੍ਹਾਂ ਨੂੰ ਮਨ ਦੀ ਤੱਸਲੀ ਜ਼ਰੂਰੀ ਮਿਲਦੀ ਹੈ। ਹਰ ਕੋਈ ਆਪਣੀ ਲੋੜ ਤੇ ਵਿੱਤ ਅਨੁਸਾਰ ਗੁਰਬਾਣੀ ਤੋਂ ਕੁਝ ਨਾ ਕੁਝ ਜ਼ਰੂਰ ਹਾਸਲ ਕਰ ਸਕਦਾ ਹੈ। ਮਨ ਤੇ ਆਤਮਾ ਨੂੰ ਤਸੱਲੀ ਮਿਲਦੀ ਹੈ।

ਪੰਨਾ ੩੭ ਤੇ ਪਰਸਪਰ ਵਿਰੋਧੀ ਭਾਵਾਂ ਦੀ ਵਰਤੋਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਪੂਰੀ ਤਰ੍ਹਾਂ, ਤਸੱਲੀ ਬਖਸ਼ ਤਰੀਕੇ ਨਾਲ ਸਮਝਾਇਆ ਹੈ ਕਿ ਕੁਝ ਵੀ ਪਰਸਪਰ ਵਿਰੋਧੀ ਨਹੀਂ ਹੈ, ਸਿਰਫ ਵੱਖ ਵੱਖ ਬੰਦਿਆਂ ਨੂੰ ਵੱਖ ਵੱਖ ਤਰੀਕੇ ਨਾਲ ਸਮਝਾਣ ਦਾ ਵਸੀਲਾ ਹੈ।

ਜਿਹੜਾ ਆਦਮੀ ਪਹਿਲਾਂ ਅੱਛਾ ਇਨਸਾਨ ਨਹੀਂ ਉਹ ਧਰਮ ਦਾ ਰਸਤਾ ਨਹੀਂ ਅਪਣਾ ਸਕਦਾ। ਉਹ ਸਿੱਖ ਧਰਮ ਵਿੱਚ ਪੱਕਾ ਵਿਸ਼ਵਾਸ ਰੱਖਦੇ ਹਨ ਅਤੇ ਮੰਨੋ ਇਸ ਦੇ ਉਪਦੇਸ਼ਾਂ ਦਾ ਪਰਚਾਰ ਤੇ ਗੁਰੂਆਂ ਦੀ ਬਾਣੀ ਵੱਲ ਧਿਆਨ ਦਿਲਾਂਦੇ ਹਨ ਪਰ ਦੂਸਰੇ ਧਰਮਾਂ ਦੀ ਅਣਦੇਖੀ ਨਹੀਂ ਕਰਦੇ। ਉਹ ਸਭ ਧਰਮਾਂ ਦੀ ਇਜ਼ਤ ਕਰਦੇ ਹਨ ਤੇ ਗਿਆਨ ਦੀ ਵੰਡ ਵਿੱਚ ਧਰਮ ਦੀ ਖ਼ੁਸ਼ਬੂ ਮਿਲੀ ਹੁੰਦੀ ਹੈ। ਉਹ ਸੰਸਾਰਕ ਭਾਈਚਾਰੇ ਦੇ ਹਾਮੀ ਹਨ, ਆਪਸੀ ਤਾਲਮੇਲ ਤੇ ਆਪਸੀ ਪਿਆਰ ਦੇ ਪਰਚਾਰਕ। ਧਰਮ ਦਾ ਸਹੀ ਅਰਥ ਲਫਜ਼ਾਂ ਵਿੱਚ ਨਹੀਂ, ਕਰਨੀ ਵਿੱਚ ਲੱਭਦਾ ਹੈ : (ਉਨ੍ਹਾਂ ਦੀ ਕਵਿਤਾ)

ਉਹ ਆਦਮੀ ਧਰਮਾਤਮਾ ਹੋ ਹੀ ਨਹੀਂ ਸਕਦਾ ਜੋ ਆਦਮੀ, ਆਦਮੀ ਵਿੱਚ ਰੰਗ, ਜਾਤ ਪਾਤ ਤੇ ਰੂਪ ਦੇ ਕਾਰਣ ਭੇਦ ਭਾਵ ਰੱਖੇ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਇੱਕ ਇਨਸਾਨ ਨੂੰ ਆਪਣੀ ਮਰਜ਼ੀ ਅਨੁਸਾਰ ਕਿਸੇ ਭੀ ਧਰਮ ਨੂੰ ਮੰਨਣ ਦੀ ਖੁੱਲ੍ਹ ਹੈ ਪਰ ਹਰ ਇਨਸਾਨ ਨੂੰ ਅੱਛਾ ਇਨਸਾਨ ਬਣਨਾ ਜ਼ਰੂਰੀ ਹੈ। ਹਰ ਕਿਸੇ ਲਈ ਇੱਕ ਜ਼ਾਤ, ਇਕੋ ਧਰਮ ਤੇ ਇੱਕ ਰੱਬ ਹੈ।

ਉਨ੍ਹਾਂ ਲਈ ਸਹਿਨਸ਼ੀਲਤਾ ਤੇ ਸੱਚਾਈ, ਪਿਆਰ ਤੇ ਵਫ਼ਾਦਾਰੀ, ਇਨਸਾਨੀਅਤ ਤੇ ਨਿੰਵਣਾ, ਸਾਫਗੋਈ ਤੇ ਨਿਡਰਤਾ, ਕਾਰ ਤੇ ਫਰਜ਼ ਦਾ ਨਾਂ ਹੀ

ਰੱਬ ਹੈ। ਉਨ੍ਹਾਂ ਦੇ ਵਿਚਾਰ ਵਿੱਚ ਧਰਮ ਨੂੰ ਐਸੇ ਮਾਮਲਿਆਂ ਤੋਂ, ਜਿਵੇਂ ਕਿ ਰਾਜਨੀਤੀ ਤੇ ਅੰਧ ਵਿਸ਼ਵਾਸ, ਅਲਗ ਹੀ ਰਹਿਣ ਦੇਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਦਾ ਧਰਮ ਨਾਲ ਕੋਈ ਵਾਸਤਾ ਨਹੀਂ। ਧਰਮ ਵਿੱਚ ਅੱਜ ਦੇ ਮਨੁੱਖ ਦੀ ਰੌਅ ਮੁਤਾਬਕ ਸ਼ੁਧੀਆਂ ਕਰਣ ਦੀ ਲੋੜ ਹੈ। ਧਰਮਾਂ ਨੂੰ ਕੱਟੜਪਣ ਤੋਂ ਮੁਕਤ ਕਰਣ ਦੀ ਲੋੜ ਹੈ, ਤਾਕਿ ਉਹ ਇਨਸਾਨਾ ਦੁਆਰਾ, ਸਾਰੇ ਸੰਸਾਰ ਵਿੱਚ ਮੰਨਣ-ਯੋਗ ਹੋ ਸਕਣ।

ਇੱਕ ਅਜਿਹਾ ਧਰਮ ਹੋਣਾ ਚਾਹੀਦਾ ਹੈ ਜਿਸ ਵਿੱਚ ਇਕਸਾਰਤਾ ਹੋਵੇ, ਜਾਗ੍ਰਤੀ ਹੋਵੇ, ਚਾਹਣਾ ਹੋਵੇ, ਵਿਰਾਸਤ ਲਈ ਪਿਆਰ ਹੋਵੇ ਤੇ ਸਾਰੇ ਸੰਸਾਰ ਨੂੰ ਮਾਨਣੀਯ ਹੋਵੇ ਤੇ ਐਸਾ ਧਰਮ ਦੂਸਰੇ ਕਿਸੇ ਭੀ ਧਰਮ ਨਾਲੋਂ ਚੰਗਾ ਹੋਵੇਗਾ।

ਬੈਂਕਾਕ ਦੀ ਇੱਕ ਮੰਨੀ ਪਰਮੰਨੀ ਔਰਤ ਨੇ ਦੱਸਿਆ ਕਿ ਉਸ ਨੂੰ ਬੀਰ ਜੀ ਤੋਂ ਸਿਵਾਏ ਹੋਰ ਕਿਸੇ ਦਾ ਪਤਾ ਨਹੀਂ ਸੀ, ਜਿਸ ਪਾਸੋਂ ਉਹ ਗੁਰਬਾਣੀ ਦੇ ਬਾਰੇ ਸਵਾਲ ਪੁੱਛ ਸਕੇ। ਉਹਨਾਂ ਦੇ ਨਜ਼ਰੀਏ ਦੇ ਮੁਤਾਬਕ ਧਰਮ ਦਾ ਅਰਥ ਵੰਡ ਜਾਂ ਬੇਮੁਹਾਰਪਣ, ਨਫ਼ਰਤ ਜਾਂ ਖੰਡਨ ਨਹੀਂ, ਸਗੋਂ ਏਕਤਾ ਤੇ ਵਿਸ਼ਵਾਸ, ਹਿੰਮਤ ਤੇ ਇਤਬਾਰ ਦੀ ਬੜ੍ਹੋਤਰੀ, ਫਰਜ਼ ਤੇ ਆਸਥਾ ਤੋਂ ਜਾਣੂ ਕਰਾਉਣਾ ਹੀ ਸਹੀ ਅਰਥਾਂ ਵਿੱਚ ਧਰਮ ਹੈ।

ਪਰ੍ਮਾਤਮਾ ਦੀ ਹੋਂਦ ਇੱਕ ਕਿਸੇ ਭੀ ਸ਼ੱਕ ਤੋਂ ਉਪੱਰ ਸੰਸਾਰ ਵਿਆਪੀ ਵਾਸਤਵਿਕਤਾ ਹੈ ਅਤੇ ਸਾਰੇ ਸੰਸਾਰ ਦੇ ਲੋਕ, ਬਿਨਾ ਕਿਸੇ ਜ਼ਾਤ ਤੇ ਧਰਮ ਦੇ ਭੇਦਭਾਵ ਦੇ ਉਸ ਦੀ ਸੰਤਾਨ ਹਨ। ਜਦ ਅਸੀਂ ਸਾਰੇ ਇਸ ਸਚਾਈ ਨੂੰ ਮੰਨ ਲਵਾਂਗੇ ਤਾਂ ਹੀ ਸਾਰੇ ਸੰਸਾਰ ਦਾ ਆਪਸੀ ਭਾਈਚਾਰਾ ਪਣਪ ਸਕਦਾ ਹੈ। ਧਰਮ ਤਾਂ ਇੱਕ ਐਸਾ ਪੜਾਓ ਹੋਣਾ ਚਾਹੀਦਾ ਹੈ ਜਿੱਥੋਂ ਹਨੇਰੇ ਤੋਂ ਰੋਸ਼ਨੀ ਵੱਲ, ਅੰਧਵਿਸ਼ਵਾਸ ਨੂੰ ਤਿਆਗ, ਅਸਲੀਅਤ ਵੱਲ ਅਤੇ ਕਮਅਕਲੀ ਤੋਂ ਸਮਝਦਾਰੀ ਵੱਲ ਸੰਸਾਰੀ ਆਪਣੀ ਯਾਤਰਾ ਸ਼ੁਰੂ ਕਰ ਸਕਣ। ਮਾਯੂਸ ਅਤੇ ਇਕੱਲ ਮਹਿਸੂਸ ਕਰਨ ਵਾਲਿਆਂ ਲਈ ਧਰਮ ਸੰਤੋਖ ਪਾਣ ਦਾ ਇੱਕ ਵਸੀਲਾ ਹੈ।

ਸਿੱਖ ਧਰਮ ਦੇ ਬਾਰੇ ਉਪਦੇਸ਼ ਦਿੰਦਿਆਂ ਉਹ ਗੁਰੂ ਨਾਨਕ ਦੇਵ ਜੀ ਦਾ ਪਰਚਾਰ ਕਰਦੇ ਹਨ, ਜਿਨ੍ਹਾਂ ਨੇ ਇੱਕ ਐਸੇ ਸਮਾਜ ਦੀ ਰਚਨਾ ਦੇ ਯਤਨ ਕੀਤੇ, ਜਿਸ ਵਿੱਚ ਪਰਮਾਤਮਾ ਦੀ ਸੇਵਾ ਵਿੱਚ ਮਾਨਤਾ ਰੱਖਣ ਵਾਲੇ ਆਦਮੀ ਤੇ ਤੀਵੀਆਂ ਹੋਣ। ਉਹ ਸਾਰੀ ਮਨੁੱਖਤਾ ਨੂੰ ਇੱਕ ਪਰਿਵਾਰ ਸਮਝਦੇ ਹਨ ਜਿਸ ਵਿੱਚ ਨਾ ਕੋਈ ਵੈਰੀ ਹੈ ਤੇ ਨਾ ਹੀ ਕੋਈ ਪਰਾਇਆ। ਰੱਬ ਜਨਤਾ ਜਨਾਰਦਨ ਵਿੱਚ ਵਸਦਾ ਹੈ ਤੇ ਜਨਤਾ ਜਨਾਰਦਨ ਦੀ ਸੇਵਾ ਹੀ ਰੱਬ ਦੀ ਸੇਵਾ ਹੈ। ਉਨ੍ਹਾਂ ਦਾ ਕਹਿਣਾ ਹੈ "ਸੇਵਾ ਦੇ ਰਾਹੀਂ ਹੀ ਕੋਈ ਪਿਆਰ ਦੀ ਪਛਾਣ ਕਰ ਸਕਦਾ ਹੈ, ਕਿਉਂਕਿ ਸੇਵਾ ਹੀ ਇੱਕ ਅਜਿਹੀ ਪੌੜੀ ਹੈ, ਜਿਸ ਤੇ ਤੁਸੀਂ ਜਿੰਨਾ ਉੱਚਾ ਚੜ੍ਹਦੇ ਜਾਓਗੇ ਇਨਸਾਨੀਅਤ ਦਾ ਵਾਧਾ ਹੁੰਦਾ ਜਾਵੇਗਾ ਤੇ ਹੰਕਾਰ ਤੇ ਹਉਮੈ ਨੀਵੇ ਹੁੰਦੇ

ਜਾਣਗੇ।" ਹਉਮੈ ਤਿਆਗ ਦੇਣ ਤੋਂ ਬਾਅਦ ਪਿਆਰ ਦੇ ਜ਼ਰੀਏ ਤੁਸੀਂ ਗਿਆਨ ਪ੍ਰਾਪਤ ਕਰ ਸਕਦੇ ਹੋ ਅਤੇ ਪਿਆਰ ਦੇ ਰਾਹ ਤੇ ਚਲ ਕੇ ਤੁਸੀਂ ਕਰਤਾਰ ਦੀ ਹੋਂਦ ਮਹਿਸੂਸ ਕਰਦੇ ਹੋ ਤੇ ਇਹ ਅਹਿਸਾਸ ਤੁਹਾਨੂੰ ਮੁਕਤੀ ਦੀ ਰਾਹ ਵੱਲ ਮੋੜ ਦਿੰਦਾ ਹੈ।

ਆਮ ਭਾਰਤੀ ਦੀ ਸੋਚਣੀ ਅਨੁਸਾਰ ਉਹਨਾਂ ਦਾ ਭੀ ਇਹ ਹੀ ਕਹਿਣਾ ਹੈ ਕਿ ਰੱਬ ਸਾਰੇ ਧਰਮਾਂ ਤੋਂ ਉਪਰ ਹੈ। ਉਸ ਕੋਲ ਕਿਸੇ ਚੀਜ਼ ਦਾ ਘਾਟਾ ਨਹੀਂ, ਭਰਪੂਰ ਹੈ, ਬੇਪਰਵਾਹ ਹੈ, ਉਸਦਾ ਕੋਈ ਆਦਿ ਨਹੀਂ, ਅੰਤ ਨਹੀਂ, ਅਨੰਤ ਹੈ। ਸੰਸਾਰ ਦੇ ਸਾਰੇ ਕਾਰਜ ਉਸੇ ਦੇ ਵੱਸ ਵਿਚ ਹਨ ਉਸੇ ਦੇ ਹੁਕਮ ਨਾਲ ਸੱਭ ਕੁਝ ਚਲਦਾ ਹੈ। ਕਰਨ ਕਰਾਵਣਹਾਰ ਉਹ ਆਪ ਹੀ ਹੈ। ਡਿਗਸ਼ਈ ਪਬਲਿਕ ਸਕੂਲ ਦੇ 'ਬਾਨੀ ਦਿਵਸ' ੧੯੭੧ - ਤੇ ਦਿੱਤੇ ਭਾਸ਼ਣ ਦੀ ਯਾਦ ਤਾਜ਼ਾ ਹੈ। ਇਸ ਦਿਵਸ ਦੇ ਮੁਖ ਮਹਿਮਾਨ ਭਾਰਤ ਸਰਕਾਰ ਦੇ ਰਕਸ਼ਾ ਮੰਤ੍ਰੀ ਬਾਬੂ ਜਗਜੀਵਨ ਰਾਮ ਸਨ. ਜਿਨ੍ਹਾਂ ਨੇ ਬਹੁਤ ਮਸਰੂਫ ਹੋਣ ਦੇ ਬਾਵਜੂਦ ਸਮਾਂ ਕੱਢਿਆ। ਉਸ ਵੇਲੇ ਉਹਨਾਂ ਕਿਹਾ "ਰੱਬ ਦੀ ਕਿਰਪਾ ਨਾਲ ਸੱਭ ਚੀਜ਼ਾਂ ਠੀਕ ਹੋ ਗਈਆਂ ਹਨ। ਮੰਤ੍ਰੀ ਜੀ ਆਪਣੇ ਆਪ ਨਹੀਂ ਆਏ। ਰੱਬ ਨੇ ਇਨ੍ਹਾਂ ਨੂੰ ਭੇਜਿਆ ਹੈ। ਮੈਂ ਤਾਂ ਕੁਝ ਨਹੀਂ ਕੀਤਾ, ਇਹ ਸੱਭ ਕੁਝ ਕਰਨ ਵਾਲੀ ਕੋਈ ਅਦ੍ਰਿਸ਼ ਸ਼ਕਤੀ ਹੈ ਤੇ ਉਹ ਹੈ ਅਕਾਲ ਪੁਰਖ ਦੀ ਸ਼ਕਤੀ।" ਉਹ ਅਜਿਹੇ ਕਿਸੇ ਭੀ ਤਰਕ ਨੂੰ ਬੁਰਾ ਨਹੀਂ ਸਮਝਦੇ ਜਿਸ ਦੀ ਵਰਤੋਂ ਨਾਲ ਧਰਮ ਦੀ ਅੰਧ ਵਿਸ਼ਵਾਸ ਅਤੇ ਅੰਧਕਾਰ ਤੋਂ ਮੁਕਤੀ ਹੋ ਸਕੇ।

ਉਹ ਕਹਿੰਦੇ ਹਨ ਕਿ ਧਰਮ ਦਾ ਨਿਵਾਸ ਚਰਚ, ਮੰਦਰ ਜਾਂ ਮਸੀਤਾਂ ਵਿੱਚ ਨਹੀਂ, ਉਸ ਦੀ ਅਸਲੀ ਥੌਹ ਤਾਂ ਇਨਸਾਨੀ ਦਿਲ ਹੈ। ਧਰਮ ਦਾ ਵਿਸਥਾਰ ਇਨਸਾਨ ਦੀਆਂ ਅੱਛਾਈਆਂ ਨਾਲ ਵੱਧਦਾ ਫੁੱਲਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਆਮ ਤੌਰ ਤੇ ਹਰ ਇਨਸਾਨ ਚੰਗਾ ਹੀ ਹੈ ਤੇ ਉਸਦੀ ਫਿਤਰਤ ਦੀਆਂ ਜੜ੍ਹਾਂ ਵਿੱਚ ਅੱਛਾਈਆਂ ਹੀ ਹਨ। ਉਹ ਧਰਮਾਤਮਾ ਹੀ ਉਤਮ ਹੈ ਜੋ ਮਨੁੱਖੀ ਸੁਭਾ ਦੀ ਪਹਿਚਾਨ ਕਰ ਸਕਦਾ ਹੈ।

ਮਨੁੱਖਤਾ ਦੀ ਭਲਾਈ ਲਈ ੧੯੪੦ ਵਿੱਚ ਉਹਨਾਂ ਇੱਕ ਮਾਸਕ ਮੈਗਜ਼ੀਨ 'ਆਤਮ ਸਾਇੰਸ' ਦੇ ਨਾਂ ਹੇਠ ਛਾਪਣੀ ਸ਼ੁਰੂ ਕੀਤੀ। ਇਸ ਦੀ ਦੇਸ ਪਰਦੇਸ ਵਿੱਚ ਬਹੁਤ ਪ੍ਰਸ਼ੰਸਾ ਹੋਈ। ਹੌਲੇ ਹੌਲੇ ਵਿਕਰੀ ਵਧੀ ਤੇ ਲੋਕਾਂ ਦੀ ਆਤਮਿਕ ਉਸਾਰੀ ਵਿੱਚ ਸਹਾਇਕ ਹੋਣ ਕਰਕੇ ਬਹੁਤ ਸਲਾਹੀ ਗਈ। ਉਹਨਾਂ ਦੀ ਇਸ ਆਤਮਿਕ ਫਲਸਫੇ ਭਰੀ ਸੋਚਣੀ ਦੇ ਕਾਰਣ ਉਹਨਾਂ ਨੂੰ ਇੱਕ ਸਤਿਕਾਰ-ਯੋਗ ਸੰਤ ਤੇ ਵਿਚਾਰਕ ਦੇ ਰੂਪ ਵਿੱਚ ਬਹੁਤ ਮਾਨਤਾ ਪ੍ਰਾਪਤ ਸੀ।

੧੯੪੦ ਵਿੱਚ ਹੀ ਉਹਨਾਂ ਨੇ 'ਗੁਰਮਤ ਪਰਚਾਰ ਸੋਸਾਇਟੀ' ਦਾ ਭੀ ਗਠਨ ਕੀਤਾ। 'ਆਤਮ ਸਾਇੰਸ' ਤੇ ਵਕਤਵ ਹੁੰਦੇ ਤਾਂ ਸ੍ਰੋਤੇ ਜਿਵੇਂ ਕੀਲੇ ਜਾਂਦੇ। ਉਨ੍ਹਾਂ ਨੇ ਬਹੁਤ ਸਾਰੇ ਸ਼ਹਿਰਾਂ ਵਿੱਚ ਜਾ ਕੇ ਇਸ ਬਾਰੇ ਲੋਕਾਂ ਨੂੰ ਬਹੁਤ ਸਾਰੀ ਜਾਣਕਾਰੀ

ਦਿੱਤੀ ਤੇ 'ਸਿਮਰਨ' ਦੀ ਮਹੱਤਤਾ ਦਸਦਿਆਂ ਲੋਕਾਂ ਨੂੰ ਇਸ ਪਾਸੇ ਪ੍ਰੇਰਿਤ ਕੀਤਾ।

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ੧੫ ਜੂਨ ੧੯੭੨ ਵਿੱਚ ਬੋਲਦਿਆਂ ਉਹਨਾਂ ਡਿਗਸ਼ਈ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਅੱਜ ਦੇ ਸੰਧਰਬ ਵਿੱਚ ਧਰਮ ਦੇ ਗਿਆਨ ਦੀ ਲੋੜ ਬਾਰੇ ਜ਼ਰੂਰਤ ਤੇ ਰੋਸ਼ਨੀ ਪਾਈ। ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਇਨਸਾਨੀ ਮੁੱਲਾਂ ਵਿੱਚ ਬਹੁਤ ਗਿਰਾਵਟ ਆ ਰਹੀ ਹੈ ਤੇ ਸਾਨੂੰ ਧਰਮ ਦੀਆਂ ਅੱਛਾਈਆਂ ਦੀ ਲੋੜ ਅੱਜ ਤੋਂ ਵੱਧ ਕੇ ਪਹਿਲਾਂ ਮਹਿਸੂਸ ਨਹੀਂ ਸੀ ਹੋਈ। ਇਸ ਬਾਰੇ ਉਹਨਾਂ ਦੇ ਵਿਚਾਰ ਵਿੱਚ ਵਿਗਿਆਨਿਕ ਵਿਚਾਰ ਸ਼ੈਲੀ ਤੇ ਧਾਰਮਿਕ ਸੋਚ ਦੀ ਖਾਈ ਨੂੰ ਘਟਾ ਕੇ ਹੀ ਅਸੀਂ ਕਿਸੇ ਭੀ ਮੁੱਦੇ ਬਾਰੇ ਸਹੀ ਤਰ੍ਹਾਂ ਸੋਚ ਸਕਦੇ ਹਾਂ। ਡਾਕਟਰ ਰਾਧਾ ਕ੍ਰਿਸ਼ਨਨ ਦਾ ਭੀ ਇਸ ਸੰਬੰਧੀ ਕਹਿਣਾ ਹੈ ਕਿ ਧਰਮ ਕੋਈ ਵਿਚਾਰਾਂ ਦਾ ਇਕੱਠ ਨਹੀਂ, ਜਿਸ ਨੂੰ ਅਸੀਂ ਮੰਨਣਾ ਹੈ ਇਹ ਤਾਂ ਜੀਣ ਦਾ ਇੱਕ ਤਰੀਕਾ ਹੈ। ਉਹਨਾਂ ਦਾ ਸੁਝਾ ਸੀ ਕਿ ਧਰਮ ਨੂੰ ਇੱਕ ਪ੍ਰਚਲਤ ਧਾਰਣਾ ਦੇ ਰੂਪ ਵਿੱਚ ਹੀ ਦੂਸਰਿਆਂ ਤਾਂਈ ਪੁਚਾਣ ਦੀ ਕੋਸ਼ਿਸ਼ ਕਰੀਏ, ਇਹ ਠੀਕ ਨਹੀਂ ਸਾਨੂੰ ਧਰਮ ਦੀ ਰਵਾਇਤ ਅਨੁਸਾਰ ਜੀਵਨ ਜੀਣਾ ਚਾਹੀਦਾ ਹੈ। ਅੰਤ ਵਿੱਚ ਉਹਨਾਂ ਕਿਹਾ ਕਿ ਸੰਸਾਰ ਵਿੱਚ ਹਨੇਰਾ ਨਹੀਂ ਹੈ ਬਲਕਿ ਰੋਸ਼ਨੀ ਦੀ ਕਮੀ ਹੈ, ਇੱਥੇ ਬੁਰਾਈਆਂ ਨਹੀਂ ਹਨ, ਸਿਰਫ ਅੱਛਾਈ ਨਹੀਂ ਰਹੀ।

## ਵਿਦਿਆ

ਪਲੇਟੋ ਦੀ ਜ਼ਰੂਰੀ ਮਾਨਤਾ ਕਿ 'ਗਿਆਨ ਤੋਂ ਹੀ ਅਛਾਈਆਂ ਹਨ' ਦਾ ਬੀਰ ਸਾਹਿਬ ਦੇ ਮਨ ਤੇ ਡੂੰਘਾ ਅਸਰ ਹੋਇਆ ਲਗਦਾ ਹੈ। ਉਹ ਹਮੇਸ਼ਾ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਹਰ ਕਿਸਮ ਦੀ ਤਾਲੀਮ ਦਾ ਨਤੀਜਾ ਗੁਣਾਂ ਦੀ ਪ੍ਰਾਪਤੀ ਹੋਣਾ ਚਾਹੀਦਾ ਹੈ, ਜਿਵੇਂ ਡਾਕਟਰ ਰਾਧਾਕ੍ਰਿਸ਼ਨਨ ਨੇ ਭੀ ਕਿਹਾ ਹੈ 'ਗੁਣ ਸਿਖਾਏ ਜਾ ਸਕਦੇ ਹਨ', ਉਹ ਜ਼ੋਰ ਦਿੰਦੇ ਹਨ ਕਿ ਹਰ ਕਿਸਮ ਦੀ ਪੜ੍ਹਾਈ ਦਾ ਮਕਸਦ ਗੁਣਾਂ ਦੇ ਵਾਧੇ ਵੱਲ ਹੋਣਾ ਚਾਹੀਦਾ ਹੈ।

ਉਨ੍ਹਾਂ ਦੇ ਵਿਚਾਰ ਵਿੱਚ ਅਨੁਸ਼ਾਸ਼ਨ ਵਿੱਚ ਰਹਿ ਕੇ ਚਰਿਤ੍ਰ ਨਿਰਮਾਣ ਕਰਨਾ ਹੀ ਅਸਲ ਤਾਲੀਮ ਹੈ। ਕੱਚੇ ਤੇ ਜਲਦੀ ਪ੍ਰਭਾਵ ਵਿੱਚ ਆ ਜਾਣ ਵਾਲੇ ਮਨਾਂ ਨੂੰ ਬਹੁਤ ਸੋਚ ਵਿਚਾਰ ਕੇ ਵੱਲ ਨਾਲ, ਸਿਆਣਪ ਨਾਲ, ਕਾਬੂ ਵਿੱਚ ਲਿਆਣਾ ਜ਼ਰੂਰੀ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮਾਤਾ ਪਿਤਾ ਤੇ ਉਸਤਾਦਾਂ ਦੇ ਤਾਨਾਸ਼ਾਹੀ ਰੱਵਈਏ ਦਾ ਨਤੀਜਾ ਕਦੇ ਭੀ ਅੱਛਾ ਨਹੀਂ ਨਿਕਲ ਸਕਦਾ। ਉਹ ਬੱਚਿਆਂ ਨੂੰ ਜਿਸ੍ਮਾਨੀ ਸਜ਼ਾ ਦੇਣ ਦੇ ਬਹੁਤ ਖਿਲਾਫ ਸਨ। ਸਜ਼ਾ ਦੇਣ ਦਾ ਸਹੀ ਤਰੀਕਾ ਹੈ ਕਿ ਬੱਚੇ ਨੂੰ ਮਿਲ ਰਹੀਆਂ ਕੁਝ ਸਹੂਲਤਾਂ ਨੂੰ ਥੋੜ੍ਹੇ ਦਿਨਾਂ ਲਈ ਘੱਟ ਜਾਂ ਬੰਦ ਕਰ ਦਿਓ ਜਾਂ ਕੁਝ ਫਾਲਤੂ ਕੰਮ ਕਰਨ ਲਈ ਦਿੱਤਾ ਜਾ ਸਕਦਾ ਹੈ।

ਅਧਿਆਪਕਾਂ ਨੂੰ ਉਹਨਾਂ ਦੀ ਇਹ ਸਲਾਹ ਸੀ "ਸਹੀ ਪੜ੍ਹਾਈ ਦਾ ਮੰਤਵ ਤਦੇ ਪੂਰਾ ਹੋ ਸਕਦਾ ਹੈ ਜੇਕਰ ਸਹੀ ਵਕਤ ਤੇ ਸਹੀ ਵਿਦਿਆਰਥੀ ਦੀ ਸਹੀ

ਸਲਾਹ ਰਾਹੀਂ ਅਗਵਾਈ ਕੀਤੀ ਜਾਵੇ। ਕਿਸੇ ਭੀ ਸਤਰ ਦੀ ਪੜ੍ਹਾਈ ਦਾ ਆਪਣਾ ਮਹਤਵ ਹੈ. ਤਰੀਕਾ ਹੈ। ਇਹ ਇੱਕ ਤਕਨੀਕੀ ਕਿੱਤਾ ਹੈ। ਪੜ੍ਹਾਉਣਾ ਬਿਨਾ ਸ਼ੱਕ ਇੱਕ ਅਜਿਹਾ ਪੇਸ਼ਾ ਹੈ, ਜਿਸ ਵਿੱਚ ਭਰਪੂਰ ਜਾਣਕਾਰੀ, ਸਹੀ ਪਛਾਣ ਅਤੇ ਅੱਛੀ ਖਾਸੀ ਸਮਝਦਾਰੀ ਦੀ ਲੋੜ ਹੈ।" ਆਪਣੇ ਭਾਸ਼ਣ ਦੇ ਅਖੀਰ ਵਿੱਚ ਉਨ੍ਹਾਂ ਦੇ ਅੱਛੇ ਦੱਸ ਗੁਣਾਂ ਦਾ ਹੋਣਾ ਲਾਜ਼ਮੀ ਦੱਸਿਆ, ਜੋ ਇਸ ਤਰ੍ਹਾਂ ਹਨ :

੧. ਪੜ੍ਹਾਉਣ ਵਿੱਚ ਰੁਚੀ
੨. ਬੱਚਿਆਂ ਲਈ ਪਿਆਰ
੩. ਭਾਵਨਾਵਾਂ ਵਿੱਚ ਠਹਿਰਾਵ
੪. ਜਮਾਤ ਵਿੱਚ ਅਨੁਸਾਸ਼ਨ
੫. ਆਦਰਸ਼ ਚਰਿਤ੍ਰ
੬. ਪੇਸ਼ੇਵਰ ਯੋਗਤਾ
੭. ਪ੍ਰਯੋਗਤਾ ਦਾ ਰੱਵਈਆ
੮. ਸਕਾਰਾਤਮਕ ਸੋਚਣੀ
੯. ਮਾਨਸਿਕ ਤਰੀਕੇ ਨਾਲ ਵਿਵਹਾਰ
੧੦. ਹਲਕੀ ਫੁਲਕੀ ਪਹੁੰਚ।

ਉਨ੍ਹਾਂ ਦਾ ਵਿਸ਼ਵਾਸ ਚੀਨੀ ਫਲਸਫੇ ਦੇ ਇੱਕ ਮਸ਼ਹੂਰ ਮਾਹਰ ਦੇ ਕਹੇ ਵਿੱਚ ਹੈ, ਜਿਸ ਨੇ ਕਿਹਾ ਸੀ ਕਿ ਤੁਹਾਡਾ ਕੰਮ ਹੈ ਅੱਛੇ ਖਿਆਲ ਫੈਲਾਉਣ ਦਾ ਯਤਨ ਕਰਨਾ, ਇਹ ਸੋਚਣਾ ਨਹੀਂ ਕਿ ਉਨ੍ਹਾਂ ਦੀ ਮਾਨਤਾ ਹੋਵੇਗੀ ਜਾਂ ਨਹੀਂ। ਉਹਨਾਂ ਦਾ ਵਿਚਾਰ ਹੈ ਕਿ ਲੋਕਾਂ ਨੂੰ ਸਲੀਕੇਦਾਰ ਬਨਾਉਣ ਤੇ ਚੰਗੇ ਸਮਾਜ ਦੀ ਉਸਾਰੀ ਲਈ ਲੋਕਾਂ ਦਾ ਪੜ੍ਹੇ ਲਿਖੇ ਹੋਣਾ ਜ਼ਰੂਰੀ ਹੈ, ਇਸੇ ਕਰਕੇ ਪੁਰਾਣੇ ਰਾਜੇ ਮਹਾਰਾਜੇ ਵਿਦਿਆ ਨੂੰ ਮਹਤੱਵ ਦਿੰਦੇ ਸਨ, ਕਿਉਂਕਿ ਗਿਆਨ ਹੀ ਇੱਕ ਅਜਿਹਾ ਸੂਤਰ ਹੈ ਜਿਸ ਨਾਲ ਕਾਨੂੰਨ ਤੇ ਜਾਨ ਮਾਲ ਦੀ ਰਾਖੀ ਹੋ ਸਕਦੀ ਹੈ ਤੇ ਇਹ ਤੱਦ ਹੀ ਹੋ ਸਕਦਾ ਹੈ ਜਦੋਂ ਕਿ ਅਧਿਆਪਕ ਹਿੰਮਤੀ, ਦ੍ਰਿੜ੍ਹ, ਗਿਆਨਵਾਨ ਹੋਣ ਤੇ ਪਾਰਖੂ ਨਜ਼ਰ ਰੱਖਦੇ ਹੋਣ। ਉਹਨਾਂ ਦਾ ਤਾਂ ਇਹ ਮਤ ਹੈ ਕਿ ਅਧਿਆਪਕ ਐਸਾ ਮਸੀਹਾ ਹੈ, ਜਿਸ ਨੇ ਭਵਿਖ ਦੀ ਨੀਂਹ ਰੱਖਣੀ ਹੈ। ਇਸੇ ਕਰਕੇ ਉਹਨਾਂ ਦਾ ਕਹਿਣਾ ਹੈ ਕਿ ਮਾਤਾ ਪਿਤਾ ਤੋਂ ਬਾਅਦ ਅਧਿਆਪਕ ਹੀ ਬੱਚੇ ਦੇ ਜੀਵਨ ਵਿੱਚ ਮਹੱਤਤਾ ਰੱਖਦਾ ਹੈ।

ਸੰਪਾਦਕਾਂ ਦੀ ਕਾਨਫ੍ਰੰਸ ਦਾ ਡਿਗਸ਼ਈ ਵਿੱਚ 1968 ਵਿਚ ਉਦਘਾਟਨ ਸਮੇਂ ਬੋਲਦਿਆਂ ਉਨ੍ਹਾਂ ਦੱਸਿਆ "ਅਧਿਆਪਕਾਂ ਨੂੰ ਸਦਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਕਿੱਤਾ ਸਭ ਕਿੱਤਿਆਂ ਤੋਂ ਕਿਤੇ ਜ਼ਿਆਦਾ ਸਨਮਾਨਯੋਗ ਹੈ। ਅਧਿਆਪਕ ਇੱਕ ਐਸਾ ਸ਼ਹਿਰੀ ਹੈ, ਜਿਸ ਨੂੰ ਸਮਾਜ ਨੂੰ ਸੁਧਾਰਣ ਦੀ ਜ਼ਿੰਮੇਵਾਰੀ ਨਿਭਾਉਣ ਲਈ ਚੁਣਿਆ ਜਾਂਦਾ ਹੈ। ਅਧਿਆਪਕ ਦੀ ਯੋਗਤਾ ਇਸ

ਵਿਚ ਹੈ, ਕਿ ਉਸਦੀ ਜਾਣਕਾਰੀ ਕਦਰੇ ਘਟ ਭੀ ਹੋਏ ਪਰ ਉਸਨੂੰ ਉਹ ਕਿਵੇਂ ਸੁਣਾ ਸਕਦਾ ਹੈ, ਜਤਾ ਸਕਦਾ ਹੈ। ਉਸ ਵਿੱਚ ਲਗਨ ਦਾ ਘਾਟਾ ਨਹੀਂ ਪਰ ਯੋਗਤਾ ਕਿੰਨੀ ਹੈ, ਪਿਆਰ ਦਾ ਘਾਟਾ ਨਹੀਂ ਪਰ ਖਿਆਲਾਂ ਦਾ ਵਟਾਂਦਰਾਂ ਕਿਵੇਂ ਕਰਦਾ ਹੈ, ਸਮਝਦਾਰੀ ਦਾ ਘਾਟਾ ਨਹੀਂ ਪਰ ਉਹ ਸਮਝਾ ਕਿੰਨਾ ਕੁ ਸਕਦਾ ਹੈ, ਇਸ ਖੂਬੀ ਦੇ ਹੋਣ, ਤੇ ਨਾ ਹੋਣ ਤੋਂ ਹੀ ਉਸਦੀ ਸਫਲਤਾ ਦਾ ਪਤਾ ਲਗਦਾ ਹੈ।

ਅਧਿਆਪਕਾਂ ਨਾਲ ਛੋਟੀ-ਛੋਟੀ ਬਾਤਚੀਤ ਕਰਕੇ, ਤਰਕ ਤੇ ਉਦਾਹਰਣਾਂ ਨਾਲ ਉਹ ਉਨ੍ਹਾਂ ਅੰਦਰ ਸੁਖਾਵੇਂ ਆਦਰਸ਼ ਜਗਾ ਕੇ, ਆਪਸ ਵਿੱਚ ਜੋੜ ਕੇ, ਮੇਲ ਮਿਲਾਪ ਨਾਲ ਇੱਕ ਜੁੱਟ ਹੋ ਕੇ ਸਾਂਝੇ ਮਕਸਦ ਦੀ ਪੂਰਤੀ ਲਈ ਹੰਭਲਾ ਮਾਰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਇੱਕ ਅੱਛੇ ਅਧਿਆਪਕ ਨੂੰ ਰੱਬ ਦਾ ਡਰ ਹੋਣਾ, ਨੇਕ ਇਨਸਾਨ ਹੋਣਾ, ਇਮਾਨਦਾਰ ਹੋਣਾ, ਸੁੱਚਾ ਹੋਣਾ, ਭਰੋਸੇਮੰਦ ਹੋਣਾ ਤੇ ਸਰੀਰ ਤੇ ਦਿਮਾਗੀ ਤੌਰ ਤੇ ਚੁਸਤ ਹੋਣਾ ਜ਼ਰੂਰੀ ਹੈ। ਸਾਡੀ ਸੰਸਥਾ ਦਾ ਬੁਨਿਆਦੀ ਮਕਸਦ ਧਰਮ ਤੇ ਚਰਿਤ੍ਰ ਦਾ ਗਿਆਨ, ਅਖ਼ਲਾਕ ਤੇ ਵਤੀਰਾ ਅਤੇ ਦਿਮਾਗੀ ਮਿਆਰ ਨੂੰ ਉਚੇ ਦਰਜੇ ਤੇ ਲੈ ਜਾਣ ਦਾ ਯਤਨ ਕਰਨਾ, ਹੋਣਾ ਚਾਹੀਦਾ ਹੈ।

੭ ਜੁਲਾਈ ੧੯੭੨ ਦੇ ਦਿਨ ਡਿਗਸ਼ਈ ਪਬਲਿਕ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੰਬੋਧਿਤ ਕਰਦੇ ਹੋਏ ਉਹਨਾਂ ਕਿਹਾ ਕਿ ਅਧਿਆਪਕਾਂ ਦਾ ਕਿੱਤਾ ਬਾਕੀ ਸਾਰੇ ਇਨਸਾਨੀ ਕਿਤਿਆਂ ਨਾਲੋਂ ਉੱਚਾ ਹੈ, ਜਿਹੜਾ ਅਧਿਆਪਕ ਆਪਣਾ ਫਰਜ਼ ਪੂਰੀ ਇਮਾਨਦਾਰੀ ਤੇ ਲਗਨ ਨਾਲ ਨਿਭਾਉਂਦਾ ਹੈ, ਉਸ ਦਾ ਦਰਜਾ ਰੱਬ ਦੇ ਬਰਾਬਰ ਹੈ, ਕਿਉਂਕਿ ਉਹ ਉਸਦੀ ਰਚਨਾ ਨੂੰ ਗਿਆਨ ਵੰਡਦਾ ਹੈ, ਉਸਦੀਆਂ ਨੇਹਮਤਾਂ ਦਾ ਹੱਕਦਾਰ ਬਣਦਾ ਹੈ, ਅਤੇ ਨਿਵਾਜਿਆ ਜਾਂਦਾ ਹੈ।

ਅਧਿਆਪਕ ਤੇ ਵਿਦਿਆਰਥੀ ਦੇ ਆਪਸੀ ਸੰਬੰਧਾਂ ਦਾ ਸਹਿਜ ਤੇ ਖੁਲ੍ਹਾ ਹੋਣਾ, ਅੱਛੀ ਪੜ੍ਹਾਈ ਲਈ ਲਾਜ਼ਮੀ ਹੈ, ਅਧਿਆਪਕ ਤੇ ਵਿਦਿਆਰਥੀ ਦਾ ਸੰਬੰਧ ਪਿਤਾ ਪੁੱਤਰ ਸਮਾਨ ਹੈ ਤੇ ਇੱਕ ਦੂਸਰੇ ਤੇ ਪਰਭਾਵ ਰਖਦਾ ਹੈ ਕਿਉਂਕਿ ਦੋਹਾਂ ਦੇ ਅੱਗੇ ਗਿਆਨ ਦੀ ਘੁੰਡੀ ਖੁਲ੍ਹਦੀ ਚਲੀ ਜਾਂਦੀ ਹੈ, ਪੜ੍ਹਨਾ ਤੇ ਪੜ੍ਹਾਉਣਾ ਯਕਸਾਂ ਹੁੰਦੇ ਜਾਂਦੇ ਹਨ। ਕੁਝ ਭੀ ਸਿਖਾਉਣ ਤੇ ਪੜ੍ਹਾਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਿਖਿਆ ਜਾਵੇ। ਪੁਰਾਣੇ ਵਕਤਾਂ ਵਿੱਚ ਭਾਰਤ ਦੀ ਪੜ੍ਹਾਈ ਲਈ ਕਿਤਾਬਾਂ ਜਾਂ ਸਕੂਲੀ ਇਮਾਰਤਾਂ ਦਾ ਹੋਣਾ ਜ਼ਰੂਰੀ ਨਹੀਂ ਸੀ ਤੇ ਨਾ ਹੀ ਕਿਸੇ ਕਿਸਮ ਦੇ ਜਲਸੇ ਆਦਿ ਕੀਤੇ ਜਾਂਦੇ ਸਨ। ਸਭ ਤੋਂ ਮਹੱਤਵ ਦੀ ਗੱਲ ਸੀ ਗੁਰੂ ਤੇ ਸ਼ਿਸ਼ ਦੇ ਸੰਬੰਧਾਂ ਦੀ ਪਰੰਪਰਾ। ਸੁੱਚਜੀ ਸਿਖਿਆ ਲਈ ਅਧਿਆਪਕ ਤੇ ਵਿਦਿਆਰਥੀ ਵਿੱਚ ਸੁਚੱਜਾ ਤਾਲ ਮੇਲ ਜ਼ਰੂਰੀ ਹੈ। ਅਰਥ ਪੂਰਣ ਪੜ੍ਹਾਈ ਦਾ ਲਕਸ਼ ਬੱਚੇ ਨੂੰ ਸਨਮਾਨਯੋਗ ਸ਼ਹਿਰੀ ਬਨਾਉਣ ਦਾ ਯਤਨ ਕਰਨਾ ਹੈ।

ਉਨ੍ਹਾਂ ਨੇ ਕਿਹਾ ਕਿ ਜੇਕਰ ਅਧਿਆਪਕਾਂ ਦੀ ਇੱਜ਼ਤ ਨਹੀਂ ਹੁੰਦੀ ਤਾਂ ਇਸ ਦਾ ਕਾਰਣ ਇਹ ਹੈ ਕਿ ਉਹ ਆਪਣੇ ਕਿੱਤੇ ਨੂੰ ਪੂਰਾ ਸਨਮਾਨ ਨਹੀਂ ਦਿੰਦੇ। ਅੱਜ ਕਲ੍ਹ ਦੀ ਪੀੜ੍ਹੀ ਜ਼ਿਆਦਾ ਚੁਸਤ ਤੇ ਜਾਗਰੂਕ ਹੈ। ਅਧਿਆਪਕ ਦੀ ਉਦੋਂ ਤੱਕ ਇੱਜ਼ਤ ਨਹੀਂ ਹੋਵੇਗੀ ਜਦੋਂ ਤੱਕ ਉਹ ਆਪਣੇ ਆਪ ਨੂੰ ਉਨ੍ਹਾਂ ਦੀ ਅਪੇਕਸ਼ਾ ਦੇ ਦਰਜੇ ਤੱਕ ਉੱਚਾ ਨਹੀਂ ਚੁੱਕੇਗਾ। ਸਾਡੇ ਦੇਸ਼ ਵਿੱਚ ਨੀਵੇਂ ਮਿਆਰ ਦੀ ਪੜ੍ਹਾਈ ਦਾ ਮੁਖ ਕਾਰਣ ਇਹ ਹੈ ਕਿ ਇਥੇ ਖਾਸ ਕਰਕੇ ਛੋਟੀਆਂ ਜਮਾਤਾਂ ਨੂੰ ਪੜ੍ਹਾਉਣ ਵਾਲੇ ਆਪਣੀ ਜ਼ਿੰਮੇਵਾਰੀ ਦੀ ਗੰਭੀਰਤਾ ਨੂੰ ਨਹੀਂ ਸਮਝਦੇ ਤੇ ਉਨ੍ਹਾਂ ਵਿੱਚ ਚੇਤਨਾ ਦਾ ਘਾਟਾ ਹੈ। ਉਹਨਾਂ ਸਹੀ ਅੰਦਾਜ਼ਾ ਲਾਇਆ ਹੈ ਕਿ ਇਸ ਕਿੱਤੇ ਵਿੱਚ ਆਉਣ ਵਾਲੇ ਲੋਕਾਂ ਦੇ ਦਿਲਾਂ ਵਿੱਚ, ਅਸਲੋਂ ਇਸ ਕਿੱਤੇ ਲਈ ਪਿਆਰ ਤੇ ਆਦਰ ਨਹੀਂ ਹੈ ਬਲਕਿ ਉਹ ਜਾਂ ਤਾਂ ਹਾਲਾਤ ਦੀ ਮਜਬੂਰੀ ਤੇ ਜਾਂ ਇਤਫ਼ਾਕ ਨਾਲ ਹੀ ਇਸ ਵਿੱਚ ਧੱਕੇ ਜਾਂਦੇ ਹਨ। ਇੱਕ ਵਾਰੀ ਉਹਨਾਂ ਵੰਗਾਰਿਆ ਕਿ ਮੈਂ ਅਜਿਹੇ ਅਧਿਆਪਕ ਨੂੰ ਮੂੰਹ ਮੰਗੀ ਰਕਮ ਦੇਣ ਨੂੰ ਤਿਆਰ ਹਾਂ, ਜਿਸ ਵਿੱਚ ਆਪਣੇ ਕੰਮ ਵੱਲ ਪੂਰਣ ਵਫ਼ਾਦਾਰੀ ਤੇ ਸਮਰਪਣ ਦੀ ਭਾਵਨਾ ਹੋਵੇ।

ਉਹ ਬੱਚਿਆਂ ਦੀ ਇਖਲਾਕੀ ਤੇ ਧਾਰਮਿਕ ਚੇਤਨਾ ਵੱਲ ਜ਼ਿਆਦਾ ਜ਼ੋਰ ਦਿੰਦੇ ਹਨ। ਗੁਰੂ ਹਰਿਕਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਤੁਸੀਂ ਕੁਦਰਤ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਉਸਦੀਆਂ ਨੇਹਮਤਾਂ ਦਾ ਅੰਦਾਜ਼ਾ ਲਗਾਓ ਤੇ ਫਿਰ ਉਸ ਮੁਤਾਬਕ ਉਸ ਦੀ ਪੂਜਾ ਕਰੋ। ਉਹਨਾਂ ਸੁਝਾਇਆ ਕਿ ਤਨ ਦੀ ਸ਼ਕਤੀ ਤੇ ਮਨ ਦੀ ਸਥਿਰਤਾ ਲਈ ਜ਼ਰੂਰੀ ਹੈ ਕਿ ਬੱਚਿਆਂ ਦੀ ਪੌਸ਼ਾਕ ਸਾਦਾ ਤੇ ਖਾਣਾ ਪੌਸ਼ਟਿਕ ਹੋਵੇ। ਸਿਖਿਆ ਦਾ ਅਸਲੀ ਮੰਤਵ ਬੱਚਿਆਂ ਨੂੰ ਸਾਫ਼, ਸੁਚੇ ਤੇ ਸਹੀ ਕਰਮ ਲਈ ਪ੍ਰੇਰਨਾ ਦੇਣਾ ਹੈ।

ਉਹਨਾਂ ਦੇ ਮੁਤਾਬਕ ਬੱਚਿਆਂ ਨੂੰ ਸਹੀ ਰਸਤਾ ਮਾਤਾ ਪਿਤਾ ਹੀ ਦਿਖਾ ਸਕਦੇ ਹਨ। ਉਹ ਜਦ ਭੀ ਡਿਗਸ਼ਈ ਜਾਂਦੇ ਸਨ ਤਾਂ ਪਿਤਾ ਦੇ ਕਰਤੱਵ ਨਿਭਾਉਂਦੇ ਸਨ ਤੇ ਸਾਰੇ ਬੱਚਿਆਂ ਨੂੰ ਆਪਣੇ ਪਿਆਰ, ਹਮਦਰਦੀ ਅਤੇ ਸਨੇਹ ਨਾਲ ਨਿਹਾਲ ਕਰਦੇ ਸਨ। ਉਹਨਾਂ ਦਾ ਸਾਰਾ ਧਿਆਨ ਬੱਚਿਆਂ ਦੇ ਸਹੀ ਚਰਿਤ੍ਰ ਨਿਰਮਾਣ ਵੱਲ ਰਹਿੰਦਾ ਸੀ, ਕਿਉਂਕਿ ਜੇਕਰ ਨੀਹਾਂ ਸੁਦ੍ਰਿੜ੍ਹ ਹੋਣਗੀਆਂ ਤਾਂ ਬਾਕੀ ਦੀ ਉਸਾਰੀ ਸਹਿਜ ਹੀ ਹੋ ਜਾਵੇਗੀ।

੧੯੭੧ ਵਿੱਚ ਸ੍ਰੀ ਜਗਜੀਵਨ ਰਾਮ, ਰਕਸ਼ਾ ਮੰਤ੍ਰੀ ਦੀ ਸਦਾਰਤ ਹੇਠ ਹੋਏ ਡਿਗਸ਼ਈ ਪਬਲਿਕ ਸਕੂਲ ਦੇ "ਬਾਨੀ ਦਿਨ" ਸਮਾਰੋਹ ਵਿੱਚ ਬੋਲਦਿਆਂ ਬੀਰ ਸਾਹਿਬ ਨੇ ਮਾਤਾ ਪਿਤਾ ਦੇ ਸਹੀ ਕਰਤਵਾਂ ਲਈ ਇੰਜ ਕਿਹਾ :

1. ਮਾਤਾ ਪਿਤਾ ਦਾ ਕਰਤਵ ਬੱਚੇ ਪੈਦਾ ਕਰਨਾ ਹੀ ਨਹੀਂ, ਸਗੋਂ ਉਹਨਾਂ ਨੂੰ ਸਹੀ ਢੰਗ ਨਾਲ ਪਾਲਣਾ ਹੈ। ਭਾਰਤ ਦਾ ਭਵਿੱਖ ਮਾਤਾ ਪਿਤਾ ਦੇ ਹੱਥਾਂ ਵਿੱਚ ਹੈ।

੨. ਅੱਜ ਕਲ੍ਹ ਦੇ ਹੋੜ ਦੇ ਜ਼ਮਾਨੇ ਵਿੱਚ ਬੱਚਿਆਂ ਦੀ ਪਰਵਰਿਸ਼ ਇੱਕ ਤਕਨੀਕ ਹੈ. ਜਿਸ ਦੀ ਜਾਣਕਾਰੀ ਮਾਤਾ ਪਿਤਾ ਨੂੰ ਹੋਣਾ ਜ਼ਰੂਰੀ ਹੈ। ਇਸ ਲਈ ਬੱਚਿਆਂ ਦੀ ਪਰਵਰਿਸ਼ ਸਮੇਂ ਮਾਤਾ ਪਿਤਾ ਨੂੰ ਹਮੇਸ਼ਾ ਸਾਵਧਾਨੀ ਤੇ ਪਰਵਾਹ ਵਰਤਣ ਦੀ ਲੋੜ ਹੈ।

੩. ਬੱਚਿਆਂ ਦੀਆਂ ਆਦਤਾਂ ਤੇ ਹਾਲਤ, ਫਤੂਰ ਤੇ ਮਿਜਾਜ਼ ਦਾ ਦਾਰੋਮਦਾਰ ਮਾਤਾ ਪਿਤਾ ਤੇ ਹੈ। ਬੱਚਾ ਮਾਤਾ ਪਿਤਾ ਦੇ ਆਚਾਰ ਵਿਚਾਰ ਨੂੰ ਬਰੀਕੀ ਨਾਲ ਦੇਖਦਾ ਹੈ। ਸੋ ਉਨ੍ਹਾਂ ਨੂੰ.ਬੱਚਿਆਂ ਸਾਹਮਣੇ ਹਰ ਹਰਕਤ ਸੋਚ ਵਿਚਾਰ ਕੇ ਕਰਨੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਦਾ ਮੰਨ ਬੜਾ ਕੋਮਲ ਹੁੰਦਾ ਹੈ ਤੇ ਨਾਲ ਹੀ ਹਰ ਗੱਲ ਤੇ ਹਰਕਤ ਨੂੰ ਗ੍ਰਹਿਣ ਕਰਨ ਦੀ ਇੱਛਾ ਭੀ।

੪. ਉਹਨਾਂ ਕਿਹਾ "ਅਨਜਾਣੇ ਹੀ ਬੱਚਾ ਜੋ ਦੇਖਦਾ ਹੈ ਸਿਖ ਲੈਂਦਾ ਹੈ।" ਸਾਨੂੰ ਇਹ ਕਦੇ ਨਹੀਂ ਸੋਚਣਾ ਚਾਹੀਦਾ ਕਿ ਉਹ ਅਜੇ ਕੁਝ ਸਿਖਣ ਲਈ ਬਹੁਤ ਛੋਟਾ ਹੈ। ਛੋਟੇ ਬੱਚਿਆਂ ਦਾ ਮਨ ਬੜਾ ਨਾਜ਼ਕ ਹੁੰਦਾ ਹੈ ਤੇ ਮਾਤਾ ਪਿਤਾ ਦੀਆਂ ਹਰਕਤਾਂ ਤੇ ਰਵੱਈਏ ਦੀ ਰੀਸ ਕਰਨ ਵਿੱਚ ਤੇਜ਼ ਹੁੰਦੇ ਹਨ।

੫. ਉਹ ਕਹਿੰਦੇ ਹਨ ਕਿ ਘਰ ਵਿੱਚ ਮਾਤਾ ਪਿਤਾ ਰਾਹੀਂ ਦਰਸਾਈਆਂ ਗਈਆਂ ਉਦਾਹਰਣਾਂ ਤੇ ਬੱਚੇ ਚਲਦੇ ਹਨ। ਜਿਵੇਂ ਕਿ ਕਹਾਵਤ ਹੈ "ਚਲਨ ਫੜਿਆ ਜਾਂਦਾ ਹੈ, ਸਿਖਾਇਆ ਨਹੀਂ ਜਾਂਦਾ।"

੬. ਉਹਨਾਂ ਦੇ ਵਿਚਾਰ ਵਿੱਚ ਮਾਤਾ ਪਿਤਾ ਦਾ ਗਲਤ ਵਤੀਰਾ ਹੀ ਸ਼ਾਇਦ ਅੱਜਕਲ੍ਹ ਦੇ ਸਕੂਲੀ ਬੱਚਿਆਂ ਦੀ ਬਦਤਮੀਜ਼ੀ ਦਾ ਕਾਰਣ ਹੈ। ਬੱਚਾ ਘਰੋਂ ਹੀ ਸਕੂਲ ਤਾਂਈ ਮਾਨਸਿਕ ਸਵੱਛਤਾ ਜਾਂ ਅਸਵੱਛਤਾ ਲੈ ਕੇ ਤੁਰਦਾ ਹੈ। ਬੱਚੇ ਮਾਤਾ ਪਿਤਾ ਦੇ ਆਪਣੇ ਤੌਰ ਤਰੀਕਿਆਂ ਦਾ ਪ੍ਰਤੀਰੂਪ ਹੁੰਦੇ ਹਨ ਤੇ ਜੋ ਉਨ੍ਹਾਂ ਦੇ ਮਨਾਂ ਤੇ ਅੰਕਤ ਹੋਵੇ ਪਹਿਲਾਂ ਦੇ ਠੱਪੇ ਕਦੇ ਭੀ ਨਹੀਂ ਮਿਟਾਏ ਜਾ ਸਕਦੇ।

੭. ਉਹਨਾਂ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਬਚਪਨ ਵਿੱਚ ਬੱਚੇ ਦੇ ਮਨ ਵਿੱਚ ਧਾਰਮਿਕ ਵਿਚਾਰਾਂ ਦੀ ਨੀਂਹ ਰੱਖਣਾ ਲੋੜੀਂਦਾ ਹੈ, ਮਾਤਾ ਪਿਤਾ ਦੀ ਅਮਿਟ ਦਾਤ ਹੋਵੇਗੀ। ਅੱਜ ਉਹ ਜੋ ਕੁਝ ਭੀ ਕਰਦੇ ਜਾਂ ਸੋਚਦੇ ਹਨ, ਉਹ ਕੱਲ੍ਹ ਜੋ ਉਨ੍ਹਾਂ ਮਾਤਾ ਪਿਤਾ ਤੋਂ ਸਿਖਿਆ ਸੀ ਉਸੇ ਦਾ ਨਤੀਜਾ ਹੈ।

੮. ਮਾਤਾ ਦਾ ਪਿਆਰ ਤੇ ਆਪਸੀ ਤਾਲਮੇਲ ਅਤੇ ਪਿਤਾ ਦੀ ਦ੍ਰਿੜ੍ਹਤਾ ਤੇ ਇਨਸਾਫ ਪਸੰਦ ਰਵੱਈਆ ਹੀ ਬੱਚੇ ਦੀ ਸ਼ਖਸੀਅਤ ਦੀ ਸਹੀ ਬੜ੍ਹੋਤਰੀ ਵਿੱਚ ਸਹਾਇਕ ਸਿੱਧ ਹੁੰਦੇ ਹਨ। ਪਿਤਾ ਦੀ ਹਰ ਸੋਚ, ਮਾਤਾ ਦੀ ਹਰ ਇੱਕ ਹਰਕਤ ਅਤੇ ਵੱਡਿਆਂ ਦੇ ਕਹੇ ਹਰ ਸ਼ਬਦ ਦਾ ਅਸਰ ਬੱਚੇ ਦੀਆਂ ਆਦਤਾਂ, ਰਵੱਈਆ, ਚਰਿਤ੍ਰ, ਚਾਹਨਾ ਅਤੇ ਭਾਵਨਾਵਾਂ ਤੇ ਅਨੋਖਾ ਅਸਰ ਰੱਖਦੇ ਹਨ।

੯. ਉਹਨਾਂ ਦਾ ਵਿਸ਼ਵਾਸ ਹੈ ਕਿ ਘਰ ਵਿੱਚ ਸਹਾਇਤਾ ਦਾ ਮਾਹੌਲ ਤੇ ਹਲੀਮੀ ਦਾ ਰੁਖ ਬੱਚੇ ਅੰਦਰ ਸਨਮਾਨ ਅਤੇ ਮਿੱਤਰਤਾ ਜਹੀਆਂ ਖੂਬੀਆਂ ਉਭਾਰਣ

ਵਿੱਚ ਸਹਾਇਕ ਹੋ ਸਕਦਾ ਹੈ। ਬੱਚੇ ਦੀ ਭਾਵਨਾਤਮਿਕ ਪਕਿਆਈ ਅਤੇ ਦਿਮਾਗੀ ਜ਼ਹੀਨਤਾ ਦੀ ਬੜ੍ਹੋਤਰੀ ਦਾ ਦਾਰੋਮਦਾਰ ਉਸ ਦੀ ਸੁਰਕਸ਼ਾ ਦੀ ਭਾਵਨਾ ਦੀ ਹਾਲਤ ਤੇ ਹੈ ਅਤੇ ਇਸ ਦਾ ਜ਼ਰੀਆ ਸੱਭ ਤੋਂ ਪਹਿਲਾਂ ਤਾਂ ਘਰ ਹੀ ਹੈ ਤੇ ਪਿੱਛੋਂ ਸਕੂਲ ਦੀ ਵਾਰੀ ਆਉਂਦੀ ਹੈ।

੧੦. ਕਹਾਵਤ ਹੈ ਕਿ ਵੱਡਿਆਂ ਦੇ ਚਰਿਤ੍ਰ ਦੇ ਸਾਰੇ ਮੋੜ ਤੋੜ ਅਤੇ ਇਨਸਾਨ ਦੇ ਮਨ ਤੇ ਉਕਰੇ ਸਾਰੇ ਕਾਲੇ ਧੱਬੇ ਬਚਪਨ ਵਿੱਚ ਹੀ ਛੱਪ ਜਾਂਦੇ ਹਨ। ਜੇਕਰ ਮਾਤਾ ਪਿਤਾ ਦਾ ਸਹਿਯੋਗ ਹੋਵੇ, ਨਮਰ ਹੋਣ ਤੇ ਦੂਸਰੇ ਦੀ ਭਾਵਨਾ ਦੀ ਇਜ਼ੱਤ ਕਰਦੇ ਹੋਣ ਤਾਂ ਬੱਚੇ ਨੂੰ ਇਹ ਜੀਵਨ ਦਾ ਸਹਿਜ ਤਰੀਕਾ ਲਗੇਗਾ ਤੇ ਆਖਿਰ ਵਿੱਚ ਉਹ ਇਸ ਦਾ ਅਨੁਸਰਣ ਕਰਦਾ ਹੋਇਆ ਆਪਣਾ ਅਲਗ ਵਤੀਰਾ ਬਣਾ ਲਵੇਗਾ।

੧੧. ਕਲਕੱਤੇ ਵਿੱਚ ਉਹਨਾਂ (ਠੀਕ ਹੀ) ਦੱਸਿਆ ਸੀ ਕਿ ਕੁਝ ਮਾਤਾ ਪਿਤਾ ਆਪਣੇ ਬੱਚਿਆਂ ਦੀ ਤਾਲੀਮ ਬਾਰੇ ਬਹੁਤ ਜ਼ਿਆਦਾ ਹੀ ਸਾਵਧਾਨੀਆਂ ਵਰਤਦੇ ਹਨ। ਉਹ ਹਰ ਵੇਲੇ ਹਰ ਥਾਂ ਤੇ ਉਨ੍ਹਾਂ ਨੂੰ ਟੋਕਦੇ ਰਹਿੰਦੇ ਹਨ, ਇਹ ਕਰੋ, ਇਹ ਨਾ ਕਰੋ। ਕੁਝ ਅਜਿਹੇ ਹਨ ਕਿ ਬਿਲਕੁਲ ਹੀ ਦੇਖੀ ਅਣਦੇਖੀ ਕਰਦੇ ਹਨ, ਇਥੋਂ ਤੱਕ ਕਿ ਵੱਡੇ ਹੋ ਕੇ ਉਹ ਕੀ ਬਨਣ, ਕਿਸ ਤਰ੍ਹਾਂ ਦੇ ਮਜ਼ਮੂਨ ਸਿੱਖਣ ਪੜ੍ਹਨ, ਕਿਸ ਕਿੱਤੇ ਨੂੰ ਅਪਨਾਉਣ, ਇਹਨਾਂ ਸਾਰੀਆਂ ਜ਼ਿੰਮੇਵਾਰੀਆਂ ਦਾ ਭਾਰ ਬੱਚਿਆਂ ਦੀ ਮਰਜ਼ੀ ਤੇ ਹੀ ਛੱਡ ਦਿੰਦੇ ਹਨ। ਦੋਨੋਂ ਹੀ ਤਰੀਕੇ ਗਲਤ ਹਨ। ਬੱਚਿਆਂ ਨੂੰ ਮਾਤਾ ਪਿਤਾ ਦੀ ਮਦਦ, ਮਾਰਗ ਦਰਸ਼ਨ, ਹਮਦਰਦੀ ਅਤੇ ਸਨੇਹ ਦੀ ਸਦਾ ਹੀ ਲੋੜ ਹੁੰਦੀ ਹੈ। ਫੈਸਲੇ ਕਰਨ ਦੀ ਜ਼ਿੰਮੇਵਾਰੀ ਸਿਰਫ ਬੱਚਿਆਂ ਦੀ ਮਰਜ਼ੀ ਤੇ ਛੱਡਣਾ ਠੀਕ ਨਹੀਂ। ਉਹਨਾਂ ਅਨੁਸਾਰ ਦੁਨੀਆਂ ਦਾ ਹੋਰ ਕੋਈ ਭੀ ਕੰਮ ਐਨਾ ਮੁਸ਼ਕਲ ਤੇ ਉਲਝਣ ਭਰਿਆ ਨਹੀਂ ਜਿੰਨਾ ਕਿ ਬੱਚਿਆਂ ਦੀ ਸਹੀ ਪਰਵਰਿਸ਼।

੧੨. ਨੌਜਵਾਨਾਂ ਦੀ ਅਣਗਹਿਲੀ ਨਾ ਸਿਰਫ ਸਾਡੇ ਦੇਸ਼ ਦੀ ਬਲਕਿ ਸਾਰੇ ਸੰਸਾਰ ਦਾ ਮਸਲਾ ਬਣ ਚੁੱਕਾ ਹੈ। ਇਸ ਮਸਲੇ ਦਾ ਹਲ ਘਰ ਵਿੱਚ ਹੀ ਹੋ ਸਕਦਾ ਹੈ, ਕਿਉਂਕਿ ਅੱਜ ਕਲ੍ਹ ਦੇ ਸਕੂਲ ਕਾਲਜਾਂ ਦਾ ਉਹਨਾਂ ਤੇ ਕੋਈ ਨਿਅੰਤ੍ਰਣ ਨਹੀਂ ਰਿਹਾ। ਘਰ ਵਿੱਚ ਮਾਤਾ ਪਿਤਾ ਹੀ ਉਤਮ ਅਧਿਆਪਕ ਹਨ। ਸਮਝਦਾਰ ਮਾਤਾ ਪਿਤਾ ਮਨ ਵਿੱਚ ਸਦਾ ਇਹ ਵਿਚਾਰ ਰੱਖਦੇ ਹਨ ਕਿ ਆਚਰਣ ਤੋਂ ਖ਼ਾਨਦਾਨ, ਬੋਲਚਾਲ ਤੋਂ ਗਿਆਨ, ਅੱਖਾਂ ਤੋਂ ਦਿਆ ਦਾ ਪਤਾ ਲਗਦਾ ਹੈ ਤੇ ਚੁੱਪ ਤੋਂ ਸਮਝਦਾਰੀ ਅਤੇ ਸਹਨਸ਼ੀਲਤਾ ਤੋਂ ਮਹਾਨਤਾ ਦਾ ਪਤਾ ਲਗਦਾ ਹੈ। ਅੰਤ ਵਿੱਚ ਉਹਨਾਂ ਸਹੀ ਫਰਮਾਇਆ ਕਿ ਹੁਣ ਨਾ ਹੀ 'ਰੌਕਿਟ ਏਜ' ਹੈ ਤੇ ਨਾ ਹੀ 'ਸਪੇਸ ਏਜ' ਸਗੋਂ ਬੱਚਿਆਂ ਦਾ ਵਕਤ ਹੈ। ਅੱਜ ਮਾਤਾ ਪਿਤਾ ਨੂੰ 'ਟੀਨ ਏਜ' ਦੀ ਸਮਝਦਾਰੀ ਦੀ ਵਧੇਰੇ ਲੋੜ ਹੈ ਬਨਿਸਬਤ ਨੌਜਵਾਨਾਂ ਨੂੰ ਮਾਤਾ ਪਿਤਾ ਦੀ ਲਗਾਤਾਰ ਰਹਿਨੁਮਾਈ ਦੀ।

ਅਧਿਆਪਕਾਂ ਨੂੰ ਮਸ਼ਵਰਾ ਦਿੰਦਿਆਂ ਉਨ੍ਹਾਂ ਕਿਹਾ ਕਿ ਪੜ੍ਹਾਉਣਾ ਸਹਿਜ

ਨਹੀਂ ਹੈ, ਇਸ ਵਿੱਚ ਮੁਹਾਰਤਾ ਦੇ ਨਾਲ ਨਾਲ ਧੀਰਜ ਦੀ ਭੀ ਬਹੁਤ ਲੋੜ ਹੈ, ਅਤੇ ਅਗੂਆ ਬਣਨ, ਨੌਜਵਾਨਾਂ ਦਾ ਹੌਂਸਲਾ ਵਧਾਉਣ ਦੀ ਕਲਾ ਦੀ ਭੀ ਜ਼ਰੂਰਤ ਹੈ। ਅਧਿਆਪਕ ਦਾ ਵਾਸਤਾ ਕੱਚੇ ਮਨ ਦੇ ਬੱਚਿਆਂ ਨਾਲ ਪੈਂਦਾ ਹੈ ਤੇ ਜੇਕਰ ਉਸ ਵਿੱਚ ਯੋਗਤਾ ਦੀ ਘਾਟ ਹੈ, ਲਗਨ ਦੀ ਘਾਟ ਹੈ ਅਤੇ ਇਮਾਨਦਾਰੀ ਦੀ ਘਾਟ ਹੈ ਤਾਂ ਉਹ ਕੁਝ ਸਵਾਰਣ ਦੇ ਬਜਾਏ ਨੁਕਸਾਨ ਜ਼ਿਆਦਾ ਕਰ ਸਕਦਾ ਹੈ। ਉਹਨਾਂ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਬੱਚਿਆਂ ਦੀ ਪਰਵਰਤੀ ਅਜ਼ਾਦੀ ਨਾਲ ਸੋਚਣ, ਅਜ਼ਾਦੀ ਨਾਲ ਕੰਮ ਕਰਨ ਦੀ, ਅਜ਼ਾਦੀ ਨਾਲ ਗੱਲਬਾਤ ਕਰਨ ਦੀ, ਅਜ਼ਾਦੀ ਨਾਲ ਘੁੰਮਣ ਫਿਰਨ ਦੀ ਤੇ ਆਜ਼ਾਦੀ ਨਾਲ ਖੁਸ਼ੀਆਂ ਮਾਨਣ ਦੀ ਹੁੰਦੀ ਹੈ, ਇਸ ਗੱਲ ਨੂੰ ਯਾਦ ਰੱਖਣਾ ਅਧਿਆਪਕ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਘਰ ਤੇ ਸਕੂਲ ਵਿੱਚ ਤੇ ਸਕੂਲ ਵਿੱਚ ਖੁਲ੍ਹ, ਅਜ਼ਾਦੀ, ਪਿਆਰ ਅਤੇ ਖੁਸ਼ਨੁਮਾ ਵਾਤਾਵਰਣ ਦੀ ਲੋੜ ਹੁੰਦੀ ਹੈ। ਇਸ਼ਾਰੇ ਦੇਣੇ ਜ਼ਰੂਰੀ ਹਨ ਪਰ ਹਰ ਵੇਲੇ ਦਾ ਸਿਰ ਤੇ ਝੁਰਮਟ ਗੁੰਝਲਾਂ ਪਾ ਸ਼ਕਦਾ ਹੈ। ਨਿੱਜੀ ਫੈਸਲੇ ਕਰਨ ਦੀ ਸਮਰਥਾ, ਛੋਟੀਆਂ ਛੋਟੀਆਂ ਗੱਲਾਂ ਵਿਚ ਭੀ ਰੁਕ ਸਕਦੀ ਹੈ।

## ਉਹਨਾਂ ਦੇ ਸੁਪਨਿਆਂ ਦਾ ਸਕੂਲ

ਐਚ. ਜੀ. ਵੈਲਜ਼ ਨੇ (ਠੀਕ ਹੀ) ਕਿਹਾ ਕਿ "ਜਿਸ ਦੁਨੀਆਂ ਦੇ ਸਕੂਲ ਸੁਧਾਰ ਰਹਿਤ ਹਨ, ਉਹ ਦੁਨੀਆਂ ਹੀ ਸੁਧਾਰ ਰਹਿਤ ਹੈ। ਕੂਪਰ ਅਨੁਸਾਰ "ਜਿਸ ਕੌਮ ਦੇ ਜਵਾਨਾਂ ਦੀ ਪੜ੍ਹਾਈ ਵੱਲ ਤਵੱਜੋ ਨਹੀਂ ਦਿੱਤੀ ਜਾਂਦੀ, ਉਸ ਮੁਲਕ ਵਿੱਚ ਨਾ ਹੀ ਪਵਿੱਤਰਤਾ, ਗੁਣ ਤੇ ਅਜ਼ਾਦੀ ਕਾਇਮ ਰਹਿ ਸਕਦੀ ਹੈ। ਬੀਰ ਸਾਹਿਬ ਦੀ ਭੀ ਇਹੋ ਮਾਨਤਾ ਹੈ ਕਿ ਨਵੇਂ ਭਾਰਤ ਦੀ ਸਿਰਜਨਾ ਅਸੈਂਬਲੀ ਹਾਲਾਂ ਦੀ ਬਜਾਏ ਕਲਾਸ ਰੂਮਾਂ ਵਿੱਚ ਹੋਵੇਗੀ।

ਉਹਨਾਂ ਨੇ ਇਹ ਸਕੂਲ ਕੇਵਲ ਇਸ ਮਕਸਦ ਲਈ ਖੋਹਲਿਆ ਸੀ ਕਿ ਆਦਮੀ ਤੇ ਔਰਤਾਂ ਦਾ ਗੁਰੂ ਗਰੰਥ ਸਾਹਿਬ ਦੀ ਸਿਖਿਆ ਅਨੁਸਾਰ ਮਨੁੱਖੀ ਮੁੱਲਾਂ ਨੂੰ ਕਾਇਮ ਰੱਖਣ ਦਾ ਹੌਸਲਾ ਵਧੇ। ਉਨ੍ਹਾਂ ਨੇ ਇੱਕ ਅਜਿਹਾ ਨਿਵਾਸੀ ਸਕੂਲ ਖੋਲ੍ਹਣ ਦਾ ਵਿਚਾਰ ਕੀਤਾ, ਜਿਸ ਵਿੱਚ ਅੱਜ ਦੇ ਬਾਕੀ ਪਬਲਿਕ ਸਕੂਲਾਂ ਵਰਗੀ ਪੜ੍ਹਾਈ ਦੇ ਨਾਲ ਨਾਲ ਆਤਮਕ ਤੇ ਪੁਰਾਤਨ ਮੁੱਲਾਂ ਨੂੰ ਉਭਾਰਿਆ ਜਾਵੇ, ਬਰਾਬਰੀ ਤੇ ਸੇਵਾ ਦਾ ਜਜ਼ਬਾ ਭਰਿਆ ਜਾਵੇ, ਸਹਿਨਸ਼ੀਲਤਾ ਤੇ ਚਰਿਤ੍ਰ ਦੀ ਚੇਤਨਾ ਜਗਾਈ ਜਾਵੇ ਤੇ ਸੱਭ ਤੋਂ ਵੱਧ ਕੇ ਸਾਡੇ ਗੁਰੂਆਂ ਅਤੇ ਸੰਸਾਰ ਦੇ ਦੂਸਰੇ ਮਹਾਂਪੁਰਖਾਂ ਦੇ ਸਿਖਾਏ ਹੋਏ ਸੱਚੇ ਤੇ ਸੁੱਚੇ ਅਸੂਲਾਂ ਦੀ ਪਾਲਨਾ ਸਿਖਾਈ ਜਾਵੇ। ਉਨ੍ਹਾਂ ਦਾ ਮਕਸਦ ਬੱਚਿਆਂ ਨੂੰ ਕੇਵਲ ਕਿਤਾਬੀ ਗਿਆਨ ਸਿਖਾਉਣਾ ਨਹੀਂ ਸੀ, ਬਲਕਿ ਜੀਵਨ ਵਿੱਚ ਲੋੜੀਂਦੀ ਹਰ ਕਿਸਮ ਦੀ ਸਿਖਲਾਈ ਦਿਵਾਉਣਾ ਸੀ। ਉਨ੍ਹਾਂ ਦਾ ਵਿਸ਼ਵਾਸ ਅਖਲਾਕ ਦੀ ਉਸਾਰੀ ਹੈ ਤਾਕਿ ਇਥੋਂ ਪੜ੍ਹਕੇ ਗਏ ਵਿਦਿਆਰਥੀ, ਜੀਵਨ ਭਰ ਸਾਰੇ ਸੰਸਾਰ ਦੇ ਲੋਕਾਂ ਦੇ ਜੀਵਨ ਮੁੱਲਾਂ ਨੂੰ ਸਮਝ ਸਕਣ ਤੇ ਆਦਰ ਕਰਨ।

ਉਨ੍ਹਾਂ ਦੀ ਦਿਲੀ ਖਾਹਿਸ਼ ਇਹ ਸੀ ਕਿ ਬੱਚਿਆਂ ਦੀ ਸਿਖਲਾਈ ਜਿਸਮਾਨੀ ਦੰਡ ਦੇ ਭੈਅ ਤੋਂ ਬਗੈਰ ਹੋਣੀ ਚਾਹੀਦੀ ਹੈ। ਉਹਨਾਂ ਦੇ ਅੰਦਰ ਕੰਮ ਕਰਨ ਦਾ ਸ਼ੌਕ ਭੀ ਸੁਭਾਵਿਕ ਉਠੱਣਾ ਚਾਹੀਦਾ ਹੈ, ਜਿਵੇਂ ਕਿ ਖੇਡਣ ਦਾ ਸ਼ੌਕ ਸੁਭਾਵਿਕ ਹੈ। ਰਿਹਾਇਸ਼ੀ ਸਕੂਲਾਂ ਦੀ ਇਸੇ ਲਈ ਲੋੜ ਹੈ ਕਿ ਬੱਚਿਆਂ ਨੂੰ ਨਿਜੀ ਤਵਜੋ ਦਿੱਤੀ ਜਾ ਸਕੇ।

ਉਹਨਾਂ ਦਾ ਵਿਚਾਰ ਹੈ ਕਿ ਪੀੜ੍ਹੀਆਂ ਤੇ ਕੌਮਾਂ ਨੂੰ ਸੰਵਾਰਣ ਵਿੱਚ ਸਕੂਲਾਂ ਦਾ ਬੜਾ ਐਹਮ ਹੱਥ ਹੈ। ਸਕੂਲ ਦਾ ਮੁਖ ਮੰਤਵ ਬੱਚੇ ਦੇ ਚਰਿਤ੍ਰ ਦੇ ਹਨੇਰੇ ਪੱਖਾਂ ਨੂੰ ਮਿਟਾਉਣਾ ਹੈ ਤਾਕਿ ਉਸ ਨੂੰ ਸੱਚ ਦੀ ਪਛਾਣ ਹੋ ਸਕੇ — ਉਸ ਦੇ ਅੰਦਰ ਛੁਪਿਆ ਹੋਇਆ 'ਨੂਰਾਨੀ ਅੰਸ਼' ਉਜਾਗਰ ਹੋ ਸਕੇ। ਸਕੂਲਾਂ ਤੇ ਇੱਕ ਬੜੀ ਭਾਰੀ ਜ਼ਿੰਮੇਵਾਰੀ ਦਾ ਬੋਝ ਹੈ, ਭਵਿੱਖ ਦੀਆਂ ਪੀੜ੍ਹੀਆਂ ਨੂੰ ਅੱਜ ਕੱਲ੍ਹ ਦੇ ਖੋਖਲੇ ਚਮਕ ਦਮਕ ਵਾਲੇ ਸਮਾਜ ਤੋਂ ਬਚਾ ਕੇ ਰੱਖਣ ਵਿੱਚ ਭਰਪੂਰ ਜਤਨ ਕਰਨ ਦੀ ਲੋੜ ਨੂੰ ਮਹਿਸੂਸ ਕਰਨਾ ਤੇ ਉਸ ਲਈ ਜਤਨ ਭੀ ਕਰਨਾ।

ਉਹ ਜ਼ਰੂਰਤ ਮਹਿਸੂਸ ਕਰਦੇ ਹਨ ਕਿ ਸਭਨਾਂ ਦੇ ਭਲੇ ਲਈ ਅੱਛੇ ਸਕੂਲਾਂ ਦੀ ਲੋੜ ਹੈ। ਅੱਛੇ ਸਕੂਲ ਦਾ ਕੰਮ ਸਿਰਫ ਵਿਦਿਆਰਥੀਆਂ ਵਿੱਚ ਮਸਨੂਈ ਲਿਆਕਤ ਭਰਨਾ ਹੀ ਨਹੀਂ ਹੈ, ਬਲਕਿ ਉਸ ਦੀ ਸਲਾਹੀਅਤ ਉਹਨਾਂ ਦੇ ਮਨਾਂ ਦੀ ਬੜ੍ਹੋਤਰੀ ਲਈ ਸੱਚਾਈ ਦੀ ਭਰਪੂਰ ਖੁਰਾਕ ਤੇ ਸੁਤੰਤਰਤਾ ਦੇਣਾ ਹੈ। ਅੱਛੇ ਨਤੀਜਿਆਂ ਲਈ ਤੇ ਮਨ ਦੀ ਤੰਦਰੁਸਤ ਸੋਚਣੀ ਲਈ ਅਧਿਆਪਕ ਤੇ ਵਿਦਿਆਰਥੀ ਵਿੱਚਕਾਰ ਪਿਆਰ ਤੇ ਮਿਠਾਸ ਭਰਿਆ ਸਮਝੌਤਾ ਹੋਣਾ ਚਾਹੀਦਾ ਹੈ।

ਉਹਨਾਂ ਦਾ ਸੰਬੰਧ ਉਪਦੇਸ਼ਕਾਂ, ਸਾਹਿਤਕਾਰਾਂ ਅਤੇ ਕਵੀਆਂ ਦੇ ਪਰਿਵਾਰ ਨਾਲ ਹੈ ਜਿਨ੍ਹਾਂ ਨੇ ਉੱਤਰ ਪਛੱਮੀ ਭਾਰਤ ਦੇ ਧਾਰਮਿਕ ਅਤੇ ਸਮਾਜੀ ਸੰਸਕ੍ਰਿਤੀ ਦੀ ਵਿਚਾਰ ਸ਼ੈਲੀ ਵੱਲ ਮਹੱਤਵਪੂਰਣ ਹਿੱਸਾ ਪਾਇਆ ਹੈ। ਕਾਨੂੰਨ, ਵਿਗਿਆਨ, ਕਲਾ, ਡਾਕਟਰੀ, ਐਂਜਨੀਅਰੀ, ਕੌਮਰਸ ਆਦਿ ਦੀ ਕਿਤਾਬੀ ਪੜ੍ਹਾਈ ਸਿਰਫ ਸਾਡੇ ਜਿਸਮਾਨੀ ਰਿਹਾਇਸ਼ ਦੇ ਤੌਰ ਤਰੀਕਿਆਂ ਵਿੱਚ ਵਾਧਾ ਕਰ ਸਕਣ ਦੇ ਕਾਬਲ ਹੈ। ਸਾਡੀ ਅੱਜ ਦੀ ਅਹਿਮ ਲੋੜ ਹੈ, ਕਿ ਅਸੀਂ ਆਪਣੀ ਆਤਮਿਕ ਤੇ ਇਖਲਾਕੀ ਮਿਆਰ ਨੂੰ ਉੱਚਾ ਚੁੱਕੀਏ ਤੇ ਆਪਣੀ ਪੁਰਾਣੀ ਸੱਭਿਅਤਾ ਦੇ ਮੂਲਾਂ ਨੂੰ ਸਮਝੀਏ ਤੇ ਅਪਨਾਈਏ। ਚਰਿੱਤਰ ਵਿੱਚ ਆ ਰਹੀ ਗਿਰਾਵਟ ਨੂੰ ਰੋਕੀਏ ਤੇ ਦੋਹਰੇ ਖਿਆਲਾਂ ਨੂੰ ਤਿਆਗੀਏ। ਸਕੂਲਾਂ ਤੇ ਕਾਲਜਾਂ ਵਿੱਚ ਸਿਰਫ ਦਿਮਾਗੀ ਉੱਚਤਾ ਦੀ ਹੀ ਬਢੋਤਰੀ ਵੱਲ ਹੀ ਨਹੀਂ ਸਗੋਂ ਦਿਲ ਵਿੱਚ ਕਰੁਣਾ, ਦਯਾ ਦੀਆਂ ਭਾਵਨਾਵਾਂ ਨੂੰ ਪਨਪਣ ਦੇਣ ਦਾ ਭੀ ਯਤਨ ਕਰਨਾ ਚਾਹੀਦਾ ਹੈ। ਬੱਚਿਆਂ ਦੀ ਸੋਚ, ਕਰਮ ਤੇ ਕਥਨੀ ਵਿੱਚ ਪਵਿਤਰੱਤਾ ਆਉਣੀ ਜ਼ਰੂਰੀ ਹੈ ਤਾਂ ਜੋ ਉਹ ਆਪਣੇ ਕਰਤਾ ਤੇ ਉਸਦੀ ਰਚਨਾ ਨੂੰ ਖੁਸ਼ੀ ਦੇ ਸਕਣ ਦੇ ਕਾਬਲ ਬਣਨ। ਉਹ ਜੀਵਨ ਦੇ

ਮਾਪ-ਦੰਡ ਜਾਣ ਸਕਣ ਤੇ ਜੀਵਨ ਦੀ ਸਚਾਈ ਵੱਲ ਵਿਗਿਆਨਕ ਪਹੁੰਚ ਦੇ ਬੁਨਿਆਦੀ ਪ੍ਰਾਚੀਨ ਮੁੱਲਾਂ ਦੇ ਫਰਕ ਨੂੰ ਸਮਝ ਸਕਣ, ਤਦੇ ਹੀ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਸਕੂਲਾਂ ਵਿੱਚ ਸਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸਕੂਲਾਂ ਦਾ ਮਿਆਰ ਉੱਚਾ ਹੋਣਾ ਚਾਹੀਦਾ ਹੈ। ਕਹਿੰਦੇ ਹਨ ਕਿ ਉਹ ਘਟੀਆ ਕਿਸਮ ਦੀ ਵਿਦਿਆ ਜਿੱਥੇ ਚਰਿੱਤਰ ਨਿਰਮਾਣ ਤੇ ਜ਼ੋਰ ਦਿੱਤਾ ਜਾਂਦਾ ਹੈ, ਉਸ ਅੱਛੀ ਵਿਦਿਆ, ਜਿੱਥੇ ਇਸ ਗੱਲ ਦੀ ਅਣਗਹਿਲੀ ਕੀਤੀ ਜਾਏ, ਨਾਲੋਂ ਕਿਤੇ ਚੰਗੀ ਹੈ।

## ਵਿਦਿਆਰਥੀਆਂ ਨੂੰ ਬੁਲਾਵਾ

ਵਰਡਸਵਰਥ ਨੇ (ਠੀਕ ਹੀ) ਕਿਹਾ ਹੈ ਕਿ ਬੱਚਾ ਮਨੁੱਖ ਦਾ ਪਿਤਾ ਹੈ, ਹਰ ਕੌਮ ਦਾ ਭਵਿਖ ਨੌਜਵਾਨ ਪੀੜ੍ਹੀ ਦੇ ਹੱਥ ਵਿੱਚ ਹੁੰਦਾ ਹੈ। ਅੱਜ ਜਿਸ ਕੌਮ ਦੇ ਨੌਜਵਾਨ ਜਿਸ ਮਿਆਰ ਦੇ ਹਨ, ਕੱਲ੍ਹ ਉਹ ਕੌਮ ਉਸੇ ਤਰ੍ਹਾਂ ਦੀ ਬਣੇਗੀ। ਅੱਜ ਦੇ ਵਿਦਿਆਰਥੀਆਂ ਨੂੰ ਇੱਕ ਜੁੱਟ ਹੋ ਕੇ ਇੱਕ ਐਸੇ ਭਾਰਤ ਦੀ ਰਚਨਾ ਕਰਨੀ ਹੈ, ਜਿਸ ਵਿੱਚ ਜਾਤੀ ਭੇਦਭਾਵ ਨਾ ਰਹਿਣ, ਧਾਰਮਿਕ ਗਿਰਾਵਟ ਨਾ ਹੋਵੇ, ਜਿੱਥੇ ਆਦਮੀ ਔਰਤਾਂ, ਉਚੇ ਨੀਵੇਂ ਅਤੇ ਅਮੀਰ ਗਰੀਬ ਇੱਕੋ ਜਿਹੇ ਹੱਕਾਂ ਨੂੰ ਮਾਨਣ। ਵਿਦਿਆਰਥੀ ਦਾ ਮੁਖ ਉਦੇਸ਼ ਅਨੁਸਾਸ਼ਨ ਵਿੱਚ ਰਹਿ ਕੇ ਇੱਕ ਅਜਿਹਾ ਸ਼ਹਿਰੀ ਬਣਨਾ ਹੈ, ਜਿਸ ਤੇ ਨਾ ਸਿਰਫ ਭਾਰਤ, ਬਲਕਿ ਸੰਸਾਰ ਨੂੰ ਭੀ ਫਖਰ ਹੋਵੇ।

ਅੱਜ ਕਲ੍ਹ ਦੇ ਵਿਦਿਆਰਥੀਆਂ ਦੀ ਅਨੁਸਾਸ਼ਨ ਹੀਨਤਾ ਤੇ ਟਿੱਪਣੀ ਕਰਦਿਆਂ ਇਕ ਮੌਕੇ ਤੇ ਉਹਨਾਂ ਕਿਹਾ ਕਿ ਇਸ ਦਾ ਕਾਰਣ ਇਹੋ ਹੈ ਕਿ ਅੱਜ ਦੀ ਪੜ੍ਹਾਈ ਵਿੱਚ ਸਾਡੀਆਂ ਪੁਰਾਣੀਆਂ ਰਿਵਾਇਤਾਂ ਦੀ ਕਮੀ ਹੈ। ਅੱਜ ਕੇਵਲ ਇਸ ਲਈ ਪੜ੍ਹਾਈ ਕਰਾਈ ਜਾਂਦੀ ਹੈ ਕਿ ਕੋਈ ਨਾ ਕੋਈ ਡਿਗਰੀ ਲੈ ਕੇ ਬੱਚੇ ਜੀਵਨ ਯਾਪਣ ਦੇ ਕਾਬਲ ਹੋ ਸਕਣ ਤੇ ਇਸ ਹੜ ਵਿੱਚ ਅਸੀਂ ਜੀਵਨ ਦੇ ਨੈਤਿਕ ਮੂਲਾਂ ਨੂੰ ਇੱਕ ਪਾਸੇ ਛੱਡ ਜਾਂਦੇ ਹਾਂ, ਇਸੇ ਕਾਰਣ ਉਨ੍ਹਾਂ ਨੂੰ ਆਪਣੇ ਮੁਲਕ ਤੇ ਦੂਸਰੇ ਲੋਕਾਂ ਦੇ ਭਲ ਦੇ ਬਾਰੇ ਸੋਚਣ ਦੀ ਉਹਨਾਂ ਨੂੰ ਮੋਹਲਤ ਹੀ ਨਹੀਂ ਦਿੰਦੇ।

ਹਰ ਮੁਲਕ ਦਾ ਸਭ ਤੋਂ ਵੱਡਾ ਸਰਮਾਇਆ ਉਸ ਦੀ ਨੌਜਵਾਨ ਪੀੜ੍ਹੀ ਹੁੰਦੀ ਹੈ, ਉਹਨਾਂ ਦੀ ਅਨੁਸਾਸ਼ਨਹੀਨਤਾ ਮੁਲਕ ਨੂੰ ਤਬਾਹ ਕਰ ਸਕਦੀ ਹੈ ਤੇ ਜੇਕਰ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਦੇ ਕਾਬਲ ਬਣਾਏ ਜਾਣ ਤਾਂ ਦੇਸ ਦਾ ਭਵਿਸ਼ ਬਹੁਤ ਰੋਸ਼ਨ ਹੋ ਸਕਦਾ ਹੈ। ਇਸ ਵਿੱਚ ਸਾਰਾ ਦੋਸ਼ ਵਿਦਿਆਰਥੀ ਦਾ ਹੀ ਨਹੀਂ, ਬੜੀ ਹੱਦ ਤੱਕ ਸਾਡੀ ਪੜ੍ਹਾਈ ਦੀ ਪ੍ਰਨਾਲੀ ਦਾ ਭੀ ਦੋਸ਼ ਹੈ। ਬੱਚੇ ਵੱਡੇ ਹੋ ਕੇ ਜ਼ਿੰਦਗੀ ਦੀਆਂ ਔਕੜਾਂ ਨੂੰ ਖੁਲ੍ਹੇ ਦਿਲ ਨਾਲ ਸੁਲਝਾ ਸਕਣ, ਇਹ ਕਾਬਲੀਅਤ ਉਹਨਾਂ ਵਿੱਚ ਪੈਦਾ ਕਰਨਾ ਸਕੂਲਾਂ ਤੇ ਕਾਲਜਾਂ ਦੀ ਜ਼ਿੰਮੇਵਾਰੀ ਹੈ। ਵਿਦਿਆਰਥੀ ਨੂੰ ਸਦਾ ਮਨ ਵਿੱਚ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਅੱਗੇ ਚੱਲ ਕੇ ਉਸ ਨੇ ਆਪਣੇ ਤੋਂ ਬਾਅਦ ਆ ਰਹੀ ਪੀੜ੍ਹੀ ਲਈ ਸੱਚਾਈ, ਇਨਸਾਫ

ਤੇ ਸ਼ੁਧ ਕਰਨੀ ਲਈ ਮਾਰਗ-ਦਰਸ਼ਕ ਬਣਨਾ ਹੈ। ਇਸ ਦੇ ਲਈ ਬੱਚਿਆਂ ਨੂੰ ਪੁਰਾਤਨ ਵਿਚਾਰਧਾਰਾ ਨਾਲ ਪੂਰੀ ਤਰ੍ਹਾਂ ਪਰਿਚਿਤ ਕਰਾਉਣਾ ਜ਼ਰੂਰੀ ਹੈ।

ਵਿਦਿਆਰਥੀ ਦਾ ਮੁਖ ਕਰਤਵ ਪੜ੍ਹਨਾ ਹੈ। ਉਨ੍ਹਾਂ ਨੂੰ ਇਸ ਗਲਤਫਹਿਮੀ ਵਿੱਚ ਨਹੀਂ ਰਹਿਣਾ ਚਾਹੀਦਾ ਕਿ ਮਿਹਨਤ ਕੀਤੇ ਬਗੈਰ ਅੱਛੇ ਨੰਬਰ ਲੈ ਸਕਦੇ ਹਨ। ਸਿਰਫ ਸਖ਼ਤ ਮਿਹਨਤ ਹੀ ਉਸ ਨੂੰ ਔਕੜਾਂ ਲੰਘ ਕੇ ਸੁਖੀ ਜੀਵਨ ਵੱਲ ਲੈ ਜਾ ਸਕਦਾ ਹੈ। ਉਸ ਨੂੰ ਅੱਗੇ ਵੱਧ ਕੇ ਦਿਮਾਗ ਲੜਾ ਕੇ ਚੀਜ਼ਾਂ ਨੂੰ ਸਿੱਖਣ ਦਾ ਜਤਨ ਕਰਨਾ ਚਾਹੀਦਾ ਹੈ।

ਵਿਦਿਆਰਥੀ ਹੀ ਭਵਿਖ ਦਾ ਕਰਤਾ ਧਰਤਾ ਹਨ। ਜੇ ਉਹ ਹੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਨਹੀਂ ਸਿੱਖਣਗੇ ਤਾਂ ਸਮਝ ਲਵੋ ਕਿ ਦੇਸ਼ ਕਿਤੇ ਦਾ ਨਹੀਂ ਰਹੇਗਾ। ਪ੍ਰੋੜ ਸਮਝ, ਅੱਛੀ ਯਾਦਾਸ਼ਤ, ਸਿੱਖਣ ਦੀ ਤੀਬਰ ਇੱਛਾ ਤੇ ਦਿਮਾਗੀ ਕਾਬਲੀਅਤ ਦੇ ਨਾਲ ਨਾਲ ਤੰਦਰੁਸਤ ਸਰੀਰ ਵਿਦਿਆਰਥੀ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਨੂੰ ਜੀਵਨ ਦੀਆਂ ਮੁਸ਼ਕਲਾਂ ਤੋਂ ਘਬਰਾਉਣਾ ਨਹੀਂ ਚਾਹੀਦਾ, ਬਲਕਿ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਮੁਸ਼ਕਲਾਂ ਤਾਂ ਲੰਘ ਕੇ ਹੀ ਜੀਵਨ ਅੱਛਾ ਬਣਦਾ ਹੈ।

ਕਿਸੇ ਭੀ ਕੌਮ ਦੀ ਤਾਕਤ, ਉਸਦੀ ਆਤਮਿਕ ਤਾਕਤ ਤੇ ਨਿਰਭਰ ਹੈ। ਆਪਣੇ ਲਕਸ਼ ਤੱਕ ਪੁਜੱਣ ਲਈ ਬੱਚਿਆਂ ਨੂੰ ਆਤਮਿਕ ਦ੍ਰਿੜ੍ਹਤਾ ਦੀ ਲੋੜ ਹੈ। ਉਨ੍ਹਾਂ ਨੂੰ ਅਲਗਾਵਵਾਦ ਦੀ ਭਾਵਨਾ, ਚਾਹੇ ਉਹ ਬੋਲੀ ਬਾਰੇ ਹੈ, ਸੂਬੇ ਬਾਰੇ ਤੇ ਚਾਹੇ ਧਰਮ ਬਾਰੇ, ਤੋਂ ਆਪਣੇ ਆਪ ਨੂੰ ਅਲੱਗ ਰੱਖਣਾ ਚਾਹੀਦਾ ਹੈ। ਅਪਣੇ ਅੰਦਰ ਮੁਲਕ ਦੀ ਏਕਤਾ ਤੇ ਆਪਸੀ ਮਿਲਵਰਤਣ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਉਨ੍ਹਾਂ ਦਾ ਜੀਵਨ ਸਵੱਛ, ਨੇਕ ਤੇ ਦੂਸਰਿਆਂ ਦੇ ਭਲੇ ਲਈ ਕੰਮ ਕਰਨ ਦੀ ਲਗਨ, ਉਹਨਾਂ ਦਾ ਉੱਦੇਸ਼ ਹੋਣਾ ਚਾਹੀਦਾ ਹੈ।

ਸਕੂਲਾਂ ਕਾਲਜਾਂ ਵਿੱਚ ਧਾਰਮਿਕ ਗਿਆਨ ਦੇਣ ਬਾਰੇ ਬੀਰ ਜੀ ਨੇ ਆਪਣੇ ਵਿਚਾਰ ਇੰਜ ਪ੍ਰਗਟ ਕੀਤੇ — "ਕਿਸੇ ਦੇਸ਼ ਦੀ ਸ਼ਕਤੀ ਉਸ ਦੀ ਦੌਲਤ ਜਾਂ ਸਾਧਨਾ ਤੋਂ ਨਹੀਂ ਜਾਂਚੀ ਜਾ ਸਕਦੀ, ਉਸਦੀ ਅਸਲੀ ਸ਼ਕਤੀ ਉਸਦੇ ਵਿਦਿਆਰਥੀਆਂ ਅਤੇ ਉਹਨਾਂ ਦੀ ਆਤਮਿਕ ਸ਼ਕਤੀ ਤੋਂ ਹੀ ਜਾਂਚੀ ਜਾ ਸਕਦੀ ਹੈ" ਧਰਮ ਰਾਹੀਂ ਹੀ ਅਸੀਂ ਉਹਨਾਂ ਨੂੰ ਆਪਣੇ ਸ਼ਾਨਦਾਰ ਬੀਤੇ ਕਲ੍ਹ ਦੀ ਜਾਣਕਾਰੀ ਦਿਵਾ ਸਕਦੇ ਹਾਂ ਤੇ ਉਸਦੇ ਮੁਤਾਬਕ ਉਹ ਆਪਣਾ ਭੱਵਿਖ ਨਿਰਧਾਰਤ ਕਰ ਸਕਦੇ ਹਨ। ਹੇਠ ਲਿਖੇ ਸ਼ਬਦਾਂ ਵਿੱਚ ਉਹ ਵਿਦਿਆਰਥੀ ਦੀ ਪਰਿਭਾਸ਼ਾ ਬਿਆਨ ਕਰਦੇ ਹਨ :

S — ਗੰਭੀਰ ਤੇ ਭਲਾਮਾਨਸ, T — ਸੱਚਾ ਤੇ ਸੋਚਵਾਨ, U — ਕੰਮ ਆ ਸਕਣ ਵਾਲਾ, ਸੁੱਚਾ, D — ਕਰਤਵ ਪ੍ਰਾਯਣ, ਇਜ਼ਤਯੋਗ, E — ਕਾਬਲ ਤੇ ਚਾਹਵਾਨ N ਚੁੱਸਤ ਤੇ ਤੇਜ਼, T — ਸ਼ਹਿਨਸ਼ੀਲਤਾ ਤੇ ਚਤੁਰਤਾ।

## ਮਾਨਤਾਵਾਂ

ਬੀਰ ਜੀ ਨੇ ਆਖਿਆ ਕਿ ਪਰਮਾਤਮਾਂ ਦੀ ਹੋਂਦ ਦੇ ਮੁਤੱਲਕ ਐਨੇ ਸਵਾਲ ਹਨ ਕਿ ਉਹਨਾਂ ਬਾਰੇ ਜ਼ਿਕਰ ਕਰਨਾ ਫਜ਼ੂਲ ਹੈ, ਕਿਉਂਕਿ ਉਨ੍ਹਾਂ ਦਾ ਜਵਾਬ ਮਿਲਣਾ ਬੜਾ ਔਖਾ ਹੈ। ਨਾ ਸੁਲਝਣ ਵਾਲੀਆਂ ਮੁਸ਼ਕਲਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨਾ ਵਕਤ ਦੀ ਬਰਬਾਦੀ ਤੇ ਦੁਖੀ ਹੋਣ ਤੋਂ ਇਲਾਵਾ ਕੁਝ ਨਹੀਂ।

ਮੇਰਾ ਵਿਸ਼ਵਾਸ ਪ੍ਰਾਰਥਨਾ ਵਿੱਚ ਹੈ, ਤੜਕੇ ਦਾ ਵੇਲਾ ਰੱਬ ਦੀ ਭੇਟਾ ਵਿੱਚ ਅਤੇ ਬਿਨਾ ਨਾਗਾ ਆਪਣੀ ਸੇਵਾ ਧਾਰਮਿਕ ਕਾਰਜਾਂ ਦੀ ਸੇਵਾ ਵਿੱਚ ਲਾਣ ਦਾ ਜਤਨ ਕਰਨ ਵਿੱਚ ਹੈ।

ਮੇਰਾ ਉਸ ਵਿੱਚ ਭਰੋਸਾ ਹੈ। ਉਸੇ ਦੀ ਰਜ਼ਾ ਵਿੱਚ ਸੱਭ ਕੁਝ ਹੈ ਤੇ ਸਾਡੀ ਮਰਜ਼ੀ ਉਸਦੇ ਅੱਗੇ ਤੁੱਛ ਹੈ।

ਮੇਰੇ ਵਿਚਾਰ ਅਨੁਸਾਰ ਸੰਸਾਰ ਦੇ ਸਾਰੇ ਲੋਕਾਂ ਨੂੰ ਆਪਣੀ ਮਾਨਤਾ ਅਨੁਸਾਰ ਸਾਰਿਆਂ ਦੇ ਰਚਨਹਾਰੇ ਦਾ ਲੱਖ ਲੱਖ ਸ਼ੁਕਰਾਨਾ ਕਰਨਾ ਚਾਹੀਦਾ ਹੈ, ਜਿਸ ਨੇ ਸਾਨੂੰ ਐਨੀਆਂ ਸੋਹਣੀਆਂ, ਸਾਡੇ ਕੰਮ ਆਉਣ ਵਾਲੀਆਂ ਚੀਜ਼ਾਂ ਦਾ ਖਜ਼ਾਨਾ ਬਖ਼ਸ਼ਿਆ ਹੈ।

ਮੈਨੂੰ ਉਸਦੇ ਅਟੱਲ ਇਨਸਾਫ, ਸੱਚਾਈ ਤੇ ਚੰਗਿਆਈਆਂ ਤੇ ਭਰੋਸਾ ਹੈ।

ਮੈਂ ਜਾਣਦਾ ਹਾਂ ਕਿ ਪਰਮਾਤਮਾ ਦੀ ਰਜ਼ਾ ਨਾਲ ਸੱਭ ਕੁਝ ਹੁੰਦਾ ਹੈ। ਉਸ ਤੋਂ ਬਿਨਾਂ ਮਨੁੱਖ ਭਰੋਸੇਯੋਗ ਨਹੀਂ। ਉਸਦੀ ਕਿਰਪਾ ਤੋਂ ਬਿਨਾ ਆਦਮੀ ਕਦੀ ਕਾਮਯਾਬੀ ਨਹੀਂ ਪਾ ਸਕਦਾ ਤੇ ਉਸਦੀ ਨਜ਼ਰ ਸੁਵੱਲੀ ਹੋਵੇ ਤਾਂ ਨਾਕਾਮੀ ਨੇੜੇ ਨਹੀਂ ਢੁਕਦੀ।

ਮੇਰੀ ਸੋਚ ਹੈ ਕਿ ਮੈਂ ਆਪਣੇ ਅਰਸ਼ੀ ਪਿਤਾ ਦਾ ਇੱਕ ਨਿਮਾਣਾ ਸੇਵਾਦਾਰ ਹਾਂ। ਮੇਰੀ ਇੱਛਾ ਇਹੋ ਹੈ ਕਿ ਮੇਰੇ ਕੰਮ ਤੇ ਕਰਮ, ਜੀਵਨ ਉਸਦੀ ਇੱਛਾ ਮੁਤਾਬਕ ਹੀ ਹੋਣ। ਮੇਰੀ ਸੋਚ ਹੈ ਕਿ ਉਸਦੀ ਰਜ਼ਾ ਅੱਗੇ ਝੁੱਕ ਕੇ ਉਸਦੇ ਹੁਕਮ ਮੁਤਾਬਕ ਆਪਣੇ ਆਪ ਨੂੰ ਦੁਨਿਆਵੀ ਫਿਕਰਾਂ ਤੋਂ ਮੁਕਤ ਰੱਖਣ ਲਈ, ਉਸਦੇ ਕਿਰਪਾ-ਪਾਤਰ ਬਣਨ ਲਈ, ਉਸਦੀ ਮੋਹਰ ਲਈ ਤੇ ਮਦਦ ਲਈ ਉਸ ਦੀ ਕਿਰਪਾ-ਦ੍ਰਿਸ਼ਟੀ ਚਾਹੀਦੀ ਹੈ।

ਮੇਰੀ ਸੋਚ ਹੈ, ਰਚਨਹਾਰੇ ਦਾਨੀ ਨੂੰ, ਸੰਸਾਰ ਤੇ ਰਾਜ ਕਰਨ ਵਾਲੇ ਉਸ ਮਹਾਨ ਸ਼ਕਤੀਵਾਨ ਪਰਮਾਤਮਾ ਨੂੰ ਸ਼ਤ ਸ਼ਤ ਪ੍ਰਣਾਮ ਕਰਨਾ ਚਾਹੀਦਾ ਹੈ।

ਮੇਰੇ ਵਿਚਾਰ ਵਿੱਚ ਸਾਡਾ ਜੀਵਨ ਇੱਕ ਦੂਸਰੇ ਲਈ ਬਣਿਆ ਹੈ ਤੇ ਜੋ ਕਿਸੇ ਦੇ ਕੰਮ ਨਹੀਂ ਆਉਂਦਾ, ਉਸਦਾ ਜੀਣਾ ਬੇਅਰਥ ਹੈ।

ਮੇਰੀ ਮਾਨਤਾ ਪੈਗੰਬਰ ਤੇ ਅਵਤਾਰਾਂ ਵਿੱਚ ਹੈ, ਕਿਉਂਕਿ ਉਹ ਰੱਬ ਦੇ ਸੰਦੇਸ਼ ਲੈ ਕੇ ਆਉਂਦੇ ਹਨ ਤੇ ਦੁਖੀ ਮਨੁੱਖਤਾ ਨੂੰ ਰੋਸ਼ਨੀ ਦਿਖਾਉਂਦੇ ਹਨ।

ਮੇਰਾ ਵਿਚਾਰ ਹੈ ਕਿ ਅਸਲੀ ਮਕਸਦ ਹਰ ਇੱਕ ਆਦਮੀ ਦਾ ਰੱਬ ਤੇ ਅੱਛਾਈ ਵਿੱਚ ਵਿਸ਼ਵਾਸ ਦਾ ਹੋਣਾ ਚਾਹੀਦਾ ਹੈ।

ਮੇਰੇ ਵਿਚਾਰ ਅਨੁਸਾਰ ਹਰ ਇਨਸਾਨ ਨੂੰ ਸੱਚ ਹੀ ਦੇਖਣਾ ਚਾਹੀਦਾ ਹੈ ਤੇ ਸੱਚ ਦਾ ਹੀ ਅਨੁਸਰਣ ਕਰਨਾ ਚਾਹੀਦਾ ਹੈ, ਸਿਰਫ ਆਪਣੀਆਂ ਲੋੜਾਂ ਵੱਲ ਹੀ ਧਿਆਨ ਨਹੀਂ ਦੇਣਾ ਚਾਹੀਦਾ। ਸੱਚ ਦੀ ਪਾਲਣਾ ਕਰੋ ਤੇ ਸੁੱਚਾ ਜੀਵਨ ਨਿਰਵਾਹ ਕਰੋ।

ਮੈਂ ਸੋਚਦਾ ਹਾਂ ਕਿ ਕਿਸੇ ਚੀਜ਼ ਨੂੰ ਜਾਣ ਲੈਣ ਵਿੱਚ ਅਸਲੀ ਸੰਤੋਖ ਨਹੀਂ ਪਰ ਜਾਣ ਲੈਣ ਦੀ ਸੱਚੀ ਤੇ ਸਹੀ ਕੋਸ਼ਿਸ਼ ਦੇ ਦੌਰਾਨ ਜਿਸ ਮਜ਼ਬੂਤ ਇਰਾਦੇ ਦਾ ਪਰਿਚੈ ਦਿੰਦਾ ਹੈ, ਉਸ ਵਿੱਚ ਹੈ।

ਮੇਰੇ ਵਿਚਾਰ ਵਿੱਚ ਜ਼ਿੰਦਗੀ ਵਿੱਚ ਮਨਚਾਹੀ ਉਚਾਈ ਤੇ ਪੁੱਜਣ ਲਈ ਸੱਭ ਤੋਂ ਜ਼ਰੂਰੀ ਹੈ ਆਪਣੀ ਹੀ ਮਹਾਨਤਾ ਵੱਲ ਆਪਣੀ ਇਜ਼ਤ ਕਰਨਾ।

ਮੇਰਾ ਮਤ ਹੈ ਕਿ ਹਰ ਉਹ ਜੀਵ ਜੋ ਆਪਣੇ ਵਜੂਦ ਦੇ ਸਹੀ ਮਕਸਦ ਨੂੰ ਪੂਰਨ ਤੌਰ ਤੇ ਕਰਦਾ ਤੇ ਨਿਭਾਉਂਦਾ ਹੈ, ਉਹ ਅੱਛਾ ਹੈ।

ਮੇਰਾ ਅਟੁੱਟ ਵਿਸ਼ਵਾਸ ਚਰਿੱਤਰ ਨਿਰਮਾਣ ਦੀ ਪੜ੍ਹਾਈ ਵਿੱਚ ਹੈ। ਇਸ ਤੋਂ ਬਿਨਾਂ ਕੋਈ ਭੀ ਪਿਤਾ ਚਾਹੇ ਉਹ ਕਿੰਨਾ ਭੀ ਸਖਸ਼ਮ (Powerful / capable) ਕਿਉਂ ਨਾ ਹੋਵੇ ਕੇਵਲ ਆਪਣੇ ਉਦਮ ਨਾਲ ਬੱਚਿਆਂ ਦੀ ਪਾਲਣਾਂ ਨਹੀਂ ਕਰ ਸਕਦਾ।

# ਸ. ਰਘਬੀਰ ਸਿੰਘ ਜੀ ਬੀਰ
## (ਪਿਛੋਕੜ ਤੇ ਪਰਿਵਾਰ ਨਾਲੇ ਸਾਰੇ ਜੀਵਨ ਮਾਰਗ ਦਾ ਨੁਚੜਵਾਂ ਖਿਆਲ)

ਉਹ ਇੱਕ ਅਜਿਹੇ ਪਰਿਵਾਰ ਵਿਚ ਪੈਦਾ ਹੋਏ, ਜਿਸ ਦੇ ਪੂਰਵੱਜ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਨ। ਚੌਧਰੀ ਜਵਾਹਰ ਮੱਲ ਮਹਾਰਾਜਾ ਦੇ ਅਨੇਕ ਰਤਨਾਂ ਵਿੱਚੋਂ ਇੱਕ ਸਨ। ਉਹ ਮਹਾਰਾਜ ਦੇ ਤੋਪਖਾਨੇ ਵਿੱਚ ਤੋਪਾਂ ਦੀ ਢਲਾਈ ਮੁਰੰਮਤ ਤੇ ਦੇਖਰੇਖ ਕਰਦੇ ਸਨ। ਅੱਜ ਭੀ ਉਨ੍ਹਾਂ ਦੀ ਦੇਖਰੇਖ ਵਿੱਚ ਢਾਲੀ ਗਈ, ਮਹਾਰਾਜੇ ਦੀਆਂ ਕਈ ਲੜਾਈਆਂ ਵਿੱਚ ਵਰਤੀ ਗਈ ਇੱਕ ਤੋਪ ਲਾਹੌਰ ਦੇ ਅਜੈਬਘਰ ਦੇ ਚੌਰਾਹੇ ਤੇ ਰੱਖੀ ਹੋਈ ਹੈ। ਮਹਾਰਾਜ ਨੇ ਉਨ੍ਹਾਂ ਨੂੰ ਕਾਫੀ ਜ਼ਮੀਨ ਤੇ ਧਨ ਦੌਲਤ ਨਾਲ ਨਵਾਜਿਆ ਸੀ। ਚੌਕ ਜਵਾਹਰ ਮੱਲ ਵਿਖੇ ਉਨ੍ਹਾਂ ਦਾ ਕਿਲ੍ਹਾ ਨੁਮਾ ਮਹੱਲ ਸੀ ਤੇ ਉਹ ਹਾਥੀ ਤੇ ਸਵਾਰ ਹੋ ਕੇ ਅੰਗ ਰਕਸ਼ਕਾਂ ਨਾਲ ਤੋਪਖਾਨੇ ਜਾਂ ਮਹਾਰਾਜ ਦੀ ਹਜ਼ੂਰੀ ਵਿੱਚ ਪੁਜਦੇ ਸਨ।

ਚੌਧਰੀ ਜਵਾਹਰ ਮੱਲ ਦੀ ਕੋਈ ਸੰਤਾਨ ਨਹੀਂ ਸੀ, ਕੇਵਲ ਇੱਕ ਛੋਟਾ ਭਰਾ ਹੀ ਸੀ, ਜਿਸ ਨੇ ਸਿੱਖੀ ਧਾਰਣ ਕਰ ਲਈ ਸੀ। ਜਵਾਹਰ ਮੱਲ ਦੀ ਮੌਤ ਉਪਰਾਂਤ ਉਨ੍ਹਾਂ ਦਾ ਛੋਟਾ ਭਰਾ ਹੀ ਸਭ ਕਾਸੇ ਦਾ ਵਾਰਿਸ ਬਣਿਆ। ਜੈਦਾਦ ਵਿੱਚ ਲਾਹੌਰ ਦਾ ਇੱਕ ਵੱਡਾ ਗੁਰਦੁਆਰਾ ਭੀ ਸ਼ਾਮਲ ਸੀ।

ਉਨ੍ਹਾਂ ਦੇ ਭਰਾ ਦੇ ਦੋ ਪੁੱਤਰ ਸਨ, ਗੋਪਾਲ ਸਿੰਘ ਤੇ ਕਾਹਨ ਸਿੰਘ। ਪਿਤਾ ਦੀ ਮੌਤ ਤੋਂ ਬਾਅਦ ਜੈਦਾਦ ਦੋਹਾਂ ਭਰਾਵਾਂ ਵਿੱਚ ਵੰਡੀ ਗਈ। ਗੋਪਾਲ ਸਿੰਘ ਨੇ ਵਿਆਹ ਨਹੀਂ ਸੀ ਕੀਤਾ, ਸੋ ਉਸ ਦੀ ਮੌਤ ਤੋਂ ਬਾਅਦ ਜੈਦਾਦ ਮੁੜ ਕਾਹਨ ਸਿੰਘ ਪਾਸ ਆ ਗਈ ਇਹ ਕਾਹਨ ਸਿੰਘ ਹੀ ਬੀਰ ਜੀ ਦੇ ਦਾਦਾ ਜੀ ਸਨ।

ਰਘਬੀਰ ਸਿੰਘ ਦੇ ਪਿਤਾ ਸ. ਲੈਹਣਾ ਸਿੰਘ ਰੇਲਵੇ ਵਿੱਚ ਐਕਾਊਂਟਸ ਅਫਸਰ ਸਨ ਤੇ ਉਨ੍ਹਾਂ ਦਾ ਸੁਭਾ ਬੜਾ ਅਦਭੁਤ ਸੀ। ਬਦਕਿਸਮਤੀ ਨਾਲ ਬੀਰ ਜੀ ਦੀ ਮਾਤਾ ਦਾ ਦੇਹਾਂਤ ਉਸ ਸਮੇਂ ਹੋ ਗਿਆ ਜਦ ਉਹ ਡੇਢ ਸਾਲ ਦੇ ਸਨ। ਉਨ੍ਹਾਂ ਦਾ ਭਰਨ ਪੋਸ਼ਣ ਉਨ੍ਹਾਂ ਦੀ ਦਾਦੀ ਸਰਦਾਰਨੀ ਬਿਸ਼ਨ ਕੌਰ ਨੇ ਕੀਤਾ। ਬਿਸ਼ਨ ਕੌਰ ਇੱਕ ਧਾਨਢ ਔਰਤ ਹੋਣ ਦੇ ਬਾਵਜੂਦ ਸਖ਼ਤ ਦਿਲ ਤੇ ਘਮੰਡੀ ਨਹੀਂ ਸੀ।

ਸਿਡਨੀ ਹੈਰਿਸ ਨੇ ਸਹੀ ਕਿਹਾ ਹੈ "ਅਦਰਸ਼ ਦੰਪਤੀ ਉਹ ਹੈ ਜਿਸ ਵਿੱਚ ਪਿਤਾ ਦੇ ਦ੍ਰਿੜ੍ਹ ਸਰੂਪ ਹੇਠ ਨਿਮਰਤਾ ਦਾ ਵਾਸ ਹੈ ਤੇ ਮਾਤਾ ਦੀ ਨਿਮਰਤਾ ਹੇਠ ਦ੍ਰਿੜ੍ਹਤਾ ਦਾ ਵਾਸ ਹੈ।" ਇਹ ਬਾਲਕ—ਰਘਬੀਰ ਦੇ ਮਾਤਾ ਪਿਤਾ ਤੇ ਪੂਰਣ ਰੂਪ ਵਿੱਚ ਲਾਗੂ ਸੀ। ਉਨ੍ਹਾਂ ਦੇ ਪਿਤਾ ਬਹੁਤ ਨੇਕ ਤੇ ਨਰਮ ਦਿਲ ਸਨ ਪਰ ਵਿਚਾਰਾਂ ਵਿੱਚ ਪ੍ਰੌੜ ਸਨ ਅਤੇ ਮਾਤਾ ਬਹੁਤ ਨਰਮ ਸੁਭਾ ਤੇ ਸਮਰਪਿਤ ਸੀ - ਪੂਰੀ ਤਰ੍ਹਾਂ — ਆਪਣੀਆਂ ਧਾਰਮਿਕ ਤੇ ਪਰਿਵਾਰਿਕ ਜ਼ਿੰਮੇਵਾਰੀਆਂ ਵੱਲ।

ਜਿਵੇਂ ਬੀਰ ਜੀ ਕੁਝ ਵੱਡੇ ਹੋਏ ਤਾਂ ਉਨ੍ਹਾਂ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਚਾਚਿਆਂ ਦਾ ਰਵੱਈਆ ਕੁਝ ਉਖੜਿਆ ਹੋਇਆ ਹੈ, ਕਿਉਂਕਿ ਉਹ ਜਾਣਦੇ ਸਨ ਕਿ ਦਾਦੀ ਦੀ ਸਾਰੀ ਜੈਦਾਦ ਉਸੇ ਨੂੰ ਮਿਲੇਗੀ ਤੇ ਉਨ੍ਹਾਂ ਦੀ ਜਲਨ ਸੁਭਾਵਿਕ ਸੀ। ਛੋਟੀ ਉਮਰ ਦੇ ਹੋਣ ਦੇ ਬਾਵਜੂਦ ਉਨ੍ਹਾਂ ਆਪਣੀਆਂ ਦਿਲੀ ਭਾਵਨਾਵਾਂ ਕਦੇ ਉਜਾਗਰ ਨਹੀਂ ਹੋਣ ਦਿੱਤੀਆਂ। ਆਪਣੀ ਦਾਦੀ ਦੀ ਸਿਖਿਆ ਅਨੁਸਾਰ ਉਨ੍ਹਾਂ ਨੇ ਕਿਸੇ ਦੇ ਬਾਰੇ ਕਦੀ ਦਿਲ ਵਿੱਚ ਵੈਰ ਵਿਰੋਧ ਨਹੀਂ ਸੀ ਰੱਖਿਆ, ਸਗੋਂ ਉਹ ਉਨ੍ਹਾਂ ਲਈ ਅਰਦਾਸ ਕਰਦੇ ਸਨ ਤੇ ਮਨ ਨਾਲ ਕੰਮ ਕਰਦੇ ਸਨ।

## ਮਾਤਾ–ਪਿਤਾ

ਬੱਚਿਆਂ ਦੀ ਸਹੀ, ਸੁਘੜ ਤੇ ਸੁਰੁਚੀ ਪੂਰਣ ਬੜ੍ਹੋਤਰੀ ਲਈ ਮਾਤਾ ਪਿਤਾ ਦਾ ਸਾਇਆ ਤੇ ਘਰ ਦਾ ਸੁਚਾਰੂ. ਵਾਤਾਵਰਣ ਸਭ ਤੋਂ ਉੱਤਮ ਦਾਤ ਹੈ। ਪਰ ਡੇਢ ਸਾਲ ਦੀ ਨਿੱਕੀ ਉਮਰ ਵਿੱਚ ਹੀ ਮੌਤ ਦੇ ਜ਼ਾਲਮ ਹੱਥਾਂ ਨੇ ਉਨ੍ਹਾਂ ਨੂੰ ਮਾਤਾ ਦੇ ਸਨੇਹ ਤੇ ਦੁਲਾਰ ਤੋਂ ਵਾਂਝਿਆਂ ਕਰ ਦਿੱਤਾ। ਬੀਰ ਜੀ ਦੇ ਚੰਗੇ ਭਾਗਾਂ ਨੂੰ ਉਨ੍ਹਾਂ ਦੀ ਦਾਦੀ ਨੇ ਮਾਤਾ ਦੀ ਕੰਮੀ ਪੂਰੀ ਕੀਤੀ ਤੇ ਪਰਿਵਾਰ ਦੀ ਪਰੰਪਰਾ ਅਨੁਸਾਰ ਸਹੀ ਢੰਗ ਨਾਲ ਪਾਲਣਾ ਕੀਤੀ। ਬੀਰ ਜੀ ਨੂੰ ਆਪਣੀ ਮਾਤਾ ਦੀ ਕੁਝ ਯਾਦ ਨਹੀਂ। ਕੇਵਲ ਆਪਣੀ ਦਾਦੀ ਤੇ ਪਿਤਾ ਦੇ ਮੁਖ ਤੋਂ ਜੋ ਕੁਝ ਸੁਣਿਆ ਹੈ, ਉਹ ਹੀ ਦਿਲ ਵਿੱਚ ਵਸਿਆ ਹੋਇਆ ਹੈ। ਉਹ ਇੱਕ ਸਮਰਪਿਤ ਪਤਨੀ ਤੇ ਸੁਘੜ ਮਾਤਾ ਸੀ। ਉਹ ਬੁਧੀਮਾਨ ਸੀ ਤੇ ਘਰ ਦੇ ਸਾਰੇ ਮਾਮਲਿਆਂ ਬਾਰੇ ਪੂਰੀ ਜਾਣਕਾਰੀ ਰੱਖਦੀ ਸੀ। ਆਸ ਪੜੋਸ ਦੀਆਂ ਔਰਤਾਂ ਉਸਦਾ ਮਾਣ ਕਰਦੀਆਂ ਸਨ। ਉਹ ਸੂਝਵਾਨ, ਸ਼ਾਂਤਮਈ ਤੇ ਗੰਭੀਰ ਪ੍ਰਵਿਰਤੀ ਦੀ ਇਸਤ੍ਰੀ ਸੀ।

ਬੀਰ ਜੀ ਦੇ ਪਿਤਾ ਸ. ਲੈਹਣਾਂ ਸਿੰਘ ਨੇ ਆਪਣੀ ਪੜ੍ਹਾਈ ਲਾਹੌਰ ਵਿੱਚ ਕਰਨ ਤੋਂ ਬਾਅਦ ਉੱਤਰੀ ਰੇਲਵੇ ਵਿੱਚ ਮੁਲਾਜ਼ਮ ਹੋ ਗਏ। ਇਥੇ ੩੦ ਸਾਲ ਨੌਕਰੀ ਕਰਨ ਮਗਰੋਂ ੫੫ ਸਾਲ ਦੀ ਉਮਰ ਵਿੱਚ ਚੀਫ ਐਕਾਊਂਟਸ ਅਫਸਰ ਦੀ ਹੈਸੀਅਤ ਵਿੱਚ ਰਿਟਾਇਰ ਹੋ ਗਏ। ਪਹਿਲਾਂ ਪਹਿਲ ਉਨ੍ਹਾਂ ਦੇ ਧਰਮ ਬਾਰੇ ਵਿਚਾਰ ਕੁਝ ਧੁੰਦਲੇ ਸਨ। ਧਰਮ ਕਰਮ ਉਨ੍ਹਾਂ ਦੇ ਵਿਚਾਰ ਵਿੱਚ ਔਰਤਾਂ ਤੱਕ ਹੀ ਸੀਮਤ ਸੀ ਤੇ ਕਦੀ ਇਸ ਪਾਸੇ ਗੰਭੀਰਤਾ ਨਾਲ ਨਹੀਂ ਸੀ ਸੋਚਿਆ।

ਰੇਲਵੇ ਦੀ ਨੌਕਰੀ ਕਰਦਿਆਂ ਉਨ੍ਹਾਂ ਪੂਰਣ ਆਸਥਾ, ਮਿਹਨਤ ਦੇ ਸਿਧਾਂਤਾਂ

ਦੀ ਪੱਲਾ ਫੜੀ ਰਖਿਆ। ਉਨ੍ਹਾਂ ਕਦੇ ਵੀ ਕੋਈ ਚੀਜ਼ ਰਿਸ਼ਵਤ ਦੇ ਤੌਰ ਤੇ ਨਹੀਂ ਲਈ ਤੇ ਇਸੇ ਲਈ ਉਹ ਆਪਣੇ ਸਹਕਰਮੀਆਂ ਦੀ ਈਰਖਾ ਦੇ ਪਾਤਰ ਰਹੇ, ਜਿਨ੍ਹਾਂ ਸਦਾ ਉਨ੍ਹਾਂ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਕਦੇ ਆਪਣੇ ਮਾਲਕ ਨਾਲ ਗੱਦਾਰੀ ਨਹੀਂ ਕੀਤੀ।

ਉਨ੍ਹਾਂ ਨੂੰ ਪਰਿਵਾਰਿਕ ਮਸਲਿਆਂ ਦਾ ਪੂਰਣ ਗਿਆਨ ਸੀ ਤੇ ਇਸ ਕਾਰਣ ਉਹ ਸਨਮਾਨੇ ਜਾਂਦੇ ਸਨ। ਪਰਿਵਾਰਿਕ ਸਮਸਿਆ ਭਾਵੇਂ ਕਿੰਨੀ ਭੀ ਜਟਿਲ ਕਿਉਂ ਨਾ ਹੋਵੇ, ਉਹ ਸਹਿਜੇ ਹੀ ਸਮੁੱਚੇ ਢੰਗ ਨਾਲ ਉਸ ਦਾ ਹਲ ਕੱਢ ਹੀ ਲੈਂਦੇ ਸਨ। ਉਨ੍ਹਾਂ ਦੇ ਮੁੱਖ ਤੇ ਸਦਾ ਇੱਕ ਵਿਸ਼ੇਸ਼ ਕਿਸਮ ਦੀ ਮੁਸਕਨ ਰਹਿੰਦੀ ਸੀ ਜੋ ਕੇਵਲ ਇੱਕ ਸੰਤੋਖੀ ਤੇ ਖੁਸ਼ਹਾਲ ਜੀਵਨ ਯਾਪਣ ਕਰਨ ਵਾਲੇ ਦੇ ਚੇਹਰੇ ਤੇ ਹੀ ਹੋ ਸਕਦੀ ਹੈ। ਉਹ ਸਦਾ ਹਸਮੁਖ ਤੇ ਖੁਸ਼ਮਿਜਾਜ਼ ਰਹਿੰਦੇ ਸਨ ਤੇ ਲੋਕਾਂ ਨਾਲ ਹਾਸਾ ਮਜ਼ਾਕ ਕਰਦੇ ਰਹਿੰਦੇ ਸਨ।

ਬੀਰ ਜੀ ਉੱਤੇ ਪਿਤਾ ਦਾ ਦੋਹਰਾ ਪ੍ਰਭਾਵ ਸੀ ਤੇ ਬੀਰ ਜੀ ਦਾ ਚੇਹਰਾ ਮੋਹਰਾ, ਸਰੀਰਿਕ ਘੜਨ ਤੇ ਸੁਭਾਵ ਆਪਣੇ ਪਿਤਾ ਵਾਂਗ ਢਲਿਆ। ਬੀਰ ਜੀ ਦੀ ਮੁਤਾਸਰ ਕਰਨ ਵਾਲੀ ਸ਼ਖਸੀਅਤ, ਦ੍ਰਿੜ੍ਹ ਇਰਾਦਾ, ਹਿੰਮਤ ਅਤੇ ਸ਼ਾਂਤ ਸੁਭਾ ਸਭ ਪਿਤਾ ਤੋਂ ਹੀ ਵਿਰਾਸਤ ਵਿੱਚ ਲਿਆ ਹੈ। ਦੂਜਾ, ਰੇਲਵੇ ਦੀ ਨੌਕਰੀ ਕਰਦਿਆਂ ਜਿਸ ਤਰ੍ਹਾਂ ਦੀ ਨਿਸ਼ਠਾ ਉਨ੍ਹਾਂ ਆਪਣੇ ਕੰਮ ਵੱਲ ਨਿਭਾਈ, ਉਹ ਅੱਜ ਕਲ੍ਹ ਦੇ ਨੌਜਵਾਨਾਂ ਵਿੱਚ ਨਹੀਂ ਹੈ। ਉਹ ਅਜਿਹਾ ਕਰਮ ਯੋਗੀ ਸੀ ਜਿਸ ਨੂੰ ਭ੍ਰਿਸ਼ਟ ਨਹੀਂ ਸੀ ਕੀਤਾ ਜਾ ਸਕਦਾ। ਇਹ ਉਨ੍ਹਾਂ ਦਾ ਹੀ ਸਦਕਾ ਸੀ ਕ੍ਰਿ ਬੀਰ ਜੀ ਅੰਦਰ ਸੰਸਾਰਿਕ ਭਾਈਚਾਰਾ, ਸੁਖਾਵੀਂ ਦ੍ਰਿਸ਼ਟੀ ਅਤੇ ਨਿਮਾਣਿਆਂ ਗਰੀਬਾਂ ਲਈ ਪਿਆਰ ਕੁੱਟ ਕੁੱਟ ਕੇ ਭਰਿਆ ਪਿਆ ਸੀ। ਉਨ੍ਹਾਂ ਨੇ ਹੀ ਸਿਖਾਇਆ ਕਿ ਜਿਹੜੇ ਮਾਤਾ-ਪਿਤਾ ਅੱਗੇ ਨਿਵੰਦੇ ਹਨ, ਜਿਹੜੇ ਵਡਿਆਂ ਦਾ ਸਤਿਕਾਰ ਕਰਦੇ ਹਨ, ਜਿਹੜੇ ਆਪਣੇ ਗੁਰੂ ਨੂੰ ਨਿਮਨ ਕਰਦੇ ਹਨ, ਜਿਹੜੇ ਛੋਟਿਆਂ ਵੱਲ ਪਿਆਰ ਦੀ ਭਾਵਨਾ ਰੱਖਦੇ ਹਨ, ਉਹ ਹੀ ਇਸ ਸੰਸਾਰ ਵਿਚ ਕਾਮਯਾਬ ਹੋ ਸਕਦੇ ਹਨ।

ਸਨਮਾਨ ਤੇ ਆਦਰ ਦੀ ਭਾਵਨਾ ਦਿਲੋਂ ਉਠਣੀ ਚਾਹੀਦੀ ਹੈ। ਵਕਤ ਦਾ ਮਾਰਗ ਦਰਸ਼ਨ, ਸੁਚੱਜੀਆਂ ਆਦਤਾਂ ਗ੍ਰਹਿਣ ਕਰਨਾ ਤੇ ਆਤਮਿਕ ਵਾਤਾਵਰਣ ਦੀ ਛਾਂ ਵਿੱਚ ਕੋਈ ਵਜ੍ਹਾ ਨਹੀਂ ਕਿ ਇਨਸਾਨ ਦਾ ਜੀਵਨ ਸਹੀ ਪਾਸੇ ਨਾ ਮੋੜਾ ਖਾਵੇ। ਬੀਰ ਜੀ ਦਾ ਬਚਪਨ ਆਪਣੇ ਪਿਤਾ ਦੀ ਛੱਤਰ ਛਾਇਆ ਹੇਠ ਬੀਤਿਆ ਤੇ ਉਨ੍ਹਾਂ ਉਹ ਸਭ ਕੁਝ ਕੀਤਾ ਜੋ ਉਸ ਉਮਰ ਦੇ ਬੱਚੇ ਲਈ ਲੋੜੀਂਦਾ ਤੇ ਜ਼ਰੂਰੀ ਸੀ।

## ਦਾਦੀ ਦਾ ਪਰਭਾਵ

ਕੋਈ ਦੋ ਹਜ਼ਾਰ ਸਾਲ ਪਹਿਲਾਂ ਰੋਮ ਦੇ ਦਾਰਸ਼ਨਿਕ ਸਿਸੇਰੋ (Cicero) ਨੇ ਕਿਹਾ ਸੀ "ਸਾਰੀ ਤੱਰਕੀ ਘਰੋਂ ਸ਼ੁਰੂ ਹੁੰਦੀ ਹੈ।" ਇਹਨਾਂ ਸਾਧਾਰਣ ਲਫਜ਼ਾਂ

ਵਿੱਚ ਸਦੀਆਂ ਦਾ ਗਿਆਨ ਭਰਿਆ ਪਿਆ ਹੈ। ਇਹ ਘਰ ਦਾ ਹੀ ਅਸਰ ਸੀ, ਜੋ ਬੀਰ ਜੀ ਦੀ ਧਾਰਮਿਕ ਆਸਥਾ ਤੇ ਕਰੁਣ ਵਿਚਾਰਧਾਰਾ ਦਾ ਆਧਾਰ ਸੀ।

ਉਹ ਬਚਪਨ ਤੋਂ ਹੀ ਹੋਣਹਾਰ ਸਨ "ਛੋਟੀਆਂ ਚੀਜ਼ਾਂ ਨੂੰ ਤੀਖਣ ਨਜ਼ਰ ਨਾਲ ਵੇਖੋ, ਵੱਡੀਆਂ ਚੀਜ਼ਾਂ ਆਪਣੇ ਆਪ ਸਾਂਭੀਆਂ ਜਾਣਗੀਆਂ।" ਇਸ ਹੀ ਸਿਖਿਆ ਉਨ੍ਹਾਂ ਦੀ ਦਾਦੀ ਬਾਰ ਬਾਰ ਦਿੰਦੀ ਸੀ। ਛੋਟੀ ਉਮਰ ਵਿੱਚ ਉਹ ਚੁਸਤ, ਖੁਸ਼ਮਿਜਾਜ਼, ਸੇਹਤਮੰਦ, ਵਿਹਾਰ ਕੁਸ਼ਲ ਤੇ ਸੋਚੂ ਪ੍ਰਵਰਤੀ ਦੇ ਸਨ।

ਇਸ ਕਥਨੀ ਵਿੱਚ ਕੋਈ ਸ਼ੱਕ ਨਹੀਂ ਕਿ ਹਰ ਇੱਕ ਮਹਾਨ ਮਨੁੱਖ ਦੇ ਪਿੱਛੇ ਕਦੇ ਨਾ ਕਦੇ, ਕਿਤੇ ਨਾ ਕਿਤੇ ਕੋਈ ਅਜਿਹਾ ਪਾਤਰ ਮੌਜੂਦ ਹੁੰਦਾ ਹੈ, ਜਿਸ ਨੇ ਛੋਟੀ ਉਮਰ ਵਿੱਚ ਉਸ ਨੂੰ ਪਲੋਸਿਆ ਹੈ। ਉਨ੍ਹਾਂ ਨੂੰ ਬਹਾਦਰ ਤੇ ਨਿਰਭੈ ਬਨਣ ਦੀ ਪ੍ਰੇਰਣਾ ਉਨ੍ਹਾਂ ਦੀ ਦਾਦੀ ਦੀ ਦੇਣ ਹੈ।

ਸਰਦਾਰਨੀ ਬਿਸ਼ਨ ਕੌਰ ਬਹੁਤ ਧਾਰਮਿਕ ਵਿਚਾਰਾਂ ਵਾਲੀ ਤੇ ਪਵਿਤ੍ਰ ਵਿਚਾਰਾਂ ਦੀ ਮਾਲਕ ਸੀ। ਉਹ ਸਾਧਾਰਣ ਤਰੀਕੇ ਨਾਲ ਰਹਿਣ ਵਾਲੀ ਠੰਡੇ ਦਿਮਾਗ, ਚੁਪ ਰਹਿਣ ਵਾਲੀ ਸ਼ਾਂਤ ਸੁਭਾਵ ਦੀ ਸੀ। ਉਸ ਦੀ ਆਸਥਾ ਜਿੰਨੀ ਸਿੱਖ ਧਰਮ ਵਿੱਚ ਸੀ, ਉਤਨੀ ਹੀ ਹਿੰਦੂ ਧਰਮ ਵਿੱਚ ਵੀ ਸੀ। ਉਸਦੇ ਆਦਰਸ਼ ਉਚੇ ਸਨ ਤੇ ਉਹ ਜਿਥੇ ਗੁਰੂ ਗਰੰਥ ਸਾਹਿਬ ਦੀ ਬਾਣੀ ਦੀ ਉਪਾਸ਼ਕ ਸੀ, ਉਥੇ ਨਾਲ ਹੀ ਉਸ ਨੇ ਭਗਵਤ ਗੀਤਾ ਤੇ ਮਹਾਂਭਾਰਤ ਦਾ ਵੀ ਅਧਿਐਨ ਕੀਤਾ — ਪੁਰਾਣੀਆਂ ਮਾਨਤਾਵਾਂ ਦੀ ਪਾਲਣਾਂ, ਧਾਰਮਿਕ ਰੀਤੀ ਰਿਵਾਜਾਂ ਦੀ ਪੂਰੇ ਤੌਰ ਤੇ ਪਾਬੰਦ ਸੀ ਤੇ ਉਸ ਨੂੰ ਇਨ੍ਹਾਂ ਮਾਨਤਾਵਾਂ ਤੋਂ ਹਟ ਕੇ ਚਲਣਾ ਗਵਾਰਾ ਨਹੀਂ ਸੀ। ਉਹ ਜਾਣਦੀ ਸੀ ਕਿ ਮਾਤਾ ਪਿਤਾ ਨੂੰ ਜਵਾਨ ਸੋਚਣੀ ਦੇ ਗਿਆਨ ਦੀ ਲੋੜ ਜ਼ਿਆਦਾ ਹੈ, ਬਨਿਸਬਤ ਜਵਾਨਾਂ ਨੂੰ ਮਾਤਾ ਪਿਤਾ ਦੇ ਰਸਤਾ ਵਿਖਾਉਣ ਦੀ।

ਸ਼ੁਰੂ ਤੋਂ ਹੀ ਜੋ ਧਾਰਨਾਵਾਂ ਬੱਚਾ ਘਰ ਤੋਂ ਸਿੱਖਦਾ ਹੈ, ਉਹ ਅਮਿਟ ਤੇ ਅਡਿਗ ਹਨ। ਬੀਰ ਜੀ ਤੇ ਇਨ੍ਹਾਂ ਦਾ ਡੂੰਘਾ ਤੇ ਚਿਰਸਥਾਈ ਅਸਰ ਸੀ। ਇਹ ਕਹਿਣਾ ਕਿ ਬੀਰ ਜੀ ਦੀ ਖੁਸ਼ਇਖਲਾਕੀ ਤੇ ਡੂੰਘੀ-ਦ੍ਰਿਸ਼ਟੀ, ਸੂਝਵਾਨਤਾ ਦਾ ਬੀਜ ਘਰ ਤੋਂ ਹੀ ਫੁੱਟਿਆ, ਵਧਾ ਚੜ੍ਹਾ ਕੇ ਕਹਿਣਾ ਨਹੀਂ ਹੋਵੇਗਾ। ਉਨ੍ਹਾਂ ਦੇ ਵਿਚਾਰ ਵਿੱਚ ਬੱਚੇ ਦੀ ਪਰਵਰਿਸ਼ ਵਿੱਚ ਜਿੰਨਾ ਹੱਥ ਮਾਂ ਜਾਂ ਦਾਦੀ, ਨਾਨੀ ਦਾ ਹੁੰਦਾ ਹੈ, ਉਤਨਾ ਪਿਤਾ ਦਾ ਹੋਣਾ ਜ਼ਰੂਰੀ ਨਹੀਂ ਹੈ।

ਧਾਰਮਿਕ ਪ੍ਰਵਰਤੀ ਵੱਲ ਰੁਝਾਨ ਲਿਆਣ ਵਿੱਚ ਭੀ ਉਨ੍ਹਾਂ ਦਾ ਹੀ ਹੱਥ ਸੀ। ਉਨ੍ਹਾਂ ਕਈ ਸਾਧਨਾਂ ਰਾਹੀਂ ਇਹਨਾਂ ਵਿੱਚ ਚੰਗਿਆਈਆਂ ਭਰੀਆਂ। ਉਨ੍ਹਾਂ ਛੁਟਪਣ ਤੋਂ ਹੀ ਬੀਰ ਜੀ ਨੂੰ ਸਰਵਣ ਕੁਮਾਰ, ਭਗਤ ਪ੍ਰਹਿਲਾਦ, ਭਗਤ ਧਰੂਵ ਅਤੇ ਸਾਹਿਬਜ਼ਾਦਿਆਂ ਦੀਆਂ ਕਹਾਣੀਆਂ ਸੁਨਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਇਹਨਾਂ ਨੂੰ ਸੱਚੀਆਂ ਕਹਾਣੀਆਂ ਸੁਨਣ ਦਾ ਚਾਅ ਸੀ। ਉਹ ਕਈ ਵਾਰੀ ਪੁੱਛ ਬੈਠਦੇ ਸਨ ਕਿ "ਕੀ ਇਹ ਸੱਚ ਹੈ ?" "ਕੀ ਸੱਚ ਮੁੱਚ ਇਸੇ

ਤਰ੍ਹਾਂ ਹੋਇਆ ਮਾਂ ?" "ਇਸ ਤਰ੍ਹਾਂ ਦੀਆਂ ਹੋਰ ਭੀ ਬਹੁਤ ਸਾਰੀਆਂ ਪੁਰਾਤਨ ਕਹਾਣੀਆਂ ਸਨ ਜੋ ਮੇਰੀ ਮਾਂ ਨੇ ਮੈਨੂੰ ਸੁਣਾਈਆਂ ਉਨ੍ਹਾਂ ਕੋਲ ਅਜਿਹੀਆਂ ਕਹਾਣੀਆਂ ਦਾ ਅਮੁਕ ਖਜ਼ਾਨਾ ਸੀ ਤੇ ਇਸ ਤਰ੍ਹਾਂ ਮੈਨੂੰ ਗੁਰਬਾਣੀ ਦਾ ਗਿਆਨ ਵੀ ਕਾਫੀ ਹੋ ਗਿਆ। ਉਨ੍ਹਾਂ ਦੱਸਿਆ। ਇਨ੍ਹਾਂ ਮੋਹਕ ਕਹਾਣੀਆਂ ਦਾ ਅਸਰ ਉਨ੍ਹਾਂ ਦੇ ਮਨ ਵਿੱਚ ਖੁਭ ਕੇ ਰਹਿ ਗਿਆ, ਇਹ ਸਾਫ ਨਜ਼ਰ ਆਉਂਦਾ ਹੈ। ਇਹ ਸੱਚਾਈ ਪੂਰਣ ਕਹਾਣੀਆਂ ਅੱਜ ਭੀ, ਖਾਸ ਕਰਕੇ ਬੱਚਿਆਂ ਨੂੰ, ਬਹੁਤ ਲੁਭਾਂਦੀਆਂ ਹਨ ਤੇ ਉਨ੍ਹਾਂ ਦੇ ਕੋਮਲ ਮਨਾਂ ਤੇ ਇੱਕ ਅਮਿਟ ਗਹਿਰੀ ਛਾਪ ਛੱਡ ਜਾਂਦੀਆਂ ਹਨ।

ਉਨ੍ਹਾਂ ਨੇ 'ਰਾਮ ਨਾਮ' ਦੀ ਮਹਿਮਾਂ ਭੀ ਸਿਖਾਈ ਤੇ ਸਿਖਾਇਆ ਰੱਬ ਦਾ ਭਾਣਾ ਕਿਵੇਂ ਦ੍ਰਿੜ੍ਹ ਮਨ ਨਾਲ ਮੰਨਣਾ ਹੈ। ਜਦੋਂ ਬੀਰ ਜੀ ਉਨ੍ਹਾਂ ਦੀ ਮਰਜ਼ੀ ਮੁਤਾਬਿਕ ਕੰਮ ਕਰਦੇ ਸਨ ਤਾਂ ਉਨ੍ਹਾਂ ਨੂੰ ਇਨਾਮ ਭੀ ਮਿਲਦਾ ਸੀ। ਕਹਾਵਤ ਹੈ: "ਚਰਿਤ੍ਰ ਦੀ ਬੁਨਿਆਦ ਘਰ ਵਿੱਚ ਹੀ ਪੈਂਦੀ ਹੈ ਤੇ ਆਪਣੇ ਕਰਤੱਵ੍ਯ ਨੂੰ ਜੀ ਜਾਨ ਨਾਲ ਨਿਭਾਉਣਾ (ਚਾਹੇ ਉਹ ਕਿੰਨਾ ਹੀ ਛੋਟਾ ਹੋਵੇ) ਚਰਿਤ੍ਰ ਉਸਾਰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨਸਾਨ ਦੀ ਕਾਮਯਾਬੀ ਇਤਫਾਕ ਜਾਂ ਤਕਦੀਰ ਦੇ ਹੱਥ ਨਹੀਂ, ਸਗੋਂ ਇਨਸਾਨ ਖੁਦ ਤਿਨਕਾ-ਤਿਨਕਾ ਜੁਟਾ ਕੇ, ਪਲ ਪਲ ਕਰਕੇ ਆਪਾ ਘੜਦਾ ਹੈ।

ਇਸ ਤਰ੍ਹਾਂ ਉਨ੍ਹਾਂ ਦੀ ਦਾਦੀ ਨੇ ਆਪਣੀ ਪ੍ਰੌੜ ਵਿਚਾਰਧਾਰਾ ਅਨੁਸਾਰ ਇਨ੍ਹਾਂ ਨੂੰ ਸਖ਼ਤ ਅਨੁਸਾਸ਼ਨ ਅਤੇ ਭਾਰਤੀ ਤੌਰ ਤਰੀਕਿਆਂ ਅਨੁਸਾਰ ਪਾਲਣਾ ਕੀਤੀ, ਉਨ੍ਹਾਂ ਨੇ ਇਨ੍ਹਾਂ ਵਿੱਚ ਕਾਰ ਦੀ ਮਹਤੱਤਾ ਭਰੀ ਕਿ ਮੇਹਨਤ ਕਦੀ ਬੇਕਾਰ ਨਹੀਂ ਜਾਂਦੀ ਤੇ ਕੋਈ ਭੀ ਕੰਮ ਛੋਟਾ ਨਹੀਂ, ਚਾਹੇ ਉਹ ਹੱਥਾਂ ਨਾਲ ਕੀਤਾ ਜਾਵੇ ਜਾਂ ਦਿਮਾਗ ਨਾਲ ਤੇ ਚਾਹੇ ਦੋਹਾਂ ਦੀ ਵਰਤੋਂ ਕਰਕੇ। ਸਵਸਥ ਸਰੀਰ ਤੇ ਮੇਹਨਤ, ਨਾਮ ਦਾ ਸਿਮਰਣ ਅਤੇ ਵਡਿੱਆਂ ਦਾ ਆਦਰ ਕਰਨਾ ਹੀ, ਉਨ੍ਹਾਂ ਦੇ ਕਹੇ ਅਨੁਸਾਰ, ਸਫਲਤਾ ਦੀ ਕੁੰਜੀ ਹੈ। ਇਨ੍ਹਾਂ ਦੇ ਮੁਕਾਬਲੇ ਅੱਛੀਆਂ ਆਦਤਾਂ ਦਾ ਦਰਜਾ ਛੋਟਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹਨਾਂ ਦੀ ਦਾਦੀ ਨੇ ਬੀਰ ਜੀ ਨੂੰ ਆਪਣੇ ਮਨ ਦੀ ਚਾਹਨਾਂ, ਧਾਰਨਾਵਾਂ ਤੇ ਮੋਕਲੇਪਣ ਦੇ ਮੁਤਾਬਕ ਪਾਲਣਾ ਕਰਨ ਵਿੱਚ ਇੱਕ ਵੱਡੀ ਭੂਮਿਕਾ ਨਿਭਾਈ ਤੇ ਉਨ੍ਹਾਂ ਭੀ ਸਮਾਂ ਪਾ ਕੇ ਉਨ੍ਹਾਂ ਦੀਆਂ ਇੱਛਾਵਾਂ ਦੀ ਪੂਰਤੀ ਕੀਤੀ ਤੇ ਜੋ ਕੁਝ ਭੀ ਉਨ੍ਹਾਂ ਹਾਸਲ ਕੀਤਾ ਸੀ, ਉਸ ਨੂੰ ਉਜਾਗਰ ਕੀਤਾ।

**ਘਟਨਾਵਾਂ ਦਾ ਅਸਰ**

ਇਹ ਸੱਚ ਹੈ ਕਿ ਹਰ ਬੱਚਾ ਕਿਤਾਬਾਂ ਨਾਲੋਂ ਆਪਣੇ ਆਲੇ ਦੁਆਲੇ ਹੋ ਰਹੀਆਂ ਘਟਨਾਵਾਂ ਤੋਂ ਤੇ ਦੂਸਰੇ ਲੋਕਾਂ ਦੇ ਬਜਾਏ ਆਪਣੇ ਅਨੁਭਵ ਤੋਂ ਜ਼ਿਆਦਾ ਸਿਖਦਾ ਹੈ। ਬਚਪਨ ਵਿੱਚ ਜੋ ਤੁਸੀਂ ਮਹਿਸੂਸ ਕਰਦੇ ਹੋ ਉਹ ਜਵਾਨੀ ਵਿੱਚ ਅਸਲੀਅਤ ਬਣ ਜਾਂਦੀ ਹੈ। ਤੇ ਬਚਪਨ ਵਿੱਚ ਸਿਖੀ ਅਸਲੀਅਤ ਜਵਾਨੀ ਵਿੱਚ

ਅਸੂਲ ਬਣ ਜਾਂਦੀ ਹੈ। ਬਚਪਨ ਇਨਸਾਨੀ ਜੀਵਨ ਦਾ ਇੱਕ ਬੜਾ ਨਾਜ਼ੁਕ ਦੌਰ ਹੈ ਤੇ ਬਚਪਨ ਵਿੱਚ ਹੀ ਉਸਦੇ ਜੀਵਨ ਦੀ ਨੀਂਹ ਪੈ ਜਾਂਦੀ ਹੈ। ਬਚਪਨ ਵਿੱਚ ਵਾਪਰੀਆਂ ਕੁਝ ਘਟਨਾਵਾਂ ਨੇ ਬੀਰ ਜੀ ਦੀ ਸ਼ਖ਼ਸੀਅਤ ਦੀ ਢਾਲਣਾ ਵਿੱਚ ਬੜਾ ਮਹੱਤਵ ਪੂਰਣ ਹਿੱਸਾ ਪਾਇਆ ਹੈ

**ਧਰਮ ਲਈ ਪਿਆਰ** : ਛੁਟਪਣ ਵਿੱਚ ਆਪਣੇ ਆਲੇ ਦੁਆਲ਼ੇ ਤੋਂ ਸਹਜੇ ਸਮੇਟੀ ਜਾਣਕਾਰੀ, ਬਚਪਨ ਦੀਆਂ ਕੁਝ ਘਟਨਾਵਾਂ ਦੀ ਛਾਪ, ਕੁਝ ਦਸਤਾਂ ਦੀਆਂ ਸੁਣੀਆਂ, ਕੁਝ ਸਬੰਧੀਆਂ ਨੇ ਦੱਸੀਆਂ, ਇਹ ਹੀ ਸੀ ਰਘਬੀਰ ਦੀ ਸਿਖਿਆ। ਕਹਿੰਦੇ ਹਨ ਕਿ ਇਨਸਾਨ ਸਭ ਤੋਂ ਵੱਡਾ ਨਕਲਚੀ ਹੈ। ਉਹ ਆਪਣੇ ਮਾਤਾ ਪਿਤਾ, ਵਡੇਰਿਆਂ ਤੇ ਮਿਤਰਾਂ ਦੀਆਂ ਹਰਕਤਾਂ ਦੀ ਨਕਲ ਕਰਦਾ ਹੈ। ਬੀਰ ਜੀ ਤੇ ਭੀ ਇਹਨਾਂ ਸਭਨਾਂ ਦਾ ਅਸਰ ਸੀ ਖਾਸ ਕਰਕੇ ਪਰਿਵਾਰ ਵਾਲਿਆਂ ਦਾ।

ਬਚਪਨ ਵਿੱਚ ਉਹ ਕਈ ਅਜਿਹੇ ਬੁਧੀਮਾਨ ਲੋਕਾਂ ਨੂੰ ਮਿਲਿਆ ਜੋ ਉਸ ਦੀ ਦਾਦੀ ਨੂੰ ਮਿਲਣ ਆਉਂਦੇ ਸਨ। ਕਈਆਂ ਦਾ ਉਨ੍ਹਾਂ ਤੇ ਚਿਰਸਥਾਈ ਪ੍ਰਭਾਵ ਪਿਆ। ਉਨ੍ਹਾਂ ਵਿੱਚੋਂ ਇੱਕ ਸਨ ਖੁਸ਼ਹਾਲ ਚੰਦ, ਜੋ ਕਿ ਉਨ੍ਹਾਂ ਦੇ ਨੇੜੇ ਹੀ ਕਿਰਾਏਦਾਰ ਦੀ ਹੈਸੀਅਤ ਵਿੱਚ ਰਹਿੰਦੇ ਸਨ। ਸਾਰੇ ਦਿਨ ਦੀ ਸਖ਼ਤ ਮਿਹਨਤ ਮੁਸ਼ੱਕਤ ਮਗਰੋਂ ਉਹ ਭਜਨ ਗਾਉਂਦੇ ਸਨ ਤੇ ਹਰ ਰੋਜ਼ 'ਨਿਰਵਾਣ' ਦੇ ਪਾਬੰਦ ਸਨ। ਕੁਝ ਸਮੇਂ ਬਾਅਦ ਖੁਸ਼ਹਾਲ ਚੰਦ ਦੀ ਸ਼ਾਦੀ ਇੱਕ ਅਮੀਰ ਘਰ ਦੀ ਸੋਹਣੀ ਸੁਨੱਖੀ ਕੁੜੀ ਨਾਲ ਹੋ ਗਈ ਤੇ ਪੈਸੇ ਵੱਲੋਂ ਉਸ ਨੂੰ ਕੋਈ ਤੰਗੀ ਨਾ ਰਹੀ। ਇਸ ਘਟਨਾ ਨੂੰ ਬੀਰ ਜੀ ਦੀ ਦਾਦੀ ਨੇ ਕੁਝ ਅਜਿਹੇ ਢੰਗ ਨਾਲ ਉਸ ਨੂੰ ਸੁਣਾਇਆ ਕਿ ਉਸ ਦੇ ਬਾਲਕ ਮਨ ਤੇ ਇਹ ਛਾਪ ਬੈਠ ਗਈ ਕਿ ਸੱਭ ਇਸ ਕਰਕੇ ਹੋਇਆ ਹੈ ਕਿਉਂਕਿ ਖੁਸ਼ਹਾਲ ਨੂੰ ਰੱਬ ਤੇ ਪੂਰਾ ਭਰੋਸਾ ਸੀ। ਇਸ ਤੋਂ ਬਾਅਦ ਉਨ੍ਹਾਂ ਪ੍ਰਣ ਕੀਤਾ ਕਿ ਉਹ ਹਰ ਰੋਜ਼ ਪਾਠ ਕੀਤਾ ਕਰਣਗੇ।

ਬੀਰ ਜੀ ਦਾ ਕਹਿਣਾ ਹੈ "ਇਸ ਤੋਂ ਬਹੁਤ ਵਰ੍ਹਿਆਂ ਮਗਰੋਂ ਖੁਸ਼ਹਾਲ ਚੰਦ ਦੀ ਮੌਤ ਹੋ ਗਈ ਤੇ ਉਸ ਦੀ ਯਾਦ ਅੱਜ ਭੀ ਇੱਕ ਪਿਆਰੇ ਤੇ ਅਨਮੋਲ ਖਜ਼ਾਨੇ ਵਾਂਗ ਦਿਲ ਵਿੱਚ ਵਸੀ ਹੈ।" ਇਹ ਸੱਚ ਹੈ ਕਿ ਅਨਜਾਣੇ ਹੀ ਬੱਚਾ ਐਧਰ ਉਧਰ ਦੇਖ ਸੁਣ ਕੇ ਬਹੁਤ ਕੁਝ ਸਿਖਦਾ ਰਹਿੰਦਾ ਹੈ ਤੇ ਇਹ ਕਦੀ ਨਹੀਂ ਸੋਚਣਾ ਚਾਹੀਦਾ ਕਿ ਅਜੇ ਉਹ ਬਹੁਤ ਛੋਟਾ ਹੈ। ਛੋਟੇ ਬੱਚੇ ਬਹੁਤ ਭਾਵਨਾ ਪੂਰਣ ਹੁੰਦੇ ਹਨ ਤੇ ਆਪਣੇ ਆਸ ਪਾਸ ਦੇ ਲੋਕਾਂ ਦੇ ਤੌਰ ਤਰੀਕੇ ਤੇ ਆਦਤਾਂ ਦੀ ਨਕਲ ਉਤਾਰਦੇ ਹਨ ਤੇ ਪ੍ਰਭਾਵਿਤ ਭੀ ਹੁੰਦੇ ਹਨ। ਇਸੇ ਲਈ ਧਾਰਮਿਕ ਭਾਵਨਾ ਦਾ ਅੰਕੁਰ ਬਾਲ ਰਘਬੀਰ ਦੇ ਮਨ ਵਿੱਚ ਸ਼ੁਰੂ ਤੋਂ ਹੀ ਫੁੱਟ ਪਿਆ ਸੀ।

**ਜਾਨਵਰਾਂ ਲਈ ਪਿਆਰ** : ਇੱਕ ਹੋਰ ਭਾਵਨਾ ਜੋ ਉਨ੍ਹਾਂ ਦੇ ਬਾਲ ਮਨ ਵਿੱਚ ਘਰ ਕਰ ਗਈ ਸੀ, ਉਹ ਸੀ ਜਾਨਵਰਾਂ ਲਈ ਪਿਆਰ, ਪਰਿੰਦਿਆਂ ਲਈ ਪਿਆਰ। ਇਸ ਸਦੀ ਦੇ ਆਰੰਭ ਵਿੱਚ ਹੀ ਕਿਤੇ ਕੋਈ ਹਾਦਸਾ ਹੋਇਆ, ਜੋ ਉਨ੍ਹਾਂ ਦੇ ਮਨ

ਨੂੰ ਛੋਹ ਗਿਆ। ਉਹ ਹਾਦਸਾ ਸੀ ਕਿ ਇੱਕ ਵਾਰ ਜਦੋਂ ਉਹ ਪਤੰਗ ਉੜਾ ਰਹੇ ਸਨ ਤਾਂ ਪਤੰਗ ਦੀ ਡੋਰ ਨਾਲ ਜ਼ਖ਼ਮੀ ਹੋ ਕੇ ਇੱਕ ਕਬੂਤਰ ਉਨ੍ਹਾਂ ਦੇ ਘਰ ਦੀ ਛੱਤ ਤੇ ਡਿਗ ਪਿਆ। ਕਬੂਤਰ ਪਾ ਕੇ ਉਹ ਬਹੁਤ ਖੁਸ਼ ਹੋਏ ਤੇ ਉਹ ਕਬੂਤਰ ਲੈ ਕੇ ਆਪਣੀ ਦਾਦੀ ਪਾਸ ਆਏ ਤਾਂ ਦਾਦੀ ਨੇ ਕਿਹਾ "ਆਦਮੀਆਂ ਤੇ ਔਰਤਾਂ ਦੀ ਤਰ੍ਹਾਂ ਸਾਰੇ ਜਾਨਵਰ ਤੇ ਪਰਿੰਦੇ ਭੀ ਜੀਵਧਾਰੀ ਹਨ ਤੇ ਉਸੇ ਰੱਬ ਨੇ ਤੈਨੂੰ ਤੇ ਕਬੂਤਰ ਨੂੰ ਬਣਾਇਆ ਹੈ।" ਉਨ੍ਹਾਂ ਇਕ ਵੱਡਾ ਸਾਰਾ ਪਿੰਜਰਾ ਮੰਗਵਾਇਆ ਤੇ ਉਸ ਵਿੱਚ ਉਸ ਕਬੂਤਰ ਦੇ ਨਾਲ ਹੋਰ ਭੀ ਕਾਫੀ ਸਾਰੇ ਕਬੂਤਰ ਰੱਖ ਦਿੱਤੇ। ਉਨ੍ਹਾਂ ਕਬੂਤਰਾਂ ਦੀ ਦੇਖ ਭਾਲ ਦੀ ਜ਼ਿੰਮੇਂਵਾਰੀ ਬੀਰ ਜੀ ਤੇ ਪਾਈ। ਉਨ੍ਹਾਂ ਜ਼ਖ਼ਮੀ ਕਬੂਤਰ ਦੀ ਖਾਸ ਦੇਖ ਭਾਲ ਕੀਤੀ ਤੇ ਉਸਦੀ ਤੰਦਰੁਸਤੀ ਲਈ ਅਰਦਾਸਾਂ ਭੀ ਕੀਤੀਆਂ। ਕੁਝ ਦਿਨਾਂ ਬਾਅਦ ਕਬੂਤਰ ਦੀ ਜ਼ਖ਼ਮੀ ਲੱਤ ਠੀਕ ਹੋ ਗਈ ਤੇ ਬੀਰ ਜ਼ੀ ਨੂੰ ਬਹੁਤ ਖੁਸ਼ੀ ਹੋਈ ਕਿ ਉਨ੍ਹਾਂ ਦੀ ਮਿਹਨਤ ਤੇ ਅਰਦਾਸ ਬਰ ਆਈ। ਇਸ ਹਾਦਸੇ ਤੋਂ ਬਾਅਦ ਉਨ੍ਹਾਂ ਦੇ ਮਨ ਵਿੱਚ ਪਸ਼ੂ ਤੇ ਪੰਛੀਆਂ ਲਈ ਪਿਆਰ ਉਪਜਿਆ ਤੇ ਅਰਦਾਸ ਵਿੱਚ ਉਨ੍ਹਾਂ ਦਾ ਵਿਸ਼ਵਾਸ ਹੋਰ ਭੀ ਪੱਕਾ ਹੋ ਗਿਆ। ਉਨ੍ਹਾਂ ਕਿਹਾ ਹੈ "ਇਸ ਤੋਂ ਬਾਅਦ ਮੇਰਾ ਅਸੂਲ ਬਣ ਗਿਆ ਕਿ ਕਿਸੇ ਵੀ ਜੀਵ ਨੂੰ ਦੁੱਖ ਨਹੀਂ ਪਹੁੰਚਾਣਾ ਚਾਹੀਦਾ।"

ਘਰ ਹੀ ਦਾ ਵਾਤਾਵਰਣ ਅਜਿਹਾ ਹੋਣਾ ਚਾਹੀਦਾ ਹੈ ਜਿੱਥੇ ਬੱਚੇ ਦੀ ਸਹੀ ਪਰਵਰਿਸ਼ ਹੋ ਸਕੇ। ਬੱਚੇ ਦਾ ਆਚਰਣ ਉਸ ਦੀ ਪੈਦਾਇਸ਼ ਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਧਾਰਣਾ ਹੈ ਕਿ ਨੀਵੀਂ ਸੱਤਰ ਦੇ ਵਾਤਾਵਰਣ ਬੱਚੇ ਦੀ ਬੁੱਧੀ ਤੇ ਭੈੜਾ ਅਸਰ ਪਾਉਂਦਾ ਹੈ ਤੇ ਉੱਚ ਦਰਜੇ ਦੇ ਵਾਤਾਵਰਣ ਵਿਚ ਪਲਿਆ ਬੱਚਾ ਬੁਧੀਮਾਨ ਬਣਦਾ ਹੈ। ਬੀਰ ਸਾਹਿਬ ਨੇ ਇਮਾਨਦਾਰੀ, ਵਫ਼ਾਦਾਰੀ, ਸੱਚਾਈ ਤੇ ਸਹਿਨਸ਼ੀਲਤਾ ਆਪਣੀ ਦਾਦੀ ਕੋਲੋਂ ਹੀ, ਘਰ ਵਿੱਚ ਰਹਿ ਕੇ ਸਿਖੀ। ਇਸ ਕਥਨੀ ਵਿੱਚ ਕੋਈ ਅੱਤ ਕਥਨੀ ਨਹੀਂ ਹੈ ਕਿ ਮਾਤਾ ਪਿਤਾ ਹੀ ਪ੍ਰਥਮ ਗੁਰੂ ਹਨ ਤੇ ਘਰ ਪ੍ਰਥਮ ਸਕੂਲ।

ਕਸਰਤ ਦੀ ਚਾਹਨਾ : ਇੱਕ ਹੋਰ ਘਟਨਾ ਜਿਸ ਨੇ ਉਨ੍ਹਾਂ ਦੇ ਦਿਲ ਤੇ ਗਹਿਰੀ ਛਾਪ ਛੱਡੀ, ਉਨ੍ਹਾਂ ਦੇ ਸਮੇਂ ਦੇ ਮਸ਼ਹੂਰ ਪਹਿਲਵਾਨ ਗਾਮਾ ਤੇ ਇੰਗਲੈਂਡ ਤੋਂ ਆਏ ਇੱਕ ਪਹਿਲਵਾਨ ਵਿੱਚ ਘੋਲ ਸੀ, ਜਿਸ ਵਿੱਚ ਜਿੱਤ ਗਾਮਾ ਪਹਿਲਵਾਨ ਦੀ ਹੋਈ। ਇਹ ਘੋਲ ਦੇਖਣ ਤੋਂ ਬਾਅਦ ਨੌਜਵਾਨ ਬੀਰ ਦੇ ਦਿਲ ਵਿੱਚ ਪਹਿਲਵਾਨ ਬਨਣ ਦੀ ਚਾਹ ਬਹੁਤ ਤੀਬਰਤਾ ਨਾਲ ਜਾਗੀ ਪਰ ਉਨ੍ਹਾਂ ਦੀ ਦਾਦੀ ਨੂੰ ਇਹ ਗੱਲ ਪਸੰਦ ਨਹੀਂ ਆਈ। ਪਰ ਇਸ ਘੋਲ ਨੇ ਉਨ੍ਹਾਂ ਦੇ ਮਨ ਵਿੱਚ ਕਸਰਤ ਦੇ ਪ੍ਰਤੀ ਚਾਓ ਪੈਦਾ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨਿਯਮ ਅਨੁਸਾਰ ਕਸਰਤ ਕਰਨੀ ਸ਼ੁਰੂ ਕਰ ਦਿੱਤੀ ਤੇ ਜਿਸਮ ਨੂੰ ਗਠੀਲਾ ਬਨਾਉਣਾ ਉਨ੍ਹਾਂ ਦਾ ਚਾਅ ਬਣ ਗਿਆ।

ਬਚਪਨ ਦੀਆਂ ਧਾਰਣਾਵਾਂ ਸਦਾ ਅਮਿਟ, ਦ੍ਰਿੜ੍ਹ ਤੇ ਪੁਖਤਾ ਹੁੰਦੀਆਂ ਹਨ। ਬੱਚੇ ਦੀ ਧਾਰਣਾ. ਉਸ ਦੀਆਂ ਭਾਵਨਾਵਾਂ, ਉਸਦਾ ਸੁਭਾ, ਉਸ ਦੀ ਸੋਚ ਧਾਰਾ. ਉਸਦੀਆਂ ਆਦਤਾਂ ਅਤੇ ਉਸਦੇ ਰਵੱਈਏ ਨੂੰ ਪਹਿਲਾਂ ਮਾਤਾ ਪਿਤਾ ਰਾਹੀਂ ਸੇਧ ਮਿਲਦੀ ਹੈ, ਘਰ ਦੇ ਵਾਤਾਵਰਣ ਰਾਹੀਂ। ਉਹ ਜੀਵਨ ਦੀਆਂ ਮੂਲ ਸੱਚਾਈਆਂ ਦੇ ਗੁਣਾਂ ਦਾ ਮਹਤਵ ਸਿਖਦਾ ਹੈ।

## ਮੁਢਲੀ ਪੜ੍ਹਾਈ ਤੇ ਪਬਲਿਕ ਜੀਵਨ ਵਿਚ ਪ੍ਰਵੇਸ਼ ਪੇਸ਼ਕਸ਼।
## (ਪਹਿਲੀ ਨੌਕਰੀ ਦੀ ਪੇਸ਼ਕਸ਼)

ਆਪਣੀ ਸਕੂਲ ਦੀ ਪੜ੍ਹਾਈ ਲਾਹੌਰ ਵਿੱਚ ਪੂਰੀ ਕਰਨ ਮਗਰੋਂ ਪਹਿਲਾਂ ਤਾਂ ਉਨ੍ਹਾਂ ਨੇ ਦਿਆਲ ਸਿੰਘ ਕਾਲਜ ਲਾਹੌਰ ਵਿੱਚ ਹੀ ਦਾਖਲਾ ਲਿਆ ਪਰ ਜਲਦੀ ਹੀ ਅਮ੍ਰਿਤਸਰ ਦੇ ਉਘੇ ਤੇ ਸੱਭ ਤੋਂ ਪੁਰਾਣੇ ਖਾਲਸਾ ਕਾਲਜ ਵਿੱਚ ਦਾਖਲ ਹੋ ਗਏ।

ਸਨ ੧੯੧੮ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਗ੍ਰੈਜੂਏਸ਼ਨ ਕਰਨ ਮਗਰੋਂ ਉਨ੍ਹਾਂ ਨੂੰ ਪੇਸ਼ ਕੀਤੀ ਗਈ, ਐਕਸਾਈਜ਼ ਤੇ ਟੈਕਸੇਸ਼ਨ ਦੇ ਮਹਿਕਮੇਂ ਦੀ ਨੌਕਰੀ। ਪਰ ਇਨ੍ਹਾਂ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ। ਇਸ ਸਮੇਂ ਮੁੜ ਅਕਾਲੀ ਮੂਵਮੈਂਟ ਨੇ ਸਿਰ ਚੁਕਿਆ ਸੀ। ਸਾਲ ਮਗਰੋਂ ਇਹਨਾਂ ਸ. ਕੇਹਰ ਸਿੰਘ ਦੀ ਅਗਵਾਈ ਹੇਠ ਇੱਕ ਸੌ ਰੁਪਏ ਮਹੀਨੇ ਦੀ ਤਨਖ਼ਾਹ ਤੇ ਪੰਜਾਬ ਵਿੱਚ ਉਭਰੀ ਅਕਾਲੀ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਲਹਿਰ ਦੇ ਪ੍ਰਤੀ ਇਹਨਾਂ ਦਾ ਰੁਝਾਨ ਵਧਿਆ ਤੇ ਇਹਨਾਂ ਨੇ ਅੰਮ੍ਰਿਤਸਰ, ਲਾਹੌਰ ਤੇ ਦਿੱਲੀ ਵਿੱਚ ਹੋਈਆਂ ਮੀਟਿੰਗਾਂ ਵਿੱਚ ਹਿਸਾ ਲਿਆ। ਪਰ ਉਨ੍ਹਾਂ ਕੇਵਲ ਇੱਕ ਸਾਲ ਹੀ ਅਕਾਲੀ ਲਹਿਰ ਵਿੱਚ ਹਿਸਾ ਲਿਆ। ਇਸ ਥੋੜ੍ਹੇ ਸਮੇਂ ਵਿੱਚ ਹੀ ਉਨ੍ਹਾਂ ਨੇ ਕਈ ਵਾਰਤਾਵਾਂ ਤੇ ਕਵਿਤਾਵਾਂ ਲਿਖਿਆਂ ਤੇ ਸੁਣਾਈਆਂ, ਜਿਨ੍ਹਾਂ ਵਿੱਚ ਸਿੱਖ ਇਤਿਹਾਸ ਤੇ ਇਖ਼ਲਾਕ ਨੂੰ ਬਿਆਨ ਕੀਤਾ. ਉਹਨਾਂ ਦੀਆਂ ਕਵਿਤਾਵਾਂ ਤੋਂ ਉਨ੍ਹਾਂ ਦੀ ਸ਼ੁਧ ਸੋਚਣੀ ਦੀ ਝਲਕ ਮਿਲਦੀ ਹੈ।

ਉਹਨਾਂ ਦੀ ਪਹਿਲੀ ਕਿਤਾਬ 'ਖਾਲਸਾਈ ਸ਼ਾਨ' 1934 ਵਿੱਚ ਛਪੀ। ਇਸ ਕਿਤਾਬ ਵਿੱਚ ਉਨ੍ਹਾਂ ਦੀਆਂ ਮਸ਼ਹੂਰ ਕਵਿਤਾਵਾਂ ਛਪੀਆਂ ਹਨ ਜੋ ਕਿ ਅੱਜ ਭੀ ਉਤਨੀਆਂ ਹੀ ਤਾਜ਼ਾ ਦਮ ਹਨ ਜਿਤਨੀਆਂ ਕਿ ਪਹਿਲਾਂ ਸਨ। ਇਥੇ ਇਹ ਕਹਿਣਾ ਠੀਕ ਹੋਵੇਗਾ ਕਿ ਉਨ੍ਹਾਂ ਦੀ ਸੱਚੀ ਤੇ ਅਣਥਕ ਕੋਸ਼ਿਸ਼ ਦੇ ਫਲਸਰੂਪ ਗੁਰਦੁਆਰਿਆਂ ਨੂੰ ਅਕਾਲੀ ਲਹਿਰ ਦੇ ਸੰਧਰਭ ਵਿੱਚ ਕਰੋੜਾਂ ਰੁਪਿਆਂ ਦੀ ਪ੍ਰਾਪਤੀ ਕਰਾਈ। ਉਨ੍ਹਾਂ ਵਿੱਚ ਕਲਕੱਤਾ ਦੀ 'ਬਾਧਾ ਸਿੱਖ ਸੰਗਤ' ਨਾਂ ਦੀ ਸੰਸਥਾ ਨੂੰ ਪੱਚੀ ਤੋਂ ਤੀਹ ਹਜ਼ਾਰ ਦੀ ਆਮਦਨੀ ਹੁੰਦੀ ਸੀ। ਇੱਕ ਸਾਲ ਨਿਹਿਤ ਸੇਵਾ ਮਗਰੋਂ ਇਹਨਾਂ ਨੇ ਤਿਆਗ ਪਤੱਰ ਦੇ ਦਿੱਤਾ ਤੇ ਤਿਆਗ ਪੱਤਰ ਵਿੱਚ ਲਿਖਿਆ ਕਿ ਮੈਨੂੰ ਆਪਣੇ ਕੰਮ ਦਾ ਮੁਆਵਜ਼ਾ ਨਹੀਂ ਚਾਹੀਦਾ, ਇਸ ਲਈ ਮੈਂ ਆਪਣੇ ਔਹਦੇ

ਤੋਂ ਤਿਆਗ ਪੱਤਰ ਦੇਣ ਦਾ ਪ੍ਰਾਰਥੀ ਹਾਂ।" ਸਾਲ ਭਰ ਦੀਆਂ ਸੇਵਾਵਾਂ ਲਈ ਜੋ ਬਾਰਾਂ ਸੌ ਰੁਪਏ ਉਨ੍ਹਾਂ ਪ੍ਰਾਪਤ ਕੀਤੇ ਸਨ, ਮੋੜ ਦਿੱਤੇ ਤੇ ਧੰਨਵਾਦ ਸਹਿਤ ਬੇਨਤੀ ਕੀਤੀ ਕਿ ਇਹ ਰਕਮ ਗਰੀਬਾਂ ਦੇ ਉਧਾਰ ਲਈ ਵਰਤੀ ਜਾ ਸਕਦੀ ਹੈ।

## ਸ਼ਾਦੀ ਤੇ ਪਰਿਵਾਰ

ਇਸ ਸਦੀ ਦੀ ਪਹਿਲੀ ਚੌਥਾਈ ਵਿੱਚ ਬਾਲ ਵਿਆਹ ਦਾ ਰਿਵਾਜ ਸੀ ਤੇ ਭਾਰਤ ਵਿੱਚ ਸ਼ਾਦੀ ਕੋਈ ਸੌਖਾ ਕੰਮ ਨਹੀਂ। ਸਮੇਂ ਦੇ ਰਸਮੋ-ਰਿਵਾਜ ਦੇ ਅਨੁਸਾਰ ਇਨ੍ਹਾਂ ਦਾ ਵਿਆਹ ਵੀ ਬਾਲ ਅਵਸਥਾ ਵਿੱਚ ਹੋ ਗਿਆ ਸੀ। ਪੰਘੂੜੇ ਦੀ ਅਵਸਥਾ ਵਿੱਚ ਹੀ ਉਨ੍ਹਾਂ ਦੀ ਸ਼ਾਦੀ ਤੈਅ ਹੋ ਗਈ ਸੀ। ਚੌਦਾਂ ਸਾਲ ਦੀ ਉਮਰ ਵਿੱਚ ਅਜੇ ਜਦੋਂ ਉਹ ਸਕੂਲ ਦੇ ਵਿਦਿਆਰਥੀ ਹੀ ਸਨ, ਉਹਨਾਂ ਤਿਆਗ ਦੀ ਰਾਹ ਅਖਤਿਆਰ ਕਰ ਲਈ। ਉਨ੍ਹਾਂ ਦੀ ਸੁੰਦਰ, ਪਤਲੀ ਸੋਹਣੀ ਜੀਵਨ ਸਾਥਣ ਸਰਦਾਰਨੀ ਲਾਭ ਕੌਰ ਜ਼ਿਲ੍ਹਾ ਗੁਜਰਾਤ ਦੇ ਜ਼ਿਮੀਂਦਾਰ ਪਰਿਵਾਰ ਤੋਂ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਵਿਆਹ ਦੇ ਦਿਨ ਉਨ੍ਹਾਂ ਨੂੰ ਤਾਂ ਕਿਸੇ ਭੀ ਤਰ੍ਹਾਂ ਦੀ ਕੋਈ ਜਾਣਕਾਰੀ ਜਾਂ ਅਹਿਸਾਸ ਨਹੀਂ ਸੀ, ਸਿਵਾਏ ਇਸਦੇ ਕਿ ਮੈਂ ਆਪਣੇ ਪਿਤਾ ਨੂੰ ਸ਼ਾਨ ਨਾਲ ਇਧਰ ਉਧਰ ਘੁੰਮਦੇ ਫਿਰਦੇ ਦੇਖ ਰਿਹਾ ਸਾਂ।

ਸਰਦਾਰਨੀ ਲਾਭ ਕੌਰ ਇੱਕ ਸਮਰਪਿਤ ਤੇ ਹਿੰਮਤੀ ਪਤਨੀ ਸੀ। ਉਨ੍ਹਾਂ ਦਾ ਜੀਵਨ ਮਿਲਵਰਤਨ ਤੇ ਆਪਸੀ ਮੇਲ ਦੀ ਧੁਰੀ ਤੇ ਚਲ ਪਿਆ। ਪਰ ਕਹਿੰਦੇ ਹਨ ਕਿ ਨਾ ਸਦਾ ਅੱਛੇ ਦਿਨ ਨਹੀਂ ਰਹਿੰਦੇ ਤੇ ਨਾ ਹੀ ਸਦਾ ਬੁਰੇ ਦਿਨ ਹੀ ਰਹਿੰਦੇ ਹਨ। ਰੱਬ ਨੂੰ ਸ਼ਾਇਦ ਇਨ੍ਹਾਂ ਦਾ ਮੇਲ ਨਾ ਭਾਇਆ ਤੇ ਵਿਆਹ ਦੇ ਦੋ ਸਾਲਾਂ ਮਗਰੋਂ ਹੀ ਮੌਤ ਦੇ ਜ਼ਾਲਮ ਹੱਥਾਂ ਨੇ ੧੯੧੨ ਵਿੱਚ ਲਾਭ ਕੌਰ ਦੀ ਜੀਵਨ ਜੋਤ ਬੁਝਾ ਦਿੱਤੀ। ਦਸਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਤਪੇਦਿਕ ਦੀ ਬਿਮਾਰੀ ਸੀ ਤੇ ਡਾਕਟਰਾਂ ਦੇ ਇਲਾਜ ਤੇ ਪਤੀ ਦੇ ਭਰਪੂਰ ਪਿਆਰ ਦੇ ਬਾਵਜੂਦ ਉਹ ਬੱਚ ਨਹੀਂ ਸਕੀ। ਆਪਣੀ ਮਲੂਕ ਤੇ ਸੁੰਦਰ ਪਤਨੀ ਦੀ ਮੌਤ ਦਾ ਹਾਦਸਾ ਉਨ੍ਹਾਂ ਦੇ ਜੀਵਨ ਦਾ ਪਹਿਲਾ ਹਾਦਸਾ ਸੀ। ਸੁਭਾਵਿਕ ਸੀ ਕਿ ਉਹ ਉਦਾਸ ਤੇ ਗਮਗੀਨ ਰਹਿੰਦੇ ਤੇ ਸੰਭਲ ਨਹੀਂ ਸੀ ਪਾ ਰਹੇ। ਆਪਣੇ ਆਪ ਨੂੰ ਸੰਭਾਲਣ ਵਿੱਚ ਉਨ੍ਹਾਂ ਨੂੰ ਪੂਰਾ ਇੱਕ ਵਰ੍ਹਾ ਲੱਗ ਗਿਆ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮੌਤ ਜੀਵਨ ਦਾ ਅੰਤ ਨਹੀਂ ਬਲਕਿ ਅਨੰਤ ਨੀਂਦ ਹੈ।

ਇਸ ਸਮੇਂ ਤੱਕ ਪਹਿਲਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਤੇ ਹਾਲਾਤ ਦਾ ਅਸਰ ਉਨ੍ਹਾਂ ਦੇ ਪਰਿਵਾਰ ਤੇ ਭੀ ਪਿਆ। ਉਂਜ ਭੀ ਇਨ੍ਹਾਂ ਦਾ ਝੁਕਾ ਧਾਰਮਿਕ ਸੋਚਣੀ ਵਲ ਵੱਧ ਸੀ ਤੇ ਉਨ੍ਹਾਂ ਨੇ ਸੰਸਾਰਿਕ ਜੀਵਨ ਤਿਆਗ ਦੇਣ ਦਾ ਫੈਸਲਾ ਕਰ ਲਿਆ। ਉਨ੍ਹਾਂ ਨੂੰ ਬੁਧ ਧਰਮ ਨੇ ਬਹੁਤ ਪ੍ਰਭਾਵਿਤ ਕੀਤਾ ਤੇ ਉਹ ਹਿਮਾਚਲ ਵਿੱਚ ਵਸੇ ਰਵਾਲਸਰ ਪੁੱਜੇ ਜਿੱਥੇ ਕਦੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੁਝ ਸਮੇਂ ਲਈ ਠਹਿਰੇ ਸਨ। ਬੀਰ ਜੀ ਸਾਰਨਾਥੀ ਸੰਤਾਂ ਦਾ ਮਾਰਗ ਅਪਨਾਉਣਾ ਚਾਹੁੰਦੇ

ਸਨ ਤੇ ਸਿਮਰਨ ਕਰਨਾ ਚਾਹੁੰਦੇ ਸਨ। ਬੜੀ ਮੁਸ਼ਕਲ ਨਾਲ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਸਮਝਾ ਬੁਝਾ ਕੇ ਵਾਪਸ ਘਰ ਲਿਆਂਦਾ।

ਉਨ੍ਹਾਂ ਦੇ ਪਿਤਾ ਚਾਹੁੰਦੇ ਸਨ ਕਿ ਬੀਰ ਜੀ ਮੁੜਕੇ ਘਰ ਵਸਾ ਲੈਣ ਪਰ ਉਨ੍ਹਾਂ ਨੂੰ ਇਹ ਵਿਚਾਰ ਚੰਗਾ ਨਹੀਂ ਸੀ ਲਗਦਾ। ਪਰ ਪਿਤਾ ਦੇ ਬਾਰ ਬਾਰ ਦੇ ਇਸਰਾਰ ਤੇ ਮਿੰਨਤ ਸਮਾਜਤ ਅੱਗੇ ਉਨ੍ਹਾਂ ਨੂੰ ਸਿਰ ਨਿਵਾਂਣਾ ਹੀ ਪਿਆ। ਆਪਣੀ ਪਹਿਲੀ ਪਤਨੀ ਲਾਭ ਕੌਰ ਦੇ ਚਲਾਣੇ ਤੋਂ ਦੋ ਸਾਲ ਮਗਰੋਂ ੧੯੧੪ ਵਿੱਚ ਉਨ੍ਹਾਂ ਦਾ ਵਿਆਹ ਸਰਦਾਰਨੀ ਰਵੇਲ ਕੌਰ ਨਾਲ ਸੰਪੰਨ ਹੋਇਆ। ਉਨ੍ਹਾਂ ਨੇ ਬਾਅਦ ਵਿੱਚ ਦੱਸਿਆ ਕਿ ਜਿੰਨਾਂ ਸਮਾਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ ਜਾ ਰਹੀਆਂ ਸਨ ਉਹ ਆਪਣੀ ਦੂਸਰੀ ਪਤਨੀ ਦੀ ਲੰਬੀ ਉਮਰ ਲਈ 'ਰਾਮ ਨਾਮ' ਦਾ ਜਾਪ ਕਰਦੇ ਰਹੇ। "ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਹੈ ਕਿ ਉਸਨੇ ਮੇਰੀ ਅਰਦਾਸ ਮੰਨਜ਼ੂਰ ਕਰ ਲਈ ਤੇ ਉਹ ਪੂਰੀ ਤਰ੍ਹਾਂ ਨਾਲ ਤੰਦਰੁਸਤ ਤੇ ਖੁਸ਼ ਹੈ ਤੇ ਮੇਰਾ ਵਿਚਾਰ ਹੈ ਕਿ ਉਹ ਮੈਥੋਂ ਬਾਅਦ ਭੀ ਜੀਵਨ ਭੋਗੇਗੀ।" ਪ੍ਰਸੰਨ ਹੁੰਦਿਆਂ ਉਨ੍ਹਾਂ ਨੇ ਕਿਹਾ।

ਸਰਦਾਰਨੀ ਰਵੇਲ ਕੌਰ ਆਦਰਸ਼ ਭਾਰਤੀ ਨਾਰੀ ਦਾ ਸਰੂਪ ਸਨ। ਉਹ ਇੱਕ ਧਾਰਮਿਕ ਵਿਚਾਰਾਂ ਵਾਲੀ ਔਰਤ ਹੈ ਤੇ ਆਪਣੀਆਂ ਜ਼ਿੰਮੇਵਾਰੀਆਂ ਸਮਝਦੀ ਸੀ ਉਸ ਸ਼ੁਧ ਖਿਆਲ, ਸਮਾਨ ਵਿਚਾਰ ਤੇ ਦੁਨੀਆਦਾਰੀ ਵਿੱਚ ਪਾਰੰਗਤ ਔਰਤ ਨੂੰ ਇਸ ਗੱਲ ਤੇ ਮਾਣ ਹੈ ਕਿ ਉਸ ਨੇ ਸਦਾ ਪਤੀ ਦਾ ਪਿਆਰ ਭਰਪੂਰ ਪਾਇਆ।

ਬੀਰ ਜੀ ਦੀ ਪਹਿਲੀ ਪਤਨੀ ਸਰਦਾਰਨੀ ਲਾਭ ਕੌਰ ਦੇ ਕੋਈ ਸੰਤਾਨ ਨਹੀਂ ਸੀ। ਉਨ੍ਹਾਂ ਦੀ ਦੂਸਰੀ ਪਤਨੀ ਦੀ ਪਹਿਲੀ ਸੰਤਾਨ, ਇੱਕ ਪੁੱਤਰ, ਦੋ ਸਾਲ ਦੀ ਅਵਸਥਾ ਵਿੱਚ ਗੁਰੂ ਨੂੰ ਪਿਆਰਾ ਹੋ ਗਿਆ। ਮੁਸੀਬਤ ਕਦੇ ਘੱਟ ਹੀ ਇਕੱਲੀ ਆਉਂਦੀ ਹੈ ਪਰ ਉਨ੍ਹਾਂ ਵਿੱਚ ਦੁਖ ਸਹਿਣ ਦੀ ਸ਼ਕਤੀ ਹੈ। ਭਾਣਾ ਮੰਨਣ ਦਾ ਉਨ੍ਹਾਂ ਦਾ ਦ੍ਰਿੜ ਸੰਕਲਪ ਹੈ। ਇਸ ਤੋਂ ਮਗਰੋਂ ਇੱਕ ਪੁੱਤਰੀ ਦਾ ਜਨਮ ਹੋਇਆ ਤੇ ਉਸ ਤੋਂ ਬਾਅਦ ਫਿਰ ਰੱਬ ਨੇ ਪੁੱਤਰ ਦੀ ਪ੍ਰਾਪਤੀ ਕਰਾਈ ਪਰ ਉਹ ਭੀ ਜਲਦੀ ਹੀ ਰੱਬ ਨੂੰ ਪਿਆਰਾ ਹੋ ਗਿਆ। ਪਰ ਦੁੱਖਾਂ ਨੇ ਕਦੇ ਉਨ੍ਹਾਂ ਨੂੰ ਸਿਰ ਸੁੱਟਣ ਲਈ ਮਜਬੂਰ ਨਹੀਂ ਕੀਤਾ। ਉਸਤੋਂ ਬਾਅਦ ਉਨ੍ਹਾਂ ਦੇ ਘਰ ਇੱਕ ਤੋਂ ਬਾਅਦ ਇੱਕ, ਚਾਰ ਪੁੱਤਰੀਆਂ ਨੇ ਜਨਮ ਲਿਆ।

ਛੋਟੀਆਂ ਛੋਟੀਆਂ ਗੱਲਾਂ ਤੋਂ ਹੀ ਕਈ ਬਾਰ ਵੱਡੇ ਕੰਮ ਹੋ ਜਾਂਦੇ ਹਨ ਤੇ ਦਿਲੋਂ ਨਿਕਲੀ ਅਰਦਾਸ ਕਦੇ ਵਿਅਰਥ ਨਹੀਂ ਜਾਂਦੀ। ਰੱਬ ਦੇ ਘਰ ਦੇਰ ਹੈ ਹਨੇਰ ਨਹੀਂ' ਇਸ ਵਿੱਚ ਉਨ੍ਹਾਂ ਦਾ ਪੂਰਨ ਵਿਸ਼ਵਾਸ ਸੀ। ਇੱਕ ਵਾਰ ਗੁਰਸਿੱਖ ਸੰਤ ਭਾਈ ਸਾਹਿਬ ਭਾਈ ਬੈਸਾਖਾ ਸਿੰਘ (ਜੋ ਉਸ ਸਮੇਂ ਕੈਦੀਆਂ ਦੀ ਸੁਧਾਰ ਕਮੇਟੀ ਦੇ ਪ੍ਰੈਜ਼ੀਡੈਂਟ ਸਨ) ਦਾ ਉਨ੍ਹਾਂ ਦੇ ਘਰ ਆਉਣਾ ਹੋਇਆ। ਪਰਿਵਾਰ ਵਿੱਚ ਕੇਵਲ ਕੁੜੀਆਂ ਵੇਖ ਉਨ੍ਹਾਂ ਸਰਦਾਰਨੀ ਰਵੇਲ ਕੌਰ ਨੂੰ ਪੁੱਛਿਆ "ਮੈਨੂੰ ਸਿਰਫ

ਤੁਹਾਡੀਆਂ ਧੀਆਂ ਹੀ ਨਜ਼ਰ ਆਈਆਂ ਹਨ, ਕੋਈ ਪੁੱਤਰ ਨਹੀਂ।" ਸਰਦਾਰਨੀ ਨੇ ਝੱਟ ਜਵਾਬ ਦਿੱਤਾ "ਸਾਡੇ ਦੋ ਪੁੱਤਰ ਛੋਟੀ ਉਮਰ ਵਿੱਚ ਹੀ ਗੁਜ਼ਰ ਗਏ ਤੇ ਹੁਣ ਕੇਵਲ ਧੀਆਂ ਹੀ ਹਨ।" ਭਾਈ ਸਾਹਿਬ ਨੇ ਅੱਖਾਂ ਬੰਦ ਕਰ ਲਈਆਂ ਤੇ ਚੁੱਪ ਬੈਠੇ ਰਹੇ। ਥੋੜ੍ਹੀ ਦੇਰ ਬਾਅਦ ਉਨ੍ਹਾਂ ਕਿਹਾ "ਰੱਬ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਸਾਨੂੰ ਅਰਦਾਸ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਲੈਣਾ ਚਾਹੀਦਾ ਹੈ।" ਪਰਿਵਾਰ ਨੂੰ ਢੇਰ ਸਾਰੀਆਂ ਅਸੀਸਾਂ ਦੇ ਕੇ ਉਹ ਚਲੇ ਗਏ।

ਹੈਰਾਨੀ ਵਾਲੀ ਗੱਲ ਹੈ ਕਿ ਕੁਝ ਸਮੇਂ ਬਾਅਦ ੨੮ ਦਿਸੰਬਰ ੧੯੩੨ ਵਿੱਚ ਉਨ੍ਹਾਂ ਨੂੰ ਪੁੱਤਰ ਪ੍ਰਾਪਤੀ ਹੋਈ ਤੇ ਉਸ ਤੋਂ ਸਾਲ ਤੋਂ ਕੁਝ ਦੇਰ ਬਾਅਦ ਦੂਸਰਾ ਪੁੱਤਰ ਪ੍ਰਾਪਤ ਹੋਇਆ। "ਮੇਰੇ ਦੋਨੋਂ ਪੁੱਤਰ ਵਾਪਸ ਆ ਗਏ ਹਨ।" ਬੀਰ ਜੀ ਨੇ ਕਿਹਾ।

ਇਨ੍ਹਾਂ ਦੀ ਸੱਭ ਤੋਂ ਵੱਡੀ ਪੁੱਤਰੀ ਸ੍ਰੀਮਤੀ ਕੁਲਦੀਪ ਹਰਬੰਸ ਸਿੰਘ ਜੋ ਇਕ ਸਫਲ Educator MA, M.Ed. ਹੈ, ਸ਼ਾਂਤ, ਨਿਘੇ ਸੁਭਾ ਦੀ ਮਾਲਿਕ ਹੈ, ਕਾਮਯਾਬੀ ਨਾਲ ਕਲੱਕਤੇ ਦੇ ਇੱਕ ਵੱਡੇ ਸਕੂਲ ਦੀ ਸੰਭਾਲਣਾ ਕਰ ਰਹੀ ਹੈ। ਉਹ ਇੱਕ ਮੋਕਲੇ ਖਿਆਲਾਂ ਵਾਲੀ ਅਧਿਆਪਨ ਕਰਤਾ ਹੈ ਅਤੇ ਸਮਾਜ ਸੇਵਿਕਾ ਭੀ ਹੈ ਤੇ ਸ਼ੁਰੂ ਤੋਂ ਹੀ ਬੀਰ ਜੀ ਦੇ ਕੰਮਾਂ ਨਾਲ ਜੁੜੀ ਹੋਈ ਹੈ, ਅਤੇ ਆਤਮ ਸਾਇੰਸ ਟ੍ਰਸਟ ਦੀ ਫਾਊਂਡਰ ਮੈਂਬਰ ਹੈ ਤੇ ਡਿਗਸ਼ਈ ਪਬਲਿਕ ਸਕੂਲ ਦੇ ਮੈਨੇਜਿੰਗ ਬੋਰਡ ਦੀ ਮੈਂਬਰ ਭੀ ਹੈ। ੧੯੫੩ ਵਿੱਚ ਸ਼ੁਰੂ ਕੀਤੇ 'ਸਿੱਖ ਰੀਵੀਓ' ਦੀ ਪ੍ਰਕਾਸ਼ਕ ਤੇ ਸੰਪਾਦਕ ਵੀ ਰਹੀ। ਪਹਿਲੀ ਚੀਫ ਐਡੀਟਰ ਭੀ ਉਹ ਆਪ ਹੀ ਸੀ। ਸ੍ਰੀਮਤੀ ਕੁਲਦੀਪ ਦਾ ਸੰਬੰਧ ਡਿਗਸ਼ਈ ਦੇ ਪਬਲਿਕ ਸਕੂਲ ਨਾਲ ਸ਼ੁਰੂ ਤੋਂ ਹੀ ਰਿਹਾ ਹੈ। ਕੰਮ ਅਰੰਭ ਕਰਨ ਤੋਂ ਪਹਿਲਾਂ ਅਖੰਡ ਪਾਠ ਇਸੇ ਰਖਵਾਇਆ ਸੀ ਤਾਂ ਜੋ ਵਾਹਿਗੁਰੂ ਦੀਆਂ ਅਸੀਸਾਂ ਨਾਲ ਕੰਮ ਸਿਰੇ ਚੜ੍ਹੇ। ਬੀਰ ਜੀ ਯਾਦ ਕਰਦੇ ਹਨ ਕਿ ਉਹ ਹੀ ਸਕੂਲ ਦੀ ਇਮਾਰਤ ਦੀ ਰੂਪ ਰੇਖਾ ਤਿਆਰ ਕਰਨ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੀ ਰਹੀ ਤੇ ਸਕੂਲ ਦੀ ਉਸਾਰੀ ਤੇ ਚਲਾਣ ਵਿੱਚ ਉਸ ਦਾ ਬਹੁਤ ਯੋਗਦਾਨ ਹੈ। ਉਸਦੇ ਪਤੀ ਸਰਦਾਰ ਹਰਬੰਸ ਸਿੰਘ ਕਲਕੱਤੇ ਦੀ ਇਕ ਉਘੀ ਕੰਪਨੀ ਵਿੱਚ ਐਗਜ਼ੈਕਟਿਵ ਅਫਸਰ ਦੇ ਔਹਦੇ ਤੇ ਕੰਮ ਕਰਦੇ ਸਨ ਤੇ ਸਿੱਖ ਧਰਮ ਦੇ ਉਪਾਸ਼ਕ ਸਨ। ਦੂਸਰੀ ਪੁੱਤਰੀ ਸ੍ਰੀ ਮਤੀ ਕੁਲਜੀਤ ਜਗਜੀਤ ਸਿੰਘ ਸ਼ੁਧ ਵਿਚਾਰ ਤੇ ਦੁਨਿਆਵੀ ਸਮਝ ਵਾਲੀ ਔਰਤ ਹੈ ਤੇ ਸਰਦਾਰ ਜਗਜੀਤ ਸਿੰਘ ਦੀ ਪਤਨੀ ਹੈ, ਜੋ ਕਿ ਸਕੂਲ ਮੈਨੇਜਮੈਂਟ ਕਮੇਟੀ ਦੇ ਸਕੱਤਰ ਹਨ ਤੇ ਹਾਈ ਕੋਰਟ ਦੇ ਵਕੀਲ ਹਨ। ਉਨ੍ਹਾਂ ਦੀ ਤੀਸਰੀ ਪੁੱਤਰੀ ਬੜੀ ਸ਼ਾਂਤ ਸੁਭਾ ਦੀ ਮਾਲਕ ਏਅਰ ਕੋਮੋਡੋਰ ਮਹਿੰਦਰ ਸਿੰਘ, ਜੋ ਕਿ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ ਬੰਸ ਤੋਂ ਹਨ, ਨਾਲ ਵਿਆਹੀ ਸੀ। ਉਸ ਦਾ ੧੯੭੨ ਵਿੱਚ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਗਮ ਸਦਾ ਹੀ ਰੁੱਖਾ ਤੇ ਦੁਖਦਾਈ ਹੁੰਦਾ ਹੈ ਤੇ ਪਿਆਰਿਆਂ

ਦਾ ਵਿਛੋੜਾ ਸਦਾ ਦਿਲ ਨੂੰ ਸਾੜਦਾ ਹੈ। ਬੀਰ ਜੀ ਨੂੰ ਪੁੱਤਰੀ ਦੀ ਅਸਮੇਂ ਦੀ ਮੌਤ ਨੇ ਬੜਾ ਧੱਕਾ ਲਾਇਆ 'ਉਹ ਸਤਿਗੁਰੂ ਦੀ ਗੋਦੀ ਵਿੱਚ ਪੁੱਜ ਗਈ ਹੈ' ਕਹਿ ਕੇ ਬੀਰ ਜੀ ਨੇ ਦਿਲ ਨੂੰ ਢਾਰਸ ਦਿੱਤੀ। ਉਨ੍ਹਾਂ ਦੀ ਚੌਥੀ ਪੁੱਤਰੀ ਸਦਭਾਵਨਾ ਦੀ ਮੂਰਤ ਸਰਦਾਰ ਸਰਨ ਸਿੰਘ (ਜੋ ਕਿ ਉੱਚ ਦਰਜੇ ਦੇ ਆਈ. ਏ. ਐਸ. ਅਫਸਰ, ਬਿਹਾਰ ਦੇ ਮੁਖ ਸਕਤਰ ਤੇ ਭਾਰਤ ਸਰਕਾਰ ਦੇ ਸੈਕ੍ਰੇਟਰੀ ਦੇ ਔਹਦੇ ਤੇ ਰਹੇ ਹਨ) ਦੀ ਪਤਨੀ ਹੈ। ਸ੍ਰੀਮਤੀ ਕੁਲਮੀਤ ਕੌਰ, ਸੁਚੱਜੀ ਤੇ ਹਰਮਨ ਪਿਆਰੀ, ਬੀਰ ਜੀ ਦੀ ਸੱਭ ਤੋਂ ਛੋਟੀ ਪੁੱਤਰੀ, ਸਰਦਾਰ ਖੁਸ਼ਹਾਲ ਸਿੰਘ ਕੰਪਨੀ ਡਾਇਰੈਕਟਰ ਦੀ ਪਤਨੀ ਹੈ।

ਉਨ੍ਹਾਂ ਦੇ ਵਡੇ ਪੁੱਤਰ ਸਰਦਾਰ ਲਖਬੀਰ ਸਿੰਘ ਬਹੁਤ ਨਰਮ ਸੁਭਾ ਵਾਲਾ ਖ਼ੁਸ਼ ਮਿਜਾਜ਼, ਚੜ੍ਹਦੀ ਕਲਾ ਵਾਲੇ ਵਪਾਰ ਦੇ ਨਾਲ ਪੰਜਾਬੀ ਪਬਲਿਸ਼ਿੰਗ ਕੰਪਨੀ ਕਲਕੱਤਾ ਦਾ ਮੈਨੇਜਿੰਗ ਡਾਇਰੈਕਟਰ ਰਿਹਾ ਹੈ, ਜਿੱਥੋਂ ਰੋਜ਼ਾਨਾ 'ਦੇਸ਼ ਦਰਪਨ', ਸਪਤਾਹਿਕ 'ਖਾਲਸਾ ਗਜ਼ਟ' ਤੇ ਮਾਸਕ 'ਆਤਮ ਸਾਇੰਸ' ਦੇ ਪ੍ਰਕਾਸ਼ਨ ਲਈ ਜੁੰਮੇਵਾਰ ਰਹੇ ਹਨ। ਉਨ੍ਹਾਂ ਦਾ ਸਭਨਾਂ ਤੋਂ ਛੋਟਾ ਪੁੱਤਰ ਜਸਬੀਰ ਸਿੰਘ — ਮਸ਼ਹੂਰ ਖਿਡਾਰੀ, ਇੱਕ ਲਾਇਕ ਪ੍ਰਬੰਧ ਵਿਸ਼ੇਸ਼ਗਯ ਜੋ ਕਿ ਇਰਾਦੇ ਦਾ ਪੱਕਾ ਹੈ ਬਰਮਾ ਸ਼ੈਲ ਵਿੱਚ ਇੱਕ ਸਫਲ ਆਲਾ ਅਫਸਰ ਰਿਹਾ। ਇਹ ਧਾਰਣਾ ਸਹੀ ਹੈ ਕਿ ਬੱਚਿਆਂ ਦੀਆਂ ਰਗਾਂ ਵਿੱਚ ਮਾਤਾ ਪਿਤਾ ਦਾ ਖ਼ੂਨ ਵਗਦਾ ਹੈ ਤੇ ਮਾਤਾ ਪਿਤਾ ਦੀ ਸੀਰਤ ਬੱਚਿਆਂ ਵਿੱਚ ਵੀ ਜ਼ਾਹਿਰ ਹੁੰਦੀ ਹੈ। ਅਨੁਸਾਸ਼ਨ, ਚਰਿਤ੍ਰ ਤੇ ਧੀਰਜ ਦਾ ਸਬਕ ਸਾਰਿਆਂ ਨੇ ਘਰੋਂ ਹੀ ਸਿਖਿਆ।

ਉਘੇ ਸਕੂਲਾਂ ਨਾਲੋਂ ਸਮਝਦਾਰ ਮਾਤਾ ਪਿਤਾ ਦਾ ਦਰਜਾ ਕਿਤੇ ਵੱਧ ਹੈ। ਉਹ ਸੱਤ ਬੱਚਿਆਂ ਦਾ ਪਿਤਾ ਹੋਣ ਦਾ ਮਾਣ ਰੱਖਦਾ ਹੈ ਜੋ ਜੀਵਨ ਦੀਆਂ ਉਪਲਭਧੀਆਂ ਲਈ ਉਸਦੇ ਅਭਾਰੀ ਹਨ। ਉਨ੍ਹਾਂ ਦੇ ਵਿਚਾਰ ਵਿੱਚ ਸਭ ਕਰਨ ਕਰਾਵਣਹਾਰ ਤਾਂ ਸਤਿਗੁਰੂ ਹੈ, ਉਹ ਭਲਾ ਕੀ ਕਰ ਸਕਣ ਦੇ ਕਾਬਲ ਹਨ। ਬੱਚੇ ਦੀ ਸਿਕਸ਼ਾ ਦਾ ਸਵਾਲ ਹੋਵੇ ਜਾਂ ਉਸਦੇ ਚਰਿਤ੍ਰ ਨਿਰਮਾਣ ਦਾ, ਘਰ ਦੇ ਵਾਤਾਵਰਣ ਦਾ ਇਨ੍ਹਾਂ ਵਿੱਚ ਅਹਿਮ ਹਿੱਸਾ ਹੈ। ਘਰ ਵਿੱਚ ਬੱਚਾ ਜੋ ਕੁਝ ਭੀ ਪ੍ਰਾਪਤ ਕਰਦਾ ਹੈ, ਉਹ ਉਸਦੀ ਸ਼ਖ਼ਸੀਅਤ ਦਾ ਅਭਿੰਨ ਅੰਗ ਬਣ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ 'ਸ਼ਖਸੀਅਤ ਵਾਤਾਵਰਣ ਤੋਂ ਪ੍ਰਭਾਵਿਤ ਹੁੰਦੀ ਹੈ।' ਉਨ੍ਹਾਂ ਦੇ ਬੱਚਿਆਂ ਦੀਆਂ ਬਾਖ਼ੂਬੀ ਉਭਰੀਆਂ ਸ਼ਖਸੀਅਤਾਂ ਇਸ ਸਚਾਈ ਦਾ ਜੀਉਂਦਾ ਜਾਗਦਾ ਪ੍ਰਮਾਣ ਹਨ। ਬੀਰ ਜੀ ਦੀ ਚੁਨੌਤੀਆਂ ਵੰਗਾਰਣ ਦੀ ਪ੍ਰਵਿਰਤੀ ਤੇ ਭਾਰਤੀ ਰਸਮ ਰਿਵਾਜਾਂ ਵਿੱਚ ਅਟੁਟ ਵਿਸ਼ਵਾਸ ਦਾ ਨਤੀਜਾ ਹੈ ਕਿ ਉਨ੍ਹਾਂ ਦੇ ਬੱਚੇ ਸਤਿਗੁਰੂ ਦੀ ਛੱਤਰ ਛਾਇਆ ਹੇਠ ਪਲ ਰਹੇ ਹਨ।

ਉਹ ਜਾਤੀ ਭੇਦ ਭਾਵ ਦੇ ਸਖ਼ਤ ਵਿਰੋਧੀ ਹਨ ਤੇ ਉਨ੍ਹਾਂ ਆਪਣੀਆਂ ਪੁੱਤਰੀਆਂ ਦੇ ਜਾਤ ਤੋਂ ਬਾਹਰ ਪੂਰਨ ਸਿੱਖ ਮਰਿਆਦਾ ਅਨੁਸਾਰ ਵਿਆਹ ਕਰਕੇ

ਖ਼ੁਦ ਇੱਕ ਮਿਸਾਲ ਕਾਇਮ ਕੀਤੀ। ਉਨ੍ਹਾਂ ਦਾ ਵਿਚਾਰ ਹੈ ਕਿ ਵਿਆਹ ਸ਼ਾਦੀ ਕੁਦਰਤ ਦੇ ਹੱਥ ਹੈ।

## ਗਲਤਫਹਿਮੀ ਦਾ ਅੰਤ

ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਬੀਰ ਜੀ ਦੇ ਚਾਚੇ ਉਨ੍ਹਾਂ ਨੂੰ ਪਸੰਦ ਨਹੀਂ ਸਨ ਕਰਦੇ। ਕਿਉਂਕਿ ਉਨ੍ਹਾਂ ਦੇ ਵਿਚਾਰ ਵਿੱਚ ਦਾਦੀ ਦੀ ਸਾਰੀ ਜੈਦਾਦ ਦਾ ਉਹ ਇਕੱਲਾ ਵਾਰਿਸ ਬਣੇਗਾ। ਉਨ੍ਹਾਂ ਦੀ ਜਲਨ ਸੁਭਾਵਿਕ ਸੀ ਪਰ ਫਿਰ ਭੀ ਬੀਰ ਜੀ ਨੇ ਉਨ੍ਹਾਂ ਦੇ ਪ੍ਰਤੀ ਕਦੀ ਭੀ ਬਦਲੇ ਦੀ ਭਾਵਨਾ ਨਹੀਂ ਰੱਖੀ। ਹੈਰਾਨੀ ਦੀ ਗੱਲ ਹੈ ਕਿ ਆਪਣੀ ਦਾਦੀ ਦੇ ਸੁਰਗਵਾਸ ਮਗਰੋਂ ਨੌਜਵਾਨ ਰਘਬੀਰ ਸਿੰਘ ਨੇ ਵਿਰਸੇ ਵਿੱਚ ਮਿਲੀ ਸਾਰੀ ਜੈਦਾਦ ਆਪਣੇ ਚਾਚਿਆਂ ਨੂੰ ਮੋੜ ਦਿੱਤੀ ਤੇ ਇਸ ਤਰ੍ਹਾਂ ਚਲੀ ਆ ਰਹੀ ਘ੍ਰਿਣਾ ਨੂੰ ਸਦਾ ਲਈ ਖਤਮ ਕਰ ਦਿੱਤਾ।

ਇਹ ਗਲ ਕਹਿਣੀ ਲਾਜ਼ਮੀ ਹੈ ਕਿ ਲਾਹੌਰ ਦੇ ਮੁਹੱਲੇ ਮਿਸਰੀ ਸ਼ਾਹ ਵਿੱਚ ਇਨ੍ਹਾਂ ਦੇ ਪਿਤਾ ਤੇ ਚਾਚਿਆਂ ਨੇ ਮਿਲਕੇ ਇੱਕ ਮਕਾਨ ਤਾਮੀਰ ਕਰਾਇਆ ਸੀ ਪਰ ਉਹ ਕਿਸੇ ਤਰ੍ਹਾਂ ਵੀ ਆਪਣੀ ਮਾਤਾ ਨੂੰ ਉਥੇ ਆਕੇ ਰਹਿਣ ਲਈ ਰਾਜੀ ਨਹੀਂ ਕਰ ਸਕੇ। ਉਹ ਆਪਣੇ ਪੁਰਾਣੇ ਮਕਾਨ ਵਿੱਚ ਹੀ, ਜਿਸ ਨਾਲ ਉਨ੍ਹਾਂ ਦਾ ਭਾਵਨਾਤਮਕ ਲਗਾਵ ਹੋ ਗਿਆ ਸੀ, ਰਹਿੰਦੇ ਰਹੇ। ਅਕਾਲੀ ਲਹਿਰ ਮਗਰੋਂ ਬੀਰ ਜੀ ਕਲਕੱਤੇ ਵੱਸ ਗਏ ਸਨ, ਚਾਲ੍ਹੀਆਂ ਦੇ ਦਹਾਕੇ ਦੇ ਵਿੱਚਕਾਰ ਜਹੇ ਆਪਣੇ ਘਰ ਵਾਲਿਆਂ ਨੂੰ ਮਿਲਣ ਲਾਹੌਰ ਆਏ। ਜਦ ਉਹ ਆਪਣੀ ਦਾਦੀ ਜੀ ਦੇ ਘਰ ਗਏ ਤਾਂ ਉਨ੍ਹਾਂ ਕਿਹਾ ਕਿ ਮੈਂ ਤੇਰਾ ਹੀ ਇੰਤਜ਼ਾਰ ਕਰ ਰਹੀ ਸਾਂ। "ਉਨ੍ਹਾਂ ਨੇ ਆਪਣੀ ਦਾਦੀ ਜੀ ਨੂੰ ਪੁਰਾਣਾ ਘਰ ਛੱਡ ਕੇ ਉਨ੍ਹਾਂ ਦੇ ਪਿਤਾ ਦੇ ਨਵੇਂ ਘਰ ਵਿੱਚ ਜਾ ਕੇ ਰਹਿਣ ਲਈ ਬੇਨਤੀ ਕੀਤੀ ਤਾਂ ਉਹ ਕੁਝ ਝਿਜਕ ਤੋਂ ਬਾਅਦ ਮੰਨ ਗਏ ਪਰ ਦੂਜੇ ਦਿਨ ਹੀ ਉਹ ਉਥੇ ਤੰਗੀ ਮਹਿਸੂਸ ਕਰਨ ਲੱਗੇ ਤੇ ਉਨ੍ਹਾਂ ਨੌਜਵਾਨ ਬੀਰ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਇਕੱਲੀ ਛੱਡਕੇ ਨਾ ਜਾਵੇ। ਜਿਉਂ ਹੀ ਉਨ੍ਹਾਂ ਆਪਣੀ ਦਾਦੀ ਦਾ ਸਿਰ ਆਪਣੀ ਗੋਦੀ ਵਿੱਚ ਰੱਖਿਆ ਬਿਨਾਂ ਹੋਰ ਕੁਝ ਕਹੇ ਉਨ੍ਹਾ ਦੇ ਪ੍ਰਾਣ ਪੰਖੇਰੂ ਉਡ ਗਏ। ਮੌਤ ਦਾ ਕੋਈ ਸਮਾਂ ਨਿਸ਼ਚਿਤ ਨਹੀਂ। ਪਰ ਆਪਣੀ ਮੌਤ ਤੋਂ ਕੁਝ ਘੰਟੇ ਪਹਿਲਾਂ ਉਨ੍ਹਾਂ ਆਪਣੇ ਟ੍ਰੰਕਾਂ ਦੀਆਂ ਚਾਬੀਆਂ, ਜਿਨ੍ਹਾਂ ਵਿਚ ਸੋਨਾ ਤੇ ਕਈ ਹਜ਼ਾਰ ਰੁਪਏ ਦੇ ਜ਼ੇਵਰ ਸਨ, ਉਨ੍ਹਾਂ ਨੂੰ ਸੋਂਪ ਦਿੱਤੀਆਂ। ਦੂਜੀ ਸਵੇਰ ਉਨ੍ਹਾਂ ਨੇ ਇਹ ਦੇਖੇ ਬਗੈਰ ਹੀ ਕਿ ਟ੍ਰੰਕਾਂ ਵਿੱਚ ਕੀ ਸੀ, ਚਾਬੀਆਂ ਆਪਣੇ ਚਾਚਿਆਂ ਦੇ ਹਵਾਲੇ ਕਰ ਦਿੱਤੀਆਂ। ਉਨ੍ਹਾਂ ਨੂੰ ਹੈਰਾਨੀ ਤਾਂ ਹੋਈ ਪਰ ਉਨ੍ਹਾਂ ਖੁਸ਼ੀ ਨਾਲ ਮੰਨਜ਼ੂਰੀ ਦੇ ਦਿੱਤੀ। ਵਡੀਆਂ ਕਰਨੀਆਂ ਨਾਲੋਂ ਛੋਟੇ ਕੰਮਾਂ ਵਿੱਚ ਸ਼ਰਾਫਤ ਜ਼ਿਆਦਾ ਉਜਾਗਰ ਹੁੰਦੀ ਹੈ।

ਉਨ੍ਹਾਂ ਆਪਣੇ ਵੱਡੇ ਦਿਲ, ਮੋਕਲੇ ਭਾਵ ਤੇ ਦੂਰ ਅੰਦੇਸ਼ੀ ਦਾ ਸਬੂਤ ਦਿੰਦਿਆਂ ਪਰਿਵਾਰ ਵਿੱਚ ਚਲੀ ਆ ਰਹੀ ਗਲਤਫਹਿਮੀ ਦਾ ਅੰਤ ਕਰ ਦਿੱਤਾ।

## ਕਲਕੱਤਾ ਮਹਾਨਗਰ ਵਿਚ ਵਾਸਾ

ਇਕ ਵਾਰੀ ੧੯੭੦ ਦੇ ਲਗਭਗ ਸ. ਗੁਰਮੁਖ ਸਿੰਘ ਮੁਸਾਫ਼ਰ ਜੋ ਉਸ ਵਕੱਤ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਸਨ ਉਹਨਾਂ ਨੇ ਇਕ ਸਮਾਗਮ ਵਿਚ ਜਿਸ ਦਾ ਪ੍ਰਧਾਨ Chief Minister ਸਿਧਾਰਥ ਸ਼ੰਕਰ ਰੇਅ ਸਨ ਅਤੇ ਖ਼ੁਸ਼ਵੰਤ ਸਿੰਘ Chief Guest ਸੀ ਉਸ ਸਮਾਗਮ ਵਿੱਚ ਵੇਖਿਆ ਸ. ਗੁਰਮੁਖ ਸਿੰਘ ਮੁਸਾਫ਼ਰ ਜੀ ਨੇ ਆਜ਼ਾ ਦੀਦੀ ਜਦੋਜਿਹਦ ਦਾ ਜ਼ਿਕਰ ਕਰਦਿਆਂ ਦਸਿਆ ਕਿ ਮੇਰੀ ਅਤੇ ਸਰਦਾਰ ਰਘਬੀਰ ਸਿੰਘ 'ਬੀਰ' ਦੀ Duty ਲੱਗੀ ਕਿ ੧੯੨੦ ਵਿਚ ਜੋ ਸਮਾਗਮ ਕਾਂਗਰਸ ਦਾ ਹੋਣਾਂ ਸੀ ਉਸ ਦਾ ਪਰਬੰਧ ਕਰੀਏ ਇਸ ਲਈ ਅਸੀਂ ਦੋਨਾਂ ਨੇ ਕਲਕੱਤੇ ਵਿਚ ਅਪਣਾ Head Quarter ਬਨਾਇਆ ਅਤੇ ਗਯਾ (Gaya) ਵਿਚ ਕਾਂਗਰਸ Session ਦਾ ਪ੍ਰਬੰਧ ਕੀਤਾ। ਸੋ ਸ. ਰਘਬੀਰ ਸਿੰਘ 'ਬੀਰ' ਨੂੰ ਉਦੋਂ ਹੀ ਖਿਆਲ ਆਇਆ ਕਿ ਉਹ ਕਲਕਤੇ ਹੀ ਆ ਕੇ ਵਪਾਰ ਕਰਨ, ਕਿਉਂ ਜੁ ਉਹਨਾਂ ਨੇ British ਸਰਕਾਰ ਦੀ ਨੌਕਰੀ ਨਾ ਕਰਨ ਦਾ ਫੈਸਲਾ ਕੀਤਾ ਹੋਇਆ ਸੀ।

## ਟੈਕਸੀ ਦਾ ਧੰਦਾ ਤੇ ਆਖਰੀ ਪ੍ਰਤਿਗਿਆ

ਛੇ ਸੱਤ ਦਰਜਨ ਟੈਕਸੀ ਦੇ ਮਾਲਕ ਸਨ। ੧੯੨੧ ਵਿੱਚ ਅਕਾਲੀ ਲਹਿਰ ਤੋਂ ਅਲਗ ਹੋ ਕੇ ਬੀਰ ਜੀ ਕਲਕੱਤੇ ਆਪਣਾ ਕੋਈ ਕੰਮ ਸ਼ੁਰੂ ਕਰਨ ਦੇ ਇਰਾਦੇ ਨਾਲ ਚਲੇ ਗਏ। ਉਥੇ ਉਨ੍ਹਾਂ ਟੈਕਸੀ ਦਾ ਕਾਰੋਬਾਰ ਸ਼ੁਰੂ ਕੀਤਾ। ਉਨ੍ਹਾਂ ਦੀ ਮਿਲਵਰਤਨ ਦੀ ਪ੍ਰਵਿਰਤੀ, ਮਦਦਗਾਰ ਸੁਭਾ ਤੇ ਸਹਾਨਭੂਤੀ ਪੂਰਣ ਰਵੱਈਏ ਕਾਰਣ ਉਨ੍ਹਾਂ ਦਾ ਕੰਮ ਚਲ ਨਿਕਲਿਆ। ਵਾਹਿਗੁਰੂ ਦੇ ਪ੍ਰਤਾਪ ਨਾਲ ਉਹ ਜਲਦੀ ਹੀ ਛੇ ਕੁ ਦਰਜਨ ਟੈਕਸੀਆਂ ਦੇ ਮਾਲਕ ਬਣ ਗਏ ਤੇ ਉਹ 'ਟੈਕਸੀਆਂ ਦੇ ਸ਼ਹਿਜਾਦੇ' ਦੇ ਨਾਂ ਨਾਲ ਜਾਣੇ ਜਾਣ ਲੱਗੇ। ਸਫਲਤਾ ਦਾ ਸਾਰ ਇਨਸਾਨ ਦੀ ਕੁਦਰਤੀ ਕਾਬਲੀਅਤ ਅਤੇ ਉਸ ਨੂੰ ਵਰਤੋਂ ਵਿੱਚ ਲਿਆਣ ਦੀ ਤੀਬਰ ਅਭਿਲਾਸਾ ਤੇ ਮੁਨੱਸਰ ਹੁੰਦਾ ਹੈ। ਮਿਹਨਤ ਕਦੇ ਅਜਾਈਂ ਨਹੀਂ ਜਾਂਦੀ। ਉਨ੍ਹਾਂ ਆਪਣੇ ਕਾਰੋਬਾਰ ਦੀ ਦੇਖ ਰੇਖ ਲਈ ਕਈ ਅੰਗਰੇਜ਼ਾਂ ਨੂੰ ਮੁਲਾਜ਼ਮ ਰੱਖਿਆ। ਆਪਣੇ ਕਾਰੋਬਾਰ ਦੀ ਬੜ੍ਹੋਤਰੀ ਲਈ ਤੇ ਉਘੇ ਲੋਕਾਂ ਦੀ ਸੋਹਬਤ ਲਈ ਉਹਨਾਂ Free Msson's Lodge ਜਾਣਾ ਸ਼ੁਰੂ ਕੀਤਾ। ਪਹਿਲਾਂ ਭੀ ਉਹ ਕੋਈ ਸ਼ੁਧ ਸ਼ਾਕਾਹਾਰੀ ਨਹੀਂ ਸਨ। ਚੰਗੀ ਜਾਂ ਬੁਰੀ ਸੋਹਬਤ ਦਾ ਸਿੱਧਾ ਅਸਰ ਇਨਸਾਨ ਦੇ ਚਰਿਤ੍ਰ ਤੇ ਪੈਂਦਾ ਹੀ ਹੈ। ਸਮਝਦਾਰੀ ਸਮਝਦਾਰਾਂ ਦੀ ਸੋਹਬਤ ਵਿੱਚ ਹੀ ਹੈ" ਜਦ ਭੀ ਮੈਂ ਇੰਨ੍ਹਾਂ ਬੰਦਿਆਂ ਦੀ ਸੋਹਬਤ ਵਿੱਚ ਹੁੰਦਾ ਹਾਂ ਤਾਂ ਮੈਂ ਉਨ੍ਹਾਂ ਵਿੱਚੋਂ ਆਪਣਾ ਗੁਰੂ ਭਾਲ ਲੈਂਦਾ ਹਾਂ। ਮੈਂ ਅੱਛੇ ਬੰਦੇ ਦਾ ਚੁਨਾਵ ਕਰਨ ਦੇ ਕਾਬਲ ਹਾਂ, ਜਿਸਦੇ ਨਕਸ਼ੇ-ਕਦਮ ਤੇ ਮੈਂ ਚਲ ਸਕਾਂ ਤੇ ਭੈੜੇ ਬੰਦੇ ਦੀ ਸ਼ਿਨਾਖਤ ਕਰ ਸਕਦਾ ਹਾਂ, ਜਿਸ ਕਰਕੇ ਮੈਂ ਆਪਣੀਆਂ ਗਲਤੀਆਂ ਸੁਧਾਰ ਸਕਾਂ।" ਉਹਨਾ ਕਿਹਾ।

ਦਿਨ ਰਾਤ ਦੀ ਅਣਥੱਕ ਮਿਹਨਤ ਦੇ ਕਾਰਣ ਉਹ Meningitis ਜਹੀ ਖਤਰਨਾਕ ਬੀਮਾਰੀ ਦੇ ੧੯੩੫ ਵਿੱਚ ਸ਼ਿਕਾਰ ਬਣੇ। ਇਸ ਬੀਮਾਰੀ ਨੇ ਉਨ੍ਹਾਂ ਦੀ ਜੀਵਨ ਧਾਰਾ ਹੀ ਮੋੜ ਦਿੱਤੀ। ਲਾਲਸਾ, ਭਾਵਨਾਵਾਂ ਤੇ ਵਿਚਾਰ ਐਸੀਆਂ ਮਹਾਨ ਸ਼ਕਤੀਆਂ ਹਨ, ਜਿਨ੍ਹਾਂ ਦਾ ਸਿੱਧਾ ਪ੍ਰਭਾਵ ਸਾਡੇ ਜੀਵਨ ਤੇ ਪੈਂਦਾ ਹੈ। ਉਨ੍ਹਾਂ ਨੂੰ ਆਪਣੀ ਦਾਦੀ ਨੂੰ ਦਿੱਤੇ ਵਚਨ ਦੀ ਯਾਦ ਆ ਗਈ ਕਿ ਉਹ ਆਪਣਾ ਜੀਵਨ ਧਾਰਮਿਕ ਅਧਿਅਨ ਤੇ ਸਮਾਜ ਦੀ ਬੇਹਤਰੀ ਲਈ ਸਮਰਪਿਤ ਕਰੇਗਾ। ਆਪਣੀ ਦਾਦੀ ਨੂੰ ਦਿੱਤਾ ਇਹ ਵਚਨ ਕਿ ਉਹ ਸ਼ਰਾਬ ਨਹੀਂ ਪੀਣਗੇ ਪਰ ਕਈ ਕਾਰਣਾਂ ਕਰਕੇ ਉਹ ਆਪਣਾ ਵਚਨ ਨਿਭਾ ਨਾ ਸਕੇ। ੧੯੩੭ ਦੇ ਅਰੰਭ ਵਿੱਚ ਉਨ੍ਹਾਂ ਸੌਂਹ ਖਾਧੀ ਕਿ ਉਹ ਟੈਕਸੀਆਂ ਦਾ ਕਾਰੋਬਾਰ ਤਿਆਗ ਦੇਣਗੇ। ਉਨ੍ਹਾਂ ਨੇ ਕਿਸੇ ਤਰ੍ਹਾਂ ਦੇ ਭੀ ਨਸ਼ੀਲੇ ਪਦਾਰਥ ਦੇ ਇਸਤੇਮਾਲ ਨਾ ਕਰਨ ਦਾ ਭੀ ਨਿਰਣਾ ਲਿਆ ਤੇ ਉਸਤੇ ਸਦਾ ਕਾਇਮ ਰਹੇ। ਉਨ੍ਹਾਂ ਮਹਿਸੂਸ ਕੀਤਾ ਕਿ ਸ਼ਰਾਬ ਪੀਣਾ ਇੱਕ ਬੀਮਾਰੀ ਹੈ, ਨਾ ਕਿ ਬੁਰੀ ਆਦਤ। "ਮੈਨੂੰ ਯਕੀਨ ਹੈ ਕਿ ਬਹੁਤ ਸਾਰੇ ਲੋਕ ਖੁਸ਼ੀ ਨਾਲ ਸ਼ਰਾਬ ਪੀਣਾ ਤਿਆਗ ਦੇਣ, ਜੇਕਰ ਉਹ ਤਿਆਗ ਸਕਣ।" ਉਨ੍ਹਾਂ ਦਾ ਇਹ ਵਿਚਾਰ ਹੈ। ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸ਼ਰਾਬ ਇਖ਼ਲਾਕ (ਚਰਿਤ੍ਰ) ਦਾ ਸਰਵਨਾਸ਼ ਕਰਦੀ ਹੈ ਅਤੇ ਇਨਸਾਨ ਨੂੰ ਹੈਵਾਨ ਬਣਾ ਦਿੰਦੀ ਹੈ। ਇਤਿਹਾਸ ਇਸ ਦਾ ਗਵਾਹ ਹੈ ਕਿ ਸ਼ਰਾਬ ਦੇ ਕਾਰਣ ਬਾਦਸ਼ਾਹੀਆਂ ਤਬਾਹ ਹੋਈਆਂ, ਸਰਕਾਰਾਂ ਦੀ ਹਾਰ ਹੋਈ ਤੇ ਕਈ ਪਰਿਵਾਰ ਉਜੜੇ।

ਉਨ੍ਹਾਂ ਨੇ ਕਿਸੇ ਕਿਸਮ ਦਾ ਬਿਓਪਾਰ ਨਾ ਕਰਨ ਦਾ ਵੀ ਫੈਸਲਾ ਕੀਤਾ ਤੇ ਆਪਣੀ ਬਾਕੀ ਦੀ ਜ਼ਿੰਦਗੀ ਸਿੱਖੀ ਦੇ ਪ੍ਰਚਾਰ ਤੇ ਆਪਸੀ ਭਾਈਚਾਰੇ ਨੂੰ ਫੈਲਾਉਣ, ਗੁਰੂਆਂ ਦੇ ਮੱਤ ਅਨੁਸਾਰ ਲੋਕਾਂ ਨੂੰ ਚਲਣ ਲਈ ਪ੍ਰੇਰਿਤ ਕਰਨ ਵਿੱਚ ਲਗਾ ਦੇਣਗੇ। ਇਸ ਵਿਚਾਰਧਾਰਾ ਮੁਤਾਬਿਕ ਉਹ ਸਦਾ ਕੰਮ ਕਰਦੇ ਰਹੇ। ਉਨ੍ਹਾਂ ਦੇ ਮੱਤ ਅਨੁਸਾਰ ਸਵੱਛ ਆਤਮਾ ਦਾ ਮਾਲਕ ਹੋਣਾ, ਮਨ ਦੀ ਸ਼ਾਂਤੀ ਦਾ ਹੋਣਾ ਲਾਜ਼ਮੀ ਹੈ, ਭਾਵੇਂ ਬੰਦਾ ਗਰੀਬ ਹੀ ਕਿਉਂ ਨਾ ਹੋਵੇ, ਬਨਿਸਬਤ ਇੱਸ ਦੇ ਕਿ ਧਨ ਦੌਲਤ ਦਾ ਭੰਡਾਰ ਤਾਂ ਹੋਵੇ, ਉਚੇ ਔਹਦੇ ਤੇ ਹੋਵੇ ਜਾਂ ਬਹੁਤ ਵੱਡਾ ਬਿਓਪਾਰੀ ਹੋਵੇ ਪਰ ਨਾਲ ਹੀ ਫਿਕਰ, ਤਨਾਵ ਤੇ ਮੁਸ਼ਕਲਾਂ ਦੇ ਘੇਰੇ ਵਿੱਚ ਫਸਿਆ ਹੋਇਆ ਹੋਵੇ। ਉਹ ਮੰਨਦੇ ਹਨ ਕਿ ਇਸ ਵਿੱਚ ਸ਼ੱਕ ਨਹੀਂ ਕਿ ਜੀਵਨਯਾਪਣ ਲਈ ਪੈਸਾ ਜ਼ਰੂਰੀ ਹੈ ਪਰ ਜੀਵਨ ਦਾ ਸੱਭ ਕੁੱਝ ਨਹੀਂ ਬਣ ਜਾਣਾ ਚਾਹੀਦਾ। "ਪੈਸਾ ਦੁਨੀਆਂ ਤੇ ਹਕੂਮਤ ਨਹੀਂ ਕਰਦਾ ਬਲਕਿ ਨੇਕ ਚਲਨੀ ਹਕੂਮਤ ਕਰਦੀ ਹੈ।" ਉਨ੍ਹਾਂ ਨੇ ਪੈਗਾਮ ਦਿੱਤਾ। ਉਨ੍ਹਾਂ ਅਜਿਹੀਆਂ ਕਈ ਮਿਸਾਲਾਂ ਦਿੱਤੀਆਂ, ਜਦੋਂ ਇਮਾਨਦਾਰ ਤੇ ਸੱਚੇ ਲੋਕ ਭੀ ਵਪਾਰ ਵਿੱਚ ਭ੍ਰਸ਼ਟ ਬਣ ਗਏ। ਬੁਰੇ ਤਰੀਕਿਆਂ ਨਾਲ ਅੱਛਾਈ ਭੀ ਤਬਾਹ ਹੋ ਜਾਂਦੀ ਹੈ।

ਉਨ੍ਹਾਂ ਵਿਖਾਇਆ ਹੈ ਕਿ ਇਨਸਾਨ ਆਪ ਆਪਣਾ ਭਵਿਖ, ਸ਼ਖ਼ਸੀਅਤ ਅਤੇ

ਚਰਿਤ੍ਰ ਦਾ ਨਿਰਮਾਣ ਕਰਦਾ ਹੈ ਅਤੇ ਚਰਿਤ੍ਰ ਦਾ ਨਿਰਮਾਣ ਭੋਰਾ ਭੋਰਾ ਕਰਕੇ ਦਿਨ ਬਦਿਨ ਵਿੱਚ ਹੁੰਦਾ ਹੈ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਾਡੀ ਪੜ੍ਹਾਈ ਲਿਖਾਈ ਦਾ ਖਾਸ ਮੰਤਵ ਚਰਿਤ੍ਰ ਨਿਰਮਾਣ ਹੋਣਾ ਚਾਹੀਦਾ ਹੈ। ਉਨ੍ਹਾਂ ਸਾਬਤ ਕਰ ਵਿਖਾਇਆ ਹੈ ਕਿ ਇਨਸਾਨ ਹਰ ਉਸ ਕੰਮ ਵਿੱਚ ਕਾਮਯਾਬ ਹੋ ਸਕਦਾ ਹੈ, ਜਿਸ ਨੂੰ ਪੂਰਾ ਕਰਨ ਲਈ ਉਸ ਦੇ 'ਚਰਿਤ੍ਰ ਵਿੱਚ ਦ੍ਰਿੜ੍ਹ ਇਰਾਦਾ ਸ਼ਾਮਲ ਹੋਵੇ।'

ਉਨ੍ਹਾਂ ਆਪਣੇ ਕਰਮ, ਤਰੱਕੀ ਦੀ ਲਗਨ ਤੇ ਸਿੱਖ ਸਿੱਖ ਕੇ ਸੁਧਾਰ ਰਾਹੀਂ ਹੀ ਆਪ ਨੂੰ ਕੁਝ ਬਣਾਇਆ। ਸ਼ੁਰੂ ਵਿੱਚ ਵੱਡੇ ਆਦਮੀ ਵੱਡੇ ਨਹੀਂ ਸਨ, ਜਦੋਂ ਕਿ ਉਨ੍ਹਾਂ ਆਪਣਾ ਕਿੱਤਾ ਚੁਣਿਆ। ਜੀਵਨ ਦਾ ਵਪਾਰ ਗਿਆਨ ਨਹੀਂ ਬਲਕਿ ਕਾਰ ਕਰਨਾ ਸੀ। ਅਮਰੀਕਾ ਦੀ ਖੋਜ ਕਰਦੇ ਸਮੇਂ ਕੋਲੰਬਸ ਵੱਡਾ ਆਦਮੀ ਨਹੀਂ ਸੀ, ਪਰ ਅਮਰੀਕਾ ਦੀ ਖੋਜ ਕਰਨ ਤੋਂ ਬਾਅਦ ਹੀ ਉਹ ਉਘਾ ਬਣਿਆ।

## ਪਿਤਾ ਦੀ ਪ੍ਰਤਿਭਾ ਤੇ ਉਨਾਂ ਦਾ ਸੁਰਗਵਾਸ

ਉਹਨਾਂ ਦੇ ਪਿਤਾ ਸ. ਲਹਿਣਾ ਸਿੰਘ ਨਿੱਘ ਵਿਚ ਵਿਸ਼ਵਾਸ ਨਹੀ ਸੀ। ਇਕ ਪਾਸੇ ਉਹਨਾਂ ਦੀ ਮਾਂ ਬਹੁਤ ਭਗਤ ਸੀ, ਜੋ ਸਵੇਰੇ ੩ ਵਜੇ ਉਠ ਕੇ ਭਜਨ ਕਰਦੀ ਸੀ ਤੇ ਦੂਸਰੇ ਪਾਸੇ ਉਹਨਾਂ ਦਾ ਸਭ ਤੋਂ ਵੱਡਾ ਪੁੱਤਰ ਜਿਸ ਨੂੰ ਉਹ ਬਹੁਤ ਪਿਆਰ ਤੇ ਸਤਿਕਾਰ ਕਰਦੇ ਸਨ (ਸ. ਰਘਬੀਰ ਸਿੰਘ ਜੀ ਦਾ) ਜਦ ਸ. ਲਹਿਣਾ ਸਿੰਘ ਰਿਟਾਇਰ ਹੋ ਗਏ, ਤਾਂ ਲਾਹੌਰ ਵਿਚ ਕਰਿਸਚਨ Science Society ਦੇ ਮੈਂਬਰ ਬਣ ਗਏ ਇਕ ਦਿਨ ਉਹਨਾਂ ਨੇ ਆਪਣੇ ਬੇਟੇ ਨੂੰ ਆਖਿਆ ਕਿ Chirstian Science ਵਿਚੋਂ ਸੁਣਿਆਂ ਹੈ ਕਿ ਮਨੁੱਖ ਕਦੀ ਬੀਮਾਰ ਨਹੀਂ ਹੁੰਦਾ ਹੈ। ਪਰ ਜਦ ਗਲਤਫਹਿਮੀ ਨਾਲ ਮੰਨੇ ਕਿ ਮੈਂ ਬੀਮਾਰ ਹਾਂ ਤਾਂ ਉਹ ਇਨਸਾਨ ਬੀਮਾਰ ਹੁੰਦਾ ਹੈ। ਸ. ਰਘਬੀਰ ਸਿੰਘ ਹੁਰਾਂ ਨੇ ਉਹਨਾਂ ਨੂੰ ਸੁਖਮਨੀ ਸਾਹਿਬ ਵਿਚ ਲਿਖੇ 'ਸਰਬ ਰੋਗ ਕਾ ਅਉਖਦ ਨਾਮੁ' ਲਿਆ ਕਿ ਦਖਾਇਆ ਉਸੇ ਦਿਨ ਤੋਂ ਉਹਨਾਂ ਦੀ ਰੁਚੀ ਗੁਰਬਾਣੀ ਵਲ ਜੁੜ ਗਈ ਅਤੇ ੬ ਮਹੀਨੇ ਤਕ ਉਹ ਸਿਰਫ ਇਸ ਤੁਕ "ਸਰਬ ਰੋਗ ਕਾ ਅਉਖਧ ਨਾਮ" ਦਾ ਜਾਪੁ ਕਰਦੇ ਰਹੇ, ਪਹਿਲਾਂ ਹੀ ਜ਼ਮੀਨ ਤਿਆਰ ਸੀ ਅਤੇ ਉਹ ਬਹੁਤ ਉਚੇ ਆਚਰਨ ਵਾਲੇ ਪੁਰਸ਼ ਸਨ, ਇਸ ਲਈ ਉਹਨਾਂ ਨੇ ਉਸ ਤੋਂ ਬਾਅਦ ਸਾਰੀ ਉਮਰ ਕਦੀ ਦਵਾਈ ਨਹੀਂ ਖਾਧੀ। ਤੇ ਉਹ ਕਦੀ ਹਸਪਤਾਲ ਵਿਚ ਨਾ ਹੀ ਗਏ, ਤਾਂ ਨਾ ਹੀ ਦਾਖਲ ਹੋਏ ਆਪ ਜੀ ਨੇ ਜੋ ਇਹ ਲਿਖਿਆ ਹੈ, ਕਿਥੋਂ ਲਿਆ ਹੈ। ਜੇ ਤਾਂ ਸੁਣੀ ਸੁਣਾਈ ਗਲ ਹੈ ਤਾਂ ਗਲਤ ਹੈ। ਪਰ ਜੇ ਬੀਰ ਜੀ ਨੇ ਕਿਤੇ ਆਪਣੀ ਕਿਸੇ ਕਿਤਾਬ ਵਿਚ ਲਿਖਿਆ ਹੈ ਤਾਂ ਜ਼ਰੂਰ ਇਸ ਵਿਚ ਸਚਾਈ ਹੋਵੇਗੀ। ਮੈਂ (Mrs. K.H. Singh) ਉਹਨਾਂ ਦੀ ਵੱਡੀ ਲੜਕੀ ਹੋਣ ਕਰਕੇ ਤੇ ਬਚਪਨ ਤੋਂ ਸਭ ਕੁਝ ਜਾਣਦੀ ਸੀ।

ਰਿਟਾਇਰ ਹੋਣ ਤੋਂ ਬਾਅਦ ਉਨ੍ਹਾਂ ਦੇ ਪਿਤਾ ਨੂੰ ਗਠੀਆ ਤੇ ਜੋੜਾਂ ਦੇ ਦਰਦ ਦੀ ਬੀਮਾਰੀ ਨੇ ਆ ਘੇਰਿਆ ਤੇ ਉਨ੍ਹਾਂ ਨੂੰ ਕਪੂਰਥਲੇ, ਜਿੱਥੇ ਵੰਡ ਤੋਂ ਬਾਅਦ ਉਹ

ਆ ਕੇ ਵਸ ਗਏ ਸਨ, ਦੇ ਹਸਪਤਾਲ ਵਿਚ ਭਰਤੀ ਕਰਾ ਦਿੱਤਾ। ਇਸੇ ਹਸਪਤਾਲ ਵਿੱਚ ਹੀ ਉਨ੍ਹਾਂ ਨੂੰ ਰੱਬ ਦੀ ਹੋਂਦ ਦਾ ਪਹਿਲਾ ਤੇ ਚਿਰਸਥਾਈ ਅਹਿਸਾਸ ਹੋਇਆ। "ਸਰਬ ਰੋਗ ਕਾ ਅਉਖਦ ਨਾਮ" ਪੜ੍ਹਦਿਆਂ ਹੀ ਉਨ੍ਹਾਂ ਦੀ ਜੀਵਨ ਧਾਰਾ ਵਿੱਚ ਮੋੜ ਆ ਗਿਆ। ਕੁਝ ਦਿਨਾਂ ਬਾਅਦ ਉਨ੍ਹਾਂ ਕੋਈ ਵੀ ਦਵਾਈ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਡਾਕਟਰਾਂ ਦਾ ਮਸ਼ਵਰਾ ਲੈਣਾ ਵੀ ਬੰਦ ਕਰ ਦਿੱਤਾ। ਉਨ੍ਹਾਂ ਦਾ ਇਰਾਦਾ ਇਤਨਾ ਦ੍ਰਿੜ ਸੀ ਕਿ ਉਨ੍ਹਾਂ ਨੇ ਤਕਰੀਬਨ ਚੌਥਾਈ ਸਦੀ ਤੱਕ ਕੋਈ ਦਵਾਈ ਨਹੀਂ ਲਈ, ਜਾਂ ਇੰਜ ਕਹੋ ਕਿ ਅੰਤਮ ਸਮੇਂ ਤੱਕ ਦਵਾਈ ਨਹੀਂ ਖਾਧੀ। ਉਨ੍ਹਾਂ ਦੇ ਅੰਦਰ ਗੁਰਬਾਣੀ ਲਈ ਡੂੰਘੀ ਆਸਥਾ ਦਾ ਸੰਚਾਰ ਹੋਇਆ ਤੇ ਉਨ੍ਹਾਂ ਦੀ ਸੇਹਤ ਠੀਕ ਹੁੰਦੀ ਚਲੀ ਗਈ।

ਗਿਆਨ ਪ੍ਰਾਪਤੀ ਮਗਰੋਂ ਸ. ਲਹਿਣਾ ਸਿੰਘ ਅਤਿਅੰਤ ਧਾਰਮਿਕ ਇਨਸਾਨ ਬਣ ਗਏ ਤੇ ਹਰ ਰੋਜ 'ਨਿਤਨੇਮ' ਕਰਨ ਲੱਗੇ। ਉਨ੍ਹਾਂ ਦੀ ਮਾਨਤਾ 'ਕ੍ਰਿਸਚਨ ਸਾਇੰਸ ਸੋਸਾਇਟੀ' ਵਿੱਚ ਭੀ ਸੀ। ਸੋਸਇਟੀ ਦੇ ਹਾਲ ਦੀਆਂ ਕੰਧਾਂ ਤੇ ਕੁਝ ਵਿਚਾਰ ਲਿਖੇ ਹੋਏ ਸਨ ਤੇ ਉਨ੍ਹਾਂ ਵਿਚੋਂ ਇੱਕ ਇੰਜ ਸੀ "ਤੇਰਾ ਨਾਂ ਹੀ ਸਭ ਕਾਸੇ ਦਾ ਇਲਾਜ ਹੈ।" ਇਨ੍ਹਾਂ ਸ਼ਬਦਾਂ ਨੇ ਉਨ੍ਹਾਂ ਨੂੰ ਐਨਾ ਮੁਤਾਸਰ ਕੀਤਾ ਕਿ ਆਪਣੇ ਅੰਤ ਤੱਕ ਇਸ ਸੋਸਾਇਟੀ ਨਾਲ ਜੁੜੇ ਰਹੇ। ਉਨ੍ਹਾਂ ਆਪਣੇ ਤਜਰਬੇ ਦੇ ਕਾਰਣ ਹੋਰਨਾਂ ਨੂੰ ਭੀ ਉਤਸਾਹਿਤ ਕਰਨਾ ਤੇ ਉਨ੍ਹਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦਾ ਵਿਚਾਰ ਸੀ ਕਿ ਇੱਛਾ ਸ਼ਕਤੀ ਤੇ ਦ੍ਰਿੜ੍ਹ ਇਰਾਦਾ ਅਜਿਹੇ ਸ਼ਕਤੀਸ਼ਾਲੀ ਹਥਿਆਰ ਹਨ ਜਿਨ੍ਹਾਂ ਦਾ ਸਾਡੇ ਜੀਵਨ ਤੇ ਡੂੰਘਾ ਅਸਰ ਪੈਂਦਾ ਹੈ।

ਸਾਡੇ ਪਾਠਕਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਸਰਦਾਰ ਲਹਿਣਾ ਸਿੰਘ ਨੇ ਆਪਣੀ ਰਿਟਾਇਰਮੈਂਟ ਤੋਂ ਬਾਅਦ 55 ਸਾਲ ਦੀ ਉਮਰ ਵਿੱਚ ਜਾ ਕੇ ਗੁਰਮੁਖੀ ਸਿਖੀ। ਉਸ ਤੋਂ ਮਗਰੋਂ ਉਨ੍ਹਾਂ ਨੇ ਕਈ ਮੈਗਜ਼ੀਨਾਂ ਤੇ ਪਤ੍ਰਕਾਵਾਂ ਲਈ ਇੱਕ ਸੌ ਦੇ ਕਰੀਬ ਲੇਖ ਤੇ ਵਾਰਤਾਵਾਂ ਲਿਖੀਆਂ। ਉਨ੍ਹਾਂ ਦੇ ਮੁੱਖ ਵਿਸ਼ੇ ਸਨ :-

੧. ਸੇਹਤ ਮੰਦ ਕਿਵੇਂ ਰਹੀਏ ?
੨. ਸਾਦੀ ਤੇ ਮੰਤਵਪੂਰਣ ਜੀਵਨ ਕਿਵੇਂ ਜੀਵੀਏ ?
੩. ਮਾਨਸਿਕ ਸ੍ਵਛੱਤਾ।
੪. ਇੱਛਾ ਸ਼ਕਤੀ ਤੇ ਸੰਤੁਸ਼ਟੀ।
੫. ਕੰਮ ਪੂਜਾ ਹੈ।
੬. ਸ੍ਵਰਗ ਦੀ ਪੌੜੀ
੭. ਸੁਖੀ ਜੀਵਨ ਕਿਵੇਂ ਬਿਤਾਈਏ ? ਆਦਿ।

ਉਨ੍ਹਾਂ ਪੰਜਾਬੀ ਵਿੱਚ ਦੋ ਕਿਤਾਬਾਂ ਭੀ ਲਿਖੀਆਂ ਪਰ ਬਦ-ਕਿਸਮਤੀ ਨਾਲ ਉਹ ਉਨ੍ਹਾਂ ਦੇ ਜੀਵਨ ਕਾਲ ਵਿੱਚ ਛੱਪ ਨਾ ਸਕੀਆਂ। ਇੱਕ ਸੀ 'ਗੁਰਮੁਖ ਜੀਵਨ' ਤੇ ਦੂਸਰੀ ਸੀ 'ਸਫਲ ਯਾਤਰਾ'।

ਸ. ਲਹਿਣਾ ਸਿੰਘ ੧੯੫੯ ਵਿਚ ਗੁਜ਼ਰੇ ਸਨ ਜਦ ਰਘਬੀਰ ਸਿੰਘ ਬੀਰ ਜੀ ਡਿਗਸ਼ਈ ਪਬਲਿਕ ਸਕੂਲ ਵਿਚ ਡਿਗਸ਼ਈ ਸਨ, ਜਿਥੇ ਉਹਨਾਂ ਨੂੰ ਆਪਣੇ ਪਿਤਾ ਦੇ ਸੁਰਗਵਾਸ ਦੀ ਖਬਰ ਮਿਲੀ।

ਨਿਤਨੇਮ ਨਾਲ ਉਹ ਇੱਕ ਦਿਨ ਤੜਕੇ ੩ ਵਜੇ ਉਠੇ ਤੇ ਇਸ਼ਨਾਨ ਆਦਿ ਤੋਂ ਨਿਪਟ ਕੇ ਸਮਾਧੀ ਵਿੱਚ ਬੈਠ ਗਏ। ਤਕਰੀਬਨ ਦੋ ਕੁ ਘੰਟਿਆਂ ਬਾਅਦ ਉਨ੍ਹਾਂ ਬੇਹੋਸ਼ੀ ਜਿਹੀ ਮਹਿਸੂਸ ਕੀਤੀ ਤੇ ਉਨ੍ਹਾਂ ਦੇ ਪ੍ਰਾਣ ਪੰਖੇਰੂ ਉੱਡ ਗਏ। ਉਸ ਵੇਲੇ ਉਹ ੮੪ ਸਾਲ ਦੇ ਸਨ ਤੇ ਕਪੂਰਥਲੇ ਹੀ ਉਨ੍ਹਾਂ ਦੀ ਰਿਹਾਇਸ ਸੀ। ਘਰ ਦਾ ਮੁਖੀਆ ਤੇ ਮਾਰਗ ਦਰਸ਼ਕ ਚਲਾਣਾ ਕਰ ਗਿਆ। ਮੌਤ ਦੇ ਜ਼ਾਲਮ ਹੱਥ ਸਮੇ ਦੀ ਪਰਵਾਹ ਨਹੀਂ ਕਰਦੇ ਤੇ ਇਸ ਤਰ੍ਹਾਂ ਉਨ੍ਹਾਂ ਦਾ ਸਮਾਂ ਖਤਮ ਹੋ ਗਿਆ। ਉਹ ਅਕਾਲ ਚਲਾਣਾ ਕਰ ਗਏ।

## ਇੱਕ ਸਕੂਲ ਦਾ ਜਨਮ

੧੯੫੭ ਵਿੱਚ ਚੁੱਕੀ ਸੌਂਹ ਤੋਂ ਬਾਅਦ ਬੀਰ ਜੀ ਨੇ ਮੁਲਕ ਦੇ ਕਈ ਹਿਸਿਆਂ ਦਾ ਦੌਰਾ ਸ਼ੁਰੂ ਕੀਤਾ। ਉਹ ਕਲਕੱਤੇ ਤੋਂ ਪਿਸ਼ੌਰ ਤੱਕ ਆਂਦੇ ਜਾਂਦੇ ਰਹੇ ਤੇ ਲੋਕਾਂ ਨੂੰ ਸ੍ਵੱਛ ਚਰਿਤ੍ਰ ਨਿਰਮਾਣ ਤੇ ਉਸ ਦੀ ਲੋੜ ਬਾਰੇ ਜਗ੍ਹਾ ਜਗ੍ਹਾ ਭਾਸ਼ਣ ਭੀ ਦਿੰਦੇ ਰਹਿੰਦੇ ਸਨ। ਉਹ ਲੋਕਾਂ ਵਿੱਚ ਧਾਰਮਿਕ ਤੇ ਆਤਮਿਕ ਭਾਵਨਾਵਾਂ ਨੂੰ ਜਾਗਰਿਤ ਕਰਨ ਲਈ ਇਹਨਾਂ ਵਿਸ਼ਿਆਂ ਤੇ ਭਾਸ਼ਣ ਦਿੰਦੇ ਸਨ। ਵੰਡ ਤੋਂ ਲੈ ਕੇ ਅੰਤ ਤੱਕ ਉਹ ਕਲਕੱਤੇ ਤੋਂ ਅੰਮ੍ਰਿਤਸਰ ਤੱਕ ਆਂਦੇ ਜਾਂਦੇ ਰਹੇ ਹਨ ਤੇ ਰਾਹ ਵਿੱਚ ਜ਼ਰੂਰੀ ਥਾਵਾਂ ਤੇ ਗੁਰਬਾਣੀ ਦੀ ਮਹਤੱਤਾ ਦਾ ਉਪਦੇਸ਼ ਲੋਕਾਂ ਨੂੰ ਦਿੰਦੇ ਰਹੇ ਹਨ।

ਦਿੱਲੀ ਵਿੱਚ ਹੋਏ ਅਜਿਹੇ ਹੀ ਇੱਕ ਇਕੱਠ ਤੋਂ ਬਾਅਦ ਇਕੋ ਸਿਆਣੀ ਤੇ ਸਮ੍ਹਾਨ ਸੋਚ ਵਾਲੀ ੪੨ ਸਾਲਾਂ ਦੀ ਔਰਤ ਨੇ ਉਨ੍ਹਾਂ ਨੂੰ ਆਪਣੇ ਘਰ ਆਉਣ. ਦਾ ਸੱਦਾ ਦਿੱਤਾ, ਕਿਉਂਕਿ ਉਹ ਕੁਝ ਜ਼ਰੂਰੀ ਗੱਲਾਂ ਤੋਂ ਉਨ੍ਹਾਂ ਨੂੰ ਅਗਾਹ ਕਰਾਉਣਾ ਚਾਹੁੰਦੀ ਸੀ। ਝਿਝਕਦਿਆਂ ਉਨ੍ਹਾਂ ਨੇ ਸੱਦਾ ਕਬੂਲ ਨਾ ਕੀਤਾ ਤੇ ਜਦੋਂ ਉਸ ਨੇ ਅੱਥਰੂ ਭਰੀਆਂ ਅੱਖਾਂ ਨਾਲ ਉਨ੍ਹਾਂ ਨੂੰ ਮੁੜ ਬੇਨਤੀ ਕੀਤੀ ਤਾਂ ਉਹ ਰਾਜ਼ੀ ਹੋ ਗਏ। ਉਹ ਉਨ੍ਹਾਂ ਨੂੰ ਆਪਣੀ ਕਾਰ ਵਿੱਚ ਘਰ ਲੈ ਟੁਰੀ। ਬੰਗਲੇ ਦੇ ਮੁਖ ਦਰਵਾਜ਼ੇ ਤੇ ਉਸ ਦੇ ਕਾਨਵੈਂਟ ਸਕੂਲਾਂ ਵਿੱਚ ਪੜ੍ਹੇ, ਚੁਸਤ ਤੇ ਸਾਫ ਸੁਥਰੇ ਬੱਚਿਆਂ ਨੂੰ ਉਨ੍ਹਾਂ ਦੇ ਸਵਾਗਤ ਲਈ ਖੜੇ. ਉਨ੍ਹਾਂ ਦੇ ਘਰ ਵਿੱਚ ਸਮੇਂ ਦੀ ਸੁਖ ਸੁਵਿਧਾ ਦੇ ਸਾਰੇ ਸਮਾਨ ਮਜੂਦ ਸਨ ਤੇ ਸਜਿਆ ਸੰਵਰਿਆ, ਉਨ੍ਹਾਂ ਦੀ ਖੁਸ਼ਹਾਲੀ ਦਰਸਾ ਰਿਹਾ ਸੀ। ਆਪਣੀ ਗੱਲ ਕਹਿਣ ਤੋਂ ਪਹਿਲਾਂ ਉਸ ਪੰਜਾਬੀਆਂ ਦੀ ਰੀਤ ਅਨੁਸਾਰ ਉਨ੍ਹਾਂ ਦੀ ਆਓ ਭਗਤ ਕੀਤੀ। ਦਸਾਂ ਕੁ ਮਿੰਟਾਂ ਬਾਅਦ ਉਸ ਨੇ ਨੀਵੀਂ ਆਵਾਜ਼ ਵਿੱਚ ਕਹਿਣਾ ਸ਼ੁਰੂ ਕੀਤਾ :

"ਵਿਆਹ ਦੇ ਕੁਝ ਸਾਲਾਂ ਤੱਕ ਸਾਡੇ ਕੋਈ ਸੰਤਾਨ ਨਾ ਹੋਈ। ਅਸੀਂ ਬਹੁਤ ਸਾਰੇ ਸਾਧੂ ਸੰਤਾਂ ਦੀਆਂ ਮੰਨਤਾਂ ਮੰਨੀਆਂ ਤੇ ਉਸ ਦੀ ਮੇਹਰ ਨਾਲ ਛੇਤੀ ਹੀ

ਵਾਹਿਗੁਰੂ ਨੇ ਸਾਨੂੰ ਇੱਕ ਤੋਂ ਬਾਅਦ ਇੱਕ ਕਰਕੇ ਪੰਜ ਬੱਚਿਆਂ ਦੀ ਬਖਸ਼ਿਸ਼ ਹੋਈ। ਕਹਿੰਦੇ ਹਨ ਕਿ ਚੰਗੇ ਦਿਨਾਂ ਬਾਅਦ ਮਾੜੇ ਦਿਨ ਭੀ ਆਉਂਦੇ ਹਨ। ਐਸਾ ਭਾਣਾ ਵਰਤਿਆ ਕਿ ਇਨ੍ਹਾਂ ਦੇ ਪਿਤਾ ਨੇ ਜਵਾਨੀ ਵਿੱਚ ਹੀ ਆਤਮ ਹੱਤਿਆ ਕਰ ਲਈ ਤੇ ਸਾਨੂੰ ਡਾਵਾਂ ਡੋਲ ਛੱਡ ਗਏ। ਪਰ ਇਸ ਭਾਣੇਂ ਤੋਂ ਪਹਿਲਾਂ ਉਨ੍ਹਾਂ ਮੇਰੇ ਪਾਸੋਂ ਕਰਾਰ ਲਿਆ ਕਿ ਮੈਂ ਬੱਚਿਆਂ ਨੂੰ ਪਬਲਿਕ ਸਕੂਲਾਂ ਵਿਚ ਤਾਲੀਮ ਦਿਵਾਵਾਂਗੀ। ਉਨ੍ਹਾਂ ਦੀ ਇੱਛਾ ਅਨੁਸਾਰ ਸਾਰੇ ਬੱਚਿਆਂ ਨੂੰ ਸ਼ਿਮਲੇ ਦੇ ਇੱਕ ਉੱਘੇ ਪਬਲਿਕ ਸਕੂਲ ਤੋਂ ਸੀਨੀਅਰ ਕੈਂਬਰਿਜ ਪਾਸ ਕਰਾਇਆ।

ਐਨਾ ਕਹਿਣ ਤੋਂ ਬਾਅਦ ਉਹ ਕੁਝ ਰੁਕੀ ਤੇ ਤਰਸ ਭਰੀਆਂ ਅੱਖਾਂ ਨਾਲ ਆਪਣੇ ਤਿੰਨਾਂ ਪੁੱਤਰਾਂ ਵੱਲ ਤੱਕਿਆ, ਜਿਨ੍ਹਾਂ ਦੇ ਕੇਸ ਕੱਟੇ ਹੋਏ ਸਨ। ਆਪਣੀਆਂ ਧੀਆਂ ਬਾਰੇ ਉਸ ਕਿਹਾ ਕਿ ਉਨ੍ਹਾਂ ਤਾਂ ਮੈਨੂੰ ਪਹਿਲਾਂ ਹੀ ਚੇਤਾਵਨੀ ਦੇ ਦਿੱਤੀ ਹੈ ਕਿ ਉਹ ਮੋਨਿਆਂ ਨਾਲ ਹੀ ਵਿਆਹ ਕਰਾਉਣਗੀਆਂ। ਇਹ ਕਹਿ ਕੇ ਉਹ ਫੁੱਟ ਫੁੱਟ ਕੇ ਬੱਚਿਆਂ ਵਾਂਗ ਰੋਣ ਲੱਗ ਪਈ ਤੇ ਬੀਰ ਜੀ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਤਸੱਲੀ ਦੇ ਕੇ ਚੁੱਪ ਕਰਾਇਆ।

ਉਸ ਕਿਹਾ ਕਿ ਬੱਚੇ ਸਾਡੇ ਧਾਰਮਿਕ ਰੀਤੀ ਰਿਵਾਜਾਂ ਤੇ ਗੁਰੂਆਂ ਦੀ ਸਿਖਿਆ ਦਾ ਮਖੌਲ ਉਡਾਉਂਦੇ ਹਨ। ਜਿਨ੍ਹਾਂ ਬੱਚਿਆਂ ਨੂੰ ਮੈਂ ਐਨੀਆਂ ਅਰਦਾਸਾਂ ਤੇ ਤੱਪਸਿਆ ਮਗਰੋਂ ਪਾਇਆ ਹੈ, ਉਨ੍ਹਾਂ ਨੂੰ ਤਬਾਹੀ ਦੇ ਰਸਤੇ ਤੇ ਚਲਦਿਆਂ ਵੇਖ ਕੇ ਮੇਰਾ ਦਿਲ ਕਰਦਾ ਹੈ ਕਿ ਆਤਮ ਹੱਤਿਆ ਕਰ ਲਵਾਂ। ਉਸਨੇ ਸਾਰੀ ਸਿੱਖ ਬਿਰਾਦਰੀ ਨੂੰ ਦੋਸ਼ ਦਿੰਦਿਆਂ ਕਿਹਾ ਕਿ ਸਾਡਾ ਆਪਣਾ ਕੋਈ ਐਸਾ ਸਕੂਲ ਨਹੀਂ, ਜਿੱਥੇ ਸਿੱਖੀ ਮਰਿਆਦਾ ਅਨੁਸਾਰ ਸਿੱਖਿਆ ਦਿੱਤੀ ਜਾਵੇ। ਉਸ ਉਨ੍ਹਾਂ ਤੋਂ ਪੁੱਛਿਆ ਕਿ ਤੁਹਾਡੇ ਬਾਰ ਬਾਰ ਦਿੱਲੀ ਆਕੇ ਉਪਦੇਸ਼ ਦੇਣ ਦਾ ਕੀ ਫਾਇਦਾ ਹੈ, ਜੱਦ ਕਿ ਅਜਿਹਾ ਇੱਕ ਵੀ ਸਕੂਲ ਨਹੀਂ ਜਿੱਥੇ ਗੁਰੂਆਂ ਦੀ ਬਾਣੀ ਦੀ ਸਮਝ ਤੇ ਮਹਿਮਾਂ ਬੱਚਿਆਂ ਨੂੰ ਪੜ੍ਹਾਈ ਜਾਵੇ। ਬੀਰ ਜੀ ਆਪਣੇ ਆਪ ਵਿੱਚ ਬਹੁਤ ਸ਼ਰਮਿੰਦਗੀ ਮਹਿਸੂਸ ਕਰਨ ਲੱਗੇ ਤੇ ਪਸੀਜ ਗਏ, ਇਸ ਹੱਦ ਤੱਕ ਕਿ ਉਨ੍ਹਾਂ ਨੂੰ ਉਸ ਦੀ ਦਲੀਲ ਨਾਲ ਸਹਿਮਤ ਹੋਣਾ ਪਿਆ।

ਬੀਰ ਜੀ ਨੇਂ ਉਸ ਨਾਲ ਵਾਇਦਾ ਕੀਤਾ ਤੇ ਉਨ੍ਹਾਂ ਦੇ ਸਹਿਕਾਰੀ ਭੀ ਉਨ੍ਹਾਂ ਨਾਲ ਸਹਿਮਤ ਸਨ ਕਿ ਇੱਕ ਅਜਿਹੇ ਰਿਹਾਇਸ਼ੀ ਸਕੂਲ ਦੇ ਨਿਰਮਾਣ ਦੀ ਲੋੜ ਹੈ, ਜਿਸ ਵਿੱਚ ਆਧੁਨਿਕ ਪੜ੍ਹਾਈ ਦੇ ਨਾਲ ਨਾਲ ਪੁਰਾਤਨ ਆਤਮਕ ਉਸਾਰੀ ਤੇ ਵੀ ਧਿਆਨ ਦੇਣ ਦਾ ਵਸੀਲਾ ਹੋਣਾ ਜ਼ਰੂਰੀ ਹੋਵੇ। ਉਨ੍ਹਾਂ ਦੀ "ਸੱਭ ਤੋਂ ਮਹੱਤਵ-ਪੂਰਣ ਇੱਛਾ" ਨੂੰ ਸਿਰੇ ਚੜ੍ਹਾਉਣ ਦਾ ਕੰਮ ਸ਼ੁਰੂ ਹੋ ਗਿਆ, ਇੱਕ ਅਜਿਹਾ ਸਕੂਲ ਜਿੱਥੇ ਹਰ ਇੱਕ ਬੱਚੇ ਨੂੰ ਜ਼ਿੰਦਗੀ ਦੀਆਂ ਸਚਾਈਆਂ ਦਾ ਮੁਕਾਬਲਾ ਕਰਣ, ਸਿਖਿਆ, ਵਧਣ ਫੂਲਣ ਤੇ ਆਪਣਾ ਭਵਿੱਖ ਬਨਾਉਣ ਦਾ ਪੂਰਾ ਮੌਕਾ ਮਿਲੇ।

ਉਹ ਬਗੈਰ ਕੋਈ ਸਮਾਂ ਗਵਾਏ ਆਪਣੀ ਯੋਜਨਾ ਦੇ ਵਿਸਥਾਰ ਨੂੰ ਅਮਲੀ

ਜਾਮਾ ਪਹਿਨਾਉਣ ਵਿੱਚ ਜੁੱਟ ਗਏ। ਉਨ੍ਹਾਂ ਆਪਣੀ ਪਤ੍ਰਿਕਾ 'ਆਤਮ ਸਾਇੰਸ' ਵਿੱਚ ਬਾਰ ਬਾਰ ਛੱਪਵਾਇਆ ਕਿ ਉਨ੍ਹਾਂ ਦੀ ਮਨਸ਼ਾ ਇੱਕ ਸਕੂਲ ਖੋਲ੍ਹਣ ਦੀ ਹੈ ਅਤੇ ਜਿਹੜਾ ਭੀ ਪਾਠਕ ਇਸ ਅੱਛੇ ਕੰਮ ਲਈ ਉਨ੍ਹਾਂ ਨੂੰ ੨੫੦ ਰੁਪਏ ਭੇਜੇਗਾ, ਉਸ ਨੂੰ ੧੬ ਕਿਤਾਬਾਂ ਅਤੇ ੨੦ ਸਾਲ ਤੱਕ 'ਆਤਮ ਸਾਇੰਸ' ਦੀਆਂ ਪ੍ਰਤੀਆਂ ਮੁਫਤ ਭੇਜੀਆਂ ਜਾਂਦੀਆਂ ਰਹਿਣਗੀਆਂ। ਉਨ੍ਹਾਂ ਦੇ ਮਾਤਾ ਪਿਤਾ ਅਤੇ ਪਾਠਕਾਂ ਨੇ ਦਿਲ ਖੋਲ੍ਹ ਕੇ ਇਸ ਭਲੇ ਕੰਮ ਲਈ ਉਨ੍ਹਾਂ ਨੂੰ ਸਮਰਥਨ ਦਿੱਤਾ।

## ਦੋ ਬੀਬੀਆਂ ਦਾ ਪੱਤਰ

੧੯੫੭ ਵਿੱਚ ਜਲੰਧਰ ਵਿੱਖੇ ਆਪਣੇ ਇੱਕ ਸਤਸੰਗ ਵਿੱਚ ਉਨ੍ਹਾਂ ਆਪਣੀ ਸਕੂਲ ਖੋਲ੍ਹਣ ਦੀ ਯੋਜਨਾ ਦਾ ਜ਼ਿਕਰ ਕੀਤਾ। ਕੁਝ ਸਮੇਂ ਬਾਅਦ ਉਨ੍ਹਾਂ ਨੂੰ ਦੋ ਬੀਬੀਆਂ ਵੱਲੋਂ ਇੱਕ ਪੱਤਰ ਮਿਲਿਆ, ਜੋ ਉਸ ਸਤਸੰਗ ਵਿੱਚ ਮੌਜੂਦ ਸਨ। ਉਹ ਪੱਤਰ ਉਨ੍ਹਾਂ ਨੂੰ ਸਰਦਾਰ ਸੁਜਾਨ ਸਿੰਘ ਸਡਾਨਾ, ਪਿਸ਼ੌਰ ਤੋਂ ਦੇਸ਼ ਦੀ ਵੰਡ ਵੇਲੇ ਆ ਕੇ ਅੰਮ੍ਰਿਤਸਰ ਵਿੱਚ ਵੱਸੇ ਇੱਕ ਬੈਂਕਰ ਦੇ ਪਤੇ ਤੇ ਮਿਲਿਆ, ਜਿਸ ਪਾਸ ਉਹ ਠਹਿਰੇ ਹੋਏ ਸਨ। ਪੱਤਰ ਇਸ ਪ੍ਰਕਾਰ ਹੈ।

*ਜਲੰਧਰ*

*ਸਤਿਕਾਰ ਯੋਗ ਬੀਰ ਜੀ,*

*ਜਲੰਧਰ ਵਿੱਚ ਆਪਣੀ ਪਿਛਲੀ ਬਾਤਚੀਤ ਵੇਲੇ ਆਪ ਜੀ ਨੇ ਕਿਸੇ ਪਹਾੜੀ ਥਾਂ ਤੇ ਇੱਕ ਸਿੱਖ ਧਾਰਮਿਕ ਸਕੂਲ ਖੋਲ੍ਹਣ ਦੀ ਦਿਲੀ ਖ਼ਾਹਿਸ਼ ਦਾ ਜ਼ਿਕਰ ਕੀਤਾ ਸੀ, ਅਸੀਂ ਸ਼ਿਮਲਾ ਦੇ ਦੱਖਣ ਵਿਖੇ ਇੱਕ ਜਗ੍ਹਾ ਜਿਸਦਾ ਨਾਂ ਡਿਗਸ਼ਈ ਹੈ ਤੇ ੬੫੦੦ ਫੁੱਟ ਦੀ ਉਚਾਈ ਸਤਿਥ ਸ਼ਕਤੀ ਤੇ ਸੇਹਤ ਵਰਧਕ ਮੌਸਮ ਵਾਲੀ ਜਗ੍ਹਾ ਦਾ ਸੁਝਾਓ ਦਿੰਦੀਆਂ ਹਾਂ।*

*ਸਾਡੇ ਵਿਚਾਰ ਵਿੱਚ ਇਹ ਜਗ੍ਹਾ ਸਕੂਲ ਲਈ ਬਹੁਤ ਉਚਿਤ ਹੈ ਤੇ ਆਪ ਜੀ ਜਿੱਨੇ ਬੰਗਲੇ ਵੀ ਚਾਹੋ ਉਥੇ ਖਰੀਦ ਸਕਦੇ ਹੋ।*

*ਆਦਰ ਤੇ ਸਤਿਕਾਰ ਸਹਿਤ*

*ਆਪ ਜੀ ਦੀਆਂ ਸ਼ੁਭਚਿੰਤਕ*

*. . . . . . . . . . . . . . . .*

ਉਨ੍ਹਾਂ ਨੇ ਇਸ ਤੋਂ ਪਹਿਲਾਂ ਡਿਗਸ਼ਈ ਦਾ ਨਾਂ ਭੀ ਨਹੀਂ ਸੀ ਸੁਣਿਆ ਤੇ ਨਾ ਹੀ ਉਸ ਥਾਂ ਦਾ ਕੋਈ ਗਿਆਨ ਸੀ। ਇਸ ਪੱਤਰ ਨੇ ਉਨ੍ਹਾਂ ਦਾ ਤੌਖਲਾ ਵਧਾਇਆ ਤੇ ਉਨ੍ਹਾਂ ਨੇ ਸਰਦਾਰ ਸੁਜਾਨ ਸਿੰਘ ਸਡਾਨਾ ਤੇ ਹੋਰਨਾਂ ਮਿੱਤਰਾਂ ਪਾਸੋਂ ਡਿਗਸ਼ਈ ਬਾਰੇ ਪੁਛਤਾਛ ਕੀਤੀ। ਉਹ ਇਹ ਜਾਣ ਕੇ ਹੈਰਾਨ ਹੋਏ, ਜਦੋਂ ਉਨ੍ਹਾਂ ਦੇ ਇੱਕ ਮਿੱਤਰ ਨੇ ਦੱਸਿਆ ਕਿ ਉਹ ਕੁਝ ਦਿਨ ਪਹਿਲਾਂ ਹੀ ਡਿਗਸ਼ਈ ਤੋਂ ਆਇਆ ਹੈ ਤੇ ਉਸਨੇ ਵਿਸ਼ਥਾਰ ਨਾਲ ਉਸ ਥਾਂ ਬਾਰੇ ਦੱਸਿਆ ਕਿ ਕਿਸ ਕਿਸਮ ਦੀ ਪਹਾੜੀ ਥਾਂ ਹੈ।

ਬਾਅਦ ਵਿੱਚ ਉਨ੍ਹਾਂ ਦੇ ਛੋਟੇ ਪੁੱਤਰ ਸਰਦਾਰ ਜਸਬੀਰ ਸਿੰਘ, ਬਰਮਾ ਸ਼ੈਲ ਦੇ ਉੱਚ ਅਹੁਦੇਦਾਰ, ਜੋ ਕਿ ਉਸ ਸਮੇਂ ਚੰਡੀਗੜ੍ਹ ਵਿੱਚ ਕੰਮ ਕਰ ਰਹੇ ਸਨ, ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਕਈ ਵਾਰ ਡਿਗਸ਼ਈ ਜਾ ਚੁੱਕੇ ਸਨ।

ਬੀਰ ਜੀ ਨੇ ਅਸਲੀ ਸ਼ੁਰੂਆਤ ਮਾਰਚ ੧੯੫੭ ਵਿੱਚ ਕੀਤੀ ਜਦ ਉਨ੍ਹਾਂ ਨੂੰ ਉਨ੍ਹਾਂ ਦੇ ਛੋਟੇ ਪੁੱਤਰ ਸਰਦਾਰ ਜਸਬੀਰ ਸਿੰਘ 'ਬੀਰ' ਜੀ ਦਾ ਵਿਆਹ, ੧੯੬੦ ਵਿਚ ਹੋਇਆ ਹੈ। ਬੀਬੀ ਕੁਲਦੀਪ ਐਚ. ਸਿੰਘ ਕਲਕੱਤੇ ਸਨ, ਉਹਨਾਂ ਨੇ ਉਸ ਨੂੰ ਬੁਲਾ ਕੇ ਨਾਲ ਲੈ ਕੇ ਪਹਿਲੀ ਵਾਰ ਡਿਗਸ਼ਈ ਗਏ ਤੇ ਉਥੇ ਜਾ ਅਖੰਡ ਪਾਠ ਰੱਖਿਆ, ਉਥੇ ਉਸ ਵਕਮ ੨ ਸਿੱਖ ਰੇਜੀਮੈਂਟਾਂ ਰਹਿੰਦੀਆਂ ਸਨ ਜਿਨ੍ਹਾਂ ਵਿਚ ਬਹੁਤ ਸਾਰੇ ਸਿੱਖ ਸੀ, ਜੋ ਸਕੂਲ ਖੁਲ੍ਹਣ ਬਾਰੇ ਜਾਣ ਕੇ ਬਹੁਤ ਪਰਸੰਨ ਹੋਏ ਅਤੇ ਸਾਰੀ ਸੰਗਤ ਵਾਸਤੇ ਲੰਗਰ ਬਣਿਆਂ। ਸ. ਜਗਜੀਤ ਸਿੰਘ, ਸਰਦਾਰਨੀ ਕੁਲਦੀਪ ਐਚ. ਸਿੰਘ ਨੂੰ ਨਾਲ ਲੈ ਤੁਰੇ। ਡਿਗਸ਼ਈ ਪੁਜੱਣ ਤੇ ਜਦ.ਉਨ੍ਹਾਂ ਨੇ ਆਪਣੇ ਕਾਲਜ ਦੇ ਜਮਾਤੀ ਤੇ ਸਹਿਕਰਮੀ ਸਰਦਾਰ ਬਹਾਦਰ ਕਰਤਾਰ ਸਿੰਘ ਨੂੰ ਵੇਖਿਆ, ਤਾਂ ਉਨ੍ਹਾਂ ਹੈਰਾਨੀ ਦੀ ਹੱਦ ਨਾ ਰਹੀ। ਬਾਅਦ ਵਿੱਚ ਉਸ ਨੇ ਇਸ ਕਾਰਜ ਵਿੱਚ ਉਨ੍ਹਾਂ ਦੀ ਬਹੁਤ ਮਦਦ ਕੀਤੀ।

ਡਿਗਸ਼ਈ ਉਨ੍ਹਾਂ ਨੂੰ ਇੱਕ ਕੁਆਰੀ, ਸ਼ਰਮਾਕਲ ਮੁਟਿਆਰ ਵਾਂਗ ਨਜ਼ਰ ਆਈ, ਜੋ ਕਿ ਚਿਨਾਰ ਤੇ ਚੀੜ੍ਹ ਦੇ ਦਰਖਤਾਂ ਦੇ ਘੁੰਡ ਵਿੱਚ ਲੁਕੀ ਹੋਈ ਸੀ। ਉਨ੍ਹਾਂ ਨੂੰ ਇਹ ਸਿਹਤਯਾਫਤਾ ਤੇ ਤਾਕਤ ਬਖ਼ਸ਼ ਮੌਸਮ ਵਾਲੀ ਤੇ ਕੁਦਰਤੀ ਖ਼ੂਬਸੂਰਤੀ ਨਾਲ ਮਾਲਾਮਾਲ ਆਲਾ ਦੁਆਲਾ ਬਹੁਤ ਭਾਇਆ ਤੇ ਉਨ੍ਹਾਂ ਆਪਣੀ ਸਹਿਮਤੀ ਦੇ ਦਿੱਤੀ। ਡਿਗਸ਼ਈ ਪਬਲਿਕ ਸਕੂਲ ਦੀ ਸ਼ੁਰੂਆਤ ਅਕਤੂਬਰ ੧੯੫੭ ਵਿੱਚ ਹੋਈ ਜੋ ਕਿ ਉਨ੍ਹਾਂ ਦੇ ਵਿਚਾਰਾਂ ਦਾ ਇੱਕ ਮੁਜੱਸਮਾਂ ਬਣਿਆ। ਭਾਵੇਂ ਬੀਰ ਜੀ ਦੇ ਕੁਝ ਮਿੱਤਰ ਤੇ ਰਿਸਤੇਦਾਰਾਂ ਨੂੰ ਜਗ੍ਹਾ ਦੇ ਚੁਨਾਓ ਬਾਰੇ ਸ਼ੱਕ ਸੀ ਪਰ ਬੀਰ ਜੀ ਨੇ ਪੂਰੇ ਜੋਸ਼ੋ ਖਰੋਸ਼ ਨਾਲ ਕੰਮ ਅਰੰਭ ਕਰ ਦਿੱਤਾ ਤੇ ਸ਼ੁਰੂ ਵਿੱਚ ਕੇਵਲ ੧੩ ਵਿਦਿਆਰਥੀਆਂ ਨੂੰ ਲੈ ਕੇ ਇੱਕੋ ਕਮਰੇ ਵਿੱਚ ਆਰਜ਼ੀ ਸਕੂਲ ਦੀ ਨੀਂਹ ਰੱਖੀ।" ਜੀਵਨ ਦੀ ਮੰਗ ਹੈ, ਆਸਥਾ ਤੇ ਸਮਰਪਣ, ਭਰੋਸੇ ਦਾ ਅਰਥ ਹੈ, ਅਨਹੋਣੀ ਵਿੱਚ ਹੋਣੀ ਦੀ ਤਲਾਸ਼ ਤੇ ਉਮੀਦ ਹੈ, ਨਿਰਾਸ਼ਾ ਵਿੱਚੋਂ ਆਸ ਨੂੰ ਭਾਲਣਾ।" ਉਨ੍ਹਾਂ ਤੱਤ ਕਢਿਆ। "ਦ੍ਰਿੜ੍ਹ ਇਰਾਦਾ ਤਾਂ ਹੀ ਦ੍ਰਿੜ੍ਹ ਇਰਾਦਾ ਹੈ, ਜਦੋਂ ਚਾਰੋਂ ਪਾਸੇ ਹਨੇਰਾ ਹੀ ਹਨੇਰਾ ਨਜ਼ਰ ਆਵੇ ਤੇ ਜਦੋਂ ਸਭ ਪਾਸੇ ਹਨੇਰੇ ਦਾ ਹੀ ਰਾਜ ਹੋਵੇ, ਤਾਂ ਆਪਣੇ ਉੱਦਮ ਨੂੰ ਰੋਸ਼ਨ ਕਰਨਾ ਚਾਹੀਦਾ ਹੈ।"

ਉਨ੍ਹਾਂ ਅੱਗੇ ਪਹਿਲਾ ਮਸਲਾ ਪੈਸੇ ਦਾ ਸੀ ਪਰ ਉਨ੍ਹਾਂ ਨੇ ਕਿਸੇ ਪਾਸੋਂ ਮੰਗ ਨਹੀਂ ਕੀਤੀ। ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਨੇ ਕਿਸੇ ਕਿਸਮ ਦੀ ਮਦਦ ਸ੍ਵੀਕਾਰ ਨਹੀਂ ਕੀਤੀ ਤੇ ਨਾ ਹੀ ਦਾਨ ਜਾਂ ਕਰਜ਼ਾ ਚੁੱਕਿਆ, ਕਿਸੇ ਸੰਸਥਾ ਪਾਸੋਂ ਭੀ ਮੰਗ ਨਹੀਂ ਕੀਤੀ। ਇੱਕ ਲੱਖ ਦੀ ਰਕਮ ਉਨ੍ਹਾਂ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਤੋਂ

ਇਕੱਠੀ ਕਰ ਲਈ ਤੇ ਮੁਢਲਾ ਕੰਮ ਉਨ੍ਹਾਂ ਉਸੇ ਨਾਲ ਸ਼ੁਰੂ ਕਰ ਦਿੱਤਾ। ਕੁਝ ਸੇਵਾ ਮਾਤਾ ਪਿਤਾ ਤੇ ਬਿਲਕੁਲ ਅਨਜਾਣ ਲੋਕਾਂ ਭੀ ਕੀਤੀ। ਜਿਨ੍ਹਾਂ ਨੂੰ ਇਸ ਨੇਕ ਕੰਮ ਬਾਰੇ ਖਬਰ ਮਿਲੀ, ਸਭ ਤੋਂ ਪਹਿਲਾਂ ਉਨ੍ਹਾਂ ਤੇ ਉਨ੍ਹਾਂ ਦੇ ਪਰਮ ਮਿਤਰ ਤੇ ਸਹਕਾਰੀ ਬਰਮਾ ਸ਼ੈਲ ਦੇ ਸਰਦਾਰ ਸੁਜਾਨ ਸਿੰਘ ਨੇ ਮਿਲ ਕੇ ਕੇਵਲ ਦੋ ਖੰਡ, (ਨੰਬਰ 1 ਕੋਠੀ ਦੀ ਕਰੀਬ ਦੋ ਏਕੜ ਜਮੀਨ ਦੇ ਲਗਭਗ ਹੈ ਅਤੇ 15 ਕੋਠੀਆਂ ਦੀ ਜਮੀਨ ਤਾਂ ਕਰੀਬ 80 ਜਾ 100 ਏਕੜ ਦੇ ਲਗਭਗ ਹੈ। ਨੰਬਰ ਛੇ ਤੇ ਦੱਸ ਦੀ ਉਸਾਰੀ ਪੂਰੀ ਕੀਤੀ। ਫੇਰ ਚਿਰ ਸਰਦਾਰ ਸੁਜਾਨ ਸਿੰਘ ਟ੍ਰਸਟ ਤੇ ਸਕੂਲ ਦੇ ਮੈਨੇਜਿੰਗ ਬੋਰਡ ਦੇ ਵਾਈਸ ਚੇਅਰਮੈਨ ਰਹੇ ਹਨ। ਇਸ ਸਕੂਲ ਦੇ ਖੰਡਾ ਦੇ ਨੰਬਰ ਹਨ। ਕੁਝ ਸਾਲਾਂ ਮਗਰੋਂ ਉਨ੍ਹਾਂ ਕੁਝ ਇਮਾਰਤਾਂ ਹੋਰ ਖਰੀਦ ਲਈਆਂ, ਇਸ ਸਮੇਂ ਸਾਰੇ ਸਕੂਲ ਦਾ ਵਿਸਥਾਰ ਦੱਸ ਏਕੜ ਦੇ ਘੇਰੇ ਤੋਂ ਵੀ ਜ਼ਿਆਦਾ ਹੈ।

ਇਥੇ ਇਸ ਗੱਲ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ ਕਿ ਇਸ ਸਕੂਲ ਨੂੰ ਆਪਣੇ ਖਿਆਲਾਂ ਤੇ ਮਨ ਮੁਤਾਬਿਕ ਰੂਪ ਦੇਣ ਦੀ ਖਾਹਿਸ਼ ਸ਼ਾਇਦ ਇਸ ਲਈ ਪੂਰੀ ਨਾ ਹੋ ਸਕੀ, ਕਿਉਂਕਿ ਉਨ੍ਹਾਂ ਨੂੰ ਅਜਿਹੇ ਬੰਦੇ ਨਾ ਮਿਲ ਸਕੇ, ਜਿਨ੍ਹਾਂ ਦੇ ਅੰਦਰ ਉਨ੍ਹਾਂ ਦੀ ਚਾਹਨਾ ਅਨੁਸਾਰ ਉਦੱਮੀ ਤੇ ਸਮਰਪਿਤ ਭਾਵ ਨਾਲ ਕੰਮ ਕਰਨ ਦੀ ਚਾਹਨਾ ਹੁੰਦੀ। ਉਨ੍ਹਾਂ ਨੂੰ ਕੁਝ ਨਾਕਾਮਯਾਬੀਆਂ ਦਾ ਮੂੰਹ ਭੀ ਦੇਖਣਾ ਪਿਆ ਪਰ ਫਿਰ ਭੀ ਉਨ੍ਹਾਂ ਦੀਆਂ ਜ਼ਿੱਤਾਂ ਦੀ ਗਿਣਤੀ ਵੱਧ ਰਹੀ। ਇੰਜ ਲਗਦਾ ਹੈ ਕਿ ਉਨ੍ਹਾਂ ਦੇ ਸਖ਼ਤੀ ਦੇ ਦਿਨ ਚੰਗੇ ਸਨ, ਬਨਿਸਬਤ ਕਈਆਂ ਦੇ ਚੰਗੇ ਦਿਨਾਂ ਨਾਲੋਂ।

ਮੁਢਲੀਆਂ ਕੁਝ ਸਖਤੀਆਂ ਤੇ ਕਮੀਆਂ ਦੇ ਬਾਵਜੂਦ ਡਿਗਸ਼ਈ ਪਬਲਿਕ ਸਕੂਲ ਦਾ ਅਗਾਂਹ ਵਧਣਾ ਪ੍ਰਸੰਸਾਯੋਗ ਰਿਹਾ ਹੈ। ਪਹਾੜੀ ਇਲਾਕੇ ਵਿੱਚ ਇਸ ਕਿਸਮ ਦੇ ਸਿੱਖ ਧਾਰਮਿਕ ਸਕੂਲ ਦੀ ਸਥਾਪਨਾ ਨਾਲ ਇੱਕ ਬੜੀ ਅਹਿਮ ਜ਼ਰੂਰਤ ਦੀ ਪੂਰਤੀ ਹੋ ਗਈ। ਬੱਚਿਆਂ ਨੂੰ ਸਮੇਂ ਦੀ ਮੰਗ ਅਨੁਸਾਰ ਅੱਜ ਕਲ੍ਹ ਦੀ ਚਲ ਰਹੀ ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਉਨ੍ਹਾਂ ਦੀ ਆਤਮਿਕ ਉਸਾਰੀ, ਲਾਈਕੀ ਦੀ ਪਕਾਈ, ਜ਼ਹੀਨੀ ਪ੍ਰੋੜ੍ਹਤਾ ਅਤੇ ਚਰਿਤ੍ਰ ਨਿਰਮਾਣ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਇੱਥੇ ਸਭ ਧਰਮਾਂ ਨੂੰ ਮਾਣ ਦਿੱਤਾ ਜਾਂਦਾ ਹੈ। ਸਕੂਲ ਦੇ ਰਿਹਾਇਸ਼ੀ ਬੱਚਿਆਂ ਨੂੰ ਹਰ ਸਵੇਰ ਅੱਧੇ ਘੰਟੇ ਲਈ ਗੁਰਦਵਾਰੇ ਜਾਣਾ ਹੁੰਦਾ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਬੀਰ ਜੀ ਦਾ ਜੀਵਨ ਸਫਲ ਤੇ ਸੰਪੂਰਣ ਹੈ ਤੇ ਸਦਾ ਲਈ ਇਸ ਪਬਲਿਕ ਸਕੂਲ ਦਾ ਅਟੁੱਟ ਹਿੱਸਾ ਬਣ ਗਿਆ ਹੈ। ੧੯੫੮ ਵਿੱਚ ਸਕੂਲ ਦੀ ਪਹਿਲੀ ਵਰ੍ਹੇ ਗੰਢ ਸਮੇਂ ਆਪਣੀ ਗਲਬਾਤ ਵਿੱਚ ਉਨ੍ਹਾਂ ਕਿਹਾ, ਕੁਝ ਖੂਬੀਆਂ ਦਾ ਹਰ ਵਿਦਿਆਰਥੀ ਦੇ ਚਰਿਤ੍ਰ ਨਿਰਮਾਣ ਵਿੱਚ ਸ਼ਾਮਿਲ ਹੋਣਾ ਜ਼ਰੂਰੀ ਹੈ : ਠੀਕ ਸੋਚ ਦੀ ਕਾਬਲੀਅਤ, ਸਰੀਰਿਕ ਤਾਕਤ ਦੀ ਖੂਬੀ ਸਮਰਪਣ ਦੀ ਕੀਮਤ, ਸਹੀ ਉਸਾਰੀ ਦੇ ਫਾਇਦੇ, ਭਾਈਚਾਰੇ ਦੀ ਲੋੜ ਭਰੋਸੇ ਵਿੱਚ ਆਸਥਾ।

ਉਹ ਆਪ ਇੱਕ ਉਘੇ ਕਵੀ ਹਨ ਤੇ ਬਖਾਣ ਦਿੰਦੇ ਸਮੇਂ ਉਹ ਵਾਰਤਾ ਨੂੰ ਭੀ ਕਾਵਿਯਮਈ ਲਹਿਰ ਦੀ ਪੁੱਠ ਦੇ ਦਿੰਦੇ ਹਨ, ਜਿਸ ਕਾਰਣ ਉਹ ਉਸ ਵਿੱਚ ਸਵਾਦ ਤੇ ਖ਼ੁਸ਼ਬੂ ਭਰ ਜਾਂਦੇ ਹਨ।

## ਥੋੜ੍ਹਾ ਕੁਝ ਡਿਗਸ਼ਈ ਪਬਲਿਕ ਸਕੂਲ ਬਾਰੇ

ਆਦਮੀਆਂ ਤੇ ਔਰਤਾਂ ਨੂੰ, ਮਨੁੱਖੀ ਅਛਾਈਆਂ ਨੂੰ ਗੁਰੂ ਗਰੰਥ ਸਾਹਿਬ ਦੀ ਸਿਖਿਆ ਅਨੁਸਾਰ ਕਾਇਮ ਰੱਖਣ ਲਈ ਪ੍ਰੇਰਿਤ ਕਰਨ ਲਈ ੧੯੪੦ ਵਿੱਚ 'ਆਤਮ ਸਾਇੰਸ' ਲਹਿਰ ਸ਼ੁਰੂ ਕੀਤੀ ਗਈ। ਸਮਾਂ ਪਾ ਕੇ ੧੯੫੫ ਵਿੱਚ ਕਲਕੱਤੇ ਵਿਖੇ ਇਸ ਲਹਿਰ ਦੇ ਪਰਿਣਾਮ ਸਰੂਪ ਇੱਕ ਭਲਾਈ ਸੰਸਥਾ ਦਾ ਜਨਮ ਹੋਇਆ ਤੇ ਉਸ ਨੂੰ ਰਜਿਸਟਰ ਕਰਾਇਆ ਗਿਆ।

ਨੀਂਹ ਰੱਖਣ ਦੇ ਜ਼ਿੰਮੇਵਾਰ, ਬੀਰ ਜੀ ਨੇ ਮਹਿਸੂਸ ਕੀਤਾ ਕਿ ਇੱਕ ਅਜਿਹੇ ਸਕੂਲ ਦੀ ਸੰਥਾਪਨਾ ਦੀ ਲੋੜ ਹੈ, ਜਿਸ ਵਿੱਚ ਆਧੁਨਿਕ ਪੜ੍ਹਾਈ ਦੇ ਨਾਲ ਪੁਰਾਣੇ ਨੈਤਿਕ ਮੁੱਲਾਂ ਨੂੰ ਭੀ ਕਾਇਮ ਰੱਖਿਆ ਜਾ ਸਕੇ ਤੇ ਫਲ ਸਰੂਪ ਡਿਗਸ਼ਈ ਪਬਲਿਕ ਸਕੂਲ ਵਜੂਦ ਵਿੱਚ ਆਇਆ।

ਸਥਾਨ : ੬੫੦੦ ਫੁੱਟ ਦੀ ਉਚਾਈ ਤੇ ਸ਼ਿਮਲੇ ਦੇ ਦੱਖਣ ਵੱਲ ਚੀੜ੍ਹ ਤੇ ਸਾਗਵਾਨ ਦੇ ਦਰਖ਼ਤਾਂ ਦੇ ਝੁਰਮਟ ਵਿੱਚ ਬਣਿਆ ਹੈ ਇਹ ਸਕੂਲ। ਉਸ ਥਾਂ ਦਾ ਮੌਸਮ ਸਿਹਤ ਲਈ ਬਹੁਤ ਅੱਛਾ ਹੈ, ਆਲਾ ਦੁਆਲਾ ਬੜਾ ਸੁੰਦਰ ਤੇ ਲੁਭਾਵਣਾ ਹੈ, ਇਮਾਰਤਾਂ ਤੇ ਖੇਲ੍ਹ ਦੇ ਮੈਦਾਨ ਖੁਲ੍ਹੇ ਹਨ। ਉਥੇ ਪੁੱਜਣ ਦੇ ਤਿੰਨ ਤਰੀਕੇ ਹਨ:

੧. ਕਾਲਕਾ ਤੋਂ ਟੈਕਸੀ ਦੇ ਜ਼ਰੀਏ

੨. ਕਾਲਕਾ ਤੋਂ ਕੁਮਹਾਰ ਹੱਟੀ ਰੇਲਵੇ ਸਟੇਸ਼ਨ ਤੱਕ ਛੋਟੀ ਲਾਈਨ ਦੀ ਕਾਲਕਾ ਸ਼ਿਮਲਾ ਰੇਲ ਗੱਡੀ ਰਾਹੀਂ, ਸਟੇਸ਼ਨ ਤੋਂ ਚਾਰੀਸ ਕ੍ਰੋਸ ਤੇ ਫਿਰ ਪੈਦਲ ਚਲ ਕੇ ਸਕੂਲ ਤੱਕ।

੩. ਕਾਲਕਾ ਤੋਂ ਸ਼ਿਮਲੇ ਜਾਣ ਵਾਲੀ ਸੜਕ ਤੇ ਕੁਮਹਾਰ ਹੱਟੀ ਤੱਕ ਤੇ ਫਿਰ ਸਕੂਲ।

* * *

'ਆਤਮ ਸਾਇੰਸ ਟ੍ਰਸਟ' ਰਾਹੀਂ ਕਾਇਮ ਕੀਤੇ ਗਏ ਬੋਰਡ ਦ੍ਵਾਰਾ ਇਹ ਸਕੂਲ ਪਬਲਿਕ ਸਕੂਲ ਦੇ ਰਵਾਇਤ ਅਨੁਸਾਰ ਚਲਾਇਆ ਜਾਂਦਾ ਹੈ। ਇਥੇ ਸਿਰਫ ਕਿਤਾਬੀ ਪੜ੍ਹਾਈ ਹੀ ਨਹੀਂ ਹੁੰਦੀ, ਨਾਲ ਨਾਲ ਜੀਵਨ ਦੀਆਂ ਸਾਰੀਆਂ ਜ਼ਰੂਰੀ ਲੋੜਾਂ ਤੇ ਮਾਨਤਾਵਾਂ ਵੱਲ ਭੀ ਪੂਰਾ ਧਿਆਨ ਦਿੱਤਾ ਜਾਂਦਾ ਹੈ। ਇਸ ਸਕੂਲ ਦਾ ਜ਼ਰੂਰੀ ਤੇ ਅਨੋਖਾ ਪਹਿਲੂ ਇਹ ਹੀ ਹੈ ਕਿ ਦੇਸ਼ ਦੇ ਉਘੇ ਵਿਦਵਾਨਾਂ ਦੇ ਵਿਚਾਰਾਂ ਅਨੁਸਾਰ ਇਥੇ ਵਿਦਿਆਰਥੀਆਂ ਨੂੰ ਇਖ਼ਲਾਕੀ ਖ਼ੂਬੀਆਂ ਦਾ ਗਿਆਨ ਤੇ ਲੋੜ ਸਮਝਾਈ ਜਾਂਦੀ ਹੈ, ਤਾਂਕਿ ਉਹ ਸਾਰੇ ਸੰਸਾਰਿਕ ਭਾਈਚਾਰੇ ਦੀ ਕੀਮਤ ਤੇ ਲੋੜ

ਨੂੰ ਮਹਿਸੂਸ ਕਰਣ। ਇਸ ਸਕੂਲ ਵਿੱਚ ਕੋਈ ਭੀ ਦਾਖਲਾ ਲੈ ਸਕਦਾ ਹੈ ਤੇ ਕਿਸੇ ਦੇ ਭੀ ਧਾਰਮਿਕ ਵਿਚਾਰਾਂ ਜਾਂ ਆਸਥਾ ਨੂੰ ਪ੍ਰਭਾਵਿਤ ਕਰਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਦਿਲ ਵਿੱਚ ਇਹ ਵਿਚਾਰ ਰੱਖ ਕੇ ਕਿ ਉਹ ਅੱਗੇ ਚਲ ਕੇ ਜੀਵਨ ਵਿੱਚ ਇੱਕ ਕਾਮਯਾਬ ਸ਼ਹਿਰੀ ਸਾਬਤ ਹੋ ਸਕੇ, ਉਸਦੀ ਸਰੀਰਿਕ, ਦਿਮਾਗੀ, ਆਤਮਿਕ ਅਤੇ ਪੁਰਾਤਨ ਧਰੋਹਰ ਲਈ ਪਿਆਰ ਪੈਦਾ ਕਰਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਇਸ ਤਰ੍ਹਾਂ ਉਹਨਾਂ ਵਿੱਚ ਗੰਭੀਰਤਾ ਆਉਂਦੀ ਹੈ। ਸਾਡੀ ਸੰਸਕ੍ਰਿਤੀ ਦਾ ਆਦਰ ਕਰਨਾ ਤੇ ਅਪਨਾਉਣਾ, ਵੱਧ ਚੜ੍ਹ ਹਰ ਇੱਕ ਕੰਮ ਨੂੰ ਕਰਨ ਦਾ ਤੌਖਲਾ ਵਧਾਉਣਾ, ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣਾ ਤੇ ਨਿਭਾਉਣਾ, ਅਨੁਸਾਸ਼ਨ ਵਿੱਚ ਰਹਿਣਾ, ਸਮਾਜ ਸੇਵਾ ਦੀ ਭਾਵਨਾ ਦਾ ਹੋਣਾ, ਇਖ਼ਲਾਕ ਠੀਕ ਰੱਖਣਾ, ਆਪਣੇ ਆਪ ਤੇ ਭਰੋਸਾ, ਸਮੇਂ ਦੀ ਪਾਬੰਦੀ, ਸੁਛਤਾ, ਵਫਾਦਾਰੀ, ਵੱਡਿਆਂ ਦੀ ਇੱਜ਼ਤ, ਨੌਕਰਾਂ ਵੱਲ ਆਦਰ, ਖੇਡਾਂ ਦੀ ਅਹਿਮੀਅਤ, ਸਰੀਰਿਕ ਤੰਦਰੁਸਤੀ ਤੇ ਹਾਰ ਜਿੱਤ ਨੂੰ ਇਕੋ ਸਮਾਨ ਸਮਝਣਾ ਆਦਿ ਗੁਣਾਂ ਦਾ ਹੋਣਾ, ਹਰ ਇੱਕ ਵਿਦਿਆਰਥੀ ਦਾ ਕਰਤਵ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਖੂਬੀਆਂ ਨੂੰ ਆਪਣੀ ਜ਼ਿੰਦਗੀ ਦਾ ਮੂਲ ਅਧਾਰ ਬਨਾਉਣ, ਚਾਹੇ ਉਹ ਜੀਵਨ ਸੰਗ੍ਰਾਮ ਹੋਵੇ ਜਾਂ ਖੇਲ੍ਹ ਦਾ ਮੈਦਾਨ।

ਇਸ ਤਰ੍ਹਾਂ ਸਕੂਲ ਦਾ ਮੰਤਵ ਅਨੁਸ਼ਾਸ਼ਿਤ ਵਿਦਿਆਰਥੀ ਤਿਆਰ ਕਰਨਾ ਹੈ, ਜੋ ਮਾਨਸਿਕਤਾ ਤੇ ਸਰੀਰ ਵੱਲੋਂ ਤੰਦਰੁਸਤ, ਆਤਮਿਕ ਤੌਰ ਤੇ ਬਲਵਾਨ ਹੋਣ ਤਾਂ ਜੋ ਆਪਣੀ ਮਾਤ੍ਰ ਭੂਮੀ ਦੀ ਸੇਵਾ ਕਰਨ ਦੇ ਕਾਬਲ ਹੋਣ ਤੇ ਦੂਸਰਿਆਂ ਲਈ ਇੱਕ ਮਿਸਾਲ ਕਾਇਮ ਕਰ ਸਕਣ। ਬੱਚਿਆਂ ਨੂੰ ਸਿੱਖੀ ਪਰੰਪਰਾ, ਸਿੱਖੀ ਜੀਵਨ ਅਤੇ ਗੁਰਬਾਣੀ ਦਾ ਗਿਆਨ ਕਰਾਇਆ ਜਾਂਦਾ ਹੈ। ਸਵੇਰੇ ਵਿਦਿਆਰਥੀ ਗੁਰਦਵਾਰੇ ਜਾ ਕੇ ਮੱਥਾ ਟੇਕਦੇ ਹਨ। ਨਾਸ਼ਤੇ ਤੋਂ ਬਾਅਦ ਸਕੂਲੀ ਪੜ੍ਹਾਈ ਦਾ ਆਰੰਭ ਸ਼ਬਦ ਪਾਠ ਤੋਂ ਪਿੱਛੋਂ ਸ਼ੁਰੂ ਹੁੰਦਾ ਹੈ : "ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।" ਇਸ ਤੋਂ ਇਲਾਵਾ ਟਾਈਮ ਟੇਬਲ ਦੇ ਅਨੁਸਾਰ ਹਫਤੇ ਵਿੱਚ ਦੋ ਘੰਟੇ ਹਰ ਇੱਕ ਕਲਾਸ ਨੂੰ 'ਮੋਰਲ ਸਾਇੰਸ' ਇਖ਼ਲਾਕ ਸਬੰਧੀ, ਪੜ੍ਹਾਈ ਹੁੰਦੀ ਹੈ, ਜਿਸ ਵਿੱਚ ਪੁਰਾਣੀਆਂ ਮਾਨਤਾਵਾਂ, ਸੰਸਾਰ ਵਿੱਚ ਜਿਸ ਕਿਸੇ ਵੀ ਮਹਾਨ ਪੁਰਸ਼ ਨੇ ਕਾਇਮ ਕੀਤੀਆਂ ਹੋਣ, ਦਾ ਸਬਕ ਪੜ੍ਹਾਇਆ ਜਾਂਦਾ ਹੈ।

ਸਕੂਲ ਵਿੱਚ ਬੱਚਿਆਂ ਨੂੰ ਇੰਡੀਅਨ ਸਕੂਲ ਸਰਟੀਫੀਕੇਟ, ਐਗਜ਼ਾਮੀਨੇਸ਼ਨ ਦੀ ਤਿਆਰੀ ਕਰਾਈ ਜਾਂਦੀ ਹੈ, ਜੋ ਪਹਿਲਾਂ ਦੇ 'ਸੀਨੀਅਰ ਕੈਂਬਰਿਜ' ਦੇ ਸਮਾਨ ਹੈ। ਅੱਗੇ ਚੱਲ ਕੇ ਉਨ੍ਹਾਂ ਨੂੰ ਸ਼ਾਇਦ 'ਆਲ ਇੰਡੀਆ ਹਾਇਰ ਸਕੈਂਡਰੀ ਐਗਜ਼ਾਮੀਨੇਸ਼ਨ' ਲਈ ਭੀ ਤਿਆਰ ਕੀਤਾ ਜਾਵੇ।

ਸਾਰੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣਾ, ਬਹਿਸ ਕਰਨਾ, ਬਾਹਰ ਘੁੰਮਣ ਫਿਰਣ ਲਈ ਇਕੱਠੇ ਜਾਣਾ, ਦਿੱਤੇ ਵਿਸ਼ੇ ਤੇ ਬੋਲਣਾ, ਆਪਣੀ ਕਹਾਣੀ ਜਾਂ ਕਵਿਤਾ ਸੁਨਾਣਾ ਅਤੇ ਡਰਾਮਿਆਂ ਵਿੱਚ ਹਿੱਸਾ ਲੈਣਾ ਆਦਿ ਲਈ ਭੀ ਪ੍ਰੇਰਿਤ

ਕੀਤਾ ਜਾਂਦਾ ਹੈ। ਅਲੱਗ ਸ਼ੌਕਾਂ ਲਈ ਭੀ ਉਪਰਾਲਾ ਕੀਤਾ ਜਾਂਦਾ ਹੈ। ਇਹ ਸਭ ਨਾ ਸਿਰਫ ਮਨੋਰੰਜਨ ਦੇ ਨਾਲ ਨਾਲ ਜਿਸਮਾਨੀ ਛਮਤਾ ਵਧਾਉਂਦਾ ਹੈ. ਸਗੋਂ ਇਸ ਤਰ੍ਹਾਂ ਮਿਲਵਰਤਣ ਅਤੇ ਮੁਕਾਬਲੇ ਦੀ ਭਾਵਨਾ ਨੂੰ ਬੜ੍ਹਾਵਾ ਦੇਣ ਵਿੱਚ ਬਹੁਤ ਸਾਰਥਕ ਸਿੱਧ ਹੁੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮੈਂ ਆਪਣੇ ਕਿਸੇ ਭੀ ਬੱਚੇ ਨੂੰ ਇਹ ਕਹਿੰਦਿਆਂ ਨਹੀਂ ਸੁਣਿਆ "ਮੈਂ ਇਹ ਨਹੀਂ ਕਰ ਸਕਦਾ" ਜਾਂ "ਇਹ ਮੈਥੋਂ ਨਹੀਂ ਹੋਣਾ।"

# ਚੜ੍ਹਦੀ ਕਲਾ : ਅਨਦ ਵਿਨੋਦੀ ਖਸਮ ਹਮਾਰਾ

ਇਕ ਫਲਸਫ਼ੀ ਰਾਜੇ ਨੂੰ ਭਿਖਾਰੀ ਬਣਾ ਦਿੰਦੀ ਹੈ। ਬੀਵੀ ਬੱਚਿਆਂ ਨਾਲ ਵਸਦੇ ਰਸਦੇ ਘਰਾਂ ਤੋਂ ਨਫ਼ਰਤ ਪੈਦਾ ਕਰਵਾ ਦਿੰਦੀ ਹੈ ਤੇ ਸੋਚਿਆ ਜਾਂਦਾ ਹੈ ਕਿ ਇਹੋ ਤਿਆਗ ਹੈ, ਮੂਲੋਂ ਤਿਆਗ, ਮਾਇਆ ਤੋਂ ਨਿਜਾਤ, ਜਿਸਮ ਦੇ ਆਰਾਮ ਤੋਂ ਛੁੱਟੀ, ਸਮਝਿਆ ਇਹ ਜਾਂਦਾ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਛਾਂਟਿਆਂ ਤੋਂ ਬਚ ਨਿਕਲਣ ਦਾ ਤੇ ਪਰਮਾਤਮਾ ਦੀ ਦਰਗਾਹ ਵਿੱਚ ਕਬੂਲੇ ਜਾਣ ਦਾ ਇੱਕੋ ਇੱਕ ਰਾਮ ਬਾਣ ਹੈ ਕਿ ਘਰ ਤਿਆਗ ਜਾਓ ਤੇ ਜੰਗਲਾਂ ਬੀਆਬਾਨਾਂ ਨੂੰ ਆਪਣਾ ਘਰ ਬਣਾ ਲਿਆ ਜਾਵੇ। ਇਹ ਸੋਚ ਫੁਰਨੀ ਤੇ ਮਾਨਨੀਯ ਬਣਨ ਦਾ ਉਦਮ ਕਰ ਲੈਣਾ ਵਾਹਿਗੁਰੂ ਦੇ ਦਰਬਾਰ ਵਿੱਚ ਮਕਬੂਲੀਅਤ ਹਾਸਲ ਕਰਣ ਦਾ ਹੱਕ ਹੈ, ਪ੍ਰਵਾਨਗੀ ਦਾ ਨਿਸ਼ਾਨ ਹੈ।

ਪਰ ਹੁੰਦਾ ਕੀ ਹੈ. ਜਿਸਮ ਦੌੜ ਸਕਦਾ ਹੈ, ਕਾਮ ਕ੍ਰੋਧ ਦੀਆਂ ਚਾਬਕਾਂ ਤੋਂ — ਘਰ ਤਿਆਗ ਕੇ, ਉਚੇ ਪਹਾੜਾਂ ਤੇ ਚੜ੍ਹ ਜਾਣ ਨਾਲ ਪਰ ਜਿਸਮ ਦੇ ਨਾਲ ਮਨ ਨਹੀਂ ਜਾਂਦਾ। ਸੁਖਮਨੀ ਸਾਹਿਬ ਵਿਚਲੀਆਂ ਕੁਝ ਪੰਗਤੀਆਂ ਵਿੱਚ ਅਨੰਦ ਬਿਨੋਦੀ ਖਸਮ ਹਮਾਰਾ ਦਾ ਦੱਸਿਆ ਮਾਰਗ ਹੈ :

ਨਿਮਖ ਨਿਮਖ ਕਰਿ ਸਰੀਰ ਕਟਾਵੈ ਤਉ ਭੀ ਹਉਮੈ ਮੈਲ ਨ ਜਾਵੈ।
ਸੋਚ ਕਰੇ ਦਿਨਸ ਅਰ ਰਾਤ ਮਨ ਕੀ ਮੈਲ ਨਾ ਤਨ ਤੇ ਜਾਤ।। .......
ਕਾਚੀ ਭੀਤ ..... ਭੇਖ ਅਨੇਕ ਅਗਨੁ ਨਹੀਂ ਬੂਝੈ,
ਕੋਟ ਉਪਾਵ ਦਰਗਹ ਨਹੀਂ ਸੂਝੈ।।

.......... ਜੇ ਕੋ ਆਪਨਾ ਦੂਖ ਮਿਟਾਵੈ ਹਰਿ ਹਰਿ ਨਾਮ ਰਿਦੈ ਸਦ ਗਾਵੈ।।"

ਗਾਣਾ — ਰਿਦੈ ਨਾਲ ਗਾਣਾ, ਖੁਲ੍ਹ ਕੇ ਗਾਣਾ ਜਿਵੇਂ ਆਬਸ਼ਾਰਾਂ ਗਾਉਂਦੀਆਂ ਹਨ, ਜਿਵੇਂ ਪੰਛੀ ਗਾਉਂਦੇ ਹਨ, ਖੁਲ੍ਹ ਕੇ, ਰਸ ਵਾਸਤੇ, ਆਪਣੇ ਆਪ ਨੂੰ ਅਨੰਦ ਬਿਨੋਦ ਵਿਚ ਡੋਬਣ ਵਾਸਤੇ. ਦਿਲੋਂ ਉਠੇ ਤਰੰਗ ਨਾਲ. ਰੰਗ ਨਾਲ — ਬੱਝ ਕੇ ਨਹੀਂ, ਇਨਾਮ ਖਾਤਰ ਨਹੀਂ, ਪਦਾਰਥ ਖਟੱਣ ਵਾਸਤੇ ਨਹੀਂ, ਠੀਕਰੇ ਇਕੱਠੇ ਕਰਨ ਵਾਸਤੇ ਨਹੀਂ ਤਨ ਮਨ ਤੇ ਆਤਮਾ ਦੀ ਉਡਾਰੀ ਵਾਸਤੇ ਜਿਹੜਾ ਸੁਣਿਆ ਹੈ, ਦੇ ਖਿਆ ਹੈ, ਉਹਦੇ ਵਿਚ ਸਮਾ ਜਾਣ ਵਾਸਤੇ, ਜਿਹੜੀ ਫਿਲਾਸਫੀ ਗਾਣੇ ਨੂੰ ਸਫਲਤਾ ਦਾ ਸਾਧਨ ਸਮਝਦੀ ਹੈ, ਜਿਹੜਾ ਪੰਥ ਹਸਣ ਖੇਡਣ ਵਿਚ ਟੋਕ ਨਾਹ ਪਾਵੇ, ਸੂਛ

ਖਾਣ ਪੀਣ ਨੂੰ ਰੋਕੇ ਨਾਂਹ, ਉਹ ਹੈ ਅਨੰਦ ਤੇ ਵਿਨੋਦ ਦਾ ਪੱਥ। ਆਨੰਦ ਬਿਨੋਦ ਵਿਚ ਵਿਚਰਦਿਆਂ ਰੱਬ ਨਾਲ ਅਭੇਦ ਹੋ ਜਾਈਦਾ ਹੈ। ਇਹ ਹੈ ਫਿਲਾਸਫੀ ਗੁਰੂ ਗਰੰਥ ਸਾਹਿਬ ਦੀ, ਇਹ ਹੈ ਮਾਰਗ ਜਿਸ ਤੇ ਚਲਦਿਆਂ ਘਰ ਵਿਚ ਰਹਿਣ ਦੀ ਖੁਲ੍ਹ ਹੈ। ਦੁਨੀਆਂ ਦੇ ਜਾਇਜ਼ ਕਾਰ ਵਿਹਾਰ ਲਈ ਅਜ਼ਾਦੀ ਹੈ ਤੇ ਸਚਿਆਰਾ ਜੀਵੰਨ ਘੜਨ ਲਈ ਟ੍ਕਸਾਲ। ਇਹ ਉਚੇ ਗਗਨਾਂ ਦੀ ਸੈਰ ਦਾ ਸਾਧਨ ਹੈ। ਇਹੰ ਅਸਮਾਨੀ ਉਡਾਰੀ ਲਈ ਪੀਂਘ ਹੈ। ਇਹ ਭਉ ਤੇ ਭਾਉ ਦਾ ਸੰਗਮ ਹੈ। ਇਹ ਭਉ ਕੇਵਲ ਪ੍ਰਮਾਤਮਾ ਦਾ ਹੈ, ਉਹ ਭੀ ਇਹ ਭਉ ਕਿ ਮਤੇ ਮੈਂ ਕਿਤੇ ਖਿੜਕ ਨਾਂਹ ਜਾਵਾਂ, ਔਖੀਆਂ ਘਾਟੀਆਂ ਆਉਣ ਤਾਂ ਤਿਲ੍ਹਕ ਨਾਂਹ ਪਵਾਂ, ਇਹ ਭਾਉ ਜਾਂ ਪ੍ਰੇਮ ਦਾ ਨਿਰਾਲਾ ਰਸਤਾ ਹੈ, ਜਿਸ ਵਿਚ ਵਿਚਾਰ ਬੰਦ ਹੋ ਜਾਂਦੀ ਹੈ ਤੇ ਭਾਉ ਰਾਜ ਕਰਦਾ ਹੈ। ਜਿਥੇ ਫੂਲ ਦੀ ਸੁੰਦਰਤਾ, ਸੁੰਦਰਤਾ ਹੀ ਸੁੰਦਰਤਾ ਹੈ, ਇਸ ਸੁੰਦਰਯ ਰਾਹੀਂ ਰਚਨਹਾਰੇ ਨਾਲ ਦੋਸਤੀ ਪਾ ਲੈਣ ਦਾ ਸੌਖਾ ਕਦਮ ਹੈ, ਇਸ ਵਿਚ ਫੁੱਲ ਦੇ ਨਾਂ ਨਾਲ, ਵਜ਼ਨ ਨਾਲ ਤੁਅਲਕ ਨਹੀਂ, ਅਖੀਆਂ ਮੀਟ ਕੇ ਖੂਬਸੂਰਤੀ ਨੂੰ ਪੀਣ ਦਾ ਹੀ ਕੰਮ ਹੈ। ਬ੍ਰਿਛ ਦੇ ਤਣੇ ਨਾਲ ਪਿਠ ਜੋੜ ਕੇ ਅਨੰਦ ਮਾਣਨਾ ਹੀ ਭਾਉ ਹੈ। ਪੰਛੀਆਂ ਦਾ ਰਾਗ ਸੁਣਕੇ ਡੀਕ ਲਾ ਕੇ ਰਸ ਪੀਣਾ ਹੀ ਪ੍ਰਮਾਤਮਾ ਦੀ ਭਗਤੀ ਹੈ। ਚੜ੍ਹਦੇ ਸੂਰਜ ਦੀ ਗੁਨਗੁਨਾਂਦੀ ਕਿਰਨ ਨੂੰ ਬੋਚ ਲੈਣ ਨਾਲ ਰੱਬ ਨੂੰ ਪਾਣ ਦੀ ਸੀੜ੍ਹੀ ਬਣਾ ਲੈਣੀ ਹੀ ਭਾਉ ਹੈ। ਤੇ ਪ੍ਰੇਮ ਹੈ ਰਬ ਨੂੰ ਪਾਉਣ ਲਈ ਗਲਵਕੜੀ।

ਇਹ ਭਉ ਤੇ ਭਾਉ ਹੰਕਾਰ ਦੀ ਨਿਵਿਰਤੀ ਕਰਦੇ ਹਨ। ਲੋਭ ਤੋਂ ਛੁਟਕਾਰਾ ਦਿਵਾਂਦੇ ਹਨ। ਰਹਿਮ ਤੇ ਤਰਸ ਨੂੰ ਜਗਾਂਦੇ ਹਨ। ਦੁਨੀਆਂ ਦੀਆਂ ਗੁੰਝਲਾਂ ਖੋਲ੍ਹਣ ਦਾ ਉਦਮ ਹਨ, ਬੀਵੀ ਬੱਚਿਆਂ ਨਾਲ ਰਹਿ ਕੇ। ਸੰਜੋਗ ਤੇ ਵਿਜੋਗ ਦਾ ਗਿਆਨ ਹੀ ਇਹ ਰਸਤਾ ਹੈ। ਇਸ ਵਿੱਧੀ ਤੇ ਚਲ਼ਦਿਆਂ ਮਾਨ ਨਹੀਂ ਸਤਾਂਦਾ ਕਿ ਮੈਂ ਤਿਆਗੀ ਹਾਂ ਤੇ ਇਸ ਕਾਰਨ ਸਵਰਗਾਂ ਦਾ ਤੇ ਸਵਰਗ ਵਿਚ ਵਸਦੇ ਰਬ ਦੇ ਨੇੜੇ ਵਸਣ ਦਾ ਹਕਦਾਰ ਹਾਂ। ਇਹ ਹੰਕਾਰ ਨਹੀਂ ਆਉਂਦਾ ਕਿ ਮੈਂ ਬੀਵੀ ਬੱਚੇ ਤਿਆਗ ਕੇ ਇਕ ਦੇਵਤਾ ਵਾਂਗ ਉਚਾ ਹੋ ਗਿਆ ਹਾਂ। ਮੈਂ ਰਬ ਨੂੰ ਪਾ ਲਿਆ ਹੈ, ਇਸ ਲਈ ਜਗਤ ਪਾਸੋਂ ਆਪਣੀ ਪੂਜਾ ਕਰਾਣ ਦਾ ਅਧਿਕਾਰੀ ਹੋ ਗਿਆ ਹਾਂ। ਇਹ ਨਿਵ ਚਲਨ ਦਾ ਰਸਤਾ ਹੈ। ਇਹ ਮਿਠਾ ਬੋਲਣ ਦਾ ਰਸਤਾ ਹੈ। ਇਸ ਰਾਹ ਦੇ ਪਾਂਧੀ ਘਰ ਛਡ ਕੇ ਨਹੀਂ ਜਾਂਦੇ ਪਰ ਸਾਰੀ ਦੁਨੀਆਂ ਨੂੰ ਇਕ ਧਰਮਸਾਲ ਸਮਝਦੇ ਹਨ। ਕਿਸੇ ਨਾਲ ਵਧੀਕੀ ਦੀ ਇਜਾਜ਼ਤ ਨਹੀਂ। ਖੁਲ੍ਹੀ ਹਵਾ ਵਿਚ ਸਾਹ ਲੈਣ ਦਾ ਮੁਕਾਮ ਹੈ, ਧਰਮ ਕਰਮ ਦਾ, ਗਰੀਬ ਤੇ ਕਮਜ਼ੋਰ ਦੀ ਬਾਂਹ ਫੜਨ ਦਾ ਮੌਕਾ ਭੀ ਹੈ ਪਰ ਫੇਰ ਭੀ ਜਗਤ ਨੂੰ ਧਰਮਸਾਲਾ ਹੀ ਸਮਝਿਆ ਗਿਆ ਹੈ ..... ਇਕ ਮੁਸਾਫਰਖਾਨਾ ਕਿਉਂਕਿ ਜੱਗ ਮੁਸਾਫਰਖਾਨਾ ਹੈ ਇਸ ਲਈ ਖੋਟੇ ਸਿੱਕੇ ਜਮ੍ਹਾ ਕਰਨ ਦਾ ਹੱਕ ਨਹੀਂ ਮਿਹਨਤ ਦੀ ਕਮਾਈ ਲਈ ਬੁਲਾਵਾ ਹੈ। ਰਜ ਕੇ ਮਿਹਨਤ ਕਰਨ ਲਈ ਦਾਦ ਹੈ ਤੇ ਰਬ ਨਾਲ ਲਿਵ ਲਾਣ ਲਈ, ਮਿੰਟ ਮਿੰਟ, ਉਕਸਾਹਟ

ਹੈ, ਬੈਠਦਿਆਂ ਉਠਦਿਆਂ ਰਾਮ ਵਿੱਚ ਰੰਗੀਜਣ ਦਾ ਉਦੇਸ਼ ਹੈ ਪਰ ਨਾਲ ਬਨੀ-ਇਨਸਾਨ ਦੀ ਸੇਵਾ ਭੀ ਹੁਕਮ ਹੈ।

ਐਸੇ ਜੀਵਨ ਲਈ ਉਤਸ਼ਾਹ ਹੈ, ਰੰਗ ਹੈ, ਗਿਠ ਗਿਠ ਲਾਲੀ ਹੈ "ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚ। ਨਾਨਕ ਲਾਲੋ ਲਾਲ ਹੈ ਸਚੇ ਰਤਾ ਸਚ।" ਇਸ਼ਕ ਦੇ ਮੈਦਾਨ ਵਿਚ ਅਨੰਦ ਹੈ, ਵਿਨੋਦ ਹੈ, ਕੋਡ ਹੈ, ਤਮਾਸ਼ਾ ਹੈ। ਇੰਜ ਲਗਦਾ ਹੈ ਏਥੇ ਸਭ ਜੰਜੇ ਆਏ ਹਨ। ਬਰਾਤੀਆਂ ਵਾਲੀ ਬਦਤਮੀਜ਼ੀ ਲਈ ਥਾਂ ਨਹੀਂ ਪਰ ਗੂੜ੍ਹੀ, ਅਨੰਦਮਈ ਨਸ਼ੀਲੀ ਤਬੀਅਤ ਰਚਨਹਾਰੇ ਦੀ ਰਚਨਾ ਦੇਖ਼ ਦੇਖ ਪ੍ਰਸੰਨ, ਮਸਤ ਤੇ ਉਹਦੇ ਉਪਕਾਰਾਂ ਵਿਚ ਡੁਬ ਕੇ ਜਿਹੜੇ ਮਸਤ ਹਨ. ਉਹ ਗਾਂਦੇ ਹਨ। ਅਮੁਲ ਗੁਨ ਅਮੁਲ ਕੋਈ ਖ਼ਰੂਦ ਮਚਾਣ ਵਾਲੀ ਖੁਸ਼ੀ ਨਹੀਂ ਪਰ ਕੇਵਲ ਅੰਦਰ ਦਾ ਰਜ ਤੇ ਗਿਠ ਗਿਠ ਉਚੀ ਚਲ ਸਕਣ ਦੀ ਸ਼ਕਤੀ ਜਿਸਦਾ ਪ੍ਰਭਾਵ ਆਉਂਦੇ ਜਾਂਦੇ ਤੇ ਪਵੇ ਸਾਰੀ ਸਮਾਜ ਤੇ ਪਵੇ. ਐਸੀ ਖੁਸ਼ਬੂ ਭਰੀ ਪਿਚਕਾਰੀ ਹੈ ਕਿ ਰੰਗ ਨਾਲ ਵੀ ਰੰਗ ਦੇਵੇ ਤੇ ਸਾਰਾ ਵਾਤਾਵਰਨ ਸੁਗੰਧਤ ਭੀ ਕਰ ਦੇਵੇ। ਇਹ ਚੜ੍ਹਦੀ ਕਲਾ ਦਾ ਧਰਮ ਹੈ — ਸਿੱਖ ਧਰਮ ਤੇ ਧਰਮੀ ਰਘਬੀਰ ਸਿੰਘ ਜੀ 'ਬੀਰ' ਇਸ ਚੜ੍ਹਦੀ ਕਲਾ ਦਾ ਨਕਸ਼ਾ ਖਿਚਦੇ ਹਨ. ਆਪਸੀ ਕਮਾਲ ਦੀ ਰਚਨਾ ਜਿਸਦਾ ਨਾਮ ਹੀ ਹੈ "ਚੜ੍ਹਦੀ ਕਲਾ"। ਇਹਨਾਂ ਧਰਮੀ ਜੀਵਨ ਜੀਵਿਆ ਹੈ। ਇਹਨਾਂ ਉਤਸ਼ਾਹ ਦੇ ਹੁਲਾਰੇ ਖਾਧੇ ਹਨ ਤੇ ਖਵਾਏ ਹਨ! ਇਹ ਉਤਸ਼ਾਹ ਵਿਚ ਜੀਵੇ ਹਨ ਤੇ ਇਹਨਾਂ ਉਤਸ਼ਾਹ ਨਾਲ ਜੀਵਨ ਜੀਵਣਾ ਸਿਖਾਇਆ। ਇਹਨਾਂ ਦੀਆਂ ਕਵਿਤਾਵਾਂ ਆਕਾਸ਼ ਦੀਆਂ ਫੇਰੀਆਂ ਪਵਾਂਦੀਆਂ ਹਨ। ਇਹਨਾਂ ਦੀਆਂ ਕਵਿਤਾਵਾਂ "ਬੀਰ ਦੇ ਤੀਰ" ਤੇ "ਖਾਲਸਈ ਸ਼ਾਨ" ਦਾ ਤੁਛ ਜਿਹਾ ਵੇਰਵਾ ਤੇ ਤੁਛ ਜਹੀ ਅਲੋਚਨਾ ਕਿਸੇ ਹੋਰੀ ਥਾਂ ਤੇ ਕੀਤੀ ਜਾ ਚੁਕੀ ਹੈ। "ਚੜ੍ਹਦੀ ਕਲਾ" ਨਾਂ ਦੀ ਪੁਸਤਕ ਦਾ ਜ਼ਿਕਰ ਕਰਦਿਆਂ ਭੂਮਿਕਾ ਵਿਚ ਜਿਨ੍ਹਾਂ ਦੋ ਸ਼ਬਦਾਂ ਵਲ ਸੰਕੇਤ ਕੀਤਾ ਗਿਆ ਹੈ, ਉਹ ਹਨ :

ਦੁਖ ਨਹੀਂ ਸਭ ਸੁਖ ਹੀ ਹੈ ਰੇ, ਏਕੈ ਏਕੀ ਨੇਤੈ।
ਬੁਰਾ ਨਹੀਂ ਸਭ ਭਲਾ ਹੀ ਹੈ ਰੇ, ਹਾਰ ਨਹੀਂ ਨਹੀਂ ਸਭ ਚੇਤੈ।।
ਯੋਗੁ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਹੀਂ ਕਿਛ ਲੇਤੈ।।
ਕਹੁ ਨਾਨਕ ਜਨੁ, ਹਰਿ ਹਰਿ ਹਰਿ ਹੈ, ਕਤ ਅਏ ਕਤ ਰਮਤੈ।।
(ਕਾਨੜਾ ਮਹਲਾ ੫)

ਹਰਖ ਅਨੰਤ ਸੰਗ ਨਹੀਂ ਬੀਆ।
ਸੋ ਘਰਿ ਗੁਰ ਨਾਨਕ ਕਉ ਦੀਆ।। (ਗਉੜੀ ਮਹਲਾ ੫)

ਇਸ ਰਚਨਾ ਵਿੱਚ ਇਨਸਾਨ ਦੀ ਬੁਨਿਆਦੀ ਚਾਹ, ਕਾਮਯਾਬੀ ਲਈ ਸੰਘਰਸ਼ ਦਾ ਜ਼ਿਕਰ ਹੈ। ਲਿਖਦੇ ਹਨ ਕਿ ਦੁਨੀਆਂ ਵਿੱਚ ਐਸਾ ਕਿਹੜਾ ਹੋਵੇਗਾ, ਜੋ ਜ਼ਿੰਦਗੀ ਵਿੱਚ ਕਾਮਯਾਬ ਨਾ ਹੋਣਾ ਚਾਹੁੰਦਾ ਹੋਵੇ ਪਰ ਕਾਮਯਾਬ ਹੋਣ

ਲਈ ਭੀ ਕਈ ਸਿਫਤਾਂ ਦਾ ਹੋਣਾ ਲੋੜੀਂਦਾ ਹੈ ਤੇ ਕੁਝ ਕਿਸਮਤ ਦਾ ਸਾਥ ਵੀ ਚਾਹੀਦਾ ਹੈ। ਕਾਮਯਾਬੀ ਵਾਸਤੇ ਸਭ ਤੋਂ ਜ਼ਰੂਰੀ ਜਾਨਣ ਵਾਲੀ ਚੀਜ਼ ਕਾਮਯਾਬੀ ਦੇ ਚਾਹਵਾਨ ਲਈ ਆਪਣੇ ਆਪ ਸੰਬੰਧੀ, ਆਪਣੇ ਅੰਦਰ ਲੁਕੀਆਂ ਤਾਕਤਾਂ ਸੰਬੰਧੀ ਪੂਰੀ ਵਾਕਫੀਅਤ ਹੋਣੀ ਲਾਜ਼ਮੀ ਹੈ। ਅੱਗੇ ਲਿਖਦੇ ਹਨ "ਜਿਵੇਂ ਕਿਰਨ ਵਿੱਚ ਸੂਰਜ ਤੋਂ ਉਤਪੰਨ ਹੋਣ ਕਰਕੇ ਸੂਰਜ ਦੀਆਂ ਸਭ ਸਿਫਤਾਂ ਮੌਜੂਦ ਹੁੰਦੀਆਂ ਹਨ, ਓਵੇਂ ਆਦਮੀ ਵਿੱਚ ਰੱਬ ਤੋਂ ਉਤਪੰਨ ਹੋਣ ਕਰਕੇ ਰੱਬ ਦੀਆਂ ਸਭ ਸਿਫਤਾਂ ਮੌਜੂਦ ਹਨ।" ਉਹ ਸੁਝਾਂਦੇ ਹਨ ਕਿ ਸਭ ਤੋਂ ਪਹਿਲਾਂ ਕਾਮਯਾਬੀ ਆਦਮੀ ਦੇ ਦਿਲ ਤੇ ਦਿਮਾਗ ਵਿੱਚ, ਉਸਦੇ ਖਿਆਲਾਂ ਵਿੱਚ ਪਰਵੇਸ਼ ਕਰਦੀ ਹੈ, ਮਗਰੋਂ ਉਸਦੀ ਜ਼ਿੰਦਗੀ ਵਿੱਚ ਆ ਕੇ ਜ਼ਾਹਿਰ ਹੁੰਦੀ ਹੈ. ਇਸ ਲਈ ਕਾਮਯਾਬੀ ਦੇ ਮੁਤਲਾਸ਼ੀ ਲਈ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣਾ, ਆਸਵੰਦ ਰਹਿਣਾ, ਕਾਮਯਾਬੀ ਨੂੰ ਆਪਣੇ ਖਿਆਲਾਂ ਦਾ ਅੰਗ ਬਨਾਣਾ, ਇਹ ਸ਼ਕ ਕਦੀ ਨਾ ਕਰਨਾ ਕਿ ਮੈਂ ਕਾਮਯਾਬ ਹੋਵਾਂਗਾ ਕਿ ਨਹੀਂ ਕਾਮਯਾਬੀ ਵਾਸਤੇ ਬਹੁਤ ਜ਼ਰੂਰੀ ਚੀਜ਼ਾਂ ਹਨ। ਕਾਮਯਾਬੀ ਦੇ ਮੌਕਿਆਂ ਨੂੰ ਕਦੇ ਵੀ ਹੱਥੋਂ ਨਾ ਜਾਣ ਦੇਵੇ। ਉਹ ਹਾਲਾਤ ਨੂੰ ਅਤੇ ਮੌਕਿਆਂ ਨੂੰ ਆਪਣੀ ਜ਼ਰੂਰਤ ਅਨੁਸਾਰ ਖੁਦ ਪੈਦਾ ਕਰ ਸਕਦਾ ਹੈ। ਉਸਦੀ ਨਜ਼ਰ ਵਿੱਚ ਮੁਸ਼ਕਲਾਂ, ਰੁਕਾਵਟਾਂ, ਦਿਕਤਾਂ ਦੀ ਹਸਤੀ ਤੱਕ ਨਹੀਂ ਰਹਿੰਦੀ। ਜਦੋਂ ਆਦਮੀ ਇਸ ਹਾਲਤ ਨੂੰ ਪੁੱਜ ਜਾਂਦਾ ਹੈ ਤਾਂ, ਉਸ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਬੋਲੇ ਦੇ ਅਸਲੀ ਭੇਦ ਜਾਂ ਅਰਥ ਦਾ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ : "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ"

ਜ਼ਿੰਦਗੀ ਜ਼ਿੰਦਾ ਦਿਲੀ ਕਾ ਨਾਮ ਹੈ,  
ਮੁਰਦਾ ਦਿਲ ਖਾਕ ਜੀਆ ਕਰਤੇ ਹੈਂ।"

ਕੀ ਤੁਹਾਨੂੰ ਉਪਰ ਲਿਖੀ ਲਾਈਨ ਕੁਝ ਠਾਂਹ ਕੁਝ ਉਤਾਂਹ ਚੁਕਦੀ ਹੈ, ਜਦ ਮਨ ਢਿਲਾ ਹੋਵੇ, ਸਰੀਰ ਐਵੇਂ ਡਿਗੂੰ ਡਿਗੂੰ ਕਰਦਾ ਲਗਦਾ ਹੈ। ਜੇ ਮਨ ਵਿਚ ਉਤਸ਼ਾਹ ਨਹੀਂ ਤੇ ਜਿਸਮ ਰੋਗੀ ਭਾਸਦਾ ਹੈ ਤੇ ਜੇ ਮਨ ਨੂੰ ਡਿਗਦ ਡੋਲਣ ਤੋਂ ਬਚਾ ਉਤਾਂਹ ਚੁਕਦ ਦਾ ਬਲ ਆ ਜਾਵੇ ਤਾਂ, ਦੇਖਿਆ ਜੇ ? ਸਮੁੰਦਰ ਦੀਆਂ ਮੌਜਾਂ ਵਾਂਗ ਦਿਲ ਵਿਚ ਛੱਲਾਂ ਉਠਦੀਆਂ, ਉਤਸ਼ਾਹ ਦੇ ਸਾਗਰ ਵਿਚ ਤੇ ਜੇ ਨਹੀਂ ਜੇ ਦੇਖੀਆਂ ਤਾਂ ਰਘਬੀਰ ਸਿੰਘ ਜੀ 'ਬੀਰ' ਦੀ ਰਚਨਾ "ਚੜ੍ਹਦੀ ਕਲਾ" ਪੜ੍ਹ ਕੇ ਦੇਖੋ। ਵਿਚਾਰਾਂ ਵਿੱਚ, ਸ਼ੈਲੀ ਵਿਚ, ਜ਼ਬਾਨ ਵਿਚ ਉਤਸ਼ਾਹ ਦਾ ਸਮੁੰਦਰ ਪਾਓਗੇ।

ਜੋੜ ਦੇਂਦੇ ਹਨ ਬਲਬ ਨੂੰ ਪਾਵਰ ਹਾਊਸ ਨਾਲ। ਬਲਬ ਹੈ ਸਾਡਾ ਵਿਅਕਤੀਗਤ ਮਨ ਤੇ ਪਾਵਰ ਹਾਊਸ ਹੈ ਸਾਡੀ ਸ਼ਕਤੀ ਦਾ ਮੁਢ — ਵਾਹਿਗੁਰੂ ਅਨੰਦ-ਮਈ ਰੂਪ, ਸਤਿ ਚਿਤ ਅਨੰਦ - ਈਸ਼ਵਰ। ਬਲਬ ਫਿਊਜ਼ ਨਾਂਹ ਹੋਇਆ

ਹੋਵੇ, ਮਨ ਜੇ ਬਿਲਕੁਲ ਸੁਕੀ ਲਕੜੀ ਨਾ ਬਣ ਗਿਆ ਹੋਵੇ, ਤਾਂ ਦੇਖੋ ਪਾਵਰ ਹਾਊਸ ਨਾਲ ਜੁੜਦਿਆਂ ਬਲਬ ਕਿਸ ਤਰ੍ਹਾਂ ਰੋਸ਼ਨ ਹੋਂਦਾ ਹੈ। ਮੁਰਝਾਈ ਡੰਡੀ ਪਾਣੀ ਵਿਚ ਡੁਬਕੇ ਹਰਿਆਵਲੀ ਹੋ ਜਾਂਦੀ ਹੈ। ਆਤਮਾ ਪਰਮਾਤਮਾ ਵਿਚ ਸਮਾ ਕੇ ਇੰਝ ਖਿੜਦੀ ਹੈ ਜਿਵੇਂ ਕਿਰਨ ਸੂਰਜ ਨਾਲ ਮਿਲ ਕੇ ਤੇ ਲਹਿਰ ਸਮੁੰਦਰ ਨੂੰ ਮਿਲ ਕੇ। ਲਹਿਰ ਲਹਿਰ ਹੈ, ਸਮੁੰਦਰ ਨਹੀਂ ਪਰ ਸ਼ਹੁਸਾਗਰ ਵਿਚ ਸਮਾ ਕੇ ਉਹ ਲਹਿਰ ਨਹੀਂ ਰਹਿੰਦੀ, ਸਮੁੰਦਰ ਬਣ ਜਾਂਦੀ ਹੈ। ਲਹਿਰ ਨੂੰ ਸਮੁੰਦਰ ਬਣਾਨ ਲਈ ਜਿਹੜੇ ਸ਼ਬਦ ਉਪਰ ਅੰਕਿਤ ਕੀਤੇ ਹਨ, ਉਹਨਾਂ ਵਰਗੀ ਕੋਈ ਹੋਰ ਬਾਣੀ ਹੈ ? ਸਾਰੀਆਂ ਧਾਰਮਿਕ ਫਿਲਾਸਫੀਆਂ ਵਿਚੋਂ ਜੋ ਇਸ ਤਰ੍ਹਾਂ ਜਾਦੂ ਕਰਨ ਜਿਹੜਾ ਸਿਰ ਤੇ ਚੜ੍ਹ ਕੇ ਬੋਲੇ, ਮੁਰਦਾ ਹੋਈ ਜ਼ਿੰਦਗੀ ਦਾਨ ਦੇਣ ਲਈ, ਪੜ੍ਹੋ ਬਾਰ ਬਾਰ ਪੜ੍ਹੋ —

"ਦੁਖ ਨਹੀਂ ਸਭ ਸੁਖ ਹੀ ਹੈ ਰੇ .......
ਹਾਰ ਨਹੀਂ ਸਭ ਜੇਤੈ
ਹਰਖ ਅਨੰਤ, ਯੋਗ ਨਹੀਂ ਬੀਆ।।

ਭੂਮਿਕਾ ਵਿਚ ਹੀ ਇਕ ਪੁਲੀਸ ਦੇ ਸਿਪਾਹੀ ਦਾ ਬਿਆਨ ਕਰਦੇ ਹਨ ਕਿ ਉਸਦੇ ਪਿਛੇ ਉਸਦੀ ਮਦਦ ਵਾਸਤੇ ਸਾਰੀ ਪੁਲੀਸ ਦਾ ਮਹਿਕਮਾ ਹੈ ਤੇ ਗਵਰਮੈਂਟ ਦੀ ਸਾਰੀ ਤਾਕਤ। ਮਨ ਕਿਡਾ ਚੜ੍ਹਦੀ ਕਲਾ ਵਿਚ ਜਾਂਦਾ ਹੈ, ਜਦ ਉਹ ਸੋਚਦਾ "ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਹਿ।" ਮਨ ਸੋਚਦਾ ਹੈ ਤੇ ਮੁਖ ਉਚਾਰਦਾ ਹੈ ਕਿ ਮੈਂ ਤੇਰਾ ਤੇ ਫਤਹ ਤੇਰੀ ਜਾਂ ਫਿਰ ਬੋਲਦਾ ਹੈ —

"ਜਾਕੈ ਭਗਤ ਅਨੰਦ ਮੈ।
ਜਾਕੈ ਭਗਤ ਕੋਊ ਨਾਹੀਂ ਖੈ।
ਜਾਕੈ ਭਗਤ ਕਉ ਨਾਹੀ ਭੈ।
ਜਾਕੈ ਭਗਤ ਕਉ ਸਦਾ ਜੈ।"

'ਚੜ੍ਹਦੀ ਕਲਾ' ਕਿਤਾਬ ਦੇ ੨੭੨ ਸਫ਼ੇ ਹਨ ਤੇ ਚਾਰ ਵਾਰੀ ਇਹ ਛਪ ਚੁਕੀ ਹੈ। ਤੁਹਾਡਾ ਵੀ ਜੋਸ਼ ਜਾਗੇ, ਪੜ੍ਹਨ ਲਈ। ਜੇਕਰ ਕਦੀ ਇਹ ਕਿਤਾਬ ਅਮਰੀਕਾ ਦੇ Whites ਵਿਚ ਉਹਨਾਂ ਦੀ ਜ਼ਬਾਨ ਵਿਚ ਮਿਲਦੀ ਹੋਵੇ ਤਾਂ ਇਕ ਐਡੀਸ਼ਨ ਦੀਆਂ ਲਖ ਲਖ ਕਾਪੀਆਂ ਛਪਣ। ਫੇਰ ਭੀ ਲੋਕ ਤਰਸਨ ਪਰ ਆਪਣਾ ਵਤਨ ਤੇ ਆਪਣੀ ਕੌਮ ਇਤਨੇ ਢਿਲੇ ਹਨ ਕਿ ਕਿਤਾਬ ਤੇ ਕੋਈ ਪੜ੍ਹਦੇ ਹੀ ਨਹੀਂ। ਫਿਰ ਭੀ ਇਸ ਕਿਤਾਬ ਦੀ ਪ੍ਰਵਾਨਗੀ ਇਸਦੇ ਗਿਆਨ ਭੰਡਾਰੇ ਦਾ ਇਕ ਪਰਤੱਖ ਸਬੂਤ ਹੈ ਜਿਹੜੇ ਪਾਠਕ ਇਸ ਤੋਂ ਦਾਤ ਲੈ ਉਤਸ਼ਾਹ ਦੀਆਂ ਛਲਾਂਗਾਂ ਲਗਾਣਗੇ ਉਹਨਾਂ ਦੀ ਜ਼ਿੰਦਗੀ ਸਫਲ ਹੋ ਜਾਣੀ ਯਕੀਨੀ ਹੈ।

# ਅਕਾਲ ਚਲਾਣਾ

੧੩ ਅਪ੍ਰੈਲ ਵਿਸਾਖੀ ਦਾ ਗੁਰਪੁਰਬ ਡਿਗਸ਼ਈ ਪਬਲਿਕ ਸਕੂਲ ਵਿਚ ਸਥਿਤ ਗੁਰਦਵਾਰਾ ਸਾਹਿਬ ਵਿਖੇ ਸਟਾਫ ਤੇ ਵਿਦਿਅਰਥੀਆਂ ਸੁੰਦਰ ਢੰਗ ਨਾਲ ਮਨਾਇਆ। ਕੀਰਤਨ ਹੋਇਆ ਤੇ ਨਾਲ ਬੀਰ ਜੀ ਨੇ ਬੱਚਿਆਂ ਨੂੰ ਗੁਰਮਤਿ ਦੀ ਸੋਹਣੀ ਸਿਖਿਆ ਦਿਤੀ। ਅਗਲੇ ਦਿਨ ਐਤਵਾਰ ੧੪ ਅਪ੍ਰੈਲ ਅਮ੍ਰਿਤ ਵੇਲੇ ਦੇ ਸਿਮਰਨ ਉਪ੍ਰਾਂਤ ਤਿਆਰ ਹੋ ਕੇ ਆਪਣੀ ਕੋਠੀ ਨੰ. ੧੧ ਚੋਂ ਨਿਕਲੇ ਤੇ ਗੁਰਦਵਾਰਾ ਸਾਹਿਬ ਵਲ ਦੋ ਹੀ ਕਦਮ ਪੁਜੇ ਕਿ ਏਕਾ ਇਕ ਦਿਲ ਦਾ ਦੌਰਾ ਪਿਆ ਤੇ ਪਲ ਭਰ ਵਿਚ ਪ੍ਰਾਣ ਤਿਆਗ ਅਕਾਲ ਪੁਰਖ ਦੇ ਚਰਣਾਂ ਵਿਚ ਜਾ ਬਿਰਾਜੇ। ਉਸ ਵਕਤ ਸਵੇਰ ਦੇ ੧੧ ਵਜੇ ਸਨ।

ਪੰਜਾਬੀ ਦੇ ਅਖਬਾਰ ਸਪਤਾਹਿਕ 'ਖਾਲਸਾ ਗਜ਼ਟ' ਨੇ ਜੋ ਕਿ ਪੂਰਬੀ ਭਾਰਤ ਦਾ ਇੱਕ ਮਾਤਰ ਪੰਜਾਬੀ ਦਾ ਅਖਬਾਰ ਹੈ, ਉਨ੍ਹਾਂ ਨੂੰ ਇੰਜ ਸ਼ਰਧਾਂਜਲੀ ਪੇਸ਼ ਕੀਤੀ।

"ਸ. ਰਘਬੀਰ ਸਿੰਘ ਜੀ 'ਬੀਰ'<br>ਗੁਰੂ ਚਰਨਾਂ ਵਿੱਚ ਜਾ ਬਿਰਾਜੇ"

ਇਹ ਖਬਰ ਅਤੀ ਅਫਸੋਸ ਨਾਲ ਪੜ੍ਹੀ ਸੁਣੀ ਜਾਵੇਗੀ ਕਿ ਦੇਸ਼ ਦਰਪਣ ਅਖਬਾਰ ਤੇ ਪਰੈਸ ਦੇ ਮਾਲਕ, ਮਾਸਿਕ ਆਤਮ-ਸਾਇੰਸ ਤੇ ਸਪਤਾਇਕ ਖਾਲਸਾ ਗਜ਼ਟ ਦੇ ਐਡੀਟਰ, ਗੁਰਮਤ ਪ੍ਰਚਾਰ ਟਰਸਟ ਦੇ ਬਾਨੀ, ਡਿਗਸ਼ਈ ਪਬਲਿਕ ਸਕੂਲ ਦੇ ਚੇਅਰਮੈਨ ਤੇ ਜਨਮਦਾਤਾ ਅਤੇ ਉੱਚ ਕੋਟੀ ਦੇ ਸਾਹਿਤਕਾਰ ਸ. ਰਘਬੀਰ ਸਿੰਘ ਜੀ 'ਬੀਰ' (੭੭ ਸਾਲ) ਅਚਾਨਕ ਦਿਲ ਦੀ ਧੜਕਨ ਬੰਦ ਹੋ ਜਾਣ ਕਾਰਣ ਅੱਜ ਐਤਵਾਰ ੧੪ ਅਪਰੈਲ ਨੂੰ ਸਵੇਰੇ ੧੧ ਵਜੇ ਡਿਗਸ਼ਈ (ਸ਼ਿਮਲਾ ਹਿਲਜ਼) ਵਿਖੇ ਅਕਾਲ ਪੁਰਖ ਦੀ ਬਖ਼ਸੀ ਆਯੂ ਭੋਗ ਕੇ ਗੁਰੂ ਨੂੰ ਪਿਆਰੇ ਹੋ ਗਏ ਹਨ। ਆਪ ਬੜੇ ਹੀ ਮਿੱਠੇ ਸੁਭਾਵ, ਗੁਰਮੱਤ ਦੇ ਖੋਜੀ, ਗੁਰਮੁਖ ਤੇ ਮਿਲਾਪੜੀ ਸ਼ਖ਼ਸੀਅਤ ਸਨ।

ਆਪ ਦੇ ਅਕਾਲ ਚਲਾਣੇ ਦੀ ਖਬਰ ਸੁਣਦਿਆਂ ਹੀ ਆਪ ਦੇ ਵੱਡੇ ਸਪੁੱਤਰ ਸ. ਲਖਬੀਰ ਸਿੰਘ ਜੀ 'ਬੀਰ' ਹਵਾਈ ਜਹਾਜ਼ ਦੁਆਰਾ ਡਿਗਸ਼ਈ ਨੂੰ ਰਵਾਨਾ ਹੋ ਗਏ ਹਨ। ਸ੍ਰ. ਸਾਹਿਬ ਪਿਛੇ ਜਿਹੇ ਕੁਝ ਢਿੱਲੇ ਰਹੇ ਤੇ ਕਲਕੱਤੇ ਆਏ ਸਨ, ਲੇਕਿਨ ਤੰਦਰੁਸਤ ਹੋਣ ਉਪਰਾਂਤ ਕੁਝ ਦਿਨ ਹੋਏ ਡਿਗਸ਼ਈ ਚਲੇ ਗਏ ਸਨ। ਆਪ ਦੀ ਦਿਲੀ ਇੱਛਾ ਸੀ ਕਿ ਆਪ ਦੇ ਸਵਾਸ ਡਿਗਸ਼ਈ ਵਿਖੇ ਹੀ ਪੂਰੇ ਹੋਣ। ਸੋ ਅਕਾਲ

ਪੁਰਖ ਨੇ ਉਹਨਾਂ ਦੀ ਇਹ ਇੱਛਾ ਵੀ ਪੂਰੀ ਕਰ ਦਿੱਤੀ। ਆਪ ਚਾਰ ਸਪੁੱਤਰੀਆਂ, ਦੋ ਸਪੁੱਤਰਾਂ ਤੇ ਬਿਰਧ ਸੁਪਤਨੀ ਨੂੰ ਸਦੀਵੀ ਵਿਛੋੜਾ ਦੇ ਗਏ ਹਨ। 'ਦੇਸ਼-ਦਰਪਣ' ਅਦਾਰਾ ਤੇ ਸਮੂਹ ਸਟਾਫ ਵੱਲੋਂ ਅਰਦਾਸ ਹੈ ਕਿ ਅਕਾਲ ਪੁਰਖ ਵਿਛੜੀ ਰੂਹ ਨੂੰ ਸ਼ਾਂਤੀ ਤੇ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।"

ਇਸਤਰ੍ਹਾਂ ਜਿਸ ਅਸਥਾਨ ਨੂੰ ਉਨ੍ਹਾਂ ਆਪਣੀ ਕਰਮ ਭੂਮੀ ਬਣਾਇਆ ਤੇ ਪਰਿਵਾਰ ਤੋਂ ਦੂਰ, ਜੀਵਨ ਮਨੋਰਥ ਦੀ ਪੂਰਤੀ ਕੀਤੀ, ਉਥੇ ਹੀ ਉਨ੍ਹਾਂ ਅਕਾਲ ਚਲਾਣਾ ਕੀਤਾ ਤੇ "ਸੂਰਜ ਕਿਰਣ ਮਿਲੇ ਜਲ ਕਾ ਜਲ ਹੂਆ ਰਾਮ। ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ।" ਦੇ ਗੁਰਵਾਕ ਅਨੁਸਾਰ ਆਤਮਕ ਮਾਰਗ ਦੇ ਮਹਾ ਵਿਗਿਆਨੀ ਗੁਰੂ ਚਰਣਾਂ ਵਿਚ ਲੀਨ ਹੋ ਗਏ।

## ਪਿੱਛੋਂ ਸੁੱਝੀ

ਜਿਹੜਾ ਮਨ, ਵਲੇਵਿਆਂ ਦੇ ਵਲਾਂ ਦਾ, ਵਸੇਬਾ ਹੋਵੇ ਵੇਲਵਲਿਆਂ ਤੇ ਵਿਸ ਵਿਸਿਆਂ ਨਾਲ ਵਿਸੇ ਭੀ, ਝੂਲੇ ਭੀ - ਵਿਚਾਰਾਂ ਦੇ ਵਟਾਂਦਰਿਆਂ ਨਾਲ, ਹਰ ਫੁਰਨੇ ਨਾਲ ਫੁਲੇ ਹਰਸ਼ੇ, ਖਿੜੇ ਜਾਂ ਕੁਮਲਾਵੇ .......ਐਸਾ ਮਨ ਲਿਖਤ ਪੂਰੀ ਭੀ ਕਰ ਲਵੇ ਤਾਂ ਭੀ ਅਧੂਰੀ ਹੀ ਸਮਝਦਾ ਹੈ - ਮੈਂ ਸਟੈਨੋ ਨੂੰ ਜਿੰਨੀਆਂ ਭੀ ਚਿੱਠੀਆਂ ਜਾ ਲੇਖ dictate ਕਰਕੇ ਸਭ ਖਿਆਲਾਂ, ਸੋਚਾਂ ਆਦਿ ਨੂੰ ਸਮੇਟ ਲੈਂਦਾ ਹਾਂ, ਕੰਮ ਮੁੱਕ ਗਿਆ ਲਗਦਾ ਹੈ ਤਾਂ ਭੀ ਫੇਰ ਆਪਣੇ ਦਫਤਰ ਦੇ ਕਮਰੇ ਵਿਚ ਜਾ ਧਮਕਦਾ ਹਾਂ ਤੇ ਸਟੈਨੋ ਦਾ ਵਾਧੂ ਵਕਤ ਲੈਣ ਦੀ ਤਲਾਫੀ ਵਜੋਂ, ਪੁਚਕਾਰ ਕੇ ਆਖਦਾ ਹਾਂ - "ਫਲਣੀ ਫਲਾਣੀ ਚਿਠੀ ਥਲੇ ...... ਏਹ ਏਹ P. S. ਭੀ ਟਿਕਾ ਦੇਣੀ।

ਬਚਪਨ ਵਿਚ ਅਸੀਂ Post Sonjption ਦਾ ਬੜਾ ਸੋਹਣਾ ਨਾਂ ਰਖਿਆ ਹੋਇਆ ਸੀ (ਪਿਛੋਂ ਸੁੱਝੀ) ਇਸ ਕਿਤਾਬ ਦੇ ਲਿਖਾਰੀ ਵਜੋਂ ਭੀ ਮੈਨੂੰ ਇਕ ਗਲ ਪਿਛੋਂ ਸੁੱਝੀ ਇਕ ਸਿਰਲੇਖ ਹੋਰ 'ਚ ਬਣਾਵਾਂ-ਕਾਂਡ ਦੇ ਰੂਪ ਵਿਚ :

ਦਿਲਾਂ ਵਿਚ ਉਤਰੀਆਂ ਤਸਵੀਰਾਂ, ਉਕਰੀਆਂ ਯਾਦਾਂ, ਗਰਮ ਹੰਝੂ, ਠੰਡੀਆਂ ਆਹਾਂ, ਸਿਰ ਤੇ ਰਖੇ ਹੱਥ, ਹਾਸਿਆਂ ਠਠਿਆਂ ਤੇ ਖੁਸ਼ੀਆਂ ਦੀਆਂ ਯਾਦਾਂ - ਸੋਚ ਆਈ ਹੀ ਸੀ ਕਿ ਮੈਂ ਇਕ ਦਮ ਆਪਣੇ ਹੱਥਾਂ ਨਾਲ ਹੀ ਪੰਜਾਬੀ ਵਿਚ ਇਕ ਚਿੱਠੀ ਸਰਦਾਰ ਸਰਨ ਸਿੰਘ ਜੀ ਦੇ ਨਾਂ ਲਿਖ ਦਿਤੀ, ਕਿਉਂਕਿ ਬੀਰ ਸਾਹਿਬ ਦੇ ਸਾਰੇ ਪਰਿਵਾਰ ਨੇ ਅਗਲੇਰੇ ਦਿਨ ਡਿਗਸ਼ਈ ਪਬਲਿਕ ਸਕੂਲ ਦੀ ਮੀਟਿੰਗ ਲਈ ਇਕਠਿਆਂ ਹੋਣਾ ਸੀ। ਉਂਜ ਦੀ ਉਂਜ ਚਿੱਠੀ ਮੈਂ ਥਲੇ ਲਿਖ ਰਿਹਾ ਹਾਂ। ਸਰਦਾਰ ਜਸਬੀਰ ਸਿੰਘ ਜੀ 'ਬੀਰ' (ਸਪੁਤਰ ਸ. ਰਘਬੀਰ ਸਿੰਘ ਜੀ 'ਬੀਰ') ਨੂੰ ਦਿੱਤੀ ਕਿ ਫੋਟੋ ਕਾਪੀਆਂ ਕਰਾਕੇ ਸਾਰੇ ਪਰਿਵਾਰ ਦੇ ਜੀਅ ਜੀਅ ਨੂੰ ਤੇ ਬੀਰ ਜੀ ਦੇ ਨਿਜੀ ਜਾਂ ਨਜ਼ਦੀਕੀ ਦੋਸਤਾਂ ਮਿਤਰਾਂ ਤੇ ਸ਼ੁਭਚਿੰਤਕਾਂ ਨੂੰ ਜਾਂਦਿਆਂ ਦੇ ਦੇਣ ਕਿ ਮੈਨੂੰ ਜਲਦੀ ਤੋਂ ਜਲਦੀ ਉਹਨਾਂ ਦੇ ਉਤਰ ਮਿਲ ਜਾਣ।

ਉੱਤਰ ਵਜੋਂ ਸ੍ਰਦਾਰ ਸਰਨ ਸਿੰਘ ਜੀ ਨੇ ਬੀਰ ਸਾਹਿਬ ਦੀ ਵਡੀ ਸਪੁਤਰੀ ਮਿਸਿਜ਼ ਕੁਲਦੀਪ ਐਚ. ਸਿੰਘ ਵਲੋਂ ਲਿਖਿਆ ਇਕ ਨੋਟ ਮੈਨੂੰ ੪-੧-੯੨ ਨੂੰ ਦਿਤਾ ਹੈ, ਜੋ ਮੈਨੂੰ ਬਹੁਤ ਮੁਲਵਾਨ ਲਗਾ ਹੈ। ਉਸ ਨਾਲ ਮੈਂ ਸ੍ਰ. ਰਘਬੀਰ ਸਿੰਘ 'ਬੀਰ' ਦੀ ਜੀਵਨ ਯਾਤਰਾ ਦੀ ਅਭੁਲ ਕਹਾਣੀ ਛਪਣ ਲਈ ਭੇਜ ਰਿਹਾ ਹਾਂ।

ਆਪਣੀ ਸਾਰੀ ਕਿਤਾਬ ਨੂੰ ਮੈਂ ਪਾਸੇ ਦਾ ਸੋਨਾਂ ਨਹੀਂ ਸਮਝਦਾ, ਕਿਉਂਕਿ ਇਸ ਵਿਚ ਜ਼ਬਾਨ ਮੇਰੀ ਹੈ ਤੇ ਸਮਗਰੀ ਮੈਂ ਥਾਂ ਥਾਂ ਤੋਂ ਇਕੱਠੀ ਕੀਤੀ ਹੈ। ਸ਼ਰਧਾ ਮੇਰੀ ਜ਼ਰੂਰ ਹੈ - ਸੇਵਾ ਹੈ ਪਿਆਰ ਹੈ ਪਰ ਕੁਲਦੀਪ ਬੀਬੀ ਨੇ 'ਬੀਰ' ਸਾਹਿਬ ਦੀ ਗੋਦੀ ਮਾਣੀ ਹੈ, ਜੋ ਉਸ ਲਿਖਿਆ ਹੈ ਭਾਵੇਂ ਕੁਦਰਤੀ ਤੌਰ ਤੇ ਮੈਂ ਭੀ ਦੌਹਰਾਇਆ ਹੋਏਗਾ — ਕਿਤੇ ਕਿਤੇ, ਕਿੰਨਾ ਕਿੰਨਾ ਪਰ ਕੁਲਦੀਪ ਜੀ ਦੀ ਲਿਖਤ ਵਿਚ ਬੀਰ ਸਾਹਿਬ ਦੀ ਜ਼ਾਤੀ ਖੁਸ਼ਬੂ ਪਾਠਕਾਂ ਨੂੰ ਮਿਲੇਗੀ। ਜੇ ਕਿਧਰੇ ਕੋਈ ਚੀਜ਼ ਮੁੜ ਮੁੜ ਕੇ ਆ ਗਈ ਹੋਏਗੀ, ਉਹ ਪਾਠਕਾਂ ਨੂੰ ਹੋਰ ਭੀ ਲਾਹਿਵੰਦ ਹੋਏਗੀ - ਯਾਦ ਪੱਕੀ ਹੋ ਜਾਵੇਗੀ, ਸੋ ਪਾਸੇ ਦਾ ਸੋਨਾ ਪਾਠਕਾਂ ਦੇ ਹਵਾਲੇ ਕਰਦਾ ਹਾਂ ਤੇ ਮਾੜਾ ਚੰਗਾ ਜਿਹੋ ਜਿਹਾ ਲਿਖਿਆ ਗਿਆ ਹੈ, ਇਸ ਨੂੰ ਤੁਹਾਡੀ ਦ੍ਰਿਸ਼ਟੀ ਗੋਚਰ ਕਰ ਰਿਹਾ ਹੈ।

*ਬਹੁਤ ਹੀ ਪਿਆਰੇ ਤੇ ਤਨੋਂ ਮਨੋਂ ਸਤਿਕਾਰੇ ਸ੍ਰ. ਸਰਨ ਸਿੰਘ ਜੀ,*

*ਗੁਰ ਫਤਹ।*

*ਹੁਣ ਜੋ ਮੈਂ 'ਬੀਰ' ਜੀ ਦੀ ਅਦਭੁਤ ਕਹਾਣੀ ਤਕਰੀਬਨ ਲਿਖ ਬੈਠਾ ਹਾਂ ਅਜੇ ਦੋ ਕਾਂਡਾਂ ਦੀ ਕਸਰ ਲਗ ਰਹੀ ਹੈ, ਇਕ ਤਾਂ "ਪ੍ਰਭਾਵ ਤੇ ਪ੍ਰੇਰਨਾ" ਦੇ ਸਿਰਲੇਖ ਹੇਠ ਪਰਿਵਾਰ ਦੇ ਜੀ ਅੰਦਰ ਵਸਣ ਵਾਲੀਆਂ ਕਹਾਣੀਆਂ, ਚੁਟਕਲੇ, ਨਸੀਅਤਾਂ, ਦਿਲ ਵਿਚ ਖੁਭ ਗਈਆਂ ਯਾਦਾਂ। ਪ੍ਰਭਾਵ ਤੇ ਪ੍ਰੇਰਨਾਂਵਾਂ, ਪਰਨਾਂਵਾਂ ਤੇ ਪ੍ਰਫੁਲਤਾਂ ਦੇ ਗਹਿਰੇ ਭਾਵ ਤੇ ਦਰਦ ਜਿੰਮਦੇ ਹਨ — ਰੁਆਉਂਦੇ ਹੋਣ, ਹਸਾਉਂਦੇ ਹੋਣ — ਜ਼ਿੰਦਗੀ ਦਾ ਮਿਆਰ ਉਚਾ ਕਰ ਗਏ ਹੋਣ, ਇਹ ਸਭ ਠੀਕ ਅਕਾਰ ਵਿਚ ਅੰਕਿਤ ਕਰਣਾ ਚਾਹਵਾਂਗਾ। ਇਹ ਮੂੰਹੋਂ-ਬੋਲਦੇ ਪ੍ਰਭਾਵ ਦੇ ਕਿਸੇ ਮੈਨੂੰ ਆਮ ਜਿਹੀਆਂ ਜੀਵਨ-ਕਹਾਣੀਆਂ ਤੋਂ ਵਿਸ਼ੇਸ਼ ਲਗਦੇ ਹਨ।*

*ਇਹ ਸੁੱਝਾ ਇਸ ਲਈ ਹੈ ਕਿ ਕਈ ਨਾਮੀ ਪੂਜਣ-ਯੋਗ ਸ੍ਰਦਾਰਾਂ ਦੇ ਬੱਚੇ ਉਹਨਾਂ ਤੋਂ ਬਿਲਕੁਲ ਬਰ-ਅਕਸ ਨਿਕਲੇ ਹਨ। ਪਰ ਬੀਰ ਜੀ ਦੇ ਪਰਿਵਾਰ ਤੇ ਵਾਹਿਗੁਰੂ ਦੀ ਬਹੁਤ ਕਿਰਪਾ ਹੈ। ਬੀਰ ਜੀ ਪਾਸ ਤੇ ਮਿਸਿਜ਼ ਜਗਜੀਤ ਸਿੰਘ ਜੀ ਪਾਸ ਬੜਾ ਪਿਆਰ ਤੇ ਪ੍ਰਭਾਵਿਕ ਯਾਦਾਂ ਸਾਂਭੀਆਂ ਪਈਆਂ ਹਨ। ਮੈਂ ਆਪਸੀ ਲੋੜ ਅਨੁਸਾਰ ਸ਼ਕਲ ਤਾਂ ਦੇਵਾਂਗਾ ਪਰ ਕਿਤਾਬ ਹੈ ਨਾ ਪਾਠਕਾਂ ਲਈ। ਮੈਟਰ ਪ੍ਰਵਾਰ ਦਾ ਹੋਵੇ ਤੇ ਸ਼ਾਇਦ ਜ਼ਬਾਨ ਭੀ ਉਹਨਾਂ ਦੀ ਹੀ ਬੋਲੇ।*

. . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . .

*ਬਹੁਤ ਪਿਆਰ ਸਹਿਤ* *ਆਪਦਾ*

*ਹਰਕਿਸ਼ਨ ਸਿੰਘ*

ਬੀਰ ਸਾਹਿਬ ਦੇ ਜੀਵਨ ਬਾਰੇ ਜੋ ਕੁਝ ਪਤਾ ਸੀ ਉਹ ਆਪ ਜੀ ਨੂੰ ਲਿਖ ਕੇ ਭੇਜ ਰਹੇ ਹਾਂ। ਹੁਣ ਕੁਲਦੀਪ ਭੈਣ ਜੀ ਨੇ ਹੋਰ ਬਹੁਤ ਇਸ ਵਿਸ਼ੇ ਤੇ ਲਿਖ ਭੇਜਿਆ ਹੈ। ਉਹ ਉਸੇ ਤਰਾਂ ਏਥੇ ਦਰਜ ਕਰ ਦਿਤਾ ਹੈ।

ਸ. ਰਘਬੀਰ ਸਿੰਘ ਜੀ 'ਬੀਰ' ਦਾ ਜਨਮ ੭ ਅਕਤੂਬਰ ੧੮੯੬ ਨੂੰ ਹੋਇਆ ਸੀ। ਉਹਨਾਂ ਦੇ ਪਿਤਾ ਜੀ ਦਾ ਨਾਂ ਸ. ਲਹਿਣਾ ਸਿੰਘ ਤੇ ਮਾਤਾ ਜੀ ਦਾ ਨਾਂ ਰੂਪ ਕੌਰ ਜੀ ਸੀ। ਬੀਰ ਸਾਹਿਬ ਅਜੇ ਡੇਢ ਸਾਲ ਦੇ ਹੀ ਸਨ ਕਿ ਉਹਨਾਂ ਦੀ ਮਾਤਾ ਬੀਬੀ ਰੂਪ ਕੌਰ ਜੀ ਦੀ Death ਹੋ ਗਈ। ਉਹਨਾਂ ਦੇ ਪਿਤਾ ਜੀ ਬੀਰ ਜੀ ਦਾ, ਜੋ ਵੀ ਕਹਿੰਦੇ ਸਨ ਕਿਹਾ ਮੰਨਦੇ ਸਨ। ਸ੍ਰ. ਲਹਿਣਾ ਸਿੰਘ ਜੀ ਦੇ ਚਾਰ ਭਰਾ ਸਨ। ਬੀਰ ਸਾਹਿਬ ਦੇ ਨਾਨਾ ਜੀ ਸ. ਵਧਾਵਾ ਸਿੰਘ ਗੁਮਟੀ ਬਾਜ਼ਾਰ ਲਾਹੌਰ ਰਹਿੰਦੇ ਸਨ। ਜੋ ਬਹੁਤ ਮੰਨੇ ਪਰਮੰਨੇ ਬਰਾਦਰੀ ਦੇ ਚੌਧਰੀ ਸਨ ਤੇ ਸਾਰੇ ਲਾਹੌਰ ਦੇ ਵੱਡੇ ਵੱਡੇ ਲੋਕ ਉਹਨਾਂ ਪਾਸ ਆ ਕੇ ਸਲਾਹ ਲੈਂਦੇ ਸਨ।

ਬੀਰ ਜੀ ਨੂੰ ਉਹਨਾਂ ਦੀ ਦਾਦੀ ਮਾਂ ਸਰਦਾਰਨੀ ਬਿਸ਼ਨ ਕੌਰ ਨੇ ਪਾਲਿਆ ਸੀ, ਜੋ ਬਹੁਤ ਹੀ ਵਾਹਿਗੁਰੂ ਦੀ ਭਗਤੀ ਤੇ ਸਿਮਰਨ ਕਰਦੇ ਸਨ ਪਰ ਸਨਾਤਨੀ ਖਿਆਲਾਂ ਦੇ ਸਨ। ਬੀਰ ਜੀ ਦਾ ਰੰਗ ਪੂਰੇ ਪਰਿਵਾਰ ਵਿਚੋਂ ਇਕਲੇ ਦਾ ਰੰਗ ਸਾਂਵਲਾ ਸੀ, ਬਾਕੀ ਪੂਰੇ ਪਰਿਵਾਰ ਦਾ ਰੰਗ ਸਾਫ਼ ਚਿੱਟਾ ਸੀ ਤੇ ਬੀਰ ਜੀ ਦੇ ਵਾਲ ਘੁੰਗਰਾਲੇ ਸਨ ਤੇ ਉਹ ਮੋਨਿਆਂ ਦੀ ਤਰ੍ਹਾਂ ਪੈਦਾ ਹੋਏ ਸਨ, ਜਿਸ ਕਰਕੇ ਉਹਨਾਂ ਦੀ ਦਾਦੀ ਮਾਂ ਸਰਦਾਰਨੀ ਬਿਸ਼ਨ ਕੌਰ ਬੀਰ ਜੀ ਨੂੰ ਕ੍ਰਿਸ਼ਨ ਦਾ ਰੂਪ ਆਪਣੇ ਮਨ ਵਿਚ ਸਮਝਦੇ ਸਨ। ਉਹਨਾਂ ਦੀ ਦਾਦੀ ਮਾਂ ਬਿਸ਼ਨ ਕੌਰ ਉਹਨਾਂ ਨੂੰ ਹਮੇਸ਼ਾਂ ਅਪਣੇ ਪਾਸ ਰੱਖਦੇ ਸਨ ਅਤੇ ਕਿਸੇ ਦਾ ਵੀ ਵਿਸਾਹ ਰਤਾ ਜਿੰਨਾ ਵੀ ਨਹੀਂ ਕਰਦੇ ਸਨ। ਤੇ ਬੀਰ ਸਾਹਿਬ ਪੂਰੇ ਪਰਿਵਾਰ ਵਿਚ ਲਾਡਲੇ ਸਨ। ਬੀਰ ਜੀ ਦੇ ਪਿਤਾ ਸ. ਲਹਿਣਾ ਸਿੰਘ ਦੇ ਚਾਰ ਭਰਾ ਸਨ ਤੇ ਸਾਰਾ ਪਰਿਵਾਰ ਇੱਕਲਾ ਹੀ ਰਹਿੰਦਾ ਸੀ। ਜਦ ਬੀਰ ਜੀ ਪੈਦਾ ਹੋਏ ਤਾਂ ਚਾਚਿਆਂ ਦੇ ਮਨ ਵਿਚ ਇਹ ਸ਼ੰਕਾ ਪੈਦਾ ਹੋ ਗਈ ਕਿ ਦਾਦੀ ਮਾਂ ਇਸ ਨੂੰ ਸਾਰੀ ਜਾਇਦਾਦ ਨਾ ਦੇ ਦੇਵੇ ਕਿਉਂਕਿ ਸਾਰੀ ਜਾਇਦਾਦ ਦਾਦੀ ਮਾਂ ਸਰਦਾਰਨੀ ਬਿਸ਼ਨ ਕੌਰ ਦੇ ਨਾਂ ਸੀ, ਜਿਸ ਕਰਕੇ ਉਹਨਾਂ ਦੇ ਚਾਚੇ ਉਹਨਾਂ ਤੋਂ ਈਰਖਾ ਕਰਨ ਲਗ ਪਏ।

ਬੀਰ ਜੀ ਦੀ ਮਤਰੇਈ ਮਾਂ ਉਹਨਾਂ ਤੋਂ ਬਹੁਤ ਨਫ਼ਰਤ ਕਰਦੀ ਸੀ ਪਰ ਜਦ ਬਾਅਦ ਵਿਚ ਉਹਨਾਂ ਦੀ ਮਤਰੇਈ ਮਾਂ ਨੂੰ ਟੀ. ਬੀ. ਦਾ ਰੋਗ ਹੋ ਗਿਆ ਤੇ

ਉਸ ਦੇ ਸਾਰੇ ਪਰਿਵਾਰ ਵਾਲੇ ਉਸ ਦੇ ਪਾਸ ਜਾਨ ਤੋਂ ਵੀ ਗੁਰੇਜ਼ ਕਰਨ ਲਗ ਪਏ ਤੇ ਉਸ ਅਵਸਥਾ ਵਿਚ ਬੀਰ ਜੀ ਨੇ ਆਪਣੀ ਮਤਰੇਈ ਮਾਂ ਦੀ ਬਹੁਤ ਸੇਵਾ ਕੀਤੀ। ਤੇ ਆਖੀਰ ਵਿਚ ਉਹ ਬਹੁਤ ਬਦਲ ਗਈ ਤੇ ਬੀਰ ਜੀ ਨਾਲ ਪਿਆਰ ਕਰਨ ਲਗ ਪਈ।

ਬੀਰ ਜੀ ਦੀ ਦਾਦੀ ਮਾਂ ਸਰਦਾਰਨੀ ਬਿਸ਼ਨ ਕੌਰ ਬਹੁਤ ਭਜਨੀਕ ਬਿਰਤੀ ਦੇ ਹੋਣ ਕਰਕੇ, ਉਹਨਾਂ ਬੀਰ ਜੀ ਨੂੰ ਵੀ ਵਾਹਿਗੁਰੂ ਦਾ ਨਾਮ ਜਪਣ ਦੀ ਆਦਤ ਬਚਪਨ ਤੋਂ ਹੀ ਪਾਈ। ਉਹ ਸਵੇਰੇ ਤਿੰਨ ਵਜੇ ਉਠਦੀ ਸੀ ਅਤੇ ਅੰਮ੍ਰਿਤ ਵੇਲੇ ਬੈਠ ਕੇ ਵਾਹਿਗੁਰੂ ਦਾ ਸਿਮਰਨ ਕਰਦੀ ਸੀ। ਬੀਰ ਜੀ ਕਿਉਂਕਿ ਬਹੁਤ ਹੀ ਛੋਟੇ ਸਨ, ਇਸ ਕਰਕੇ ਦਾਦੀ ਮਾਂ ਉਹਨਾਂ ਨੂੰ ਅਪਣੀ ਗੋਦ ਦੀ ਝੋਲੀ ਵਿਚ ਪਾ ਕੇ ਭਜਨ ਕਰਿਆ ਕਰਦੇ ਸਨ ਅਤੇ ਜਦ ਬੀਰ ਜੀ 4 ਸਾਲ ਦੇ ਹੋਏ ਤਾਂ ਉਹਨਾਂ ਨੇ ਬੀਰ ਜੀ ਨੂੰ ਵੀ ਇਕ ਸਿਮਰਨਾ ਲੈ ਦਿਤਾ ਅਤੇ ਜਿਸ ਤਰ੍ਹਾਂ ਦਾਦੀ ਮਾਂ ਸਮਾਧੀ ਲਾ ਕੇ ਅੱਖਾਂ ਮੀਟ ਕੇ ਸਿਮਰਨ ਵਿਚ ਲੀਨ ਹੁੰਦੇ ਸਨ, ਉਸੇ ਤਰ੍ਹਾਂ ਬੀਰ ਜੀ ਵੀ ਉਹਨਾਂ ਨੂੰ ਵੇਖ ਕੇ ਕਰਦੇ ਅਤੇ ਸਮਾਧੀ ਲਾ ਕੇ ਅੱਖਾਂ ਮੀਟ ਕੇ ਸਿਮਰਨਾ ਹੱਥ ਵਿਚ ਫੜ ਕੇ ਸਿਮਰਨ ਕਰਦੇ। ਬੀਰ ਜੀ ਦੇ ਦਾਦੀ ਸਰਦਾਰਨੀ ਬਿਸ਼ਨ ਕੌਰ ਉਹਨਾਂ ਨੂੰ ਅਤਿਅੰਤ ਪਿਆਰ ਕਰਦੇ ਸਨ ਅਤੇ ਜੋ ਕੁਝ ਵੀ ਕਹਿੰਦੇ, ਮੰਗਦੇ ਜਾਂ ਚਾਹੁੰਦੇ ਬੀਰ ਜੀ ਨੂੰ ਘਰ ਵਿਚ ਹੀ ਲਿਆ ਕੇ ਦਿੰਦੇ।

ਬੀਰ ਜੀ ਬਚਪਨ ਤੋਂ ਹੀ ਵਾਹਿਗੁਰੂ ਨਾਲ ਜੁੜ ਗਏ ਸਨ ਤੇ ਹਰ ਚੀਜ਼ ਨੂੰ ਬਹੁਤ ਪਿਆਰ ਕਰਦੇ ਸਨ, ਹਰ ਚੀਜ਼ ਵਿਚ ਬ੍ਰਹਮ ਜੋਤ ਵੇਖਦੇ ਸਨ, ਉਹ ਕੁਤਿਆਂ, ਬਿੱਲੀਆਂ, ਚਿੜੀਆਂ ਮੁਰਗੀਆਂ ਦੇ ਨਾਲ ਬਹੁਤ ਪਿਆਰ ਕਰਦੇ ਸਨ।

ਬੀਰ ਜੀ ਦੀ ਦਾਦੀ ਮਾਂ ਸਰਦਾਰਨੀ ਬਿਸ਼ਨ ਕੌਰ ਦੇ ਪਾਸ ਬਹੁਤ ਸਾਰੀ ਜ਼ਮੀਨ ਤੇ ਚਾਰ ਵੱਡੀਆਂ ਹਵੇਲੀਆਂ ਲਾਹੌਰ ਵਿਚ ਸਨ ਅਤੇ ਉਹਨਾਂ ਦਾ ਘਰ ਗੁਰਦੁਆਰਾ ਦੁਨੀ ਚੰਦ ਦੇ ਬਿਲਕੁਲ ਨਾਲ ਹੀ ਸੀ। ਸਰਦਾਰਨੀ ਬਿਸ਼ਨ ਕੌਰ ਤੇ ਬੀਰ ਜੀ ਜੀ ਹਰ ਰੋਜ਼ ਗੁਰਦੁਆਰੇ ਜਾਂਦੇ ਸਨ ਤੇ ਹੋਰ ਦੂਸਰਿਆਂ ਗੁਰਦੁਆਰਿਆਂ ਦੇ ਦਰਸ਼ਨ ਕਰਨ ਵੀ ਜਾਂਦੇ ਸਨ। ਬੀਰ ਜੀ ਦੇ ਮਨ ਵਿਚ ਇਤਨੀ ਸ਼ਰਧਾ ਤੇ ਲਗਨ ਗੁਰੂ ਵਾਸਤੇ ਸੀ ਕਿ ਨੌਬਤ ਇਥੇ ਤਕ ਆ ਗਈ ਕਿ ਉਹਨਾਂ ਗੁਰਦੁਆਰਿਆਂ ਵਿਚ ਹੀ ਰਹਿਣਾਂ ਸ਼ੁਰੂ ਕਰ ਦਿਤਾ। ਕਈ ਵਾਰ ਉਹਨਾਂ ਦੀ ਦਾਦੀ ਮਾਂ ਬਿਸ਼ਨ ਕੌਰ ਰਾਤ ਵੇਲੇ ੧੧-੧੧ ਵਜੇ ਬੀਰ ਜੀ ਨੇ ਗੁਰਦੁਆਰਿਆਂ ਵਿਚ ਲੱਭਣ ਚਾਚਾ ਦਿਲਬਾਗ ਸਿੰਘ ਜੀ ਨੂੰ ਨਾਲ ਲੈ ਕੇ ਘਗਰੀ ਪਾ ਕੇ ਜਾਇਆ ਕਰਦੇ ਸਨ। ਤੇ ਬੀਰ ਜੀ ਨੇ ਜਿਸ ਵੀ ਗੁਰਦੁਆਰੇ ਵਿਚੋਂ ਮਿਲਣਾ ਫੜ ਕੇ, ਲਭ ਕੇ ਘਰ ਲਿਆਉਂਦੇ ਸਨ ਤੇ ਬੀਰ ਜੀ ਨੇ ਰਾਤ ਵੇਲੇ ਵੀ ਘਰ ਆਣਾ ਬੰਦ ਕਰ ਦਿੱਤਾ। ਬੀਰ ਜੀ ਦੀ ਇਹ ਅਵਸਥਾ ਵੇਖ ਕੇ ਸਾਰੇ ਪਰਿਵਾਰ ਨੂੰ ਬਹੁਤ ਚਿੰਤਾ ਹੋ ਗਈ ਕਿ ਕਿਧਰੇ 'ਬੀਰ' ਘਰ ਛੱਡ ਕੇ ਹੀ ਨਾ ਚਲਾ ਜਾਵੇ।

ਇਸ ਕਰਕੇ ਬੀਰ ਜੀ ਦੀ ਸ਼ਾਦੀ ੧੪ ਸਾਲ ਦੀ ਉਮਰ ਵਿਚ ਮੀਆਂ ਮੀਰ ਵਾਲੇ ਸ. ਮਖਣ ਸਿੰਘ ਸੁਲੱਖਣ ਜੀ ਦੇ ਘਰ ਸ. ਸੁਲਖਣ ਸਿੰਘ ਜੀ ਦੀ ਵੱਡੀ ਲੜਕੀ ਬੀਬੀ ਲਾਭ ਕੌਰ ਜੀ ਨਾਲ ਕਰ ਦਿਤੀ ਗਈ। ਬੀਬੀ ਲਾਭ ਕੌਰ ਬਹੁਤ ਹੀ ਸੁੰਦਰ ਤੇ ਸ਼ੁਸੀਲ ਸਨ ਤੇ ਅਜੇ ਤਕ ਮੁਕਲਾਵਾ ਵੀ ਨਹੀਂ ਆਇਆ ਸੀ ਕਿ ਬੀਬੀ ਲਾਭ ਕੌਰ ਜੀ ਟੀ.ਬੀ. ਦੇ ਰੋਗ ਦੇ ਸ਼ਿਕਾਰ ਹੋ ਗਏ। ਜਿਸ ਨਾਲ ਬਾਅਦ ਵਿਚ ਉਹਨਾਂ ਦੀ Death ਹੋ ਗਈ। ਦਾਦੀ ਮਾਂ ਬਿਸ਼ਨ ਕੌਰ ਨੇ ਕਿਹਾ ਕਿ ਇਸ ਨੇ ਸਾਡੇ ਘਰ ਦਾ ਕੋਈ ਸੁਖ ਨਹੀਂ ਵੇਖਿਆ ਤੇ ਅਸੀਂ ਇਸ ਨੂੰ ਆਪਣੇ ਘਰ ਲਿਜਾ ਕੇ ਸੇਵਾ ਕਰਨੀ ਚਾਹੁੰਦੇ ਹਾਂ। ਬੀਬੀ ਲਾਭ ਕੌਰ ਨੂੰ ਬੀਮਾਰੀ ਦੀ ਅਵਸਥਾ ਵਿਚ ਆਪਣੇ ਘਰ ਲਿਆਂਦਾ ਤੇ ਘਰ ਲਿਆ ਕੇ ਦਾਦੀ ਮਾਂ ਬਿਸ਼ਨ ਕੌਰ ਜੀ ਨੇ ਬੀਬੀ ਲਾਭ ਕੌਰ ਦੀ ਬਹੁਤ ਸੇਵਾ ਕੀਤੀ। ਬੀਬੀ ਲਾਭ ਕੌਰ ਜੀ ਦੀ ਮੌਤ ਬੀਰ ਜੀ ਦੀਆਂ ਅੱਖਾਂ ਸਾਹਮਣੇ ਹੋਈ, ਜਿਸ ਨੇ ਉਹਨਾਂ ਦੇ ਮਨ ਤੇ ਬਹੁਤ ਬੁਰਾ ਅਤੇ ਗਹਿਰਾ ਅਸਰ ਕੀਤਾ ਅਤੇ ਬਹੁਤ ਹੀ Serious ਹੋ ਗਏ ਅਤੇ ਇਕਾਂਤ ਵਿੱਚ ਰਹਿਣ ਲਗ ਪਏ।

ਬੀਰ ਜੀ ਨੇ ਅਪਣੇ ਪਿਤਾ ਸ. ਲਹਿਣਾਂ ਸਿੰਘ ਜੀ ਨੂੰ ਕਿਹਾ ਕਿ ਮੈਂ ਪਾਉਂਟਾ ਸਾਹਿਬ ਜਾਣਾ ਚਾਹੁੰਦਾ ਹਾਂ ਜਿਥੇ ਕੇ ਗੁਰੂ ਗੋਬਿੰਦ ਸਿੰਘ ਜੀ ਆ ਰਹੇ ਹਨ ਤੇਮੈਂ ਉਥੇ ਜਾ ਕੇ ਉਹਨਾਂ ਦੇ ਪਵਿਤਰ ਦਰਸ਼ਨ ਕਰਨੇ ਹਨ ਸਭ ਨੇ ਉਹਨਾਂ ਨੂੰ ਉਥੇ ਜਾਨ ਤੋਂ ਰੋਕਿਆ ਪਰ ਨਹੀਂ ਮੰਨੇ ਤੇ ਆਖੀਰ ਉਹਨਾਂ ਜੀ ਦੇ ਪਿਤਾ ਜੀ ਨੇ ਜੋ ਰੇਲਵੇ ਵਿਚ ਮੁਲਾਜ਼ਮ ਸਨ, ੨ ਮਹੀਨੇ ਦੀ ਛੁੱਟੀ ਲੈ ਬੇਟੇ ਨੂੰ ਨਾਲ ਲੈ ਕੇ ਪਾਉਂਟਾ ਸਾਹਿਬ ਦੇ ਦਰਸ਼ਨ ਕਰਾਉਣ ਨਾਲ ਲੈ ਗਏ ਤੇ ਦੋ ਮਹੀਨੇ ਬਾਅਦ ਪਾਉਂਟਾ ਸਾਹਿਬ ਦੇ ਦਰਸ਼ਨ ਕਰਕੇ ਘਰ ਵਾਪਸ ਆਏ, ਜਦ ਕਿ ਉਸ ਵਕਤ ਸਫ਼ਰ ਕਰਨਾ ਬਹੁਤ ਔਖਾ ਤੇ ਮੁਸ਼ਕਲ ਸੀ।

ਬੀਰ ਜੀ ਨੂੰ ਬਚਪਨ ਤੋਂ ਹੀ ਖੇਡਾਂ ਅਤੇ ਕੁਸ਼ਤੀਆਂ ਦਾ ਬਹੁਤ ਸ਼ੌਕ ਸੀ ਅਤੇ ਆਪਣੀਆਂ ਚਾਰ ਹਵੇਲੀਆਂ ਵਿਚੋਂ ਇਕ ਲੰਗਰ ਵਾਲੀ ਹਵੇਲੀ ਦੇ ਖੁਲ੍ਹੇ ਵਿਹੜੇ ਵਿਚ ਉਹਨਾਂ ਰੇਤ ਭਰ ਰੱਖੀ ਸੀ ਅਤੇ ਅਖਾੜਾ ਬਣਾ ਰੱਖਿਆ ਸੀ, ਜਿਥੇ ਉਹ ਕੁਸ਼ਤੀਆਂ ਕਰਿਆ ਕਰਦੇ ਸਨ।

ਜਦ ਬੀਰ ਜੀ ੧੮ ਸਾਲ ਦੇ ਸਨ ਤੇ ਸਾਰਿਆਂ ਸੋਚਿਆ ਇਹਨਾਂ ਨੂੰ ਘਰ ਵਿਚ ਰਖਣ ਦਾ ਇਕ ਹੀ ਤਰੀਕਾ ਹੈ ਇਹਨਾਂ ਦੀ ਸ਼ਾਦੀ ਕਰ ਦਿਤੀ ਜਾਵੇ, ਸੋ ਬੀਰ ਜੀ ਦੀ ਸ਼ਾਦੀ ਸ. ਸੁੰਦਰ ਸਿੰਘ ਜਸਪਾਲ ਕਪੂਰਥਲੇ ਵਾਲੇ ਦੀ ਵੱਡੀ ਲੜਕੀ ਜਿਸ, ਨਾਂ ਜਸਵੰਤ ਕੌਰ ਸੀ ਨਾਲ ਕਰ ਦਿਤੀ ਗਈ। ਸ੍ਰ. ਸੁੰਦਰ ਸਿੰਘ ਜਸਪਾਲ ਜਦ ੭ ਸਾਲ ਦੇ ਸਨ ਉਹਨਾਂ ਦੇ ਪਿਤਾ ਜੀ ਗੁਜ਼ਰ ਗਏ, ਉਹਨਾਂ ਦੇ ਪਿਤਾ ਜੀ ੭ ਭਰਾ ਸਨ. ਉਹ ਸਭ ਤੋਂ ਵਡੇ ਭਰਾ ਦੇ ਲੜਕੇ ਸਨ। ਤੇ ਉਹ ਸਾਰੇ ਅਹਿਲਕਾਰ ਸਨ। ਸ. ਸੁੰਦਰ ਸਿੰਘ ਦੇ ਚਾਚਾ ਜੀ ਉਹਨਾਂ ਨੂੰ ਮਹਾਰਾਜਾ ਕਪੂਰਥਲਾ ਦੇ ਪਾਸ

ਲੈ ਗਏ ਤੇ ਕਿਹਾ ਸ੍ਰ. ਸੁੰਦਰ ਸਿੰਘ ਜੀ ਦੇ ਪਿਤਾ ਜੀ ਗੁਜ਼ਰ ਗਏ ਹਨ। ਮਹਾਰਾਜ ਜੀ ਦੀ ਵੱਡੀ ਮਹਾਂਰਾਨੀ ਸਾਹਿਬਾ ਸ. ਸੁੰਦਰ ਸਿੰਘ ਦੇ ਪਿਤਾ ਜੀ ਦੀ ਸੱਕੀ ਭੂਆ ਸੀ। ਮਹਾਰਾਜ ਜੀ ਨੇ ਉਹਨਾਂ ਨੂੰ ਆਪਣੀ ਗੋਦ ਵਿਚ ਉਠਾ ਲਿਆ ਤੇ ਕਿਹਾ ਇਹ ਅੱਜ ਤੋਂ ਮੇਰੇ ਪਾਸ ਹੀ ਰਹੇਗਾ। ਮਹਾਰਾਜ ਜੀ ਦਾ ਵੱਡਾ ਲੜਕਾ ਸ੍ਰ. ਜਗਤਜੀਤ ਸਿੰਘ ਜੋ ਉਮਰ ਵਿਚ ਸ. ਸੁੰਦਰ ਸਿੰਘ ਤੋਂ ਇਕ ਸਾਲ ਵੱਡਾ ਸੀ। ਇਹਨਾਂ ਦੋਹਾਂ ਨੇ ਇਕਠਿਆਂ ਹੀ ਇਕ ਥਾਂ ਤੇ ਤਾਲੀਮ ਹਾਸਲ ਕੀਤੀ।

ਬੀਰ ਜੀ ਸ਼ੁਰੂ ਤੋਂ ਹੀ ਬੜੇ ਸ਼ੋਕ ਨਾਲ ਕਵਿਤਾਵਾਂ ਲਿਖਦੇ ਸਨ ਤੇ ਉਹਨਾਂ ਬਹੁਤ ਸਾਰੀਆਂ ਕਿਤਾਬਾਂ ਵੀ ਲਿਖੀਆਂ ਉਹਨਾਂ ਦੀ ਸਭ ਤੋਂ ਪਹਿਲੀ ਕਿਤਾਬ "ਬੀਰ ਦੇ ਤੀਰ" ਸੀ ਜੋ ਉਸ ਸਮੇਂ ਦੀ ਸਰਕਾਰ ਨੇ Ban ਕਰ ਦਿਤੀ ਸੀ ਜਿਸ ਵਿਚ ਦੇਸ਼ ਭਗਤੀ ਦੀਆਂ ਜੋਸ਼ੀਲੀਆਂ ਤੇ ਭੜਕੀਲੀਆਂ ਕਵਿਤਾਵਾਂ ਲਿਖੀਆਂ ਹੋਈਆਂ ਸਨ। ਬੀਰ ਜੀ ਨੇ ਆਪਣੀ ਕਵਿਤਾਵਾਂ ਦੁਆਰਾ ਆਜ਼ਾਦੀ ਦੀ ਲੜਾਈ ਵਿਚ ਅੰਗਰੇਜ਼ੀ ਸਰਕਾਰ ਦੇ ਖਿਲਾਫ਼ ਲਿਖਿਆ ਕਰਦੇ ਸਨ, ਜਿਸ ਦੇ ਕਾਰਨ ਹਰ ਚੋਥੇ ਪੰਜਵੇਂ ਦਿਨ ਉਹਨਾਂ ਦੇ ਵਾਰੰਟ ਜਾਰੀ ਹੁੰਦੇ ਸਨ, ਉਹਨਾਂ ਨੂੰ ਫੜਨ ਵਾਸਤੇ ਉਹਨਾਂ ਦਾ ਨਾਮ ਅਖਬਾਰਾਂ ਵਿਚ ਨਿਕਲਦਾ ਸੀ ਤੇ ਉਹਨਾਂ ਨੂੰ ਫੜਨ ਵਾਸਤੇ ਇਨਾਮ ਵੀ ਰੱਖੇ ਜਾਂਦੇ ਸਨ। ਜਦ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਤੇ ਉਹਨਾਂ ਨੇ ਉਸ ਵਿਚ ਵੀ ਵੱਧ ਚੜ ਕੇ ਹਿੱਸਾ ਪਾਇਆ ਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੇ ਅਵਸਰ ਤੇ ਨਨਕਾਣਾ ਸਾਹਿਬ ਜਾ ਕੇ ਉਹਨਾਂ ਅੱਧੀ ਰਾਤ ਵੇਲੇ ਗੁਰਦੁਆਰਾ ਸਾਹਿਬ ਵਿਖੇ ਰਾਤ ਦੇ ਬਾਰਾਂ ਵਜੇ ਆਪਣੀ ਕਵਿਤਾ ਪੜ੍ਹੀ। ਲਗ ਭਗ ਕੋਈ ੫੦ ਸਿੱਖਾਂ ਦਾ ਇਕ ਜਥਾ ਝੁੰਡ, ਜੋ ਉਹਨਾਂ ਨੂੰ ਘੇਰ ਕੇ ਫੜ ਕੇ ਲਿਆਇਆ, Stage ਤੇ ਕਵਿਤਾ ਪੜ੍ਹਨ ਤੋਂ ਬਾਅਦ ਇਕ ਦਮ ਆਲੋਪ ਹੋ ਗਏ Under ground ਹੋ ਗਏ, ਕਿਸੇ ਨੂੰ ਪਤਾ ਨਾ ਲਗਾ ਕਿਧਰ ਚਲੇ ਗਏ ਹਨ।

ਜਦ ਗੁਰੂ ਕੇ ਬਾਗ ਗੁਰਦੁਆਰੇ ਦਾ ਮੋਰਚਾ ਲੱਗਾ ਤਾਂ ਉਸ ਵਿਚ ਬੀਰ ਜੀ ਸਾਰਾ ਸਾਲ ਪੂਰਾ ਅੰਮ੍ਰਿਤਸਰ ਰਹੇ ਅਤੇ ਅਪਣੇ ਸਾਰੇ ਪਰਿਵਾਰ ਨੂੰ ਵੀ ਪੂਰਾ ਇਕ ਸਾਲ ਅੰਮ੍ਰਿਤਸਟ ਹੀ ਨਾਲ ਰੱਖਿਆ। ਲਗਭਗ ੧੦੦ ਸਿੱਖਾਂ ਦਾ ਜੱਥਾ ਹਰ ਰੋਜ਼ ਗੁਰਦੁਆਰਾ ਗੁਰੂ ਕੇ ਬਾਗ ਜਾਂਦੇ ਸਨ ਅਤੇ ਉਹਨਾਂ ਨੂੰ ਮਾਰ ਮਾਰ ਕੇ ਬੇਹੋਸ ਕਰ ਦਿੱਤਾ ਜਾਂਦਾ ਸੀ।

ਜਦ ਬਾਬਾ ਖੜਕ ਸਿੰਘ ਜੀ ੫ ਸਾਲ ਕੈਦ ਕੱਟਣ ਤੋਂ ਬਾਅਦ ਛੁੱਟ ਕੇ ਵਾਪਸ ਆਏ, ਤਾਂ ਜਿਸ ਬਘੀ ਵਿਚ ਉਹ ਸਵਾਰ ਸਨ ਬੀਰ ਜੀ ਵੀ ਉਹਨਾਂ ਦੇ ਨਾਲ ਉਸੇ ਬਘੀ ਵਿਚ ਬੈਠੇ ਹੋਏ ਸਨ। ਤੇ ਜਿਥੇ ਵੀ ਉਹਨਾਂ ਦੀ ਬਘੀ ੨-੪ ਮਿੰਟ ਬਾਅਦ ਰੁਕਦੀ ਬੀਰ ਜੀ ਖੜੇ ਹੋ ਕੇ ਆਪਣੀ ਕਵਿਤਾ ਪੜ੍ਹਦੇ ਸਨ, ਜੋ ਜੋਸ਼ ਭਰੀ ਤੇ ਭੜਕੀਲੀ ਹੁੰਦੀ ਸੀ।

ਬੀਰ ਜੀ ਕਈ ਗੁਰਦੁਆਰਿਆਂ ਵਿਚ ਜਾ ਕੇ ਧਰਮ ਬਾਰੇ Preach ਕਰਿਆ

ਕਰਦੇ ਸਨ ਤੇ ਲੋਕ ਉਹਨਾਂ ਨੂੰ ਸੁਣਨ ਤੇ Record ਕਰਨ ਵਾਸਤੇ ਹੁੰਮਹੁੰਮਾ ਕੇ ਆਇਆ ਕਰਦੇ ਸਨ। ਉਹਨਾਂ ਨੇ ਸਭ ਧਰਮਾਂ ਦਾ ਅਧਿਐਨ ਕੀਤਾ ਹੋਇਆ ਸੀ ਤੇ ਉਹ ਜਦ ਬੋਲਦੇ ਸਨ ਤੇ ਕਈ ਧਰਮਾਂ ਦੀਆਂ ਉਦਾਹਰਣਾਂ ਦਿਆ ਕਰਦੇ ਸਨ। ਬੀਰ ਸਾਹਿਬ ਬਹੁਤ ਹੀ ਖੁਲ੍ਹੇ ਵਿਚਾਰਾਂ ਦੇ ਸਨ।

ਬੀਰ ਜੀ ਬੜੇ ਵਿਦਵਾਨ ਹੋਣ ਕਰਕੇ ਅਤੇ ਬੜੇ ਸਮਝਦਾਰ ਹੋਣ ਕਰਕੇ ਉਹਨਾਂ ਨੂੰ ਬਾਹਰ ਜਿਥੇ ਕਿਤੇ ਕਿਸੇ ਗੁਰਦੁਆਰੇ ਵਿਚ ਕੋਈ ਸਮਸਿਆ ਹੁੰਦੀ ਸੀ, ਉਥੇ ਬਾਹਰ ਭੇਜਿਆ ਜਾਂਦਾ ਸੀ। ਕਲਕੱਤੇ ਵਿਚ ਗੁਰਦੁਆਰਾ ਬੜਾ ਸਿੱਖ ਸੰਗਤ ਜਿਥੇ ਆਸਾਮ ਨੂੰ ਜਾਂਦੇ ਹੋਏ ਗੁਰੂ ਨਾਨਕ ਦੇਵ ਜੀ ਠਹਿਰੇ ਸਨ। ਅਤੇ ਜਿਥੇ ਬਾਅਦ ਵਿਚ ਗੁਰਦੁਆਰਾ ਬਣਾਇਆ ਗਿਆ, ਮਾਲਕਾਂ ਨੇ ਉਹ ਮਕਾਨ ਜਿਥੇ ਪਾਤਸ਼ਾਹ ਠਹਿਰੇ ਸਨ, ਦਾਨ ਕਰ ਦਿਤਾ ਸੀ। ਉਸ ਬਾਰੇ ਵਿਚ ਕੋਈ ਮੁਕਦਮਾਂ ਸੀ, ਜਿਸ ਬਾਬਤ ਬੀਰ ਜੀ ਨੂੰ ਕਲਕੱਤਾ ਭੇਜਿਆ ਗਿਆ ਤੇ ਉਸ ਦੇ ਬਾਅਦ ਉਹਨਾਂ ਕਲਕੱਤਾ ਵਿਚ ਆ ਕੇ ਆਪਣਾ ਬਿਜਨੈਸ ਸ਼ੁਰੂ ਕੀਤਾ। ਹਾਲਾਂ ਕਿ ਬੀਰ ਜੀ ਦੇ ਪਿਤਾ ਜੀ ਰੇਲਵੇ ਵਿਚ ਮੁਲਾਜ਼ਮ ਸਨ ਤੇ ਉਹਨਾਂ ਨੇ ਆਪਣੇ ਮੁਹਲੇ ਵਿਚ ਸਭ ਲੋਕ ਨੌਕਰੀਆਂ ਤੇ ਲਵਾ ਦਿੱਤੇ ਪਰ ਬੀਰ ਸਾਹਿਬ ਨੇ ਅੰਗਰੇਜ਼ੀ ਸਰਕਾਰ ਦੀ ਨੌਕਰੀ ਕਰਨ ਤੋਂ ਨਾਂਹ ਕਰਨ ਦਾ ਫੈਸਲਾ ਕੀਤਾ। ਤੇ ਕਲਕੱਤੇ ਵਿਚ ਆ ਕੇ ਆਪਣਾ ਬਿਜ਼ਨਸ ਕੀਤਾ। ਕਲਕੱਤੇ ਵਿਚ ਆ ਕੇ ਉਹਨਾਂ ਨੇ ਬਹੁਤ ਕੰਮ ਕੀਤੇ, ਟੈਕਸੀ ਐਸੋਸੀਏਸ਼ਨ, ਬਸ ਸਿੰਡੀਕੇਟ, ਗੁਰਦੁਆਰਾ ਜਗਤ ਸੁਧਾਰ ਤੇ ਖਾਲਸਾ ਸਕੂਲ, ਬੀਰ ਜੀ ਨੇ ਚਲਵਾਏ ਤੇ ਬਣਵਾਏ।

ਬੀਰ ਜੀ ਕਹਿੰਦੇ ਸਨ ਕਿ ੫੦ ਸਾਲ ਦੀ ਉਮਰ ਤੋਂ ਬਾਅਦ ਆਦਮੀ ਨੂੰ ਗ੍ਰਿਹਸਤ ਛੱਡ ਦੇਣਾ ਚਾਹੀਦਾ ਹੈ ਅਤੇ ਸੇਵਾ ਕਰਨੀ ਚਾਹੀਦੀ ਹੈ। ਸੰਨ ੧੯੫੫ ਵਿਚ ਉਹਨਾਂ ਆਤਮ ਸਾਇੰਸ ਟਰੱਸਟ ਦੀ ਸਥਾਪਨਾ ਕੀਤੀ। ੧੯੫੫ ਵਿਚ ਹੀ ਉਹਨਾਂ ਨੂੰ ਬਹੁਤ ਸਖ਼ਤ ਦਿੱਲ ਦਾ ਦੋਰਾ ਪਿਆ। ਤੇ ਇਕ ਮਹੀਨਾ ਨਰਸਿੰਗ ਹੋਮ 'ਚ ਰਹੇ। ਤੇ ਡਾ. ਨੇ ਆਖਿਆ ਤੁਸੀਂ ਕਿਸੇ ਵੀ ਜਗ੍ਹਾ ਜਾ ਸਕਦੇ ਹੋ ਪਰ ਪਹਾੜ ਤੇ ਨਹੀਂ ਜਾਣਾ। ਲੇਕਿਨ ਡਾਕਟਰ ਦੇ ਕਹਿਣ ਦੇ ਬਾਵਜੂਦ ਉਹਨਾਂ ਡਿਗਸ਼ਈ ਚੁਣਿਆਂ ਤੇ ਉਥੇ ਰਹੇ। ਬੀਰ ਜੀ ਨੇ ਸੇਵਾ ਭਾਵ ਦੇ ਇਰਾਦੇ ਨਾਲ ਜਦ ਫਰਵਰੀ ੧੯੫੭ ਵਿਚ ਅੰਮ੍ਰਿਤਸਰ ਸਾਹਿਬ ਗਏ ਅਤੇ ਉਥੋਂ ਡਿਗਸ਼ਈ ਗਏ। ਡਿਗਸ਼ਈ ਇਕਾਂਤ ਜਗ੍ਹਾ ਹੋਣ ਕਰਕੇ ਉਹਨਾਂ ਨੂੰ ਬਹੁਤ ਪਸੰਦ ਆਈ ਅਤੇ ਬੀਰ ਜੀ ਨੇ ਉਥੇ ਡਿਗਸ਼ਈ ਪਬਲਿਕ ਸਕੂਲ ਸ਼ੁਰੂ ਕਰ ਦਿੱਤਾ। ਸਰਦਾਰਨੀ ਕੁਲਦੀਪ ਹਰਬੰਸ ਸਿੰਘ ਜੋ ਟ੍ਰਸਟ ਦੇ ਫਾਊਂਡਰ ਮੈਂਬਰ ਸਨ ਤੇ ਸਕੂਲ ਨਾਲ ਕਾਫੀ ਸੰਬੰਧਤ ਜਾਨਕਾਰੀ ਰਖਦੇ ਸਨ, ਉਹਨਾਂ ਨੇ ਡਿਗਸ਼ਈ ਪਬਲਿਕ ਸਕੂਲ ਨੂੰ ਸੈਟ ਕਰ ਦਿਤਾ ਤੇ ੪-੫ ਸਾਲ ਸਕੂਲ ਨੂੰ ਖੁਦ ਚਲਾਇਆ ਤੇ ਪਹਿਲੇ ਸਾਲ ਉਥੇ ਲਗਭਗ ੫੦ ਬੱਚੇ ਹੋ ਗਏ। ਕਿਉਂਕਿ ਬੀਰ ਜੀ ਨੂੰ ਸਾਰੀ ਦੁਨੀਆਂ ਬਹੁਤ ਅਛੀ ਤਰ੍ਹਾਂ ਜਾਣਦੀ ਸੀ

ਤੇ ਉਹਨਾਂ ਦੇ ਨਾਂ ਤੋਂ ਵਾਕਫ਼ ਸਨ।

ਬੀਰ ਜੀ ਜੋ ਕਹਿੰਦੇ ਸਨ ਜੋ ਉਹਨਾਂ ਖੱਟਿਆ ਵੀ ਅਤੇ ਕਮਾਇਆ ਵੀ ਹੈ। ੭ ਬੱਚਿਆਂ ਦੇ ਬਾਪ ਹੋਣ ਦੇ ਬਾਅਦ ਵੀ ਅਤੇ ਕਿਸੇ ਦੁਨਿਆਵੀ ਚੀਜ਼ ਦੀ ਘਾਟ ਨਾ ਹੋਣ ਦੇ ਬਾਵਜੂਦ ਵੀ ਉਹ ਡਿਗਸ਼ਈ ਜਾ ਕੇ ੧੭ ਸਾਲ ਰਹੇ ਅਤੇ ਅਲਗ ਤੇ ਇਕਾਂਤ ਵਿਚ ਜੀਵਨ ਬਤੀਤ ਕੀਤਾ, ਜਿਥੇ ਡਿਗਸ਼ਈ ਵਿਖੇ ਉਹਨਾਂ ਬਹੁਤ ਤਪ ਸਾਧਨਾ ਕੀਤੀ।

ਬੀਰ ਜੀ ਜਦ ਆਖਰੀ ਵਾਰ ਕਲਕੱਤੇ ੧੯੭੪ ਦੇ ਪ੍ਰਾਰੰਭ ਵਿਚ ਆਏ ਤਾਂ ਸਪਸ਼ਟ ਸੰਕੇਤ ਕੀਤਾ ਕਿ ਮੈਂ ਹੁਣ ਵਾਪਸ ਨਹੀਂ ਆਉਣਾ ਹੈ। ਤੇ ਆਪਣੀ ਪਤਨੀ ਨੂੰ ਸਮਝਾ ਗਏ ਤੇ ਕਹਿ ਗਏ ਕਿ ਤੂੰ ਬਹੁਤ ਭਾਗਵਾਨ ਹੈਂ, ਤੇਰੇ ਸਾਰੇ ਬੱਚੇ ਬਹੁਤ ਅੱਛੇ ਤੇ ਆਗਿਆਕਾਰੀ ਹਨ, ਤੈਨੂੰ ਕਿਸੇ ਵੀ ਚੀਜ਼ ਦੀ ਕਮੀ ਨਹੀਂ ਹੈ, ਕਿਉਂਕਿ ਅਗਰ ਉਹਨਾਂ ਨੂੰ ਕੋਈ ਚਿੰਤਾ ਸੀ ਤਾਂ ਸਿਰਫ ਇਹ ਹੀ ਸੀ ਕਿ ਮੇਰੇ ਜਾਣ ਦੇ ਬਾਅਦ ਮੇਰੀ ਪਤਨੀ ਨੂੰ ਬਹੁਤ ਸਦਮਾ ਹੋਏਗਾ।

ਬੀਰ ਜੀ ਦੀ ਆਖਰੀ ਇਛਾ ਸੀ, ਜਦ ਉਹਨਾਂ ਦਾ ਆਖਰੀ ਸਮਾਂ ਆਏ ਤਾਂ ਉਹਨਾਂ ਪਾਸ ਉਹਨਾਂ ਦੇ ਪਰਿਵਾਰ ਦਾ ਕੋਈ ਆਦਮੀ ਨਾ ਹੋਵੇ। ਕਿਉਂਕਿ ਜੇ ਪਰਿਵਾਰ ਦਾ ਕੋਈ ਆਦਮੀ ਪਾਸ ਹੋਵੇਗਾ ਤਾਂ ਆਖਰੀ ਵਕਤ ਖ਼ਿਆਲ ਉਸ ਵਿਚ ਰਹਿ ਜਾਵੇਗਾ ਤੇ ਮਨੋਇੱਛਾ ਪੂਰੀ ਕਰਨ ਵਾਸਤੇ ਜਨਮ ਫਿਰ ਲੈਣਾ ਪਵੇਗਾ। ਉਹ ਕਹਿੰਦੇ ਸਨ ਕਿ ਆਖਰੀ ਵਕਤ ਮਨ ਪਰਮਾਤਮਾ ਦੇ ਚਰਨਾਂ ਵਿਚ ਹੋਣਾ ਚਾਹੀਦਾ ਹੈ ਤਾਂ ਕਿ ਮੁਕਤੀ ਮਿਲ ਸਕੇ ਤੇ ਵਾਹਿਗੁਰੂ ਦੇ ਚਰਨਾਂ ਵਿਚ ਨਿਵਾਸ ਮਿਲ ਸਕੇ। ਆਖਰੀ ਸਮੇਂ ਉਹਨਾਂ ਦੇ ਇਹ ਹੀ ਸ਼ਬਦ ਸਨ ਕੇ "ਮੈਂ ਗੁਰਦੁਆਰੇ ਜਾ ਰਿਹਾ ਹਾਂ," ੧੧ ਨੰ. ਬੰਗਲਾ (ਡਿਗਸ਼ਈ) ਤੋਂ ਬਾਹਰ ਆਏ, ਸੋਟੀ ਜ਼ਰਾ ਹਿਲੀ ਤੇ ਬੈਠ ਗਏ ਤੇ ਉਥੇ ਹੀ ਉਸੇ ਵਕਤ ੧੪ ਅਪ੍ਰੈਲ ੧੯੭੪ ਨੂੰ ਪਰਲੋਕ ਸਿਧਾਰ ਗਏ।

ਬੀਰ ਜੀ ਨੇ ਬਾਅਦ ਵਿਚ ਦਿੱਲੀ ਵਿਚ ਗੁਰਮਤ ਪ੍ਰਚਾਰ ਟ੍ਰਸਟ ਕਾਇਮ ਕੀਤਾ। ਉਹਨਾਂ ਨੇ ਲਗਭਗ ੧੫ ਪੁਸਤਕਾਂ ਲਿਖੀਆਂ ਜੋ ਆਤਮਾ ਬਾਰੇ ਸਨ।

ਬੀਰ ਜੀ ਦੇ ਘਰ ਸਭ ਤੋਂ ਪਹਿਲਾਂ ਇਕ ਲੜਕਾ ਹੋਇਆ, ਜਿਸ ਦਾ ਨਾਂ ਅਮਰੀਕ ਸਿੰਘ ਸੀ। ਮੈਂ ਸਰਦਾਰਨੀ ਅਤੇ ਸ੍ਰ. ਐਚ. ਸਿੰਘ ਉਹਨਾਂ ਦੀ ਵੱਡੀ ਲੜਕੀ ਜਦ ਇਕ ਮਹੀਨੇ ਦੀ ਸੀ, ਤਾਂ ਉਹ ਦੋ ਸਾਲ ਦਾ ਸੀ, ਗੁਜ਼ਰ ਗਿਆ, ਫਿਰ ਦੋ ਸਾਲ ਬਾਅਦ ਇਕ ਹੋਰ ਲੜਕਾ ਪੈਦਾ ਹੋਇਆ, ਉਹ ਵੀ ਚਾਰ ਮਹੀਨੇ ਬਾਅਦ ਗੁਜ਼ਰ ਗਿਆ। ਬੀਰ ਜੀ ਉਸ ਵਕਤ ਘਰ ਤੋਂ ਬਾਹਰ ਸਨ, ਜਦ ਉਹਨਾਂ ਨੂੰ ਇਹ ਖਬਰ ਮਿਲੀ ਤਾਂ ਉਹਨਾਂ ਘਰ ਚਿੱਠੀ ਲਿਖੀ। ਜਿਸ ਵਿਚ ਉਹਨਾਂ ਲਿਖਿਆ ਹੋਇਆ ਸੀ :

"ਜਿਸ ਕੀ ਵਸਤੁ ਤਿਸੁ ਆਗੈ ਰਾਖੈ।
ਪ੍ਰਭ ਕੀ ਆਗਿਆ ਮਾਨੈ ਮਾਥੈ।

ਉਸ ਤੇ ਚਉਗੁਨ ਕਰੈ ਨਿਹਾਲੁ।
ਨਾਨਕ ਸਾਹਬੁ ਸਦਾ ਦਇਆਲ॥੨॥੫॥"

ਦੋਨਾਂ ਲੜਕਿਆਂ ਤੋਂ ਬਾਅਦ ਉਹਨਾਂ ਦੇ ਘਰ ਲਗਾਤਾਰ ਚਾਰ ਲੜਕੀਆਂ ਹੋਈਆਂ, ਜਿਨ੍ਹਾਂ ਨੂੰ ਉਹਨਾਂ ਬਹੁਤ ਹੀ ਲਾਡ ਤੇ ਪਿਆਰ ਦਿੱਤਾ। ਬੀਰ ਜੀ ਲੜਕੀਆਂ ਦੀ ਬਹੁਤ ਇਜ਼ਤ ਕਰਦੇ ਸਨ।

ਬੀਰ ਜੀ ਇਕ ਪੂਰਨ ਪੁਰਸ਼ ਸਨ ਹਮੇਸਾਂ ਆਪਣੇ ਬਜ਼ੁਰਗਾਂ ਦੇ ਹੁਕਮ ਨੂੰ ਮੰਨਿਆ. ਆਪਣੀ ਪਤਨੀ ਨੂੰ ਸਦਾ ਖੁਸ਼ ਰਖਣ ਦੀ ਅਤੇ ਉਸ ਦੀਆਂ ਸਭ ਜ਼ਰੂਰਤਾਂ ਪੂਰੀਆਂ ਕਰਨ ਦਾ ਯਤਨ ਕੀਤਾ। ਜਦ ਬੱਚੇ ਵੱਡੇ ਹੋ ਗਏ ਤਾਂ ਉਹਨਾਂ ਦੀਆਂ ਕਿਸਮ ਕਿਸਮ ਦੀਆਂ ਖਾਹਿਸ਼ਾਂ, ਕਿਉਂ ਜੋ ਕਲਕੱਤੇ ਰਹਿੰਦੇ ਸਨ, ਜਿਥੇ ਅੰਗਰੇਜ਼ੀ ਰਾਜ ਵਿਚ ਕਿਸਮ ਕਿਸਮ ਦੇ Carinval Circus ਸਿਨਮੇ ਆਦਿ ਹਰ ਵਕਤ ਚਲਦੇ ਰਹਿੰਦੇ ਸਨ ਅਤੇ ਬੱਚੇ ਰੋਜ਼ ਕਿਤੇ ਨਾ ਕਿਤੇ ਜਾਣ ਵਾਸਤੇ ਕਹਿੰਦੇ ਹਨ। ਉਹਨਾਂ ਨੇ ਆਪਣੇ ਕਲੱਬ ਅਤੇ ਮੈਸਨ ਸੁਸਾਇਟੀ ਦੀ ਮੈਂਬਰਸ਼ਿਪ ਤਿਆਗ ਦਿਤੀ ਅਤੇ ਆਪਣੀਆਂ ਬੱਚੀਆਂ ਲੜਕੀਆਂ ਹੋਣ ਕਰਕੇ ਸਦਾ ਆਪ ਨਾਲ ਜਾਂਦੇ ਸਨ, ਜੋ ਕਹਿੰਦੇ ਸਨ, ਪਹਿਲਾਂ ਖੁਦ ਆਪਣੇ ਆਪ ਤੇ ਉਸ ਦੀ ਕਮਾਈ ਕਰਦੇ ਸਨ। ਕਿਹਾ ਕਰਦੇ ਸਨ ਕਿ ੨੫ ਸਾਲ ਤੱਕ ਬ੍ਰਹਮਚਾਰੀ ਹੈ ਤੇ 50 ਸਾਲ ਦੀ ਉਮਰ ਤਕ ਗ੍ਰਿਹਸਤ ਹੋਣਾ ਚਾਹੀਦਾ ਹੈ। ਉਸ ਦੇ ਬਾਅਦ ਮਨੁੱਖ ਨੂੰ ਸਭ ਕੁਝ ਤਿਆਗ ਕੇ ਸੇਵਾ ਅਤੇ ਭਜਨ ਕਰਨਾ ਚਾਹੀਦਾ ਹੈ। ਘਰ ਵਿਚ ਆਪਣੀ ਪਤਨੀ ਰਵੇਲ ਕੌਰ (ਪੇਕਾ ਨਾਮ ਜਸਵੰਤ ਕੌਰ ਸੀ) ਸਦਾ ਕੁਝ ਨਾ ਕੁਝ ਉਹਨਾਂ ਨੂੰ ਨੋਕ-ਟੋਕ ਕਰਦੇ ਰਹਿੰਦੇ ਸਨ. ਉਹਨਾਂ ਨੇ ਆਪਣੀ ਵੱਡੀ ਲੜਕੀ ਸਰਦਾਰਨੀ ਕੁਲਦੀਪ ਨੂੰ ਕਿਹਾ ਤੂੰ ਸਭ ਪੁਆੜੇ ਦੀ ਘਰ ਵਿਚ ਜੜ੍ਹ ਹੈਂ। ਜੇਕਰ ਤੂੰ ਆਪਨੇ ਪਿਤਾ ਜੀ ਨੂੰ ਰੋਕਦੀ ਤਾਂ ਉਹ ਡਿਗਸ਼ਈ ਨਾ ਜਾਂਦੇ।

ਕੁਲਦੀਪ ਜੀ ਉਹਨਾਂ ਪਾਸ ਸਾਲ ਵਿਚ ੪-੫ ਵਾਰੀ ਡਿਗਸ਼ਈ ਜਾਇਆ ਕਰਦੇ ਸਨ। ਇਕ ਵਾਰੀ ਭਾਪਾ ਜੀ ਨੇ ਪੁੱਛਿਆ ਕਿ ਤੇਰੀ ਮਾਂ (ਰਵੇਲ ਕੌਰ) ਦਾ ਕੀ ਹਾਲ ਹੈ ? ਤਾਂ ਉਹਨਾਂ ਨੇ ਬੀਰ ਜੀ ਨੂੰ ਜੁਆਬ ਦਿਤਾ ਕਿ ਤੁਹਾਨੂੰ ਮੇਰੀ ਮਾਂ ਦੀ ਕੀ ਪਰਵਾਹ ਹੈ ? ਇਹ ਸ਼ਬਦ ਸੁਣ ਕੇ ਉਹਨਾਂ ਦੀਆਂ ਅੱਖਾਂ ਵਿਚੋਂ ਅੱਥਰੂ ਟੱਪ ਟੱਪ ਵਹਿਣ ਲਗ ਪਏ। ਇਸ ਦੇ ਬਾਅਦ ਕੁਲਦੀਪ ਜੀ ਨੂੰ ਬਹੁਤ ਦੁੱਖ ਹੋਇਆ ਕਿ ਉਹਨਾਂ ਇਹ ਲਫਜ਼ ਆਪਣੇ ਪਿਤਾ ਬੀਰ ਜੀ ਨੂੰ ਕਿਉਂ ਰਹੇ ਹਨ ? ਇਕ ਵਾਰੀ ਉਹਨਾਂ ਨੇ ਕੁਲਦੀਪ ਜੀ ਨੂੰ ਜਿਨ੍ਹਾਂ ਨਾਲ ਉਹ ਆਪਣੇ ਦਿਲ ਦੀਆਂ ਸਭ ਗੱਲਾਂ ਕਰਦੇ ਸਨ ਤੇ ਜਿਨਾਂ ਦੀ ਸਲਾਹ ਲੈ ਕੇ ਬਹੁਤ ਕੰਮ ਕਰਦੇ ਸਨ, ਦੱਸਿਆ ਕਿ ਮੇਰਾ ਵਾਹਿਗੁਰੂ ਨਾਲ Contract ਹੈ ਕਿ ਮੈਂ ਭਜਨ ਕਰਨ ਤੋਂ ਪਹਿਲਾਂ ਉਸ ਵਾਹਿਗੁਰੂ ਪਾਸ ਅਰਦਾਸ ਕਰਦਾ ਹਾਂ ਕਿ ਸੱਚੇ ਪਾਤਸ਼ਾਹ ਮੇਰੇ ਬੱਚੇ ਸਭ ਤਰ੍ਹਾਂ ਸੁਖੀ

ਰਹਿਨ ਅਤੇ ਤੁਸੀਂ ਉਹਨਾਂ ਦੀਆਂ ਸਭ ਲੋੜਾਂ ਪੂਰੀਆਂ ਕਰਨੀਆਂ ਹਨ, ਤਦ ਹੀ ਮੈਂ ਤੁਹਾਡਾ ਭਜਨ ਕਰ ਸਕਦਾ ਹਾਂ।

ਸਾਰੀ ਰਾਤ ਸਭ ਉਹਨਾਂ ਦੇ ਕਮਰੇ ਦੀਆਂ ਬੱਤੀਆਂ ਜਗਦੀਆਂ ਰਹਿੰਦੀਆਂ ਸਨ। ਤੇ ਬੰਦਗੀ ਕਰਦਿਆਂ ਜੋ ਵੀ ਵਿਚਾਰ ਮਨ ਵਿਚ ਆਉਂਦੇ ਸਨ ਉਹ ਖਾਸ ਤੌਰ ਤੇ ਰਾਤ ਵੇਲੇ ਹੀ ਲਿਖਿਆ ਕਰਦੇ ਸਨ।

# ਘਰ ਪਰਿਵਾਰ ਤੇ ਜੀਵਨ ਦਾ ਮੁੱਢ -- 2

ਜੀਵਨ ਵਿੱਚ ਬੜੀਆਂ ਤਬਦੀਲੀਆਂ ਆ ਸਕਦੀਆਂ ਹਨ। ਮੈਂ ਭੀ ਯਾਦ ਕਰ ਰਿਹਾ ਹਾਂ ਕਿ ਤੀਸਰੀ ਜਮਾਤ ਵਿੱਚ ਪੜ੍ਹਦਾ ਸਾਂ ਤੇ ਉਹਨਾਂ ਦਿਨਾਂ ਵਿੱਚ ਥਾਂ ਥਾਂ ਤੇ, ਬੱਚਿਆਂ ਵਿਚ ਵਡਿਆਂ ਵਿੱਚ ਜਾਰਜ ਪੰਚਮ ਦੇ ਗੁਣ ਗਾਏ ਜਾਂਦੇ ਸਨ ਤੇ ਅਸੀਂ ਗਾਇਆ ਕਰਦੇ ਸਾਂ। "ਯਾ ਰਬ ਰਹੇ ਸਲਾਮਤ, ਸ਼ਾਹਨਸ਼ਾਹ ਹਮਾਰਾ" ਇਹਨਾਂ ਦਿਨਾਂ ਵਿਚ ਇੱਕ ਦਿਨ ਸਾਨੂੰ ਤਮਗੇ ਮਿਲਣੇ ਸਨ ਤੇ ਜਿੱਥੇ ਮਿਲਣੇ ਸਨ ਉਹ ਸੀ ਮਾਲ ਰੋਡ ਦਾ ਇੱਕ ਕਿਨਾਰਾ (ਲਾਹੌਰ ਸ਼ਹਿਰ ਵਿੱਚ) ਤੇ ਅਸੀਂ ਸਾਰੇ ਇੱਕਠੇ ਹੋਏ ਸਾਂ, 'ਭੰਗੀਆਂ ਦੀ 'ਤੋਪ' ਕੋਲ। ਸਿੱਖ ਰਾਜ ਦੀ ਇਹ ਨਿਸ਼ਾਨੀ ਸੀ, ਜਿਹੜੀ ਲੋਕਾਂ ਦੇ ਮੂੰਹ ਚੜ੍ਹੀ ਸੀ ਕਾਰੀਗਰੀ ਦਾ ਨਮੂਨਾ ਸੀ। ਸਿੱਖ ਰਾਜ ਵਿਚ ਹੁਨਰ ਦੀ ਕਦਰ ਦਾ ਇਹ ਪਰਤਖ ਨਮੂਨਾ ਸੀ।

ਹੁਣ ਜਦ ਮੈਂ ਸ. ਰਘਬੀਰ ਸਿੰਘ ਜੀ 'ਬੀਰ' ਜੀ ਦੀ ਜੀਵਨੀ ਲਿੱਖੀ ਹੈ ਤਾਂ ਮੇਰੀ ਵਾਕਫ਼ੀ ਵਿੱਚ ਇਕ ਵਾਧਾ ਹੋਇਆ ਹੈ ....... ਰਣਜੀਤ ਸਿੰਘ ਦੇ ਰਾਜ ਮੁਤਾਲਿਕ। ਇਹ ਵਡੀ ਤੋਪ ਮਿਸਤਰੀ ਜਵਾਹਰ ਮਲ ਨੂੰ ਰਬੇ ਬਖਸ਼ੀ ਲਿਆਕਤ ਤੇ ਤੀਖਣ ਬੁੱਧੀ ਦੀ ਮਿਸਾਲ ਸੀ। ਮਿਸਤਰੀ ਜਵਾਹਰ ਮਲ ਨੂੰ ਰਾਜ ਦਰਬਾਰ ਵਿੱਚ ਉਚਾ ਦਰਜਾ ਮਿਲਿਆ ਸੀ। ਤੋਪਾਂ ਬੰਦੂਕਾਂ ਤੇ ਹੋਰ ਵੱਡੇ ਹਥਿਆਰਾਂ ਦੀ ਬਨਵਾਈ ਤੇ ਦੇਖਭਾਲ ਦੀ ਜਿੰਮੇਵਾਰੀ ਮਹਾਰਾਜ ਨੇ ਮਿਸਤਰੀ ਜਵਾਹਰ ਮਲ ਨੂੰ ਸੌਂਪੀ ਸੀ ਤੇ ਉਸਦੀ ਇੱਕ ਕਿਲਾ ਨੁਮਾ ਮਹਲ ਵਿੱਚ ਉਸਦੀ ਰਿਹਾਇਸ਼ ਸੀ ਤੇ ਉਸ ਅਹਾਤੇ ਦਾ ਨਾਂ ਸੀ ਮਿਸਤਰੀ ਜਵਾਹਰ ਮਲ ਦਾ ਹਾਤਾ। ਇਹ ਮਿਸਤਰੀ ਜੀ ਸਰਦਾਰ ਰਘਬੀਰ ਸਿੰਘ ਜੀ 'ਬੀਰ' ਦੇ ਪਰਦਾਦਾ ਜੀ ਸਨ।

ਫਿਰ ਆਏ ਉਹਨਾਂ ਦੇ ਬਾਬਾ ਜੀ ਸਰਦਾਰ ਕਾਨ੍ਹ ਸਿੰਘ ਆਪਣੀਆਂ ਜ਼ਮੀਨਾਂ ਤੇ ਜਾਗੀਰ ਜਾਇਦਾਦ ਦੀ ਦੇਖ ਭਾਲ ਤੋਂ ਇਲਾਵਾ ਧਾਰਮਿਕ ਰੁਚੀ ਰੱਖਦੇ ਸਨ ਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ, ਸਰਬਰਾਹ ਦੇ ਪਰਧਾਨ ਬਣੇ ਇਸ ਅਹਾਤੇ ਵਿੱਚ ਪਾਤਸ਼ਾਹ ਨੇ ਆਪਣੇ ਵਕਤ ਵਿੱਚ ਚਰਨ ਪਾਏ ਸਨ।

ਬੀਰ ਜੀ ਦੇ ਪਿਤਾ ਸਨ ਸ੍ਰ. ਲਹਿਣਾ ਸਿੰਘ ਜੋ ਰੇਲਵੇ ਵਿੱਚ ਚੀਫ਼ ਅਕਾਊਂਟਸ ਆਫਿਸਰ ਦੇ ਔਹਦੇ ਤੇ ੩੦ ਸਾਲਾਂ ਦੀ ਕਾਮਯਾਬ ਮੁਲਾਜ਼ਮਤ ਮਗਰੋਂ ਰਿਟਾਇਰ

ਹੋਏ। ਸਰਕਾਰੀ ਨੌਕਰੀ ਕਰਦਿਆਂ ਬਾਕੀ ਸਮਾਂ ਉਹ ਸਿੱਖ ਧਰਮ ਦੇ ਅਸੂਲਾਂ ਤੇ ਚਲਦਿਆਂ ਇਕ ਨੇਕ ਗੁਰਸਿੱਖ ਦਾ ਜੀਵਨ ਜੀਏ। ਉਹਨਾਂ ਇੱਕ ਕਿਤਾਬ ਭੀ ਛਪਵਾਈ ਜਿਸਦਾ ਨਾਂ ਹੀ ਗੁਰਮਤ ਜੀਵਨ ਸੀ ਤੇ ਉਸ ਵਿੱਚ ਅੰਕਿਤ ਹੈ ਜੀਵਨ ਮਾਰਗ ਤੇ ਘਾਲ ਕਮਾਈ ਦੀ ਕਹਾਣੀ। ਵਡੀ ਗੱਲ ਇਹ ਹੈ ਕਿ ਮਨ ਵਿੱਚ ਕੋਈ ਘੁਟਣ ਨਹੀਂ ਸੀ। ਗੁਰਮਤ ਦੇ ਨਾਲ ਨਾਲ ਹੋਰਨਾਂ ਧਰਮਾਂ ਦਾ ਭੀ ਵਿਚਾਰ ਇਹਨਾਂ ਨੂੰ ਭਾਉਂਦਾ ਸੀ, ਅਮਰੀਕਾ ਦੀ Christian Science Society ਦੇ ਉਹ ਮੈਂਬਰ ਭੀ ਬਣੇ ਹੋਏ ਸਨ।

ਹਾਲਾਤ ਐਸੇ ਵਾਪਰੇ ਇਹ ਬੀਰ ਜੀ ਦੇ ਬਚਪਨ ਵਿੱਚ ਹੀ ਮਾਤਾ ਜੀ ਚਲ ਵੱਸੇ ਤੇ ਬੀਰ ਜੀ ਦੀ ਪਰਵਰਿਸ਼ ਦਾਦੀ ਜੀ ਬੀਬੀ ਬਿਸ਼ਨ ਕੌਰ ਜੀ ਨੇ ਕੀਤੀ। ਬੀਬੀ ਜੀ ਭਗਵਤ ਗੀਤਾ, ਮਹਾਂਭਾਰਤ, ਰਾਮਾਇਣ ਦੇ ਗੂੜ੍ਹ ਗਿਆਨੀ ਸਨ। ਨਾਲ ਉਹਨਾਂ ਨੂੰ ਦਾਤ ਸੀ. ਸਤਸੰਗ ਦੇ ਪਰਬੰਧ ਕਰਣ ਦੀ। ਲੋਕਾਂ ਨੂੰ ਸੰਗਠਿਤ ਕਰਨ ਦੇ ਤੇ ਇਹ ਸਭ ਕੰਮ ਆਏ ਰਘਬੀਰ ਸਿੰਘ 'ਬੀਰ' ਦੀ ਮੰਨ ਤੇ ਆਤਮਾ ਦੀ ਉਸਾਰੀ ਵਿੱਚ। ਹਿੰਦੂ ਗ੍ਰੰਥਾਂ ਤੇ ਗੁਰਮਤ ਦੇ ਸਕਾਲਰ ਬਣ ਉਹ ਇਸਦੀ ਮਤ ਨੂੰ ਭੀ ਘੋਖਯਾ. ਮਿਸ਼ਨ ਸਕੂਲ ਦੇ ਵਿਦਿਆਰਥੀ ਹੋਣ ਕਰਕੇ।

ਵਿਚਾਰਾਂ ਵਿੱਚ ਖੁਦ ਮੁਖਤਿਆਰੀ ਸੀ ਤੇ ਪਿਤਾ ਜੀ ਦੇ ਔਹਦੇ ਦਾ ਫਾਇਦਾ ਉਠਾ ਉਹਨਾਂ ਨੇ ਕਦੀ ਸਰਕਾਰੀ ਨੌਕਰੀ ਨਹੀਂ ਪਰਵਾਨੀ, ਜਿਹੜੀ ਕਿ ਉਸ ਜ਼ਮਾਨੇ ਵਿੱਚ ਬੜੀ ਅਸਾਨੀ ਵਿਚ ਹਥਿਆਈ ਜਾ ਸਕਦੀ ਸੀ। ਬੀ. ਏ. ਉਹਨਾਂ ਨੇ ਖਾਲਸਾ ਕਾਲਿਜ ਅੰਮ੍ਰਿਤਸਰ ਤੋਂ ਕੀਤੀ ਤੇ ਆਪਣੀ ਜਾਗੀਰ ਤੇ ਜ਼ਮੀਨਾਂ ਜੋ ਲਾਹੌਰ ਤੇ ਆਸ ਪਾਸ ਵਿਚ ਸਨ, ਉਹਦਾ ਧਿਆਨ ਤਾਂ ਕੀਤਾ ਤੇ ਨਾਲ ਧਰਮ ਦੇ ਵੀਚਾਰਾਂ ਨੂੰ ਨਹੀਂ ਵਿਸਾਰਿਆ।

ਛੋਟੀ ਉਮਰ ਵਿੱਚ ਸ਼ਾਦੀ ਹੋ ਗਈ ਪਰ ਇੱਕ ਬੱਚੇ ਨੂੰ ਜਨਮ ਦੇਂਦਿਆਂ ਇਹਨਾਂ ਦੀ ਪਤਨੀ ਇਹਨਾਂ ਦਾ ਸਾਥ ਛਡ ਗਈ ਪਰ ਜਿਸ ਛੋਟੇ ਬੱਚੇ ਨੂੰ ਜਨਮ ਦਿੱਤਾ ਸੀ ਉਹਨੂੰ ਵੀ ਸਾਥ ਲੈ ਗਈ।

ਬੜਾ ਧੱਕਾ ਲੱਗਾ ਬੀਰ ਜੀ ਦੇ ਮਨ ਨੂੰ ਉਹਨਾਂ ਠਾਨ ਲਈ ਦੁਨਿਆਵੀ ਜ਼ਿੰਦਗੀ ਤੇ ਤਿਆਗ ਦੀ। ਘਰ ਛੱਡ ਰਵਾਲਸਰ ਜਾ ਡੇਰਾ ਲਾਇਆ। ਉਥੇ ਮਹਾਤਮਾ ਬੁੱਧ ਦੀ ਵੀ ਬੜੀ ਯਾਦ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਸ ਨਵੇਕਲੀ ਥਾਂ ਤੇ ਬੜਾ ਅਹਿਮ ਫਰਜ਼ ਨਿਭਾਇਆ। ਪਿਤਾ ਜੀ ਨੇ ਕਾਫ਼ੀ ਸਮਾਂ ਬੀਰ ਜੀ ਨਾਲ ਲਗਾਇਆ ਤੇ ਅਖਿਰ ਉਹਨਾਂ ਨੂੰ ਮਨਾ ਕੇ ਰਾਜ਼ੀ ਕਰਕੇ ਲਾਹੌਰ ਮੋੜ ਲਿਆਏ। ਉਹਨਾਂ ਦੀ ਫੇਰ ਸ਼ਾਦੀ ਹੋਈ —— ਕਪੂਰਥਲਾ ਦੇ ਮਹਾਰਾਜੇ ਦੇ ਇੱਕ ਵੱਡੇ ਅਹਿਲਕਾਰ ਦੀ ਬੱਚੀ ਨਾਲ ਤੇ ਉਹਨਾਂ ਜੀਵਨ ਸ਼ੁਰੂ ਕੀਤਾ, ਇੱਕ ਆਮ ਦੁਨਿਆਵੀ ਜੀਵਨ ਪਰ ਉਹ ਜੀਵਨ ਜਿਹਦਾ ਮਨ ਤਾਂ ਮੋੜਾ ਖਾ ਚੁਕਾ ਸੀ, ਧਰਮ ਵੱਲ ਤੇ ਸਮਾਜਿਕ ਕੰਮਾਂ ਵਲ।

ਸਮਾਂ ਗੁਜ਼ਰਦਾ ਗਿਆ ਤੇ ਜਲ੍ਹਿਆਂ ਵਾਲਾ ਬਾਗ ਦੀ ਘਟਨਾ ਘਟ ਗਈ ਜਿਸ ਨੇ ਦੁਨੀਆਂ ਭਰ ਵਿਚ ਤਰਥੱਲੀ ਮਚਾ ਦਿੱਤੀ। ਬੀਰ ਸਾਹਿਬ ਜਿਹਾ ਦਿਲ ਕਿਸ ਤਰ੍ਹਾਂ ਨਾ ਹਿਲਦਾ।

ਜੋ ਮਾਂਗੇ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ॥
ਨਾਨਕ ਦਾਸ ਮੁਖ ਤੇ ਜੋ ਬੋਲੇ ਈਹਾਂ ਊਹਾਂ ਸੱਚ ਹੋਵੈ॥

ਹੁਣ ਕੁਲਦੀਪ ਭੈਣ ਜੀ ਦੀ ਇਕ ਹੋਰ ਚਿੱਠੀ ਮਿਲੀ ਹੈ ਜੋ, ਜਿਉਂ ਦੀ ਤਿਉਂ ਨਕਲ ਕੀਤੀ ਜਾਂਦੀ ਹੈ ਇਹੀ ਤਾਂ ਪਾਸੇ ਦਾ ਸੋਨਾ ਹੈ। ਕੁਲਦੀਪ ਜੀ ਨੇ ਬੀਰ ਜੀ ਗੋਦੀ ਮਾਣੀ ਹੈ।

## ਸੇਵਕ ਕੀ ਓੜਕ ਨਿਬਾਹੀ ਪ੍ਰੀਤ

੧੯੭੩ ਦਿਸੰਬਰ ਵਿੱਚ ਪਾਪਾ ਜੀ ਇੱਕ ਦਿਨ ਸ਼ਾਮ ਨੂੰ ਮੇਰੇ ਵੱਲ ਆਏ। ਮੈਨੂੰ ਬਹੁਤ ਅਸਚਰਜ ਹੋਇਆ। ਮੈਂ ਸਮਝ ਗਈ ਜੋ ਕੋਈ ਖਾਸ ਹੀ ਗੱਲ ਹੈ। ਕਹਿਣ ਲੱਗੇ ਕਿ ਮੈਂ ਤੇਰੇ ਨਾਲ ਸਲਾਹ ਕਰਨੀ ਹੈ। ਮੈਂ ਆਪਣੀਆਂ ਸਭ ਕਿਤਾਬਾਂ ਆਤਮ ਸਾਇੰਸ ਟ੍ਰਸਟ ਨੂੰ ਦਾਨ ਕਰਨੀਆਂ ਚਾਹੁੰਦਾ ਹਾਂ। ਮੈਂ ਕਿਹਾ ਕਿ ਤੁਸੀਂ ਸਭ ਕੁਝ ਦੇ ਆਪ ਮਾਲਕ ਹੋ, ਜਿਵੇਂ ਤੁਹਾਡਾ ਦਿਲ ਕਹਿੰਦਾ ਹੈ, ਉਸੇ ਤਰ੍ਹਾਂ ਕਰੋ, ਕਿਉਂਕਿ ਤੁਹਾਡੇ ਬੱਚਿਆਂ ਵਿਚੋਂ ਕਿਸੇ ਨੇ ਵੀ ਕੋਈ ਉਜ਼ਰ ਨਹੀਂ ਕਰਨਾ।

ਹਰ ਸਾਲ ਉਹ ਆਪਣੀ ਵਸੀਅਤ ਲਿਖਕੇ ਮੈਨੂੰ ਦੇ ਜਾਂਦੇ ਸਨ ਪਰ ਇਸ ਸਾਲ ਉਹਨਾਂ ਨੇ ਆਪਣੇ ਵਕੀਲ ਨੂੰ ਕਿਹਾ ਕਿ ਮੇਰੀ ਵਸੀਅਤ ਰਜਿਸਟਰ ਕਰਾ ਦਿਓ। ਮੈਨੂੰ ਨਾਲ ਲੈ ਕੇ ਉਹ ਵਸੀਅਤ ਰਜਿਸਟਰ ਕਰਾਣ ਗਏ। ਵਕੀਲ ਨੂੰ ਵਸੀਅਤ ਤਿਆਰ ਕਰਣ ਵਿੱਚ ਕੋਈ ਡੇਢ ਦੋ ਘੰਟੇ ਲੱਗ ਗਏ ਤੇ ਇਸ ਦੌਰਾਨ ਉਹ ਮੇਰੇ ਨਾਲ ਗੱਲਾਂ ਕਰਦੇ ਰਹੇ। ਉਹਨਾਂ ਮੈਨੂੰ ਬਹੁਤ ਨਸੀਹਤਾਂ ਕੀਤੀਆਂ ਤੇ ਨਾਲ ਹੀ ਮੈਨੂੰ ਬਹੁਤ ਕੁਝ ਬਖਸ਼ਿਆ ਵੀ, ਸਮਾਂ ਆਉਣ ਤੇ ਮੈਂ ਸ਼ਾਇਦ ਇਸ ਬਾਰੇ ਲਿਖਾਂਗੀ।

ਕੁਝ ਸਮਾਂ ਪਹਿਲੇ ਉਹਨਾਂ ਨੇ ਡਿਗਸ਼ਈ ਪਬਲਿਕ ਸਕੂਲ ਦੇ ਬੋਰਡ ਦੀ ਮੀਟਿੰਗ ਵਿਚ ਆਖਿਆ ਕਿ ਮੈਂ ਤਾਂ ਡਿਗਸ਼ਈ ਵਿੱਚ ਹੀ ਮਰਾਂਗਾ। ੧੯੭੪ ਵਿੱਚ ਜਦ ਅੰਤ ਸਮਾਂ ਨੇੜੇ ਆਣ ਪੁੱਜਾ ਤਾਂ ਉਹ ਸਾਰੀ ਸਾਰੀ ਰਾਤ ਜਾਗਦੇ ਰਹਿੰਦੇ ਤੇ ਬੰਦਗੀ ਵਿੱਚ ਲੀਨ ਰਹਿਣ ਲੱਗੇ ਸਨ। ਉਹਨਾਂ ਦੇ ਚੇਹਰੇ ਤੇ ਇੱਕ ਅਨੋਖਾ ਨੂਰ ਸੀ। ਇੱਕ ਦਿਨ ਰਾਤ ਦੇ ਕੋਈ ੩-੪ ਵਜੇ ਉਹ ਬੀਬੀ ਜੀ ਦੇ ਕਮਰੇ ਵਿੱਚ ਆਏ ਉਹਨਾਂ ਦੇ ਸਿਰ ਤੇ ਹੱਥ ਰੱਖ ਕੇ ਆਖਿਆ ਕਿ ਰਵੇਲ ਜੀ ਤੁਸੀਂ ਬੜੇ ਗੁਰਮੁਖ ਹੋ ਤੇ ਭਾਵਾਂ ਵਾਲੇ ਭੀ ਹੋ। ਸਾਡਾ ਹੁਣ ਵਿਦਾਈ ਦਾ ਸਮਾਂ ਆ ਗਿਆ ਹੈ, ਤੁਸੀਂ ਬਿਲਕੁਲ ਰੋਣਾ ਨਹੀਂ। ਮੈਨੂੰ ਜਦ ਬਾਅਦ ਵਿੱਚ ਇਹ ਪਤਾ ਲੱਗਾ ਤਾਂ ਯਾਦ ਆਇਆ ਕਿ ਉਹਨਾਂ ਮੈਨੂੰ ਦੱਸਿਆ ਕਿ ਲਾਭ ਕੌਰ ਕੋਈ ੧੫-੧੬ ਦੀ ਸੀ ਜਦ ਉਸਦੀ ਮੌਤ ਹੋਈ ਸੀ ਅਤੇ ਜਦੋਂ ਮੇਰੀ ਦੂਸਰੀ ਸ਼ਾਦੀ ਹੋਈ ਤਾਂ ਜਿੰਨਾਂ ਚਿਰ ਸ਼ਾਦੀ

ਦੀ ਰਸਮ ਹੁੰਦੀ ਰਹੀ ਮੈਂ ਵਾਹਿਗੁਰੂ ਪਾਸ ਇਹ ਅਰਦਾਸ ਕਰਦਾ ਰਿਹਾ ਕਿ ਹੇ ਸੱਚੇ ਪਾਤਸ਼ਾਹ ! ਇਹ ਉਹਨਾਂ ਦੀ ਦੂਸਰੀ ਪੁੱਤਰੀ ਜਿਨ੍ਹਾਂ ਦਾ ਨਾਮ ਜਸਵੰਤ ਸੀ ਅਤੇ ਸਹੁਰਾ ਨਾਮ ਰਵੇਲ ਸੀ, ਉਹਨਾਂ ਦੇ ਜਿਉਂਦੇ ਜੀ ਨਾ ਜਾਣ। ਸੋ ਉਹ ਜਾਣਦੇ ਸਨ ਕਿ ਉਹ ਬੀ ਜੀ ਤੋਂ ਪਹਿਲਾਂ ਚਲੇ ਜਾਣਗੇ।

ਬੀ ਜੀ ਨੂੰ ਉਹਨਾਂ ਨੇ ਬਹੁਤ ਭਰੋਸਾ ਦਿੱਤਾ ਅਤੇ ਕਿਹਾ ਤੁਸੀਂ ਕਿੰਨੇ ਭਾਗਾਂ ਵਾਲੇ ਹੋ, ਤੁਹਾਡੇ ਬੱਚੇ ਕਿੰਨੇ ਚੰਗੇ ਹਨ। "ਮੈਂ ਅਤੇ ਮੇਰੀ ਛੋਟੀ ਭੈਣ ਰੋਜ਼ ਦੋ ਤਿੰਨ ਵਾਰ ਇਹਨਾਂ ਪਾਸ ਜਾਂਦੀਆਂ ਸਾਂ ਅਤੇ ਕੋਸ਼ਿਸ਼ ਕਰਦੀਆਂ ਸਾਂ ਕਿ ਉਹ ਕੁਝ ਖਾਣ ਪੀਣ। ਮੈਂ ਲਖਬੀਰ ਨੂੰ ਆਖਿਆ ਕਿ ਜਦੋਂ ਤੱਕ ਪਾਪਾ ਜੀ ਠੀਕ ਨਾ ਹੋ ਜਾਣ ਉਹਨਾਂ ਨੂੰ ਬਿਲਕੁਲ ਕਿਤੇ ਵੀ ਨਹੀਂ ਜਾਣ ਦੇਣਾ। ਜਦੋਂ ਪਾਪਾ ਜੀ ਨੂੰ ਇਸ ਦਾ ਪਤਾ ਲੱਗਾ ਤਾਂ ਕਹਿਣ ਲੱਗੇ ਕਿ ਜੇਕਰ ਮੈਂ ਠੀਕ ਹੋ ਗਿਆ ਤਾਂ ਜਾਣ ਦਿਓਗੇ ? ਕਮਜ਼ੋਰ ਕਾਫੀ ਹੋ ਗਈ ਸੀ ਪਰ ਥੋੜ੍ਹੇ ਦਿਨਾਂ ਵਿੱਚ ਉਹ ਠੀਕ ਹੋ ਗਏ ਤੇ ਖਾਣ ਪੀਣ ਵੀ ਲੱਗ ਪਏ। ੨੫ ਮਾਰਚ ਦੀ ਉਹਨਾਂ ਦੀ ਸੀਟ ਵੀ ਬੁੱਕ ਹੋ ਗਈ। ਦੋ ਸਾਲ ਪਹਿਲਾਂ ਇਸੇ ਦਿਨ ਮੇਰੀ ਭੈਣ ਅਨੂਪ ਗੁਜ਼ਰ ਗਈ ਸੀ। ਮੇਰੇ ਦਿਲ ਵਿੱਚ ਵਹਿਮ ਹੋ ਗਿਆ ਕਿ ਜਾਣ ਲਈ ਇਹ ਦਿਨ ਅਸ਼ੁਭ ਹੈ ਪਰ ਉਹਨਾਂ ਨੂੰ ਇਹ ਸਭ ਕਹਿਣ ਦੀ ਮੇਰੀ ਹਿੰਮਤ ਨਹੀਂ ਪਈ। ਪਹਿਲੀ ਅਪ੍ਰੈਲ ਨੂੰ ਉਹਨਾਂ ਜੀ. ਪੀ. ਟੀ. ਦੀ ਮੀਟਿੰਗ ਵਿੱਚ ਸ਼ਿਰਕਤ ਕਰਨੀ ਸੀ, ਇਸ ਲਈ ਉਹਨਾਂ ਦਾ ਉਥੇ ਪੁਜਣਾ ਜ਼ਰੂਰੀ ਸੀ। ਮੈਂ ੨੭ ਮਾਰਚ ਦੀ ਸ਼ਾਮ ਨੂੰ ਉਹਨਾਂ ਨੂੰ ਮਿਲਣ ਗਈ ਪਰ ਮੈਂ ਇਸ ਗੱਲ ਤੋਂ ਬਿਲਕੁਲ ਅਨਜਾਣ ਸਾਂ ਕਿ ਮੈਂ ਉਹਨਾਂ ਨੂੰ ਆਖਰੀ ਵਾਰ ਮਿਲ ਰਹੀ ਹਾਂ। ਉਹਨਾਂ ਦਾ ਇਹ ਕਹਿਣਾ ਕਿ "ਮੈਂ ਡਿਗਸ਼ਈ ਹੀ ਮਰਨਾ ਚਾਹਾਂਗਾ" ਮੁੜ ਮੁੜ ਯਾਦ ਆਉਂਦਾ ਰਿਹਾ।

ਉਹਨਾਂ ਨੇ ਕਲਕੱਤੇ ਤੋਂ ਜਾਣ ਤੋਂ ਪਹਿਲਾਂ ਬਹੁਤ ਕੁਝ ਕੀਤਾ ਪਰ ਮੈਨੂੰ ਇਸ ਬਾਰੇ ਖਬਰ ਨਹੀਂ ਹੋਣ ਦਿੱਤੀ। ਉਹਨਾਂ ਦੀਆਂ ਕਿਤਾਬਾਂ ਦੀਆਂ ਜਿਲਦਾਂ ਜੋ ਬੰਨ੍ਹਦਾ ਸੀ, ਜਦ ਉਹ ਉਹਨਾਂ ਪਾਸ ਆਇਆ ਤਾਂ ਉਸ ਨੂੰ ੧੦੦ ਰੁਪਏ ਦਾ ਨੋਟ ਦੇਂਦਿਆਂ ਕਿਹਾ ਕਿ ਇਹ ਤੈਨੂੰ ਬਖਸ਼ੀਸ਼ ਵਜੋਂ ਦੇ ਰਿਹਾ ਹਾਂ, ਕਿਉਂਕਿ ਮੈਂ ਮੁੜ ਕਲਕੱਤੇ ਨਹੀਂ ਆਉਣਾ। ਆਪਣੇ ਵਕੀਲ ਨੂੰ ਜਿਸਨੇ ਵਸੀਅਤ ਰਜਿਸਟਰ ਕਰਾਈ ਸੀ, ਨੂੰ ਵੀ ਕਿਹਾ ਕਿ ਮੈਂ ਫਿਰ ਕਲਕੱਤੇ ਨਹੀਂ ਆਉਣਾ। ੨੭ ਮਾਰਚ ਨੂੰ ਜਦ ਮੈਂ ਆਉਣ ਲੱਗੀ ਤਾਂ ਮੈਂ ਉਹਨਾਂ ਨੂੰ ਘੁੱਟ ਕੇ ਪਿਆਰ ਕੀਤਾ, ਉਹਨਾਂ ਮੇਰੇ ਸਿਰ ਤੇ ਹੱਥ ਰੱਖਿਆ ਪਰ ਮੂੰਹੋਂ ਕੁਝ ਬੋਲੇ ਨਹੀਂ।

੧੯੫੯ ਵਿੱਚ ਜਦੋਂ ਮੇਰੇ ਵੱਡੇ ਪਾਪਾ ਜੀ (ਦਾਦਾ ਜੀ) ਕਪੂਰਥਲੇ ਵਿੱਚ ਗੁਜ਼ਰੇ ਤਾਂ ਉਸ ਵਕਤ ਉਹ ਬਿਲਕੁਲ ਇਕੱਲੇ ਸਨ। ਪਾਪਾ ਜੀ ਨੂੰ ਇਸ ਗੱਲ ਦਾ ਸਦਾ ਅਫਸੋਸ ਰਿਹਾ ਕਿ ਇਤਨਾ ਪਰਿਵਾਰ ਹੁੰਦਿਆਂ ਵੀ ਉਹ ਅੰਤ ਸਮੇਂ ਬਿਲਕੁਲ ਇਕੱਲੇ ਸਨ।

ਪਾਪਾ ਜੀ ਦੀ ਆਪਣੀ ਸੇਹਤ ਠੀਕ ਨਹੀਂ ਰਹਿੰਦੀ ਸੀ। ਇੱਕ ਵਾਰੀ ਚੰਡੀਗੜ੍ਹ ਗਏ ਤੇ ਉਹਨਾਂ ਨੂੰ ਪੀ. ਜੀ. ਹਸਪਤਾਲ ਦੇ ਇੱਕ ਵੱਡੇ Heart Specialist ਨੂੰ ਬੁਲਾ ਕੇ ਉਹਨਾਂ ਦਾ ਮੁਆਇਨਾ ਕਰਾਇਆ। ਪਾਪਾ ਜੀ ਦੀ ਨਬਜ਼ ਉਸ ਵਕਤ ਹੇਠਾਂ ਚੰਡੀਗੜ੍ਹ ਆ ਕੇ ਵੀ ੧੨੦ ਸੀ। ਡਾਕਟਰ ਦੇਖ ਕੇ ਬੜਾ ਹੈਰਾਨ ਹੋਇਆ। ਪਾਪਾ ਜੀ ਚੰਡੀਗੜ੍ਹ ਕਿਸੇ ਸਭਾ ਵਿੱਚ ਬੋਲਣ ਲਈ ਆਏ ਸਨ। ਸਦਾ ਦੀ ਤਰ੍ਹਾਂ ਬਹੁਤ ਖੁਸ਼ ਅਤੇ ਚੜ੍ਹਦੀ ਕਲਾ ਵਿੱਚ ਸਨ। ਮੈਂ ਬਾਹਰ ਜਾਕੇ ਡਾਕਟਰ ਨੂੰ ਪੁਛਿਆ – ਉਹ ਡਾਕਟਰ ਸਿੱਖ ਸੀ ਤੇ ਪਾਪਾ ਜੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਤਾਂ ਕਹਿਣ ਲੱਗਾ ਕਿ ਇਨ੍ਹਾਂ ਦੀ ਜ਼ਿੰਦਗੀ ਆਪਣੇ ਮਿਸ਼ਨ ਲਈ ਹੀ ਹੈ। ਐਨੀ ਨਬਜ਼ ਰਹੇ ਤਾਂ ਮਨੁੱਖ ਦਾ ਜੀਣਾ ਹੀ ਮੁਸ਼ਕਲ ਹੈ, ਤੁਸੀਂ ਚਿੰਤਾ ਨਾ ਕਰੋ, ਵਾਹਿਗੁਰੂ ਨੇ ਇਨ੍ਹਾਂ ਨੂੰ ਉਹਦੇ ਕੰਮ ਕਰਣ ਲਈ ਹੀ ਜੀਵਨ ਦਿੱਤਾ ਹੈ। ਮੈਨੂੰ ਪਾਪਾ ਜੀ ਨੇ ਦਸਿਆ ਸੀ ਕਿ ਉਨ੍ਹਾਂ ਨੂੰ ਕਈ ਵਾਰ ਛੋਟੇ ਮੋਟੇ ਦਿਲ ਦੇ ਦੌਰੇ ਪਏ ਹਨ। ਉਹ ਬੱਸ ਦਵਾਈ ਖਾ ਲੈਂਦੇ ਸਨ ਪਰ ਕਿਸੇ ਨੂੰ ਦਸਦੇ ਨਹੀਂ ਸਨ। ਮੈਂ ਇਤਨੀ ਛੋਟੀ ਹਸਤੀ ਵਾਲੀ ਕਿਵੇਂ ਚਿੰਤਾ ਨਾ ਕਰਦੀ ?

ਪਹਿਲੀ ਵਾਰ ਜਦ ਮੈਂ ਡਿਗਸ਼ਈ ਸਾਂ ਤਾਂ ਪਾਪਾ ਜੀ ਧਰਮਪੁਰ ਠਹਿਰ ਗਏ ਅਤੇ ਮੈਨੂੰ ਮੇਰੇ ਬੇਟੇ ਨਾਲ ਟੈਕਸੀ ਵਿੱਚ ਰਵਾਨਾ ਕਰ ਦਿੱਤਾ। ਮੇਰੇ ਬੇਟੇ ਅਨੁਰੰਜਨ ਸਿੰਘ ਦੇ ਸਿਰ ਉਪਰ ਗੁਰੂ ਮਹਾਰਾਜ ਦੀ ਬੀੜ ਸੀ ਅਤੇ ਮੇਰੇ ਹੱਥ ਵਿੱਚ ਮੰਜੀ ਸਾਹਿਬ ਸੀ। ਅਸੀਂ ਦਸ ਨੰਬਰ ਕੋਠੀ ਵਿੱਚ ਪਹੁੰਚੇ, ਚਾਰੇ ਪਾਸੇ ਕਰੀਬ ਚਾਰ ਫੁਟ ਰਸਤਾ ਸੀ। ਆਦਮੀ ਲਗਾ ਕੇ ਥੋੜ੍ਹਾ ਰਸਤਾ ਸਾਫ ਕੀਤਾ ਹੋਇਆ ਸੀ। ਜਿਸ ਤਰ੍ਹਾਂ ਉਹ ਚਾਹੁੰਦੇ ਸਨ ਮੈਂ ੫੦-੬੦ ਆਦਮੀਆਂ ਦੇ ਭੋਜਨ ਲਈ ਰਸਦ ਲੈ ਗਈ ਸਾਂ। ਆ ਕੇ ਅਖੰਡ ਪਾਠ ਕਰਾ ਕੇ ਪਾਪਾ ਜੀ ਦੀ ਇੱਛਾ ਅਨੁਸਾਰ ਸਭ ਕਾਰਜ ਕੀਤਾ। ਕੁਝ ਦਿਨਾਂ ਬਾਅਦ ਜੱਦ ਮੈਂ ਵਾਪਸ ਆਉਣ ਲੱਗੀ ਤਾਂ ਪਾਪਾ ਜੀ ਉੱਥੇ ਇਕੱਲੇ ਸਨ ਸਿਰਫ ਉਹਨਾਂ ਦਾ ਰਸੋਈਆ ਨਰਾਇਣ ਸੀ। ਮੇਰਾ ਦਿਲ ਬਹੁਤ ਪਰੇਸ਼ਾਨ ਸੀ। ਮੈਂ ਗਡੀ ਤੱਕ ਆ ਕੇ ਫਿਰ ਮੁੜ ਕੇ ਉਹਨਾਂ ਪਾਸ ਗਈ ਅਤੇ ਕਿਹਾ ਕਿ 'ਪਾਪਾ ਜੀ ਮੈਂ ਤੁਹਾਨੂੰ ਇਕਲਿਆਂ ਛੱਡ ਕੇ ਕਿਵੇਂ ਜਾਵਾਂ, ਤਾਂ ਉਹ ਹੱਸ ਕੇ ਕਹਿਣ ਲੱਗੇ ਕਿ ਮੈਂ ਇਕੱਲਾ ਕਿੱਥੇ ਹਾਂ ? ਸੰਸਾਰ ਦਾ ਸਭ ਤੋਂ ਵੱਡਾ ਰਖਵਾਲਾ ਸਦਾ ਮੇ ਰੇ ਨਾਲ ਹੈ।"

ਮੇਰੇ ਮਨ ਵਿੱਚ ਕਈ ਉਤਰਾਓ ਚੜ੍ਹਾਓ ਆਉਂਦੇ ਸਨ। ਮੈਂ ਜਦੋਂ ਬੱਚੀ ਸਾਂ ਤਾਂ ਓਦੋਂ ਤੱਕ ਸੌਂਦੀ ਨਹੀਂ ਸਾਂ, ਜਦ ਤਕ ਪਾਪਾ ਜੀ ਘਰ ਨਾ ਆ ਜਾਂਦੇ ਅਤੇ ਮੈਨੂੰ ਆਪਣੀ ਛਾਤੀ ਤੇ ਪਾ ਕੇ ਲੋਰੀਆਂ ਦਿੰਦੇ ਸਨ ਤਾਂ ਮੈਂ ਸੌਂਦੀ ਸਾਂ। ਜਦ ਉਹ ਘਰ ਆਉਂਦੇ ਤਾਂ 'ਦੀਪ' ਕਹਿਕੇ ਅਵਾਜ਼ ਦਿੰਦੇ ਸਨ। ਮੈਂ ਹੌਲੀ ਦੇ ਕੇ ਦਰਵਾਜ਼ਾ ਖੋਲ੍ਹ ਕੇ ਦੌੜ ਜਾਂਦੀ ਸਾਂ। ਬਚਪਨ ਵਿੱਚ ਮੈਨੂੰ ਪਾਪਾ ਜੀ ਜਾਂ ਮਾਂ ਜੀ ਦੀ ਹੀ ਯਾਦ ਆਉਂਦੀ ਹੈ। ਮਾਂ ਜੀ ਰੋਜ਼ ਕਥਾ ਸੁਣਾਉਂਦੇ ਸਨ ਅਤੇ ਮੈਂ ਸ੍ਰੀ ਰਾਮ ਚੰਦਰ,

ਸ੍ਰੀ ਕ੍ਰਿਸ਼ਨ, ਸ੍ਰੀ ਗੁਰੂ ਨਾਨਕ ਅਤੇ ਹੋਰ ਗੁਰੂ ਸਾਹਿਬਾਨ ਅਤੇ ਖਾਸ ਕਰਕੇ ਚਾਰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੀ ਕਥਾ ਕਈ ਕਈ ਵਾਰ ਸੁਣਦੀ ਸਾਂ। ਮਾਂ ਜੀ ਦੀ ਸ਼ਖ਼ਸੀਅਤ ਇਤਨੀ ਪ੍ਰਭਾਵਸਾਲੀ ਸੀ ਕਿ ਕਿਸੇ ਦੀ ਹਿੰਮਤ ਨਹੀਂ ਪੈਂਦੀ ਸੀ ਕਿ ਉਹਨਾਂ ਦਾ ਹੁਕਮ ਨਾ ਮੰਨੇ।

ਡਿਗਸ਼ਈ ਵਿੱਚ ਉਹ ੧੪ ਤਾਰੀਖ ਦੀ ਰਾਤ ਨੂੰ ਸਿਮਰਨ ਕਰਦੇ ਰਹੇ ਅਤੇ ਸਵੇਰੇ ਅਸ਼ਨਾਨ ਕਰਕੇ ਤਿਆਰ ਹੋ ਕੇ ਇੱਕ ਲੇਖ ਆਪਣੇ ਪ੍ਰੈਸ ਦੇ ਆਦਮੀ ਨੂੰ ਲਿਖਵਾਇਆ, ਕਿਉਂਕਿ ਆਤਮ ਸਾਇੰਸ ਦਾ ਰਸਾਲਾ ਕੋਈ ਦੋ ਤਿੰਨ ਮਹੀਨਿਆਂ ਤੋਂ ਲਗਾਤਾਰ ਨਹੀਂ ਸੀ ਛਪਿਆ। ਤਿਆਰ ਹੋ ਕੇ ਹੱਥ ਵਿੱਚ ਸੋਟੀ ਫੜ ਕੇ ੧੧ ਨੰਬਰ ਕੋਠੀ ਵਿੱਚੋਂ ਬਾਹਰ ਨਿਕਲਣ ਸਮੇਂ ਆਖਰੀ ਸ਼ਬਦ ਇਹ ਆਖੇ "ਮੈਂ ਗੁਰਦਵਾਰੇ ਜਾ ਰਿਹਾ ਹਾਂ।"

ਦੋ ਕਦਮ ਚਲ ਕੇ ਸੋਟੀ ਕੰਬਣ ਲੱਗ ਪਈ ਤੇ ਉਹ ਇੱਕ ਦਮ ਬੈਠ ਗਏ। ਜਿਹੜਾ ਨੌਕਰ ਉਹਨਾਂ ਦੇ ਨਾਲ ਸੀ ਉਸ ਦੱਸਿਆ ਕਿ ਬੈਠਦਿਆਂ ਸਾਰ ਹੀ ਉਹਨਾਂ ਦੀ ਆਤਮਾ ਅਲੋਪ ਹੋ ਗਈ। ਇੰਝ ਦਾ ਸੀ ਉਹਨਾਂ ਦਾ ਅੰਤ। ਇੱਕ ਸਕਿੰਟ ਨਹੀਂ ਲੱਗਾ ਜਾਣ ਲੱਗਿਆਂ। ਠੀਕ ਅੰਤ ਦੀ ਕਿਹੜੀ ਜਗ੍ਹਾ ਹੋਵੇਗੀ, ਇਸ ਦਾ ਗਿਆਨ ਉਹਨਾਂ ਨੂੰ ਜਿਵੇਂ ਪਹਿਲਾਂ ਹੀ ਪਤਾ ਸੀ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕੀ ਕੋਈ ਆਪਣੇ ਅੰਤ ਦਾ ਸਮਾਂ ਵੀ ਦੱਸ ਸਕਦਾ ਹੈ ? ਕੁਝ ਦਿਨ ਡਿਗਸ਼ਈ ਪਹੁੰਚ ਕੇ ਆਪਣੇ ਪ੍ਰਭੂ ਪਾਸ ਸਦਾ ਲਈ ਚਲੇ ਗਏ। ਵਿਛੁੰਨੇ ਨੂੰ ਮਿਲਣ ਦੀ ਉਹਨਾਂ ਨੂੰ ਬੜੀ ਤਾਂਘ ਸੀ।

ਬੀਰ ਜੀ ਦੇ ਇਕ ਹੋਰ ਬੜੇ ਨਜ਼ਦੀਕੀ ਤੇ ਖੁਸ਼ ਕਿਸਮਤ ਵਿਅਕਤੀ ਪਾਸੋਂ ਇਕ ਅਤੀ ਸੁੰਦਰ, ਭਾਵਪੂਰਤ ਤੇ ਪ੍ਰਭਾਵਪੂਰਤ ਚਿੱਠੀ ਹੁਣੇ ਮਿਲੀ ਹੈ। ਉਨ੍ਹਾਂ ਦੇ ਹੀ ਰਸ-ਭਰੇ ਸ਼ਬਦਾਂ ਵਿਚ ਸਾਰੀ ਦੀ ਸਾਰੀ 'ਅਭੁੱਲ ਯਾਦਾਂ' ਦੇ ਸਿਰਲੇਖ ਥੱਲੇ ਲਿਖ ਕੇ, ਇਕ ਮਿੱਠੀ ਕਹਾਣੀ ਨਾਲ ਸਵਾਦ ਹੋਇਆ ਮੂੰਹ, ਹੋਰ ਸਵਾਦਲਾ ਹੋਰ ਮਿਸ਼ਟ ਹੋ ਜਾਏ . . . .

# ਅਭੁੱਲ ਯਾਦਾਂ *

ਸਾਲ ੧੯੬੯ ਵਿਚ ਦਾਸ ਬਤੌਰ ਉਪ ਮੰਡਲ ਅਫ਼ਸਰ, ਹੈਡਵਰਕਸ ਰੋਪੜ ਕੰਮ ਕਰ ਰਿਹਾ ਸੀ ਜਦ ਕਿ ਮੇਰੇ ਤਾਈ ਜੀ ਨੇ ਮੈਨੂੰ ਸ੍ਰ: ਰਘਬੀਰ ਸਿੰਘ 'ਬੀਰ' (ਜਿਨ੍ਹਾਂ ਨੂੰ ਸਾਰੇ ਪਿਆਰ ਨਾਲ ਪਾਪਾ ਜੀ ਬੁਲਾਉਂਦੇ ਸਨ) ਦੀ ਲਿਖੀ ਹੋਈ ਪੁਸਤਕ ਬੰਦਗੀ ਨਾਮਾ ਭੇਟ ਕੀਤੀ। ਪੁਸਤਕ ਪੜ੍ਹ ਕੇ ਮੇਰੇ ਦਿਲੋਂ ਦਿਮਾਗ ਤੇ ਗਹਿਰਾ ਅਸਰ ਪਿਆ ਅਤੇ ਪਾਪਾ ਜੀ ਨੂੰ ਮਿਲਣ ਦੀ ਤੀਬਰ ਚਾਹ ਪੈਦਾ ਹੋ ਗਈ।

ਉਨ੍ਹਾਂ ਦਿਨਾਂ ਵਿਚ ਦਾਸ ਦੇ ਹਲਕੇ ਵਿੱਚ ਬਹੁਤ ਸਾਰੀ ਸਰਕਾਰੀ ਜ਼ਮੀਨ, ਸਰਹਿੰਦ ਨਹਿਰ ਦੇ ਸੱਜੇ ਪਾਸੇ ਖਾਲੀ ਪਈ ਸੀ। ਰੋਪੜ ਦੀ ਰਾਧਾ ਸੁਆਮੀ ਸ਼ਾਖਾ ਨੇ ਦਾਸ ਨੂੰ ਬੇਨਤੀ ਕੀਤੀ ਕਿ ਕੁਝ ਖਾਲੀ ਪਈ ਜ਼ਮੀਨ ਉਨ੍ਹਾਂ ਨੂੰ ਲੀਜ਼ ਤੇ ਅਲਾਟ ਕਰਨ ਦੀ ਸਿਫ਼ਾਰਸ਼ ਕੀਤੀ ਜਾਵੇ ਤਾਂ ਜੋ ਉਹ ਉਥੇ ਸਤਿਸੰਗ ਭਵਨ ਬਣਾ ਸਕਣ। ਦਾਸ ਦੀ ਸਿਫ਼ਾਰਸ਼ ਤੇ ਕੁਝ ਜ਼ਮੀਨ ਸਰਕਾਰ ਨੇ ਉਨ੍ਹਾਂ ਨੂੰ ਲੀਜ਼ ਤੇ ਦੇ ਦਿੱਤੀ ਤੇ ਉਥੇ ਸਤਿਸੰਗ ਭਵਨ ਬਨਾਉਣ ਲਈ, ਖੁਦਾਈ ਦਾ ਕੰਮ ਸ਼ੁਰੂ ਕਰਨ ਵੇਲੇ, ਪ੍ਰਬੰਧਕਾਂ ਦੀ ਬੇਨਤੀ ਤੇ, ਉਦਘਾਟਨ ਸਮੇਂ, ਦਾਸ ਨੇ ਮਿੱਟੀ ਦੀ ਭਰੀ ਹੋਈ ਪਹਿਲੀ ਟੋਕਰੀ ਸਿਰ ਤੇ ਚੁੱਕੀ।

ਕੁਝ ਸਮਾਂ ਪਾ ਕੇ, ਫਰਵਰੀ, ੧੯੭੦ ਵਿੱਚ ਪ੍ਰਬੰਧਕਾਂ ਨੇ ਦਾਸ ਨੂੰ ਬਾਬਾ ਚਰਨ ਸਿੰਘ ਜੀ ਪਾਸ ਬਿਆਸ ਚੱਲਣ ਲਈ ਤੇ ਉਨ੍ਹਾਂ ਤੋਂ ਨਾਮ ਲੈਣ ਲਈ ਬੇਨਤੀ ਕੀਤੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਬਾਬਾ ਚਰਨ ਸਿੰਘ ਜੀ ਦਾ ਬਹੁਤ ਆਦਰ ਤੇ ਸਨਮਾਨ ਕਰਦਾ ਹਾਂ ਪਰ ਉਨ੍ਹਾਂ ਨੂੰ ਗੁਰੂ ਧਾਰਨ ਕਰਨ ਬਾਰੇ ਮੇਰੇ ਮਨ ਵਿਚ ਕੋਈ ਖਿਆਲ ਨਹੀਂ ਕਿਉਂਕਿ ਮੈਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਾ ਹਾਂ ਅਤੇ ਮੇਰੇ ਮਨ ਵਿਚ ਵੈਸੇ ਵੀ ਰਾਧਾ ਸੁਆਮੀ ਮੱਤ ਬਾਰੇ ਕੁਝ ਸ਼ੰਕੇ ਹਨ ਜਿਨ੍ਹਾਂ ਦੀ ਨਵਿਰਤੀ ਕੇਵਲ ਬਾਬਾ ਚਰਨ ਸਿੰਘ ਜੀ ਨਾਲ, ਨਿਜੀ ਪੱਧਰ ਤੇ, ਗੱਲਬਾਤ ਰਾਹੀਂ ਹੀ ਹੋ ਸਕਦੀ ਹੈ। ਪੰਬ੍ਰਧਕਾਂ ਨੇ ਦਾਸ ਦੇ ਸ਼ੰਕੇ ਨਵਿਰਤ ਕਰਨ ਲਈ, ਬਾਬਾ ਚਰਨ ਸਿੰਘ ਜੀ ਨਾਲ, ਜਿਥੋਂ ਤੱਕ ਮੈਨੂੰ ਯਾਦ ਹੈ, ੨੭ ਫਰਵਰੀ, ੧੯੭੦ ਸ਼ਾਮ ੫ ਵਜੇ, ਮਿਲਣ ਦਾ ਸਮਾਂ ਨੀਯਤ ਕਰਵਾ ਲਿਆ। ਇਸ ਬਾਰੇ ਬਿਆਸ ਤੋਂ ਬਾਬਾ ਚਰਨ ਸਿੰਘ ਜੀ ਦੇ ਨਿੱਜੀ ਸਕੱਤਰ, ਖੰਨਾਂ ਸਾਹਿਬ ਵੱਲੋਂ ਆਈ ਚਿੱਠੀ ਦਾਸ ਨੂੰ ਦੇ ਦਿੱਤੀ ਗਈ। ਮੈਂ ਬਹੁਤ ਸ਼ਸ਼ੋਪੰਜ ਵਿੱਚ ਪੈ ਗਿਆ ਤੇ ਲੱਗਾ

---

* (ਅਮਰਜੀਤ ਸਿੰਘ, ਆਨਰੇਰੀ ਮੈਨਿਜਿੰਗ ਮੈਂਬਰ, ਡਗਸ਼ਈ ਪਬਲਿਕ ਸਕੂਲ)

ਅਰਦਾਸਾਂ ਕਰਨ, ਕਿ ਹੇ ਸੱਚੇ ਪਾਤਸ਼ਾਹ ਮੇਰੀ ਬੁੱਧੀ ਬਹੁਤ ਤੁਛ ਹੈ, ਮੈਂ ਕੀ ਗੱਲ ਕਰਾਂਗਾ ਬਾਬਾ ਚਰਨ ਸਿੰਘ ਜੀ ਨਾਲ, ਉਹ ਤਾਂ ਉਚ ਕੋਟੀ ਦੇ ਮਹਾਤਮਾਂ ਹਨ, ਦਾਸ ਦੇ ਪੱਲੇ ਤਾਂ ਕੁਝ ਵੀ ਨਹੀਂ, ਐਵੇਂ ਭੰਬਲ ਭੂਸੇ ਵਿਚ ਪੈ ਜਾਵਾਂਗਾ, ਕਿਧਰੇ ਕੋਈ ਗਲਤ ਫ਼ੈਸਲਾ ਹੀ ਨਾ ਕਰ ਬੈਠਾਂ। ੨੨ ਫ਼ਰਵਰੀ ਨੂੰ ਅਚਨਚੇਤ ਕਲਕੱਤੇ ਤੋਂ ਤਾਰ ਆ ਗਈ ਕਿ ਦਾਸ ਦੀ ਭੈਣ ਦਾ ਕਣਕੀਨਾਰਾ (ਕਲਕੱਤੇ ਤੋਂ ਕੋਈ ੨੦ ਕਿਲੋਮੀਟਰ ਦੂਰ) ਖਤਰਨਾਕ ਐਕਸੀਡੈਂਟ ਹੋ ਗਿਆ ਹੈ। ਦਾਸ ਉਸੇ ਰਾਤ ਆਪਣੀ ਮਾਤਾ ਜੀ ਸਮੇਤ ਕਾਲਕਾ ਮੇਲ ਰਾਹੀਂ ਕਲਕੱਤੇ ਲਈ ਰਵਾਨਾ ਹੋ ਗਿਆ। ਦੋ ਤਿੰਨ ਦਿਨ ਕਲਕੱਤੇ ਦੇ ਮਿਲਟਰੀ ਹਸਪਤਾਲ ਵਿੱਚ ਹੀ ਗੁਜ਼ਰੇ ਜਿਥੇ ਕਿ ਦਾਸ ਦੀ ਭੈਣ ਆਈ. ਸੀ. ਯੂਨਿਟ ਵਿਚ ਦਾਖਲ ਸੀ। ੨੭ ਤਰੀਖ ਨੂੰ ਕਣਕੀਨਾਰਾ ਕਰੀਬ ਦੁਪਹਿਰ ਦੇ ੩ ਵਜੇ, ਦਾਸ ਨੇ ਆਪਣੇ ਜੀਜਾ ਜੀ ਨੂੰ ਪੁੱਛਿਆ ਕਿ ਕੀ ਉਹ ਸ੍ਰ. ਰਘਬੀਰ ਸਿੰਘ 'ਬੀਰ' ਬਾਰੇ ਕੁਝ ਜਾਣਦੇ ਹਨ ? ਹਾਲੇ ਉਹਨਾਂ ਨੇ ਨਾਂਹ ਕੀਤੀ ਹੀ ਸੀ ਕਿ ਦਾਸ ਦੇ ਵੱਡੇ ਭਰਾ ਨਰਜੀਤ ਸਿੰਘ ਜੀ ਜੋ ਕਿ ਇਸੇ ਸਿਲਸਿਲੇ ਵਿਚ ਗੁਜਰਾਤ ਤੋਂ ਆਏ ਸਨ, ਕਮਰੇ ਵਿੱਚ ਦਾਖਲ ਹੋਏ ਤੇ ਪੁਛਣ ਲੱਗੇ ਕਿ ਕੀ ਮੈਂ ਬੰਦਗੀ ਨਾਮਾ ਕਿਤਾਬ ਪੜ੍ਹੀ ਹੈ ? ਦਾਸ ਦੇ ਉਤਰ ਦੇਣ ਤੋਂ ਪਹਿਲਾਂ ਹੀ ਭਰਾ ਨਰਜੀਤ ਸਿੰਘ ਜੀ ਨੇ ਦੱਸਿਆ ਕਿ ਉਨ੍ਹਾਂ ਹਾਵੜਾ ਸਟੇਸ਼ਨ ਤੇ ਟੈਲੀਫ਼ੂਨ ਡਾਇਰੈਕਟਰੀ ਤੋਂ ਸ੍ਰ. ਰਘਬੀਰ ਸਿੰਘ 'ਬੀਰ' ਦਾ ਨੰਬਰ ਲੱਭ ਕੇ ਉਨਾਂ ਨਾਲ ਸ਼ਾਮ ੫ ਵਜੇ ਦੀ ਮੁਲਾਕਾਤ ਮੁਕੱਰਰ ਕੀਤੀ ਹੈ ਤੇ ਮੈਨੂੰ ਜਲਦੀ ਕਰਨ ਲਈ ਕਿਹਾ ਤਾਂ ਕਿ ਅਸੀਂ ਦੋਵੇਂ ਭਰਾ ਨੀਯਤ ਸਮੇਂ ਤੇ ਪਾਪਾ ਜੀ ਦੇ ਘਰ ਪਹੁੰਚ ਸਕੀਏ। ਮੇਰੀ ਹੈਰਾਨਗੀ ਦੀ ਤਾਂ ਕੋਈ ਹੱਦ ਹੀ ਨਾ ਰਹੀ। ਕਰਨ ਕਾਰਣ ਵਾਹਿਗੁਰੂ ਜੀ ਨੇ ਮੈਨੂੰ ਉਸੇ ਦਿਨ, ਉਸੇ ਸਮੇਂ ਬਿਆਸ ਦੀ ਬਿਜਾਏ ਕਲਕੱਤੇ ਅਤੇ ਬਾਬਾ ਚਰਨ ਸਿੰਘ ਜੀ ਦੀ ਬਜਾਏ ਕਿਸੇ ਹੋਰ ਮਹਾਤਮਾਂ ਦੇ ਦਰ ਤੇ ਕਿਵੇਂ ਭੇਜ ਦਿੱਤਾ ਤੇ ਬਗੈਰ ਮੇਰੇ ਕਹਿਣ ਤੇ ਮੇਰੀ ਮੁਲਾਕਾਤ ਮੇਰੇ ਭਰਾ ਰਾਹੀਂ ਕਿਵੇਂ ਮੁੱਕਰਰ ਕਰਵਾ ਦਿੱਤੀ ?

ਪੂਰੇ ੫ ਵਜੇ ਅਸੀਂ ਦੋਵਾਂ ਭਰਾਵਾਂ ਨੇ ੮੯ ਹਰੀਸ਼ ਮੁਕਰਜੀ ਰੋਡ ਜਾ ਦਰਵਾਜਾ ਖਟ-ਖਟਾਇਆ। ਦਰਵਾਜਾ ਖੋਲ੍ਹਿਆ ਵੀ ਪਾਪਾ ਜੀ ਨੇ ਆਪ ਹੀ ਤੇ ਕਹਿਣ ਲੱਗੇ ਆਓ ਗੁਰਸਿੱਖੋ, ਬੈਠੋ ਤੇ ਦੱਸੋ ਕਿਵੇਂ ਆਏ। ਅਸਾਂ ਦੋਵਾਂ ਨੇ ਸਾਰੀ ਗੱਲ ਦੱਸੀ ਤਾਂ ਕਹਿਣ ਲੱਗੇ, "ਦੇਖੋ, ਮੰਜ਼ਲ ਤੱਕ ਪਹੁੰਚਣ ਲਈ ਕਈ ਵਸੀਲੇ ਹਨ, ਤੁਸੀਂ ਕਲਕੱਤੇ ਆਏ ਹੋ, ਇਥੇ ਕਈ ਗੱਡੀਆਂ ਆਉਂਦੀਆਂ ਹਨ, ਤੁਸੀਂ ਕਿਸੇ ਵੀ ਗੱਡੀ ਤੇ ਚੜ੍ਹ ਕੇ ਆ ਸਕਦੇ ਸੀ, ਸ਼ਾਇਦ ਕਿਸੇ ਮਾਲ ਗੱਡੀ ਤੇ ਵੀ। ਯਾਦ ਰੱਖਣ ਵਾਲੀ ਗੱਲ ਤਾਂ ਇਹ ਹੈ ਕਿ ਬਹੁਤੀਆਂ ਗੱਡੀਆਂ ਬਦਲਣੀਆਂ ਨਹੀਂ ਚਾਹੀਦੀਆਂ, ਸਮਾਂ ਬਹੁਤ ਬਰਬਾਦ ਹੁੰਦਾ ਹੈ। ਮੈਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਤੇ ਗੁਰੂ ਮੰਨਦਾ ਹਾਂ, ਮੇਰੇ ਲਈ ਤਾਂ ਇਹ ਹੀ ਸਭ ਤੋਂ ਵੱਡੇ

ਸੰਤ ਹਨ, ਤੁਸੀਂ ਆਪਣਾ ਫੈਸਲਾ ਆਪ ਕਰਨਾ ਹੈ, ਰਾਧਾ ਸਵਾਮੀਆਂ ਦਾ ਮੱਤ ਵੀ ਚੰਗਾ ਹੈ ਤੇ ਹੋਰ ਵੀ ਕਈ ਮੱਤ ਚੰਗੇ ਹਨ। ਜਾਓ ਆਪਣੇ ਮਨ ਨਾਲ ਆਪ ਫੈਸਲਾ ਕਰੋ ਤੇ ਜੇ ਗੁਰੂ ਗ੍ਰੰਥ ਸਾਹਿਬ ਤੇ ਮਨ ਟਿਕੇ ਤਾਂ ਕੱਲ੍ਹ ਇਸੇ ਵੇਲੇ ਫੇਰ ਇਥੇ ਆ ਜਾਣਾ ਤੇ ਨਾਲ ਹੀ ਆਪਣੇ ਸਾਰੇ ਸ਼ੰਕੇ ਲਿਖ ਕੇ ਲੈ ਆਉਣੇ। ਕੁਝ ਵੀ ਸੁਭਾਵਕ ਨਹੀਂ ਹੁੰਦਾ। ਇਹ ਕੋਈ ਸੁਭਾਵਕ ਗੱਲ ਨਹੀਂ ਕਿ ਤੁਸੀਂ ਸਿੱਖ ਘਰ ਵਿੱਚ ਜਨਮ ਲਿਆ ਹੈ ਤੇ ਇਹ ਵੀ ਕੋਈ ਸੁਭਾਵਕ ਨਹੀਂ ਜੋ ਤੁਸੀਂ ਇਥੇ ਆਏ ਹੋ। ਆਪ ਸੋਚ ਕੇ ਖੁਦ ਹੀ ਫੈਸਲਾ ਕਰੋ।"

ਵਾਪਿਸ ਆ, ਅਸੀਂ ਦੋਵੇਂ ਭਰਾ ਸੋਚਦੇ ਰਹੇ ਤੇ ਅਖ਼ੀਰ ਫੈਸਲਾ ਇਹ ਹੀ ਕੀਤਾ ਕਿ ਜਿਸ ਮਾਲਕ ਨੇ ਇਹ ਸਾਰਾ ਭਾਣਾ ਵਰਤਾਇਆ ਹੈ, ਇਸ ਵਿਚ ਉਸ ਦੀ ਕੁਝ ਮਰਜ਼ੀ ਹੈ ਤੇ ਇਸ ਲਈ ਸਾਨੂੰ ਮੁੜ ਪਾਪਾ ਜੀ ਕੋਲ ਜਾਣਾ ਬਣਦਾ ਹੈ। ਅਗਲੇ ਦਿਨ ਸ਼ਾਮ ੫ ਵਜੇ ਅਸੀਂ ਦੋਵੇਂ ਮੁੜ ਪਾਪਾ ਜੀ ਪਾਸ ਪਹੁੰਚ ਗਏ। ਉਸ ਵਕਤ ਉਹ ਆਪਣੇ ਛੋਟੇ ਜਿਹੇ ਕਮਰੇ ਵਿੱਚ ਬਿਰਾਜ਼ਮਾਨ ਸਨ ਤੇ ਉਹਨਾਂ ਕੋਲ ਦੋ ਕੁਰਸੀਆਂ ਡਠੀਆਂ ਪਈਆਂ ਸਨ, ਜਿਨ੍ਹਾਂ ਤੇ ਅਸੀਂ ਦੋਵੇਂ ਭਰਾ ਜਾ ਬੈਠੇ। ਕੋਈ ਗੱਲਬਾਤ ਨਹੀਂ ਕੀਤੀ। ਸਾਡੀ ਚੁੱਪ ਤੇ ਸਾਡੇ ਪਿਆਰ ਭਰੇ ਮਨਾਂ ਨੇ ਪਾਪਾ ਜੀ ਨੂੰ ਸਭ ਕੁਝ ਕਹਿ ਦਿੱਤਾ। ਪਾਪਾ ਜੀ ਨੇ ਆਪਣਾ ਪਹਿਲਾ ਸਬਕ ਸ਼ੁਰੂ ਕੀਤਾ ਤੇ ਤਕਰੀਬਨ ਇੱਕ ਘੰਟਾ ਬੋਲਦੇ ਰਹੇ। ਵਿੱਚ ਵਿੱਚ ਮੈਂ ਆਪਣੇ ਕਾਗਜ਼, ਜਿਸ ਤੇ ਮੈਂ ਆਪਣੇ ਸ਼ੰਕੇ ਲਿਖ ਕੇ ਲਿਆਇਆ ਸਾਂ, ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਪਾਪਾ ਜੀ ਹੱਥ ਦੇ ਇਸ਼ਾਰੇ ਨਾਲ ਮੈਨੂੰ ਰੋਕ ਦਿੱਤਾ। ਜਦ ਸਬਕ ਖਤਮ ਹੋਇਆ ਤਾਂ ਪਾਪਾ ਜੀ ਮੈਨੂੰ ਕਹਿਣ ਲੱਗੇ, "ਹੁਣ ਤੂੰ ਆਪਣੇ ਸ਼ੰਕੇ ਦੱਸ"। ਮੈਂ ਕਾਗਜ਼ ਖੋਲ੍ਹਿਆ, ਸਾਰੇ ਸਵਾਲ ਦਿਲ ਵਿਚ ਹੀ ਪੜ੍ਹੇ ਤੇ ਕਾਗਜ਼ ਬੰਦ ਕਰਕੇ ਫੇਰ ਜੇਬ ਵਿਚ ਪਾ ਲਿਆ, ਕਿਉਂਕਿ ਸਾਰਿਆਂ ਸਵਾਲਾਂ ਦਾ ਜਵਾਬ ਉਹ ਆਪਣੇ ਇਕ ਘੰਟੇ ਦੇ ਵਿਖਿਆਨ ਵਿੱਚ ਦੇ ਚੁੱਕੇ ਸਨ ਤੇ ਕੁਝ ਪੁਛਣ ਲਈ ਬਾਕੀ ਹੈ ਹੀ ਨਹੀਂ ਸੀ। ਉਨ੍ਹਾਂ ਮੈਨੂੰ ਕੁਝ ਕਿਤਾਬਾਂ ਦਿੱਤੀਆਂ ਤੇ ਕਹਿਣ ਲੱਗੇ "ਵਾਪਿਸ ਰੋਪੜ ਜਾ ਕੇ ਸਾਰੇ ਪਰਿਵਾਰ ਸਹਿਤ ਅੰਮ੍ਰਿਤ ਪਾਨ ਜ਼ਰੂਰ ਕਰਨਾ। ਕਿਸੇ ਵੀ ਗੁਰਦੁਆਰੇ ਜਾ ਕੇ ਕਰ ਲੈਣਾ। ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਰੈਜਮੈਂਟ ਵਿਚ ਦਾਖਲ ਹੋਣ ਲਈ ਐਡਮਿਸ਼ਨ ਫ਼ਾਰਮ ਭਰਨਾ ਹੈ", ਕਹਿਣ ਲੱਗੇ, ਕਿ ਡਿੱਗਸ਼ਈ (ਹਿਮਾਚਲ ਪ੍ਰਦੇਸ਼) ਵਿਚ ਉਨ੍ਹਾਂ ਇਕ ਸਕੂਲ ਖੋਲ੍ਹਿਆ ਹੈ, ਉਥੇ ਉਹ ਗਰਮੀਆਂ ਵਿੱਚ ਰਹਿੰਦੇ ਹਨ, ਉਥੇ ਮਿਲਣ ਵਾਸਤੇ ਹਦਾਇਤ ਕੀਤੀ। ਭੈਣ ਤਾਂ ਕਲਕੱਤੇ ਹਸਪਤਾਲ ਵਿਚ ੭ ਮਾਰਚ ਰਾਤ ਨੂੰ ਚਲਾਣਾ ਕਰ ਗਈ, ਪਰ ਉਸ ਦੀ ਖ਼ੁਸ਼ਕਿਸਮਤੀ ਕਿ ਜਿਸ ਦਿਨ ਉਸਨੇ ਚਲਾਣਾ ਕੀਤਾ, ਪਾਪਾ ਜੀ ਨੇ ਉਸੇ ਦਿਨ ਦੁਪਹਿਰ ਵੇਲੇ ਆਈ. ਸੀ. ਯੂਨਿਟ ਵਿਚ ਜਾ ਉਸ ਨੂੰ ਅਸ਼ੀਰਵਾਦ ਦਿੱਤਾ ਤੇ ਅਰਦਾਸ ਕੀਤੀ। ਦਾਸ ਦੇ ਮਨ ਵਿਚ ਇਹ ਸ਼ੰਕਾ ਤਾਂ ਜ਼ਰੂਰ ਉਪਜਿਆ ਕਿ ਪਾਪਾ ਜੀ ਦੀ ਅਰਦਾਸ ਦੇ ਬਾਵਜੂਦ ਭੈਣ

ਕਿਉਂ ਨਾ ਬਚ ਸਕੀ, ਪਰ ਵਾਹਿਗੁਰੂ ਦਾ ਭਾਣਾ ਮਿੱਠਾ ਮੰਨਦੇ ਹੋਏ ਇਸ ਸ਼ੰਕੇ ਨੂੰ ਜ਼ਿਆਦਾ ਅਹਿਮੀਅਤ ਨਾ ਦਿੱਤੀ। ਦੋ ਸਾਲ ਮਗਰੋਂ ਜਦੋਂ ਪਾਪਾ ਜੀ ਦਾਸ ਕੋਲ ਆ ਚੰਡੀਗੜ੍ਹ ਠਹਿਰੇ ਤਾਂ ਸੁਭਾਵਕ ਹੀ ਬੋਲ ਉਠੇ।

> *"ਤੂੰ ਸੋਚਦਾ ਤਾਂ ਹੋਵੇਂਗਾ ਕਿ ਮੇਰੀ ਅਰਦਾਸ ਦੇ ਬਾਵਜੂਦ ਤੇਰੀ ਭੈਣ ਕਿਉਂ ਚਲਾਣਾ ਕਰ ਗਈ। ਮੈਂ ਤਾਂ ਅਰਦਾਸ ਹੀ ਇਹ ਕੀਤੀ ਸੀ ਕਿ ਹੇ ਸੱਚੇ ਪਾਤਸ਼ਾਹ ! ਇਹ ਦੋਵੇਂ ਭਰਾ ਬਹੁਤ ਦਿਨਾਂ ਤੋਂ ਦੁਖੀ ਹਨ, ਜਾਂ ਤਾਂ ਤੂੰ ਇਨ੍ਹਾਂ ਦੀ ਭੈਣ ਨੌ ਬਰ ਨੌ ਬਿਲਕੁਲ ਠੀਕ ਕਰ ਦੇ ਤੇ ਜਾਂ ਇਸਨੂੰ ਜਲਦੀ ਹੀ ਆਪਣੇ ਚਰਨਾਂ ਵਿਚ ਲੈ ਜਾ ਤਾਂ ਜੋ ਇਹ ਦੋਵੇਂ ਭਰਾ ਕਿਸੇ ਹੋਰ ਕਾਰੇ ਲੱਗਣ।"*

ਇਸ ਤਰ੍ਹਾਂ ਇਹ ਸ਼ੰਕਾ ਵੀ ਪਾਪਾ ਜੀ ਨੇ ਬਗੈਰ ਮੇਰੇ ਪੁਛਿਉਂ ਹੀ ਦੂਰ ਕਰ ਦਿੱਤਾ।

ਇਨ੍ਹਾਂ ਦਿਨਾਂ ਵਿਚ ਹੀ ਮੈਂ ਇੱਕ ਵਾਰੀ ਕਲਕੱਤੇ ਤੋਂ ਕਨਕੀਨਾਰਾ ਪਾਪਾ ਜੀ ਨਾਲ ਟੈਕਸੀ ਵਿੱਚ ਜਾਂਦਿਆਂ ਉਹਨਾਂ ਤੋਂ ਪੁੱਛਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਭ ਤੋਂ ਵਧੀਆ ਟੀਕਾ ਕਿਸ ਲਿਖਾਰੀ ਨੇ ਛਾਪਿਆ ਹੈ। ਜੀਵਨ ਬਹੁਤ ਸੀਮਿਤ ਹੈ। ਇਸ ਲਈ ਕਿਰਪਾ ਕਰਕੇ ਇਸ ਬਾਰੇ ਦੱਸੋ ਤਾਂ ਜੋ ਕਿਸੇ ਗਲਤ ਪੁਸਤਕ ਨੂੰ ਪੜ੍ਹ ਕੇ ਐਵੇਂ ਸਮਾਂ ਬਰਬਾਦ ਨਾ ਹੋ ਜਾਵੇ। ਪਾਪਾ ਜੀ ਨੇ ਪੁਛਿਆ "ਸੁਖਮਨੀ ਸਾਹਿਬ ਵਿਚ ਕਿੰਨੀਆਂ ਅਸ਼ਟਪਦੀਆਂ ਹਨ ਅਤੇ ਇਕ ਅਸ਼ਟਪਦੀ ਵਿਚ ਕਿੰਨੀਆਂ ਸੱਤਰਾਂ ?" ਦਾਸ ਨੇ ਜਵਾਬ ਦਿੱਤਾ, "ਜੀ ੨੪ ਅਸ਼ਟਪਦੀਆਂ, ਹਰ ਇਕ ਅਸ਼ਟਪਦੀ ਵਿਚ ੮ ਪੌੜੀਆਂ ਤੇ ਹਰ ਪੌੜੀ ਵਿਚ ੧੦ ਸੱਤਰਾਂ" ਕਹਿਣ ਲੱਗੇ, ਸੁਖਮਨੀ ਸਾਹਿਬ ਦੀਆਂ ਇਕ ਜਾਂ ਦੋ ਸੱਤਰਾਂ ਨੂੰ ਹੀ ਸਮਝ ਕੇ ਮਨ ਵਿਚ ਵਸਾ ਲਵੋ ਤਾਂ ਬੇੜਾ ਪਾਰ ਹੈ। ਭਾਈ ਤੂੰ ਸਿੱਖ ਬਣਨਾ ਹੈ ਕਿ ਗਿਆਨੀ ? ਸਿੱਖ ਬਣਨ ਲਈ ਤਾਂ ਸੁਖਮਨੀ ਸਾਹਿਬ ਦੀਆਂ ਇਕ ਜਾਂ ਦੋ ਸੱਤਰਾਂ ਹੀ ਕਾਫ਼ੀ ਹਨ। ਸਿੱਖ ਬਣਨ ਵਿਚ ਤਾਂ ਬਹੁਤ ਮੌਜ ਹੈ। ਗਿਆਨੀ ਬਣਨਾਂ ਤਾਂ ਇਕ ਜ਼ਿਮੇਵਾਰੀ ਹੈ, ਕੰਮ ਹੈ। ਤੂੰ ਪਹਿਲਾਂ ਸਿੱਖ ਬਣ ਲੈ, ਗਿਆਨੀ ਜੇ ਕਰਤਾਰ ਨੇ ਬਣਾਉਣਾ ਚਾਹਿਆ ਤਾਂ ਆਪੇ ਬਣਾ ਦੇਵੇਗਾ।"

ਦਾਸ ਨੇ ਰੋਪੜ ਮੁੜ ਕੇ ਰਸਮੋ-ਰਿਵਾਜਾਂ ਤੋਂ ਵਿਹਲਾ ਹੋ, ਆਪਣੀ ਧਰਮ ਪਤਨੀ ਮਾਤਾ ਪਿਤਾ ਨੂੰ ਅੰਮ੍ਰਿਤਪਾਨ ਕਰਨ ਲਈ ਬੇਨਤੀ ਕੀਤੀ ਜੋ ਉਹਨਾਂ ਖੁਸ਼ੀ ਖੁਸ਼ੀ ਪਰਵਾਨ ਕੀਤੀ ਤੇ ਅਸਾਂ ਸਾਰਿਆਂ ਨੇ ਵਿਸਾਖੀ ਵਾਲੇ ਦਿਨ ੧੩ ਅਪ੍ਰੈਲ ੧੯੭੦ ਨੂੰ ਅਨੰਦਪੁਰ ਸਾਹਿਬ ਜਾ ਅੰਮ੍ਰਿਤ ਛਕਿਆ :

"ਦੀਨ ਦਇਆਲ ਭਰੋਸੇ ਤੇਰੇ,
ਸਭ ਪਰੀਵਾਰ ਚੜ੍ਹਾਇਆ ਬੇੜੇ।"

ਅਨੰਦਪੁਰ ਸਾਹਿਬ ਕਲਗੀਧਰ ਚੋਜੀ ਪਿਤਾ ਨੇ ਜੋ ਚੋਜ ਵਰਤਾਏ ਉਨ੍ਹਾਂ ਦੀ ਯਾਦ ਖ਼ੁਮਾਰੀ ਅਜੇ ਵੀ ਦਾਸ ਨੂੰ ਮਹਿਸੂਸ ਹੁੰਦੀ ਹੈ। ਪਾਪਾ ਜੀ ਦੇ ਹੁਕਮ ਅਨੁਸਾਰ ਦਾਸ ਨੇ ਆਪਣੇ ੭ ਸਾਲ ਦੇ ਬੱਚੇ ਨੂੰ ਡਿਗਸ਼ਈ ਸਕੂਲ ਦਾਖਲ ਕਰਵਾ ਦਿੱਤਾ ਤੇ ਉਨ੍ਹਾਂ ਦੇ ਡਿਗਸ਼ਈ ਪਹੁੰਚਣ ਉਪਰੰਤ ਉਨ੍ਹਾਂ ਨਾਲ ਸੰਨ ੧੯੭੦ ਦੌਰਾਨ ਕਈ ਮੁਲਾਕਾਤਾਂ ਹੋਈਆਂ। ਬਹੁਤ ਵਾਰੀ ਸਾਨੂੰ (ਪਤੀ ਪਤਨੀ ਨੂੰ) ਉਹ ਸਤਿਸੰਗ ਨਿਵਾਸ ਕੋਠੀ ਨੰ. ੧ ਵਿੱਚ ਹੀ ਠਹਿਰਾ ਲੈਂਦੇ ਤੇ ਗੱਲਾਂ ਹੀ ਗੱਲਾਂ ਵਿੱਚ ਬਹੁਤ ਕੁਝ ਦੱਸ ਜਾਂਦੇ। ਉਨ੍ਹਾਂ ਦੀ ਇਹ ਤੀਬਰ ਇੱਛਾ ਸੀ ਕਿ ਮੈਂ ਨੌਕਰੀ ਛੱਡ ਸਕੂਲ ਦੀ ਸੇਵਾ ਕਰਾਂ। ਦਾਸ ਕੁਝ ਕਾਰਨਾਂ ਕਾਰਣ ਨੌਕਰੀ ਤਾਂ ਨਾ ਛੱਡ ਸਕਿਆ ਪਰ ਲੰਮੀ ਛੁਟੀ ਲੈ ਉਨ੍ਹਾਂ ਪਾਸ ਜਾ ਪਹੁੰਚਿਆ। ਮੇਰੀ ਧਰਮ ਪਤਨੀ ਨੂੰ ਉਨ੍ਹਾਂ ਸਕੂਲ ਵਿੱਚ ਹੀ ਨੌਕਰੀ ਦੇ ਦਿੱਤੀ ਤੇ ਇਸ ਤਰ੍ਹਾਂ ਅਸਾਂ ਦੋਵਾਂ ਨੇ ਪਾਪਾ ਜੀ ਦੀ ਜੀਵਨ ਯਾਤਰਾ ਦੇ ਅੰਤ ਸਮੇਂ ਤੱਕ ਉਨ੍ਹਾਂ ਦੀ ਸੰਗਤ ਦਾ ਰਸ ਰੱਜ ਕੇ ਮਾਣਿਆ। ਇਕ ਦਿਨ ਪਾਪਾ ਜੀ ਦੇ ਦਫਤਰ ਦੀ ਮੇਜ਼ ਤੇ ਇਕ ਖਿਡੌਣਾ ਪਿਆ ਵੇਖ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਆਪ ਜੀ ਨੇ ਇਹ ਖਿਡਾਉਣਾ ਕਿਉਂ ਰੱਖਿਆ ਹੈ ? ਉਹ ਖਿਡਾਉਣਾ ਕੁਝ ਇਸ ਤਰ੍ਹਾਂ ਦਾ ਸੀ ਕਿ ਇਕ ਆਦਮੀ ਨੇ ਆਪਣੇ ਦੋਨਾਂ ਹੱਥਾਂ ਵਿੱਚ ਇਕ ਲੰਬੀ ਡਾਂਗ ਫੜੀ ਹੋਈ ਹੈ ਤੇ ਉਹ ਆਪ ਇਕ ਪਤਲੀ ਜਿਹੀ ਤਾਰ ਉਤੇ ਖੜਾ, ਉਸ ਡਾਂਗ ਦੀ ਸਹਾਇਤਾ ਨਾਲ ਆਪਣੇ ਸਰੀਰ ਦਾ ਸੰਤੁਲਨ ਕਾਇਮ ਰੱਖ ਰਿਹਾ ਹੈ। ਪਾਪਾ ਜੀ ਕਹਿਣ ਲੱਗੇ, "ਇਹ ਖਿਡਾਉਣਾ ਨਹੀਂ ਇਹ ਤਾਂ ਸਿੱਖ ਹੈ ਜੋ ਡੋਲ ਤਾਂ ਸਕਦਾ ਹੈ ਪਰ ਡਿੱਗਦਾ ਨਹੀਂ" ਪਾਪਾ ਜੀ ਇਸ ਤਰ੍ਹਾਂ ਕਈ ਵਾਰ, ਸਹਿਜੇ ਹੀ, ਬਹੁਤ ਡੂੰਘੀ ਗੱਲ ਕਰ ਜਾਂਦੇ।

ਪਾਪਾ ਜੀ ਉੱਚ ਕੋਟੀ ਦੇ ਸਿਮਰਣ ਅਭਿਆਸੀ ਸਨ ਤੇ ਉਨ੍ਹਾਂ ਸਵਾਸ ਗ੍ਰਾਸ ਪ੍ਰਭੂ ਸਿਮਰਨ ਰਾਹੀਂ ਜੀਵਨ ਯਾਤਰਾ ਸਹਿਜੇ ਹੀ ਸਫਲ ਕਰ ਲਈ ਸੀ। ਬੜੇ ਪਿਆਰ ਨਾਲ ਸਾਨੂੰ ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾਂ ੧੩੩੭ ਉੱਪਰ ਇਹ ਵਾਕ

"ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ"

ਜਿਸ ਨੇ ਉਨ੍ਹਾਂ ਦਾ ਜੀਵਨ ਹੀ ਪਲਟ ਦਿੱਤਾ। ਇਸ ਗੁਰਵਾਕ ਰਾਹੀਂ ਸਤਿਗੁਰਾਂ ਨੇ ਮਨ ਨੂੰ ਨਾਮ ਸੁਨਣ ਵਾਸਤੇ ਹਿਦਾਇਤ ਕੀਤੀ ਹੈ। "ਵਾਹਿਗੁਰੂ" "ਵਾਹਿਗੁਰੂ" ਬੋਲਣਾ — ਪਹਿਲਾਂ ਉਚੀ-ਉਚੀ ਫਿਰ ਹੌਲੀ-ਹੌਲੀ ਤੇ ਫਿਰ ਕੁਝ ਸਮੇਂ ਬਾਅਦ ਮਨ ਵਿੱਚ ਹੀ ਅਤੇ ਇਸ ਦੀ ਗੂੰਜ ਨੂੰ ਸੁਣਨਾਂ, ਅਤੇ ਸੁਣਨ ਵੇਲੇ ਮਨ ਦਾ ਧਿਆਨ ਕੇਵਲ ਸੁਣਨ ਵਿੱਚ ਹੀ ਜੋੜੀ ਰਖਣਾ, ਹੋਰ ਕਿਸੇ ਪਾਸੇ ਨਾ ਜਾਣ ਦੇਣਾ, ਇਹੀ ਹੈ ਵਿਧੀ ਸਿਮਰਣ ਦੀ। ਇਸ ਤਰ੍ਹਾਂ ਕਰਦਿਆਂ ਕਰਦਿਆਂ ਮਨ ਸੁਣਨੋਂ ਵੀ ਹੱਟ ਜਾਂਦਾ ਹੈ, ਅਤੇ ਅਫੁਰ ਅਵਸਥਾ ਵਿੱਚ ਪਹੁੰਚ ਜਾਂਦਾ ਹੈ, ਜਿਥੇ

ਕੋਈ ਫੁਰਨਾ ਨਹੀਂ (STATE OF THOUGHT LESSNESS)। ਇਕ ਦਿਨ ਦਾਸ ਨੂੰ ਕਹਿਣ ਲੱਗੇ, "ਇਸ ਅਵਸਥਾ ਵਿਚ ਅਨੰਦ ਬਹੁਤ ਆਉਂਦਾ ਹੈ। ਮਨ ਤਾਂ ਮਰ ਚੁਕਿਆ ਹੁੰਦਾ ਹੈ, ਫੇਰ ਅਨੰਦ ਕੌਣ ਮਾਣਦਾ ਹੈ ?" ਇਹ ਬੁਝਾਰਤ ਤਾਂ ਉਨ੍ਹਾਂ ਪਾ ਦਿੱਤੀ ਪਰ ਜਵਾਬ ਨਾ ਦੱਸਿਆ। ਕੁਝ ਸਮਾਂ ਪਾ ਕੇ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਦੁਆਰਾ ਜਵਾਬ ਆਪੇ ਹੀ ਮਿਲ ਗਿਆ।

"ਸਚਖੰਡਿ ਵਸੈ ਨਿਰੰਕਾਰ,
ਕਰਿ ਕਰਿ ਵੇਖੈ ਨਦਰ ਨਿਹਾਲ
......................
............................
ਵੇਖੈ ਵਿਗਸੈ ਕਰਿ ਵੀਚਾਰ,
ਨਾਨਕ ਕਥਨਾ ਕਰੜਾ ਸਾਰ"

ਅਰਥਾਤ : ਸਚਖੰਡ ਵਾਲੀ ਵਿਸਮਾਦੀ ਦਸ਼ਾ ਵਿਚ ਮਨੁਖ ਅੰਦਰ ਪ੍ਰਭੂ ਆਪ ਹੀ ਵਸਦਾ ਹੈ, ਇਕਮਿਕਤਾ ਦੀ ਅਵਸਥਾ ਹੁੰਦੀ ਹੈ। ਸਭ ਨੂੰ ਅਕਾਲ ਪੁਰਖ ਆਪਣੀ ਮਿਹਰ ਸਦਕਾ ਨਿਹਾਲ ਨਿਹਾਲ ਕਰਦਾ ਹੈ ............

...........
..............
ਉਹ ਆਨੰਦ ਰੂਪ ਹੈ
ਆਨੰਦ ਹੀ ਆਨੰਦ ਹੈ।

ਇਹ ਅਵਸਥਾ ਕਥਨ ਨਹੀਂ ਕੀਤੀ ਜਾ ਸਕਦੀ, ਅਨੁਭਵ ਹੀ ਕੀਤੀ ਜਾ ਸਕਦੀ ਹੈ।-

ਇਸ ਅਵਸਥਾ ਨੂੰ ਗੁਰੂ ਅਰਜਨ ਦੇਵ ਸਾਹਿਬ ਨੇ ਇੰਜ ਬਿਆਨ ਕੀਤਾ ਹੈ :

"ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ।
ਦੇਹੀ ਮਹਿ ਇਸ ਕਾ ਬਿਸ੍ਰਾਮ।
ਸੁੰਨ ਸਮਾਧਿ ਅਨਹਤ ਤਹ ਨਾਦ।
ਕਹਨੁ ਨ ਜਾਈ ਅਚਰਜ ਬਿਸਮਾਦ।
ਤਿਨਿ ਦੇਖਿਆ ਜਿਸੁ ਆਪਿ ਦਿਖਾਏ।
ਨਾਨਕ ਤਿਸੁ ਜਨਿ ਸੋਝੀ ਪਾਏ।"

ਭਗਤ ਰਵਿਦਾਸ ਜੀ ਨੇ ਇਸ ਇਕਮਿਕਤਾ ਦੀ ਹੀ ਵਿਸਮਾਦੀ ਹਾਲਤ ਨੂੰ ਇੰਜ ਦਰਸਾਇਆ ਹੈ :

"ਜਬ ਹਮ ਹੋਤੇ ਤਬ ਤੂ ਨਾਹੀ।
ਅਬ ਤੂਹੀ ਮੈਂ ਨਾਹੀ।
ਅਨਲ ਅਗਮ ਜੈਸੇ ਲਹਿਰ ਮਇਓਦਧਿ
ਜਲ ਕੇਵਲ ਜਲ ਮਾਹੀ"।


ਪਾਪਾ ਜੀ ਲਾਗ ਲਗਾ ਗਏ ਨਾਮ ਸਿਮਰਨ ਦੀ, ਤੇ ਹੁਣ ਦਾਸ ਦੀ ਇਹੀ ਤੀਬਰ ਇੱਛਾ ਹੈ ਕਿ ਇਹ ਲਾਗ ਸਕੂਲ ਦੇ ਸਾਰੇ ਬੱਚਿਆਂ ਨੂੰ ਲੱਗ ਜਾਏ। ਪਾਪਾ ਜੀ ਕਹਿੰਦੇ ਸਨ ਸਰੀਰ ਕਰਕੇ ਤਾਂ ਮੈਂ ਇਥੇ ਹਮੇਸ਼ਾ ਨਹੀਂ ਰਹਿ ਸਕਦਾ ਪਰ ਇਹ ਸਕੂਲ ਮੇਰੀ ਜਿੰਦ ਜਾਨ ਹੈ, ਮੇਰੀ ਨਜ਼ਰ ਇਸ ਤੇ ਹਮੇਸ਼ਾ ਰਹੇਗੀ।

# S. JAWAHAR MALL

(Superintendent. & Foreman Guns & Artillery of Maharaja Ranjit Singh)

- S. Kahan Singh
  Wife : Bibi Bishan Kaur
  - S. Khazan Singh
  - S. Lehna Singh
    - Bibi Chanan Kaur (M : S. Hira Singh)
      - S. Iqbal Singh Ahluwalia (M: Daljit Kaur)
      - S. Umrao Singh
      - S. Kartar Singh
    - S. Raghbir Singh Ji Bir (M: Bibi Rawel Kaur)
      - Bibi Kuldeep Kaur (M: S. Harbans Singh)
      - Bibi Kuljit Kaur (M: S. Jagjit Singh)
      - Bibi Kulanup Kaur [M: Air Commadore S. Mohindar Singh]
      - Bibi Kuldhir Kaur (M: S. Saran Singh)
      - Bibi Kulmeet Kaur (M: S. Khushal Singh)
      - S. Lakhbir Singh Bir (M: Bibi Manmohan Kaur)
      - S. Jasbir Singh Bir (M: Bibi Surjit Kaur Johar)
  - S. Hira Singh
  - S. Dilbagh Singh
- S. Ram Singh
  - S. Kesar Singh
  - S. Teja Singh

(M: Married)




ਡਗਸ਼ਈ ਪਬਲਿਕ ਸਕੂਲ
ਇਸ ਵਾਤਾਵਰਨ ਨੂੰ ਤੱਕ ਕੇ ਤੁਹਾਡਾ ਜੀਅ ਨਹੀਂ ਕਰ ਆਇਆ
ਕਿ ਤੁਹਾਡਾ ਬੱਚਾ ਭੀ ਡਗਸ਼ਈ ਪਬਲਿਕ ਸਕੂਲ ਵਿਚ ਜਾ ਪੜ੍ਹੇ ?



ਡਗਸ਼ਈ ਪਬਲਿਕ ਸਕੂਲ

ਸਕੂਲ - ਗੁਰਦ੍ਵਾਰੇ ਵਿਚ 'ਦੇਖੋ ਰਸ ਤੇ ਸ਼ਾਂਤੀ ਦਾ ਮਹੌਲ



ਡਗਸ਼ਈ ਪਬਲਿਕ ਸਕੂਲ
ਸੁਚੱਜੇ ਜੀਵਣ ਦੀ ਉਸਾਰੀ ਇੰਜ ਹੀ ਹੁੰਦੀ ਹੈ




ਡਗਸ਼ਈ ਪਬਲਿਕ ਸਕੂਲ

ਸਚਿਆਰੇ ਭੀ ਆ ਦ੍ਰਸ਼ਨ ਦੇਂਦੇ ਹਨ — ਭਗਵੰਤ ਸਿੰਘ ਜੀ ਦਿਲਾਵਰੀ



ਡਿਗਸ਼ਈ ਪਬਲਿਕ ਸਕੂਲ
ਸਲਾਨਾ ਉਤਸਵ ਚਲ ਰਿਹਾ ਹੈ – ਉਤਸ਼ਾਹ ਦਾ ਸਾਗਰ



ਡਗਸ਼ਈ ਪਬਲਿਕ ਸਕੂਲ
ਮਨਮੋਹਨੀ ਜ੍ਹਾਨੀ : ਜਗਜੀਵਨ ਰਾਮ ਜੀ ਦਾ ਭੀ ਤੌਰ ਮੇਲਣ ਤੇ ਜੀਅ ਕਰ ਆਇਆ ਹੈ



ਬੀਰ ਪ੍ਰਵਾਰ ਦੀ ਇਕ ਪਿਆਰੀ ਝਲਕ — 'ਦੀਪ' ਭੈਣ ਜੀ ਦਾ ਪਾਠ ਸੁਣੋ।



ਸ. ਰਘਬੀਰ ਸਿੰਘ ਜੀ ਬੀਰ ਦਾ ਬਾਗ ਪ੍ਰਵਾਰ — ਜਸਬੀਰ ਸਿੰਘ ਜੀ ਦੀ ਸ਼ਾਦੀ ਦਾ ਸ਼ੁਭ ਅਵਸਰ (ਨਵੰਬਰ 1960)

## "ਬੀਰ" ਜੀ ਦੀਆਂ ਰਚਨਾਵਾਂ ਵਿੱਚੋਂ ਵੰਨਗੀਆਂ

ਨਾਮ ਦੀ ਫ਼ਿਲਾਸਫ਼ੀ - ਜਿਸ ਚੀਜ਼ ਦਾ ਨਾਮ ਲਈਏ, ਉਸਦੀ ਸ਼ਕਲ ਗੁਣ ਤੇ ਸੁਭਾਉ, ਚੀਜ਼ ਨਾਲ ਸੰਬੰਧ ਰਖਣ ਵਾਲੇ ਸਾਰੇ ਖਿਆਲ ਅੱਖਾਂ ਅਗੇ ਆ ਜਾਂਦੇ ਹਨ। ਕਿਸੇ ਮਿੱਤਰ ਦਾ ਨਾਮ ਲੈ ਕੇ ਵੇਖੋ ਉਸਦੀ ਸੂਰਤ ਸੁਭਾਵ ਅਤੇ ਉਸ ਸੰਬੰਧੀ ਸਾਰੀਆਂ ਯਾਦਾਂ ਦਿਮਾਗ ਦੇ ਸਾਹਮਣੇ ਆ ਖਲੋਂਦੀਆਂ ਹਨ। ਰਬ ਦਾ ਨਾਮ ਲੀਤਿਆਂ ਉਸ ਦੀ ਜੋ ਵੀ ਸ਼ਕਲ ਜਾਂ ਗੁਣ ਸਾਨੂੰ ਮਲੂਮ ਹੋਣ, ਉਹ ਅੱਖਾਂ ਅਗੇ ਆ ਜਾਂਦੇ ਹਨ। ਗੁਰਬਾਣੀ ਪੜ੍ਹਨ ਨਾਲ ਕੋਈ ਨਾ ਕੋਈ ਰਬ ਦਾ ਸਰੂਪ ਸਾਡੇ ਅੰਤਹਕਰਨ ਵਿਚ ਜਰੂਰ ਮੌਜੂਦ ਹੁੰਦਾ ਹੈ। ਨਾਮ ਲੈਣ ਨਾਲ ਉਹ ਸਰੂਪ ਵਧੇਰੇ ਸਾਫ਼ ਤੌਰ ਤੇ ਅੱਖਾਂ ਅਗੇ ਆਉਣਾ ਸ਼ੁਰੂ ਹੋ ਜਾਂਦਾ ਹੈ। . . . . . ਮਨ ਵਿਚ ਇਕ ਅਜੀਬ ਤਾਕ ਹੈ ਕਿ ਜਿਸ ਚੀਜ਼ ਨੂੰ ਚੰਗਾ ਸਮਝੇ ਅਤੇ ਚਾਹੇ ਕਿ ਉਹ ਚੀਜ ਬਣ ਜਾਵੇ, ਹੌਲੀ ਹੌਲੀ ਉਹ ਚੀਜ਼ ਬਣਨਾ ਸ਼ੁਰੂ ਹੋ ਜਾਂਦੀ ਹੈ। ਗੁਰਵਾਕ ਅਨੁਸਾਰ : "ਜੈਸਾ ਸੇਵੈ ਤੈਸੋ ਹੋਇ" (ਗਉੜੀ ਮਹਲਾ ੧)

**(ਬੰਦਗੀ ਨਾਮਾ)**

ਭਾਵੇਂ ਮੈਨੂੰ ਆਪਣੇ ਕਰਤਾਰ ਤਕ ਜੋ ਕਿ ਆਪਣੇ ਅਸਲ ਸਰੂਪ ਵਿਚ ਨਿਰ-ਅਕਾਰ ਹੈ, ਪਹੁੰਚਣ ਵਿਚ ਲਗ ਭਗ ਵੀਹ ਪੰਞੀ ਸਾਲ ਲਗੇ ਹਨ।

ਹੁਣ ਮੇਰਾ ਆਪਣੇ ਰੱਬ ਤਕ ਉਡ ਕੇ ਪਹੁੰਚਣਾ ਵਧੀਕ ਮੁਸ਼ਕਲ ਨਹੀਂ ਰਿਹਾ। ਜਦ ਮੇਰੇ ਦਿਲ ਵਿਚ ਆਪਣੇ ਪਿਆਰੇ ਵਲ ਉਡਣ ਦੀ ਧੂਹ ਉਡਦੀ ਹੈ, ਮੈਂ ਅਖੀਆਂ ਮੀਟ ਕੇ ਕਿਸੇ ਇਕਾਂਤ ਜਗ੍ਹਾ ਤੇ ਬੈਠ ਜਾਂਦਾ ਹਾਂ ਤੇ ਆਮ ਤੌਰ ਤੇ ਤਕਰੀਬਨ ਅੱਧੇ ਘੰਟੇ ਵਿਚ ਬਿਲਕੁਲ ਆਤਮਕ ਮੰਡਲਾਂ ਵਿਚ ਪਹੁੰਚ ਕੇ ਆਪਣੇ ਸੁਹਣੇ ਦੇ ਚਰਨਾਂ ਦੀ ਛੋਹ ਪ੍ਰਾਪਤ ਕਰ ਸਕਦਾ ਹਾਂ।

**(ਸਿਮਰਨ ਮਹਿਮਾਂ)**

ਹੁਣ ਸਾਨੂੰ ਜੀਵਨ, ਰੂਪ, ਰੇਖਾ ਰੰਗ ਤੋਂ ਅਲਹਿਦਾ ਨਿਰੋਲ ਜੀਵਨ ਨਜ਼ਰ ਆਉਂਦਾ ਹੈ . . . . . ਜੀਵਨ ਦੀ ਇਸ ਹਾਲਤ ਜਾਂ ਅਵਸਥਾ ਨੂੰ ਮਾਨਣ ਵਾਲਾ ਫਿਰ ਜਿਉਂਦੇ ਰਹਿਣ ਲਈ ਰੂਪ, ਰੇਖਾ, ਰੰਗ ਜਾਂ ਸਰੀਰਾਂ ਦਾ ਮੁਥਾਜ ਨਹੀਂ ਰਹਿੰਦਾ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਸਰੀਰ ਨਹੀਂ ਜਿਉਂਦੇ ਬਲਕਿ ਉਹਨਾਂ ਵਿਚ ਜੀਵਨ ਹੀ ਜਿਉਂਦਾ ਹੈ।

**(ਸਰਬ ਰੋਗ ਕਾ ਆਊਖਦ ਨਾਮ)**

ਸਾਡੀਆਂ ਅਰਦਾਸਾਂ ਦਾ ਪੂਰਾ ਨਾ ਹੋਣਾ ਸਾਡੀਆਂ ਅਰਦਾਸਾਂ ਕਰਨ ਦੇ ਤਰੀਕਿਆਂ ਵਿਚ ਨੁਕਸ ਹੋਣ ਕਾਰਣ ਹੁੰਦਾ ਹੈ, ਨਾ ਕਿ ਰੱਬ ਦੀ ਸਾਡੀਆਂ ਅਰਦਾਸਾਂ ਦੇ ਸੁਨਣ ਦੀ ਯੋਗਤਾ ਦੀ ਕਮੀ ਕਰਕੇ। ਭਾਈ ਬਿਧੀ ਚੰਦ ਦੀ ਤਪਦੀ ਭੱਠੀ ਵਿਚ ਅਰਦਾਸ ਕਿਉਂ ਫੌਰਨ ਸੁਣੀ ਗਈ ? ਦਰੋਪਦੀ ਦੀ ਭਰੀ ਸਭਾ ਵਿਚ ਅਰਦਾਸ ਫੌਰਨ ਹੀ ਕਿਉਂ ਸੁਣੀ ਗਈ ? . . . . ਕਿਉਂਕਿ ਇਨ੍ਹਾਂ ਦੋਹਾਂ ਦੇ ਦਿਲਾਂ ਵਿਚ ਇਹ ਖਿਆਲ ਹੀ ਨਹੀਂ ਸੀ ਕਿ ਉਨ੍ਹਾਂ ਦੀ ਅਰਦਾਸ ਕਦੀ ਨਹੀਂ ਵੀ ਸੁਣੀ ਜਾ ਸਕਦੀ।

**(ਅਰਦਾਸ ਸ਼ਕਤੀ)**

ਦੇਕੇ ਐਡੀ ਬਹਾਦਰੀ ਖਾਲਸੇ ਨੂੰ। ਜਥੇਦਾਰ ਚਾ ਦੇਂਦੋਂ ਤਾਂ ਕਾ ਹੁੰਦਾ।<br>
ਫਤਹ ਕਰਨ ਮਗਰੋਂ ਜਾਚ ਸਾਂਭਣੇ ਦੀ ਸਿਰਜਨ ਹਾਰ ਜੇ ਦੇਂਦੇ ਤਾਂ ਕੀ ਹੁੰਦਾ।<br>
ਦੁਨੀਆਂ ! ਸਿੱਖਾਂ ਦੀ ਕਿਤੇ ਨਾ ਮੌਤ ਸਮਝੀਂ, ਇਹਨਾਂ ਨੀਦਰਾਂ ਇਹਨਾਂ ਖੁਮਾਰੀਆਂ ਨੂੰ।<br>
ਬੀਰ ਸ਼ੇਰਾਂ ਦੇ ਵਾਂਗ ਜਦ ਜਾਗਦੇ ਨੇ, ਵਖਤ ਪਾ ਦੇਂਦੇ ਨੇ ਸ਼ਿਕਾਰੀਆਂ ਨੂੰ।

**(ਖਾਲਸਈ ਸ਼ਾਨ)**